
ਸਤਿਗੁਰੂ ਲੀਲਾ



ਹਰਭਜਨ ਕੌਰ ਚਾਨਾ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

kirpal singh chana

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਤਿਗੁਰੂ ਲੀਲਾ

ਲੇਖਿਕਾ ਦੀਆਂ ਹੋਰ ਪੁਸਤਕਾਂ

- ਬਾਬਾ ਸੰਗ ਵੇਸੀਆ
- ਅਨੋਖੇ ਬ਼ਾਗ ਦੀ ਸੈਰ
- ਅਨੋਖੀ ਖੁਸ਼ਬੂ – ਪੰਡਤ ਗੋਪਾਲ ਸਿੰਘ ਜੀ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਤਿਗੁਰੂ ਲੀਲਾ

ਹਰਭਜਨ ਕੌਰ ਚਾਨਾ

ਆਰਸੀ ਪਬਲਿਸ਼ਰਜ਼

SATGURU LILA (Religious)
by
Harbhjan Kaur Chana
Ph. : 0044-2088489754


Arsee Publishers, Chandni Chowk, Delhi-110006
Branch Office : 51 Parda Bagh, Darya Ganj, New Delhi-110002

ISBN : 978-81-8299-234-4

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼
ਚਾਂਦਨੀ ਚੌਂਕ, ਦਿੱਲੀ-6 ਫ਼ੋਨ : 23280657

ਛਾਪਕ : ਰਚਨਾ ਪ੍ਰਿੰਟਰਜ਼
51, ਪਰਦਾ ਬਾਗ, ਦਰਿਆਗੰਜ, ਦਿੱਲੀ-2
ਸੈਟਿੰਗ : (ਹਰਸਿਮਰਨ ਗ੍ਰੈਫਿਕਸ)

ਮੁੱਲ : 250/- ਰੁਪਏ




ਸ੍ਰੀ ਸਤਿਗੁਰੂ ਨਾਨਕ ਦੇਵ ਜੀ



ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ



ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਤਤਕਰਾ

ਦੋ ਸ਼ਬਦ

ਇਸ ਸੰਸਾਰ ਤੇ ਬਹੁਤ ਹੀ ਉੱਤਮ ਕਰਮ ਕੀਤੇ ਹੋਣ ਤਾਂ ਮਨੁੱਖਾ ਜਨਮ ਮਿਲਦਾ ਹੈ। ਉਸ ਤੋਂ ਵੀ ਉੱਤਮ ਭਾਗ ਹੋਣ ਤਾਂ ਸਤਿਗੁਰ ਮਿਲਦਾ ਹੈ। ਸਤਿਗੁਰੂ ਜੀ ਫੁਰਮਾਂਉਂਦੇ ਨੇ "ਹੋਵੇ ਪੁਰਬ ਲਿਖਿਆ ਤਿਨਾ ਸਤਿਗੁਰ ਮਿਲਿਆ ਰਾਮਰਾਜੇ" ਸ੍ਰੀ ਸਤਿਗੁਰੂ ਜੀ ਤੋਂ ਫਿਰ ਨਾਮ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਵਿਚ ਹੈ-"ਨਾਮ ਧੰਨ ਜਿਸ ਜਨ ਕੇ ਪਾਲੈ ਸੋਈ ਪੂਰਾ ਸਾਹਾ॥" ਇਸ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਸੁਖਮਨੀ ਵਿੱਚ ਫੁਰਮਾਉਂਦੇ ਹਨ। "ਅਸਟਪਦੀ ੧" ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ"। ਭਗਤ ਕਬੀਰ ਜੀ ਰਾਗ ਭੈਰਉ ਵਿਚ ਫੁਰਮਾਂਉਂਦੇ ਹਨ "ਗੁਰ ਸੇਵਾ ਤੇ ਭਗਤਿ ਕਮਾਈ ਤਬ ਇਹ ਮਾਨਸ ਦੇਹੀ ਪਾਈ॥ ਇਸ ਦੇਹੀ ਕਉ ਸਿਮਰਹਿ ਦੇਵ ਸੋ ਦੇਹੀ ਭਜ ਹਰਿ ਕੀ ਸੇਵ॥" ਸ੍ਰੀ ਗੁਰੂ ਅਰਜਨ ਦੇਵ ਜੀ ਕਿਰਪਾ ਕਰਦੇ ਹਨ "ਸੇਵਾ ਕਰਤ ਹੋਇ ਨਿਹਕਾਮੀ ਤਿਸੇ ਹੋਤ ਪ੍ਰਾਪਤਸੁਆਮੀ।" ਸ੍ਰੀ ਗੁਰੂ ਅਮਰ ਦਾਸ ਜੀ ਰਾਗ ਭੈਰਉ ਮਹਲਾ ੩ ਵਿਚ ਕਿਰਪਾ ਕਰਦੇ ਹਨ -"ਸਤਿ ਗੁਰ ਸੇਵਹਿ ਪਰਮਗਤਿ ਪਾਵਹਿ ਨਾਮ ਮਿਲੇ ਵਡਿਆਈ" ਜੇਕਰ ਅਸੀਂ ਸਤਿਗੁਰਾਂ ਦੀਆਂ ਸਾਖੀਆਂ ਧਿਆਨ ਨਾਲ ਪੜ੍ਹੀਏ ਤਾਂ ਇਹੋ ਪਤਾ ਲੱਗਦਾ ਹੈ ਕਿ ਸਾਡੇ ਸਤਿਗੁਰਾਂ ਨੇ ਸੇਵਾ ਭਗਤੀ ਤੇ ਗੁਰੂ ਦੇ ਬਚਨਾਂ ਦੀ ਪਾਲਣਾ ਕਰਨ ਤੋਂ ਹੀ ਸਭ ਕੁਝ ਪ੍ਰਾਪਤ ਹੁੰਦਾ ਦਰਸਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਅੱਜ ਤੱਕ ਹਰ ਸਮੇਂ ਸਾਨੂੰ ਸਿਖਿਆ ਦੇਣ ਲਈ ਇਹਨਾਂ ਆਪ ਉਹ ਸਭ ਕੁਝ ਕਰ ਦਿਖਲਾਇਆ ਅਤੇ ਮਾਣਸ ਤੋਂ ਦੇਵਤੇ ਬਣਾਏ। ਇਸ ਕਿਤਾਬ ਵਿੱਚ ਸਤਿਗੁਰ ਦੀਆਂ ਸਾਖੀਆਂ ਰਾਹੀਂ ਏਹੋ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸਤਿਗੁਰਾਂ ਨੇ ਹਰ ਸਮੇਂ ਅਵਤਾਰ ਧਾਰ ਕੇ ਜੀਵਾਂ ਨੂੰ ਸਿਧੇ ਰਾਹੇ ਪਾਇਆ ਅਤੇ ਉਨ੍ਹਾਂ ਦਾ ਉਧਾਰ ਕੀਤਾ ।

-ਹਰਭਜਨ ਕੌਰ ਚਾਨਾ, ਯੂ. ਕੇ.

ਭਗਵਾਨ ਦੀ ਅਨੋਖੀ ਰਚਨਾ

ਕਈ ਇਤਿਹਾਸਕਾਰਾਂ ਨੇ ਇਤਿਹਾਸ ਨੂੰ ਆਪਣੇ ਆਪਣੇ ਢੰਗ ਨਾਲ ਦਰਸਾਇਆ ਹੈ। ਕੁਝ ਪੜ੍ਹਨ ਤੋਂ ਹੀ ਪਤਾ ਲੱਗਦਾ ਹੈ ਕਿ ਸ੍ਰਿਸ਼ਟੀ ਦੀ ਸਾਜਨਾ ਕਰਨ ਤੋਂ ਪਹਿਲਾਂ ਆਕਾਲ ਪੁਰਖ ਸੁੰਨ ਸਮਾਧੀ ਵਿਚ, ਨਿਰਗੁਣ ਸਰੂਪ ਵਿਚ ਹੀ ਮਸਤ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਜਿਸ ਤਰ੍ਹਾਂ ਗੁਰਬਾਣੀ ਵਿਚ ਫੁਰਮਾਉਂਦੇ ਹਨ-"ਅਰਬਦ ਨਰਬਦ ਧੁੰਧੂਕਾਰਾ : ਧਰਨ ਨਾ ਗੰਗਨ ਨਾ ਹੁਕਮ ਆਪਾਰਾ । ਜਿਥੇ ਕਿ ਨਾ ਦਿਨ ਨਾ ਰਾਤ ਨਾ ਚੰਦ ਸੂਰਜ ਸੁੰਨ ਸਮਾਧ ਲਗਾਇਦਾ।" ਇਹ ਵੀ ਪੜ੍ਹਿਆ ਸੁਣਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਚਾਲੀ ਯੁਗ ਤਪੱਸਿਆ ਕੀਤੀ। ਵਿਚਾਰ ਕਰਨ ਦੀ ਇਹ ਗੱਲ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹੜੇ ਸਮੇਂ ਛੱਤੀ ਜੁਗ ਤਪੱਸਿਆ ਪਹਿਲਾਂ ਕੀਤੀ ਤੇ ਚਾਰ ਜੁਗ ਫਿਰ ਕੀਤੀ। ਹੋ ਸਕਦਾ ਹੈ ਏਸੇ ਸੁੰਨ ਸਮਾਧ ਸਮੇਂ ਕੀਤੀ ਹੋਵੇ ਅਤੇ ਫਿਰ ਸੰਸਾਰ ਦੀ ਰਚਨਾ ਕਰਨ ਤੋਂ ਬਾਦ ਸਰਗੁਣ ਸਰੂਪ ਧਾਰਨ ਕੀਤਾ ਅਤੇ ਫਿਰ ਚਾਰ ਜੁਗ ਭਾਰੀ ਤਪੱਸਿਆ ਕਰਕੇ ਕਲਜੁਗੀ ਜੀਵਾਂ ਲਈ ਇਹ ਚਾਰ ਅੱਖਰਾ ਭਜਨ ਤਿਆਰ ਕਰ ਕੇ ਸਾਡਾ ਭਲਾ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਗੁਰਬਾਣੀ ਦੀ ਰਚਨਾ ਕਰਨ ਸਮੇਂ ਸਭ ਤੋਂ ਪਹਿਲਾ ।"ਕਰਤਾ ਪੁਰਖ" ਫੁਰਮਾਇਆ ਹੈ ਫਿਰ ਉਸ ਦੀ ਉਪਮਾ ਕੀਤੀ ਹੈ ਕਿਉਂਕਿ ਇਸ ਸ੍ਰਿਸ਼ਟੀ ਨੂੰ ਸਾਜਣ ਵਾਲਾ ਅਕਾਲ ਪੁਰਖ ਕਰਤਾ ਹੈ। ਜਿਸ ਨੇ ਇਹ ਰਚਨਾ ਰਚੀ, ਜਿਸ ਵਿਚ ਉਸ ਨੇ ਅਣਿਗਣਤ, ਜੋ ਗਿਣੇ ਨਹੀ ਜਾ ਸਕਦੇ, ਪ੍ਰਕਾਰ ਦੇ ਜੀਵ ਜੰਤੂ ਖੰਡ ਬ੍ਰਹਮੰਡ, ਜਲ-ਥਲ, ਬਨਸਪਤੀ, ਪਸ਼ੂ-ਪੰਛੀ, ਚੌਰਾਸੀ ਲੱਖ ਜੂਨ ਸਾਜ ਕੇ, ਇਨ੍ਹਾਂ ਸਭ ਵਿਚੋਂ; ਉਸ ਨੇ ਇਕ ਜੀਵ ਐਸਾ ਸਾਜਿਆ ਜਿਸ ਨੂੰ ਆਪਣੇ ਖਜ਼ਾਨੇ ਵਿਚੋਂ ਵਿਸ਼ੇਸ਼ ਮਾਨਤਾ ਦਿਤੀ, ਉਹ ਹੈ "ਮਨੁਖ ਜਾਤੀ ।" ਉਸ ਨੇ ਇਸਤਰੀ-ਪੁਰਸ਼ ਸਾਜ ਕੇ ਉਸ ਨੂੰ ਪੂਰੀ ਸੁਤੰਤਰਤਾ ਦਿੱਤੀ। ਹੱਥ, ਪੈਰ, ਦਿਲ, ਦਿਮਾਗ ਦੇ ਕੇ ਇਸ ਨੂੰ ਇਸ ਦੇ ਜੀਵਨ ਦਾ ਪੂਰਾ ਅਧਿਕਾਰ ਦੇ ਦਿਤਾ । ਹੁਣ ਉਸ ਆਕਾਲ ਪੁਰਖ ਦੇ ਸਾਜੇ ਇਨਸਾਨ ਨੇ ਉਸ ਅਕਾਲ ਪੁਰਖ ਦੀ ਖੋਜ ਕਰਨ ਦੇ

ਯਤਨ ਸ਼ੁਰੂ ਕੀਤੇ। ਜੋਗੀ, ਜਤੀ, ਤਪੀ ਸਭ ਆਪਣੇ ਆਪਣੇ ਢੰਗ ਨਾਲ ਯਤਨ ਕਰਨ ਲੱਗੇ ਪਰ ਉਹ ਤਾਂ ਬੇਅੰਤ ਹੈ। ਉਸ ਦਾ ਅੰਤ ਤਾਂ, ਜਿਹੜੇ ਦੇਵਤੇ ਉਸਨੇ ਸ੍ਰਿਸ਼ਟੀ ਦੀ ਰਚਨਾ ਤੇ ਸੰਭਾਲਣਾ ਲਈ ਪੈਦਾ ਕੀਤੇ ਹਨ, ਬ੍ਰਹਮਾ ਵਰਗੇ, ਨਾ ਪਾ ਸਕੇ। ਇਨਸਾਨ ਤਾਂ ਇਨਸਾਨ ਹੈ। ਗੁਰਬਾਣੀ ਵਿਚ ਲਿਖਿਆ ਹੈ "ਬਾਜੀਗਰ ਡੰਕ ਬਾਜਾਈ ਸਭ ਖਲਕ ਤਮਾਸੇ ਆਈ" ਇਹ ਸੰਸਾਰ ਅਕਾਲ ਪੁਰਖ ਨੇ ਇਕ ਖੇਲ ਰਚਾਇਆ ਹੈ। ਜਿਸ ਵਿਚ ਉਸ ਨੇ ਸੁਰ ਤੇ ਅਸੁਰ ਪੈਦਾ ਕਰ ਦਿਤੇ। ਇਹ ਹਨ ਤੇ ਇਨਸਾਨ ਹੀ ਪਰ ਸੋਚ ਵੱਖਰੀ ਦੇ ਦਿੱਤੀ; ਆਪ ਅਕਾਲ ਪੁਰਖ ਜਗਤ ਦਾ ਤਮਾਸ਼ਾ ਦੇਖਦਾ ਹੈ। ਉਸ ਨੇ ਸੁਰ ਅਤੇ ਅਸੁਰਾਂ ਨੂੰ ਜੀਵਨ ਤੇ ਭਗਤੀ ਭਾਉ ਇਕੋ ਜਿਹਾ ਦੇ ਦਿਤਾ ਪਰ ਨਾਲ ਆਪਣੀ ਰਚਨਾ ਵੀ ਰਚਾ ਦਿੱਤੀ। ਸੁਰ ਭਗਤ ਤੇ ਅਸੁਰ ਰਾਖਸ਼ ਬੁਧੀ ਵਾਲੇ ਬਣਾ ਦਿਤੇ ਅਤੇ ਉਹ ਆਪਣੇ ਹੀ ਦਰਵੇਸ਼ ਜੋ ਵਿਸ਼ਨੂੰ ਭਗਵਾਨ ਦੇ ਪਹਿਰੇਦਾਰ ਸਨ, ਇਕ ਸਮੇਂ ਉਨ੍ਹਾਂ ਨੂੰ ਆਖਿਆ ਤੁਸੀਂ ਕਿਸੇ ਨੂੰ ਅੰਦਰ ਨਾ ਆਣ ਦੇਣਾ ਅਤੇ ਉਧਰੋਂ ਬ੍ਰਹਮਾ ਦੇ ਪੁਤਰ ਸਨਕ ਸਨੰਦਨ ਆਦਿ ਰਿਖੀਆਂ ਨੇ ਮਿਲਣ ਦੀ ਚਾਹ ਪ੍ਰਗਟ ਕੀਤੀ। ਜਦ ਉਹ ਦਰ ਤੇ ਆਏ ਤਾਂ ਦਰਵੇਸ਼ਾਂ ਨੇ ਅੰਦਰ ਨਾ ਆਣ ਦਿਤਾ ਤੇ ਰਿਸ਼ੀਆ ਨੇ ਉਹਨਾਂ ਨੂੰ ਸਰਾਪ ਦੇ ਦਿੱਤਾ ਕਿ ਤੁਸੀਂ ਰਾਕਸ਼ ਬੁੱਧੀ ਹੋ। ਉਹ ਚਲੇ ਗਏ। ਇਹ ਦਰਵੇਸ਼ ਪੁਕਾਰ ਕਰਨ ਲੱਗੇ, "ਬਖਸ਼ੋ! ਬਖਸ਼ੋ!" ਇਹ ਸੁਣ ਕੇ ਵਿਸ਼ਨੂੰ ਭਗਵਾਨ ਨੇ ਬਾਹਰ ਆ ਕੇ ਆਖਿਆ, "ਮੈਂ ਸੰਸਾਰ ਤੇ ਆ ਕੇ ਤੁਹਾਨੂੰ ਇਸ ਸਰਾਪ ਤੋਂ ਮੁਕਤ ਕਰਾਂਗਾ। ਅਗਰ ਤੁਸੀਂ ਭਗਤੀ ਭਾਉ ਕਰੋਗੇ ਤਾਂ ਸੱਤ ਜਨਮ ਧਾਰਨਾ ਫਿਰ ਦਰਸ਼ਨ ਦੇ ਕੇ ਮੁਕਤ ਕਰਾਂਗਾ; ਅਗਰ ਵਿਰੋਧ ਕਰੋਗੇ ਤਾਂ ਤਿੰਨ ਜਨਮਾ ਵਿੱਚ ਤੁਹਾਡੇ ਨਾਲ ਯੁੱਧ ਕਰਕੇ ਤੁਹਾਨੂੰ ਇਸ ਸਰਾਪ ਤੋਂ ਮੁਕਤ ਕਰਾਂਗਾ ਅਤੇ ਉਹਨਾਂ ਨੂੰ ਹੁਕਮ ਹੋਇਆ ਰਾਖਸ਼ ਬੁੱਧੀ, ਸੰਸਾਰ ਤੇ ਜਾਉ। ਇਹ ਲੀਲਾ ਉਸ ਨੇ ਆਪ ਹੀ ਰਚੀ ਅਤੇ ਸੰਸਾਰ ਤੇ ਆ ਕੇ ਰਾਖਸ਼ਾਂ ਨਾਲ ਯੁੱਧ ਕੀਤੇ ਜਿਵੇਂ- "ਸਤਿਜੁਗ ਤੈ ਮਾਣਿਉ ਛਲਿਉ ਬਲ ਬਾਵਨ ਭਾਇਉ॥ ਤ੍ਰੇਤੈ ਤੈ ਮਾਣਿਉ ਰਾਮ ਰਘੁਵੰਸ ਕਹਾਇਉ॥ ਦੁਆਪਰ ਕ੍ਰਿਸ਼ਨ ਮੁਰਾਰ ਕੰਸ ਕਿਤਾਰਥ ਕੀਉ॥ ਕਲਜੁਗ ਪ੍ਰਮਾਣ ਨਾਨਕ ਗੁਰੁ ਅੰਗਦ ਅਮਰ ਕਹਾਇਉ॥ ਸ੍ਰੀ ਗੁਰ ਰਾਜ ਅਬਚਲ ਅਟਲ ਆਦਿ ਪੁਰਖ ਫੁਰਮਾਇਉ॥" ਇਹ ਭਾਈ ਬਾਲੇ ਵਾਲੀ ਸਾਖੀ ਵਿੱਚ ਹੈ।ਅੱਜ ਕੱਲ੍ਹ ਕਈ ਲਿਖਤਾਂ ਵਿੱਚ ਫਰਕ ਪੈ ਗਿਆ ਹੈ। ਸਮਝ ਆਪਣੀ ਆਪਣੀ ਹੁੰਦੀ ਹੈ ਪਰ ਸੱਚ ਤੇ ਸੱਚ ਹੀ ਹੁੰਦਾ ਹੈ। ਇਹ ਭਗਵਾਨ ਦੀ ਅਨੋਖੀ ਰਚਨਾ ਹੈ।

ਅਕਾਲ ਪੁਰਖ ਨੇ ਇਹ ਰਚਨਾ ਕਿਵੇਂ ਰਚੀ

ਕੁਝ ਪੁਰਾਤਨ ਗਰੰਥਾਂ ਤੋ ਪਤਾ ਲੱਗਦਾ ਹੈ ਕਿ ਅਕਾਲ ਪੁਰਖ ਨੇ ਸਭ ਤੋਂ ਪਹਿਲਾਂ ਸ਼ਕਤੀ ਪ੍ਰਗਟ ਕੀਤੀ ਤੇ ਫਿਰ ਤਿੰਨ ਦੇਵਤੇ- ਬ੍ਰਹਮਾ,ਵਿਸ਼ਨੂੰ ਤੇ ਸ਼ਿਵ ਅਤੇ ਤਿੰਨ ਹੀ ਦੇਵੀਆਂ ਸਰਸਵਤੀ, ਲਖਮੀ ਤੇ ਪਾਰਵਤੀ। "ਬ੍ਰਹਮਾ ਬਿਸ਼ਨ ਮਹੇਸ਼ ਸਾਜ ਕੁਦਰਤੀ ਦਾ ਖੇਲ ਰਚਾਏ ਬਣਾਇਆ॥" ਅਕਾਲ ਪੁਰਖ ਨੇ ਇਹ ਖੇਲ ਇਸ ਤਰ੍ਹਾਂ ਰਚਾਇਆ ਕਿ ਦੇਵਤਿਆਂ ਨੇ ਵੀ ਭਗਤੀ ਤੇ ਤਪੱਸਿਆ ਨਾਲ ਵਰ ਪ੍ਰਾਪਤ ਕੀਤੇ ਅਤੇ ਰਾਖਸ਼ਾਂ ਨੇ ਵੀ। ਇਹ ਦੋਵੇਂ ਸ਼ਕਤੀਸ਼ਾਲੀ ਸਨ; ਫਰਕ ਏਨਾਂ ਹੀ ਸੀ ਕਿ ਰਾਕਸ਼ ਬਲ ਤੇ ਬੁੱਧੀ ਵਾਲਿਆਂ ਨੇ ਆਪਣੀ ਤਾਕਤ ਨੂੰ, ਭਗਵਾਨ ਦੀ ਭਗਤੀ ਕਰਨ ਵਾਲਿਆਂ ਨੂੰ, ਤੰਗ ਕਰਕੇ ਆਪਣੇ ਨਾਮ ਦੀ ਭਗਤੀ ਕਰਾਉਣ ਲਈ ਸਾਧੂਆਂ ਭਗਤਾਂ ਤੇ ਆਮ ਜਨਤਾ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਜਿਸ ਕਾਰਨ ਭਗਵਾਨ ਨੂੰ ਹਰ ਜੁਗ ਵਿਚ ਅਵਤਾਰ ਧਾਰ ਕੇ ਆਉਣਾ ਪਿਆ। ਜਿਵੇਂ ਸਤਿਜੁਗ ਵਿਚ ਬਾਵਨ ਰੂਪ, ਤ੍ਰੇਤੇ ਵਿਚ ਰਾਮ ਚੰਦਰ ਤੇ ਦੁਆਪਰ ਕ੍ਰਿਸ਼ਨ ਮੁਰਾਰ ਅਤੇ ਕਲਜੁਗ ਸਭ ਤੋਂ ਡਾਢਾ ਹੈ, ਇਸ ਲਈ ਇਸ ਵਿਚ "ਸਾਰਾ ਕਲਜੁਗ ਭੋਗਸੀ ਨਾਨਕ ਧਰ ਅਵਤਾਰ।" ਕਿਉਂਕਿ ਇਸ ਵਿਚ ਰਾਖਸ਼ ਬੁਧੀ ਦਾ ਜ਼ਿਆਦਾ ਬੋਲਬਾਲਾ ਹੈ। ਤ੍ਰੇਤੇ ਵਿਚ ਜਦ ਭਗਵਾਨ ਰਾਮ ਰੂਪ ਵਿਚ ਆਏ ਤਾਂ ਉਹ ਇਸ ਸੰਸਾਰ ਵਿਚ ਆਪ ਇਕ ਇਨਸਾਨ ਰੂਪ ਹੀ ਬਣ ਕੇ ਆਏ। ਇਸੇ ਤਰ੍ਹਾਂ ਉਨ੍ਹਾਂ ਦੇ ਦੋ ਪੁੱਤਰ ਸਨ-ਲਊ ਤੇ ਕੁਸ਼। ਰਾਮ ਚੰਦਰ ਜੀ ਤੋਂ ਬਾਅਦ ਲਊ ਲਹੌਰ ਤੇ ਰਾਜ ਕਰਦਾ ਸੀ ਅਤੇ ਕੁਸ਼ ਕਸੂਰ ਤੇ। ਇਹਨਾਂ ਨੇ ਹਜ਼ਾਰਾਂ ਸਾਲ ਰਾਜ ਕੀਤਾ। ਲਊ ਨੇ ਇਕ ਵਾਰੀ ਕੁਸ਼ ਦੀ ਰਾਜਧਾਨੀ ਜਿੱਤ ਲਈ। ਕੁਸ਼ ਦੀ ਅੰਸ ਨੇ ਬਨਾਰਸ (ਕਾਸ਼ੀ) ਜਾ ਕੇ ਵੇਦ ਵਿਦਿਆ ਪ੍ਰਾਪਤ ਕੀਤੀ ਤੇ ਲਊ ਦੇ ਬੁਲਾਉਣ ਤੇ ਉਸ ਨੂੰ ਆ ਕੇ ਵੇਦ ਪੜ੍ਹਕੇ ਸੁਣਾਏ। ਲਊ ਨੇ ਖੁਸ਼ ਹੋ ਕੇ ਉਨ੍ਹਾਂ ਨੂੰ ਰਾਜ ਵਾਪਸ ਦੇ ਦਿੱਤਾ। ਇਹ ਵੇਦ ਪਾਠੀਆਂ ਦੀ ਅੰਸ ਵੇਦੀ ਅਖਵਾਏ ਅਤੇ ਲਊ ਦੀ ਅੰਸ ਸੋਢੀ। ਏਸੇ ਵੇਦੀ ਕੁਲ ਵਿਚ ਸ੍ਰੀ ਗੁਰੂ ਨਾਨਕ

ਦੇਵ ਜੀ ਪ੍ਰਗਟੇ। ਜਿਹਨਾਂ ਨੇ ਗਰੀਬਾਂ ਦਾ ਉਧਾਰ ਕੀਤਾ। ਲਊ ਕੁਲ ਸੋਢੀ ਅਖਵਾਏ ਅਤੇ ਇਨ੍ਹਾਂ ਦੀ ਕੁਲ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਹੋਏ ਅਤੇ ਉਹਨਾਂ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਸੋਢੀ ਪਾਤਸ਼ਾਹ ਸਨ। ਸ੍ਰੀ ਰਾਮ ਚੰਦਰ ਜੀ ਦੇ ਭਰਾ ਜੋ ਭਰਤ ਜੀ ਸਨ, ਉਨ੍ਹਾਂ ਦੀ ਕੁਲ ਵਿੱਚ ਤਰੇਹਨ ਖੱਤਰੀ ਸ੍ਰੀ ਗੁਰੂ ਅਮਰ ਦਾਸ ਜੀ ਹੋਏ ਹਨ। ਭਰਤ ਜੀ ਕੇਕਈ ਦੇ ਬੇਟੇ ਸਨ। ਜਿਸ ਤਰ੍ਹਾਂ ਲਿਖਿਆ ਹੈ। "ਸਾਰਾ ਕਲਜੁਗ ਭੋਗਸੀ ਨਾਨਕ ਧਰ ਅਵਤਾਰ।" ਇਸੇ ਅਨੁਸਾਰ ਹੁਣ ਉਸੇ ਨੂੰ ਹਰ ਵਾਰੀ ਕਲਜੁਗੀ ਜੀਵਾਂ ਦੇ ਭਲੇ ਲਈ ਅਵਤਾਰ ਧਾਰ ਕੇ ਆਉਣਾ ਪੈਂਦਾ ਹੈ ਕਿਉਂਕਿ ਸਤਿਗੁਰਾਂ ਦੇ ਬਚਨ ਅਟਲ ਹਨ ਅਤੇ ਸਦਾ ਹੀ ਹੋਣਗੇ। ਜਿਵੇ ਧਾਰਨਾ ਪੜ੍ਹਿਆ ਕਰਦੇ ਨੇ- "ਮੈਂ ਕੀ ਜਾਣਾ ਸਾਰ ਤੇਰੀ ਨੂੰ ਤੂੰ ਹੈ ਕਿਹੜਿਆਂ ਰੰਗਾ ਵਿਚ ਖੇਡਦਾ"। ਇਹ ਉਸ ਦੀ ਖੇਡ ਨੂੰ ਉਹ ਹੀ ਜਾਣਦਾ ਹੈ।

(ਤੂੰ ਏਕ ਹੈਂ)

ਤੇਰੇ ਰੂਪ ਹੀ ਅਨੇਕ ਹੈ; ਪਰ ਤੂੰ ਏਕ ਹੈ।
ਕਿਤੇ ਬਾਵਨ ਸਰੂਪ ਕਿਤੇ ਰਾਮ ਹੀ ਕੇ ਰੂਪ।
ਕਿਤੇ ਕ੍ਰਿਸ਼ਨ ਮੁਰਾਰ ਕਦੀ ਨਾਨਕ ਅਵਤਾਰ ।
ਕਦੀ ਅੰਗਦ ਬਣੇ ਕੋਈ ਅਮਰ ਦਾਸ ਕਹੇ।
ਰਾਮ ਦਾਸ ਪੂਰਨ ਕਾਜ ਗੁਰੂ ਅਰਜਨ ਮਹਾਰਾਜ।
ਹਰਿ ਗੋਬਿੰਦ ਹੈ ਸਰੂਪ ਹਰਿਰਾਏ ਇਕ ਰੂਪ
ਹਰਿਕ੍ਰਿਸ਼ਨ ਕਹੇ ਕੋਈ ਤੇਗਬਹਾਦਰ ਹੈ ਸੋਈ।
ਗੁਰੂ ਗੋਬਿੰਦ ਮਾਹਾਰਾਜ ਦਿੱਤਾ ਪੰਥ ਜਿਨਾ ਸਾਜ
ਤੇਰੇ ਰੂਪ ਹੀ ਅਨੇਕ ਹੈ ਪਰ ਤੂੰ ਏਕ ਹੈਂ।
ਕਦੀ ਬਾਲਕ ਬਣੇ ਕੋਈ ਰਾਮ ਸਿੰਘ ਕਹੇ।
ਕਦੀ ਹਰੀ ਪ੍ਰਤਾਪ ਜਗਜੀਤ ਤੂੰ ਹੀ ਆਪ।
ਮੇਰੀ ਸੁਣੋ ਅਰਦਾਸ ਰੱਖ ਚਰਨਾਂ ਦੇ ਪਾਸ।
ਤੂੰ ਬੇਅੰਤ ਮਹਾਰਾਜ; ਮਹਿਮਾ ਅਪਰ ਅਪਾਰ।
ਦਿਤਾ ਸਭ ਜਗ ਤਾਰ; ਮੈਂ ਕਰਾਂ ਨਮਸਕਾਰ।

-ਹਰਭਜਨ ਕੌਰ ਚਾਨਾ

"ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਿਚ ਉਹੀ ਆਇਆ। ਧੰਨ ਉਹ ਅੱਖੀਆਂ ਜਿਨ੍ਹਾਂ ਦਰਸ਼ਨ ਪਾਇਆ"।(ਚਾਨਾ)

ਸ੍ਰੀ ਗੁਰੂ ਨਾਨਕ ਦੇਵ ਜੀ



ਜਦ ਦੁਆਪਰ ਬੀਤਿਆ ਅਤੇ ਕਲਜੁਗ ਨੇ ਤਪੱਸਿਆ ਕਰਕੇ ਰਾਜ ਦਾ ਵਰ ਪ੍ਰਾਪਤ ਕੀਤਾ ਅਤੇ ਸੰਸਾਰ ਤੇ ਆ ਕੇ ਆਪਣਾ ਜ਼ੋਰ ਦਿਖਾਇਆ ਤਾਂ ਧਰਤੀ ਕੰਬ ਉਠੀ। ਉਸ ਨੇ ਅਕਾਲ ਪੁਰਖ ਅੱਗੇ ਪੁਕਾਰ ਕੀਤੀ ਕਿ ਤਿੰਨ ਜੁਗਾਂ ਵਿੱਚ ਤਾਂ ਮੇਰੀ ਰੱਖਿਆ ਕੀਤੀ ਹੁਣ ਮੇਰਾ ਰਾਖਾ ਕੌਣ ਹੈ? "ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਇਆ"। (ਭਾਈ ਗੁਰਦਾਸ ਜੀ) ਸ੍ਰੀ ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸ ਸੰਸਾਰ ਦੇ ਭਲੇ ਲਈ ਸੰਸਾਰ ਤੇ ਆਏ ਅਤੇ ਚਾਲੀ ਜੁਗ ਤਪਸਿਆ ਕਰਕੇ ਜੀਵਾਂ ਦੇ ਭਲੇ ਲਈ ਨਾਮ ਦੀ ਕਿਰਪਾ ਕੀਤੀ।

ਜਿਸ ਤਰ੍ਹਾਂ ਭਾਈ ਗੁਰਦਾਸ ਜੀ ਕਿਰਪਾ ਕਰਦੇ ਹਨ

-ਰੇਤ ਅੱਕ ਆਹਾਰ ਕਰ ਰੋੜਾਂ ਦੀ ਉਸ ਕਰੀ ਵਛਾਈ। ਭਾਰੀ ਕਰੀ ਤਪਸਿਆ ਵਡੇ ਭਾਗ ਹਰ ਸਿਉ ਬਣ ਆਈ।"

ਇਸੇ ਤਰ੍ਹਾਂ ਇਸ ਸੰਸਾਰ ਨੂੰ ਸਿਧੇ ਰਾਹੇ ਪਾਉਣ ਲਈ ਉਹਨਾਂ ਨੇ ਚਾਰ ਉਦਾਸੀਆਂ ਕੀਤੀਆਂ। ਪਹਿਲੀ ਉਦਾਸੀ ਉੜੀਸਾ, ਜਿਥੇ ਜਾ ਕੇ ਆਰਤੀ ਉਚਾਰਨ ਦੀ ਕ੍ਰਿਪਾ ਕੀਤੀ। "ਗਗਨ ਮੈ ਥਾਲੁ"। ਜੋ ਕੀਰਤਨ ਸੋਹਿਲੇ ਵਿੱਚ ਹੈ। ਦੂਸਰੀ ਉਦਾਸੀ ਦੱਖਣ ਭਾਰਤ, ਤੀਸਰੀ ਉਦਾਸੀ ਮਾਨ ਸਰੋਵਰ ਰੂਸ ਆਦਿ ਵੱਲ, ਚੌਥੀ ਉਦਾਸੀ ਬੰਗਾਲ, ਇਰਾਨ, ਇਰਾਕ, ਮੱਕਾ ਮਦੀਨਾ। ਇਹ ਉਦਾਸੀਆਂ ਕਰ ਕੇ ਸਤਿਗੁਰਾਂ ਨੇ ਕਈ ਭੁੱਲੇ ਭਟਕੇ ਜੀਵਾਂ ਦਾ ਉਧਾਰ ਕੀਤਾ, ਹੰਕਾਰੀਆਂ ਦੇ ਹੰਕਾਰ ਤੋੜੇ ਤੇ ਸਿਧੇ ਰਾਹੇ ਪਾਏ। ਕਲਜੁਗ ਦੇ ਅਧੀਨ ਹੋਏ ਜੀਵਾਂ ਨੂੰ ਪਾਪ ਕਰਨ ਤੋਂ ਬਚਾਇਆ।

ਜਿਸ ਸਮੇਂ ਗੁਰੂ ਨਾਨਕ ਦੇਵ ਜੀ ਆਕਾਲ ਪੁਰਖ ਕੋਲ ਗਏ ਇਸ ਸੰਸਾਰ ਦੇ ਵਾਤਾਵਰਨ ਦਾ ਵਰਨਣ ਕਰਨ, ਤਾਂ ਰਸਤੇ ਵਿੱਚ ਸਿਧਾਂ ਨਾਲ ਗੋਸਟ ਹੋਈ ਜੋ ਆਪਣੇ ਆਪ ਨੂੰ ਤਪੱਸਵੀ ਤੇ ਸ਼ਕਤੀਸ਼ਾਲੀ ਸਮਝਦੇ ਸਨ (ਜਨਮ ਸਾਖੀ ਭਾਈ ਬਾਲੇ ਵਾਲੀ)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਕੱਤਕ ਦੀ ਪੂਰਨਮਾਸ਼ੀ ਸੰਮਤ ੧੫੨੬ ਬਿ. ਨੂੰ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ ਜੋ ਹੁਣ ਪਾਕਿਸਤਾਨ ਵਿਚ ਹੈ) ਹੋਇਆ। ਆਪ ਬਾਬਾ ਕਲਿਆਣ ਦਾਸ ਜੀ (ਮਹਿਤਾ ਕਾਲੂ ਜੀ) ਮਾਤਾ ਤ੍ਰਿਪਤਾ ਜੀ ਦੇ ਗ੍ਰਹਿ ਵਿਖੇ ਪ੍ਰਗਟੇ। ਆਪ ਜੀ ਦੇ ਵੱਡੇ ਭੈਣ ਬੀਬੀ ਨਾਨਕੀ ਜੀ ਜੋ ਸੁਲਤਾਨਪੁਰ ਵਿਆਹੇ ਹੋਏ ਸਨ। ਉਨ੍ਹਾਂ ਦਾ ਆਪ ਜੀ ਨਾਲ ਬਹੁਤ ਪਿਆਰ ਸੀ। ਉਹ ਆਪ ਨੂੰ ਛੋਟਾ ਭਰਾ ਨਹੀਂ ਰੱਬੀ ਰੂਪ ਮੰਨਦੀ ਸੀ। ਸ੍ਰੀ ਸਤਿਗੁਰੂ ਜੀ ਬਾਲ ਅਵਸਥਾ ਵਿਚ ਹੀ ਨਿਰਾਲੇ ਚੋਜ ਕਰਕੇ ਦਿਖਾਂਦੇ ਸਨ। ਮੱਝਾਂ ਚਾਰਨੀਆਂ ਤੇ ਮੁੜ ਖੇਤੀ ਹਰੀ ਕਰ ਦਿਖਾਣੀ। ਬਾਲਕਾਂ ਨੂੰ ਨਾਮ ਜਪਣ ਦਾ ਢੰਗ ਦੱਸਣਾ। ਪੰਡਤ ਕੋਲ ਪੜ੍ਹਨਾ ਪਾਇਆ ਤਾਂ ਪੰਡਤ ਨੂੰ ਹੀ ਸਿਖਿਆ ਦੇ ਕੇ ਆਏ। ਆਪ ਇਕ ਦਿਨ ਰੁੱਖ ਹੇਠਾਂ ਸੌਂ ਗਏ।ਜਦ ਉਸ ਦੀ ਛਾਂ ਫਿਰ ਗਈ ਤਾਂ ਇਕ ਸੱਪ ਨੇ ਨਿਕਲ ਕੇ ਆਪਣੇ ਫਨ ਨਾਲ ਛਾਂ ਕਰ ਦਿੱਤੀ ਇਹ ਵੇਖ ਕੇ ਰਾਇ ਬੁਲਾਰ, ਜੋ ਉਥੇ ਦਾ ਹਾਕਮ ਸੀ ਅਤੇ ਗੁਰੂ ਨਾਨਕ ਜੀ ਨਾਲ ਬਹੁਤ ਪਿਆਰ ਕਰਦਾ ਸੀ ,ਹੈਰਾਨ ਹੋਇਆ ਤੇ ਚਰਨਾਂ ਤੇ ਨਮਸਕਾਰ ਕੀਤੀ। ਸੱਪ ਉਸੇ ਸਮੇਂ ਆਪਣੇ ਰਸਤੇ ਚਲਾ ਗਿਆ। ਰਾਇ ਬੁਲਾਰ

ਇਹੋ ਜਿਹੇ ਕੌਤਕ ਵੇਖਦਾ ਰਹਿੰਦਾ ਸੀ ਇਸ ਲਈ ਉਹ ਜਾਣਦਾ ਸੀ ਇਹ ਰੱਬ ਹੈ। ਪਿਤਾ ਕਾਲੂ ਨੇ ਵਪਾਰ ਲਈ ੨੦ ਰੁਪਏ ਦਿੱਤੇ ਤਾਂ ਸਾਧਾਂ ਨੂੰ ਪ੍ਰਸਾਦ ਛਕਾ ਕੇ ਸੱਚਾ ਸੌਦਾ ਕਰ ਆਏ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੀਬੀ ਨਾਨਕੀ ਕੋਲ ਸੁਲਤਾਨਪੁਰ ਭੇਜਿਆ ਗਿਆ (ਜੋ ਰਿਆਸਤ ਕਪੂਰਥਲੇ ਵਿਚ ਹੈ), ਤਾਂ ਉਥੇ ਦਿਵਾਨ ਜੈ ਰਾਮ ਨੇ ਨਵਾਬ ਨੂੰ ਦੱਸ ਕੇ ਮੋਦੀਖਾਨੇ ਦਾ ਕੰਮ ਕਰਨ ਲਾ ਦਿਤਾ। ਆਪ ਜੀ ਨੇ ਤੇਰਾਂ ਤੇਰਾਂ ਕਰਕੇ ਗਰੀਬਾਂ ਦੇ ਭੰਡਾਰ ਭਰ ਦਿਤੇ। ਇਹ ਖਬਰ ਜਦ ਨਵਾਬ ਕੋਲ ਗਈ ਤਾਂ ਉਸ ਨੇ ਹਿਸਾਬ ਦੀ ਮੰਗ ਕੀਤੀ। ਜਾਂ ਮੋਦੀਖਾਨੇ ਦਾ ਹਿਸਾਬ ਕੀਤਾ ਤਾਂ ਵਾਧਾ ਦਿਖਾਇਆ। ਇਹੋ ਜਿਹੇ ਬਹੁਤ ਕੌਤਕ ਹਨ। ਉਸ ਦੀ ਉਪਮਾ ਇਨਸਾਨ ਨਹੀ ਲਿਖ ਸਕਦਾ, ਉਹ ਬੇਅੰਤ ਹੈ ਅਤੇ ਉਸੇ ਦੀ ਲੀਲਾ ਬੇਅੰਤ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਜ਼ਿਲ੍ਹਾ ਗੁਰਦਾਸਪੁਰ ਪਿੰਡ ਪੱਖੋਕੇ, ਜੋ ਰੰਧਾਵੇ ਜੱਟਾਂ ਦਾ ਹੈ, ਮੂਲ ਚੰਦ ਚੋਣੇ ਖੱਤਰੀ ਦੀ ਪੁੱਤਰੀ ਬੀਬੀ ਸੁਲੱਖਣੀ ਨਾਲ ਹੋਇਆ। ਇਹਨਾਂ ਦੇ ਘਰ ਸੰਤਾਨ : ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਜੀ ਹੋਏ। ਇਹ ਦੋਵੇ ਬੜੀ ਭਗਤੀ ਵਾਲੇ ਸਨ। ਇਹਨਾਂ ਨੂੰ ਨਿਰਮਲੇ ਸਾਧੂ ਬਹੁਤ ਮੰਨਦੇ ਹਨ। ਇਹ ਵੀ ਸਤਿਗੁਰਾਂ ਦੀ ਹੀ ਖੇਡ ਹੁੰਦੀ ਹੈ। ਜਿਵੇਂ ਬੀਬੀ ਨਾਨਕੀ ਨੂੰ ਉਹ ਅੱਖਾਂ ਦੇ ਦਿਤੀਆ ਜਿਨ੍ਹਾਂ ਨੇ ਦੇਖ ਲਿਆ ਕਿ ਇਹ ਅਕਾਲ ਪੁਰਖ ਹੈ। ਕਾਲੂ ਪਿਤਾ ਸਮਝ ਨਾ ਸਕਿਆ ਤੇ ਰਾਏ ਬੁਲਾਰ ਨੂੰ ਸੋਝੀ ਦੇ ਦਿਤੀ ਸੀ। ਉਹ ਹਰ ਥਾਂ ਤੇ ਉਨ੍ਹਾਂ ਦੇ ਕੌਤਕ ਦੇਖ ਦੇਖ ਕੇ ਨਿਹਾਲ ਹੁੰਦਾ ਸੀ। ਗੁਰੂ ਨਾਨਕ ਦੇਵ ਜੀ ਦੇ ਕੌਤਕ ਨਿਰਾਲੇ ਸਨ। ਆਪ ਜੀ ਨੇ ਬਾਬਰ ਦੀ ਜੇਲ੍ਹ ਵਿੱਚ ਚੱਕੀ ਪੀਸੀ। ਇਹ ਉਸ ਦੀ ਰਜ਼ਾ ਹੈ ਅਤੇ ਕੌਡੇ ਰਾਖਸ਼ ਵਰਗੇ ਅਨੇਕਾਂ ਹੀ ਤਾਰੇ, ਵਲੀ ਕੰਧਾਰੀ ਵਰਗੇ ਜੋ ਹੰਕਾਰੀ ਸਨ ਉਹਨਾਂ ਦਾ ਵੀ ਜਾ ਕੇ ਉਧਾਰ ਕੀਤਾ ਕਿਉਂਕਿ ਉਹ ਤਾਂ ਆਇਆ ਹੀ ਕਲ ਤਾਰਨ ਸੀ। ਉਸ ਦੀਆਂ ਖੇਡਾਂ ਨੂੰ ਉਹੀ ਜਾਣੇ। ਸ੍ਰੀ ਚੰਦ ਤੇ ਲਖਮੀ ਦਾਸ ਵੀ ਆਪਣੇ ਪਿਤਾ ਦੀ ਲੀਲਾ ਨੂੰ ਸਮਝ ਨਾ ਸਕੇ। ਸ੍ਰੀ ਨਾਨਕ ਪ੍ਰਕਾਸ਼ ਵਿਚ ਇਸ ਤਰ੍ਹਾਂ ਲਿਖਿਆ ਹੈ "ਭਈ ਅਧਿਕ ਸਭ ਔਸ ਵਿਰਾਮੀ। ਤਬ ਵਿਚਾਰ ਈਸਰ ਜਗ ਸੁਆਮੀ। ਪਾਲਿਨ ਹੇਤ ਸਨਾਤਨ ਨੇਤੇ। ਵੈਦਕ ਧਰਮ ਰਖਨ ਕੇ ਹੇਤੇ। ਆਪ ਪ੍ਰਭੂ ਗੁਰ ਨਾਨਕ ਰੂਪੰ। ਪ੍ਰਗਟ ਭਏ ਜੱਗ ਮੈ ਸੁਖ ਭੂਪੰ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੇ ਭਲੇ ਲਈ ਬਾਣੀ ਉਚਾਰੀ ਜਪੁਜੀ, ਸਿਧ ਗੋਸਟ, ਸੋਦਰ ਸੋਹਲਾ, ਆਰਤੀ, ਰਾਮਕਲੀ, ਦਖਣੀ ਉਅੰਕਾਰ, ਆਸਾ ਦੀ ਵਾਰ, ਮਲਾਰ ਅਤੇ ਮਾਝ ਦੀ ਵਾਰ ਪੱਟੀ, (ਬਾਰਾਂ ਮਾਹ ਪੰਜਵੇਂ ਪਾਤਸ਼ਾਹ ਨੇ ਵੀ ਉਚਾਰਿਆ ਹੈ) ਬਾਰਾਂ ਮਾਹ ਗੁਰੂ ਨਾਨਕ ਦੇਵ ਜੀ ਨੇ ਵੀ। ਇਸ ਤਰ੍ਹਾਂ ਕੁਲ ਸਬਦ ੯੭੪ ਹਨ ਅਤੇ ੨੦ ਰਾਗਾਂ ਵਿਚ ਬਾਣੀ ਰਚਨ ਦੀ ਕਿਰਪਾ ਕੀਤੀ ਹੈ।

ਲਾਲਾ ਦੁਨੀ ਚੰਦ ਨੂੰ ਸਿਖਿਆ

ਲਾਹੌਰ ਦੇ ਲਾਗੇ ਲਾਲਾ ਦੁਨੀ ਚੰਦ ਨਾਮ ਦਾ ਇਕ ਧਨਾਢ ਸੇਠ ਰਹਿੰਦਾ ਸੀ। ਉਸ ਨੇ ਸੰਸਾਰੀ ਰੀਤੀ ਅਨੁਸਾਰ ਆਪਣੇ ਪਿਤਾ ਨਮਿਤ ਸਰਾਧ ਕਰਾਏ। ਬੜੇ ਸਾਧੂ ਸੰਤ ਆਏ ਬੜੀ ਗਹਿਮਾ ਗਹਿਮੀ ਸੀ, ਸਾਰੇ ਸਾਧੂ ਸੰਤ ਭੋਜਨ (ਪ੍ਰਸਾਦਾ) ਛਕ ਕੇ ਬੜੇ ਖੁਸ਼ ਸਨ। ਉਸ ਸਮੇਂ ਗੁਰੂ ਨਾਨਕ ਦੇਵ ਜੀ ਵੀ ਉਥੇ ਪਹੁੰਚੇ। ਦੁਨੀ ਚੰਦ ਦਰਸ਼ਨ ਕਰ ਕੇ ਬਹੁਤ ਖੁਸ਼ ਹੋਇਆ ਅਤੇ ਨਮਸਕਾਰ ਕਰਕੇ ਬੇਨਤੀ ਕੀਤੀ ਕਿਰਪਾ ਕਰਕੇ ਆਪ ਭੋਜਨ ਛਕੋ, ਮੇਰੇ ਪਿਤਾ ਜੀ ਦਾ ਅੱਜ ਸਰਾਧ ਹੈ। ਗੁਰੂ ਨਾਨਕ ਦੇਵ ਜੀ ਬਚਨ ਕੀਤਾ, "ਲਾਲਾ ਦੁਨੀ ਚੰਦ, ਤੂੰ ਏਥੇ ਲੰਗਰ ਲਾ ਰੱਖੇ ਹਨ ਪਰ ਤੇਰਾ ਪਿਉ ਤਾਂ ਬਘਿਆੜ ਬਣਿਆ ਹੋਇਆ ਭੁੱਖ ਨਾਲ ਵਿਆਕੁਲ ਹੋਇਆ ਜੰਗਲ ਵਿਚ ਤੜਪਦਾ ਹੈ।" ਇਹ ਸੁਣ ਕੇ ਦੁਨੀ ਚੰਦ ਬੜਾ ਦੁਖੀ ਹੋਇਆ ਤੇ ਅਰਜ਼ ਕੀਤੀ, "ਮਹਾਰਾਜ ਕਿਹੜੇ ਜੰਗਲ ਵਿੱਚ ਹੈ।" ਸੱਚੇ ਪਾਤਸਾਹ ਨੇ ਉਸ ਨੂੰ ਸਾਰਾ ਸਮਝਾਇਆ ਅਤੇ ਇਹ ਵੀ ਬਚਨ ਕੀਤਾ ਤੇਰੇ ਪਿਉ ਨੂੰ ਤੇਰੇ ਵੱਲ ਵੇਖ ਕੇ ਪਿਛਲੇ ਜਨਮ ਦੀ ਸੋਝੀ ਆ ਜਾਵੇਗੀ। ਦੁਨੀ ਚੰਦ ਪ੍ਰਸਾਦ ਪਾਣੀ ਲੈ ਕੇ ਜਦ ਉਥੇ ਪਹੁੰਚਾ ਤਾ ਕੀ ਵੇਖਦਾ ਹੈ ਕਿ ਇਕ ਬਘਿਆੜ ਦਾ ਬੱਚਾ ਭੁੱਖਾ ਬੈਠਾ ਹੈ। ਦੁਨੀ ਚੰਦ ਨੇ ਵੇਖਦਿਆਂ ਹੀ ਪੁੱਛਿਆ, "ਪਿਤਾ ਜੀ ਆਪ ਜੀ ਦੀ ਇਹ ਹਾਲਤ ਕਿਵੇਂ?" ਸਤਿਗੁਰਾਂ ਦੀ ਕਿਰਪਾ ਨਾਲ ਉਸਨੂੰ ਵੀ ਪਿਛਲੇ ਜਨਮ ਦੀ ਸੋਝੀ ਆ ਗਈ ਸੀ। ਉਸ ਨੇ ਕਿਹਾ, "ਪੁੱਤਰ ਜਦ ਮੈਂ ਮਰਨ ਲੱਗਾ ਸੀ ਤਾਂ ਗੁਆਂਢੀਆ ਦੇ ਘਰ ਮਾਸ ਬਣਦਾ ਸੀ। ਮੇਰੀ ਸੁਰਤ ਉਥੇ ਚਲੀ ਜਾਣ ਕਾਰਨ ਮੈਨੂੰ ਇਹ ਜੂਨ ਮਿਲੀ ਹੈ। ਮੈਨੂੰ ਨਹੀਂ ਪਤਾ ਹੁਣ ਮੇਰਾ ਛੁਟਕਾਰਾ ਕਿਵੇਂ ਹੋਵੇਗਾ।" ਇਹ ਸੁਣ ਕੇ ਦੁਨੀ ਚੰਦ ਨੇ ਝਟ ਪ੍ਰਸਾਦ ਦਿਤਾ ਅਤੇ ਆਖਿਆ, "ਇਹ ਗੁਰੂ ਨਾਨਕ ਦੇਵ ਜੀ ਨੇ ਆਪ ਤੇ ਕਿਰਪਾ ਕੀਤੀ ਹੈ, ਪ੍ਰਸਾਦ ਭੇਜਿਆ ਹੈ," ਅਤੇ ਅੱਗੇ ਰੱਖ ਦਿਤਾ। ਉਸ ਦੇ ਪਿਉ ਨੇ ਝਟਪਟ ਛਕ ਲਿਆ ਤੇ ਉਸੇ ਵਕਤ ਪ੍ਰਾਣ ਤਿਆਗ ਦਿਤੇ। ਜਦ ਇਹ ਕੌਤਕ ਸਭ ਨੂੰ ਪਤਾ ਲੱਗਾ ਤਾ ਸਾਰੇ ਆਣ ਕੇ ਸਤਿਗੁਰਾਂ ਦੀ ਚਰਨੀਂ ਪਏ।

ਸ੍ਰੀ ਗੁਰੂ ਨਾਨਕ ਦੇਵ ਜੀ ਦੇਵ ਲੂਤ ਕੋਲ ਗਏ

ਉਸ ਨੇ ਵੀ ਸ੍ਰੀ ਸਤਿਗੁਰੂ ਜੀ ਨੂੰ ਭੋਜਨ ਛਕਣ ਲਈ ਬੇਨਤੀ ਕੀਤੀ, ਤਾਂ ਸਤਿਗੁਰਾਂ ਬਚਨ ਕੀਤਾ ਅਸੀਂ ਤੇਰੇ ਘਰ ਦਾ ਭੋਜਨ ਨਹੀਂ ਛਕਣਾ ਕਿਉਂਕਿ ਤੂੰ ਜੀਵਾਂ ਦੀ ਹੱਤਿਆ ਕਰਦਾ ਹੈਂ, ਤੇ ਮਾਸ ਖਾਂਦਾ ਹੈ। ਅਸੀ ਤਾਂ ਤੇਰੇ ਘਰ ਦਾ ਜਲ ਵੀ ਨਹੀਂ ਛਕਣਾ। ਇਸ ਸੰਸਾਰ ਤੇ ਸਾਰੇ ਜੀਵ ਉਸ ਅਕਾਲ ਪੁਰਖ ਨੇ ਸਾਜੇ ਹਨ। ਉਨ੍ਹਾਂ ਨੂੰ ਮਾਰਨਾ ਪਾਪ ਹੈ। ਇਨਸਾਨ ਦੇ ਭੋਜਨ ਲਈ ਪਰਮਾਤਮਾ ਨੇ ਬਹੁਤ ਫਲ ਤੇ ਅੰਨ ਪੈਦਾ ਕੀਤਾ ਹੈ। ਇਨਸਾਨ ਆਪਣੀ ਮਿਹਨਤ ਨਾਲ ਉਗਾ ਸਕਦਾ ਹੈ। ਜਿਸ ਨਾਲ ਸ਼ੁੱਧ ਬੁੱਧੀ ਹੁੰਦੀ ਹੈ ਪਰ ਜਾਨਵਰ ਨਹੀਂ ਉਗਾ ਸਕਦੇ। ਇਹ ਬਚਨ ਸੁਣ ਕੇ ਦੇਵ ਲੂਤ ਚਰਨੀਂ ਢਹਿ ਪਿਆ। ਸਤਿਗੁਰਾਂ ਉਸ ਨੂੰ ਨਾਮ ਦਾਨ ਦਾ ਉਪਦੇਸ਼ ਦੇ ਕੇ ਸਿਧੇ ਰਾਹੇ ਪਾਇਆ।

ਭਾਈ ਲਾਲੋ ਦੀ ਸਾਖੀ

ਐਮਨਾਬਾਦ ਇਕ ਭਾਈ ਲਾਲੋ ਗੁਰੂ ਕਾ ਸਿੱਖ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਉਸ ਨੂੰ ਮਿਲਣ ਉਥੇ ਗਏ। ਉਹ ਬਹੁਤ ਹੀ ਮਾਇਆ ਵਲੋਂ ਗਰੀਬ ਸੀ ਪਰ ਭਗਤੀ ਵਲੋਂ ਅਮੀਰ। ਉਥੇ ਹੀ ਇਕ ਸ਼ਾਹੂਕਾਰ ਸੀ, ਜੋ ਗਰੀਬਾਂ ਦੀ ਮਿਹਨਤ ਦਾ ਫਾਇਦਾ ਉਠਾਉਂਦਾ ਸੀ, ਉਸਦਾ ਨਾਂ ਮਲਕ ਭਾਗੋ ਸੀ। ਮਲਕ ਭਾਗੋ ਨੇ ਜਦ ਸੁਣਿਆ ਕਿ ਗੁਰੂ ਨਾਨਕ ਦੇਵ ਜੀ ਲਾਲੋ ਦੇ ਘਰ ਆਏ ਹਨ, ਤਾਂ ਉਹ ਆ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਅੱਗੇ ਬੇਨਤੀ ਕਰਨ ਲੱਗਾ "ਕਿਰਪਾ ਕਰਕੇ ਆਪ ਜੀ ਮੇਰੇ ਘਰ ਦਾ ਭੋਜਨ ਛਕੋ।" ਉਸ ਦੇ ਦਿਲ ਵਿੱਚ ਇਹ ਸੀ ਕਿ ਲਾਲੋ ਦੇ ਘਰ ਤਾਂ ਸੁੱਕੀ ਰੋਟੀ ਹੀ ਹੈ। ਇਹ ਸਾਧ ਹਨ ਮੈਂ ਇਨ੍ਹਾਂ ਦੀ ਸੇਵਾ ਚੰਗੀ ਤਰ੍ਹਾਂ ਕਰਾਂ। ਉਸ ਦੇ ਬਹੁਤ ਕਹਿਣ ਤੇ ਸਤਿਗੁਰਾਂ ਨੇ ਬਚਨ ਕੀਤਾ, ਅੱਛਾ ਜਾ ਤੂੰ ਆਪਣਾ ਭੋਜਨ ਲਿਆ। ਜਦ ਉਹ ਲੈ ਕੇ ਆਇਆ ਤਾਂ ਸਤਿਗੁਰਾਂ ਨੇ ਭਾਈ ਲਾਲੋ ਦੀ ਰੋਟੀ ਸੱਜੇ ਹੱਥ ਵਿੱਚ ਫੜ ਲਈ ਅਤੇ ਦੂਸਰੇ ਹੱਥ ਵਿੱਚ ਮਲਕ ਭਾਗੋ ਦਾ ਭੋਜਨ ਫੜ ਲਿਆ ਅਤੇ ਦੋਨਾਂ ਨੂੰ ਫਿਰ ਨਚੋੜਿਆ ਤੇ ਭਾਈ ਲਾਲੋ ਦੀ ਰੋਟੀ ਵਿਚੋਂ ਦੁੱਧ ਅਤੇ ਮਲਕ ਭਾਗੋ ਦੇ ਪਦਾਰਥਾਂ ਵਿਚੋਂ ਲਹੂ ਦੀ ਧਾਰ ਨਿਕਲੀ। ਸਤਿਗੁਰਾਂ ਬਚਨ ਕੀਤਾ, "ਦੇਖ ਮਲਕ ਭਾਗੋ ਇਹ ਕਿਰਤ ਕਮਾਈ ਹੈ ਇਹ ਦੁੱਧ ਵਾਂਗ ਅਸਰ ਕਰਦੀ ਹੈ, ਤੂੰ ਗਰੀਬਾਂ ਦੀ ਮਿਹਨਤ ਖਾਂਦਾ ਹੈ ਇਹ ਉਨ੍ਹਾਂ ਦਾ ਖ਼ੂਨ ਹੈ।" ਇਹ ਵੇਖ ਕੇ ਮਲਕ ਭਾਗੋ ਚਰਨੀਂ ਢਹਿ ਪਿਆ। ਸਤਿਗੁਰਾਂ ਉਸ ਨੂੰ ਸਿਧੇ ਰਾਹੇ ਪਾਇਆ। ਏਸੇ ਤਰ੍ਹਾਂ ਸਤਿਗੁਰੂ ਜੀ

ਸਾਰੇ ਸੰਸਾਰ ਨੂੰ ਤਾਰਦੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਜੋ ਅਜਿਤੇ ਰੰਧਾਵੇ ਨਾਲ ਆਉਣ ਵਾਲੇ ਸਮੇਂ ਬਾਰੇ ਬਚਨ ਕੀਤੇ ਸਨ। ਉਹ ਅੱਗੇ ਸਮੇਂ ਅਨੁਸਾਰ ਦੱਸਣ ਦੀ ਕੋਸ਼ਿਸ਼ ਹੋਵੇਗੀ, ਸਤਿਗੁਰੂ ਜਿਸ ਤਰ੍ਹਾਂ ਦੀ ਬੁਧ ਬਖਸ਼ਣਗੇ।

ਇਸ ਸਾਰੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਭਾਈ ਬਾਲਾ ਤੇ ਮਰਦਾਨਾ ਵੀ ਇਹ ਲੀਲ੍ਹਾ ਵੇਖਦੇ ਰਹੇ। ਕਿਉਂਕਿ ਉਹ ਇਨ੍ਹਾਂ ਦੇ ਪੂਰਨ ਸੇਵਕ ਸਨ ਅਤੇ ਹਰ ਸਮੇਂ ਨਾਲ ਹੀ ਰਹੇ।ਮਰਦਾਨੇ ਨੂੰ ਭੁੱਖ ਤੇਹ ਲੱਗਦੀ ਰਹੀ ਤਾਂ ਸਤਿਗੁਰੂ ਆਪਣੀ ਲੀਲ੍ਹਾ ਵਿਖਾਉਂਦੇ ਰਹੇ। ਵਲੀ ਕੰਧਾਰੀ ਵਰਗੇ ਪਾਣੀ ਦੇ ਬਹਾਨੇ ਜਾ ਤਾਰੇ। ਇੱਕ ਲਹਿਣਾ ਐਸਾ ਸੇਵਕ ਸੀ, ਜਿਸ ਨੇ ਸਤਿਗੁਰਾਂ ਦਾ ਮਨ ਮੋਹ ਲਿਆ ਸੀ ਅਤੇ ਪ੍ਰੇਮਾ ਭਗਤੀ ਵਿਚ ਪੂਰਨ ਸਨ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਆਪਣੇ ਅੰਗ ਨਾਲ ਲਾ ਕੇ ਅੰਗਦ ਬਣਾ ਲਿਆ ਅਤੇ ਅੱਗੋਂ ਗੁਰਗੱਦੀ ਦੀ ਪ੍ਰੰਪਰਾ ਤੋਰਨ ਲਈ ਇਨ੍ਹਾਂ ਨੂੰ ਗੁਰਗੱਦੀ ਦੇ ਕੇ ਸੰਸਾਰੀ ਜੀਵਾਂ ਦਾ ਭਲਾ ਕੀਤਾ ਕਿਉਂਕਿ ਇਹ ਤਾਂ ਉਨ੍ਹਾਂ ਦੇ ਨਾਲ ਲੱਗ ਕੇ ਗੁਰਾਂ ਦੇ ਅੰਗ ਬਣ ਗਏ ਸਨ। ਇਹਨਾਂ ਨੂੰ ਤਾਂ ਗੁਰੂ ਨਾਨਕ ਤੋਂ ਸਿਵਾਏ ਹੋਰ ਕੁਝ ਦਿਸਦਾ ਨਹੀਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਸੰਮਤ ੧੫੯੬ ਬਿਕ੍ਰਮੀ ਨੂੰ ਕਰਤਾਰਪੁਰ ਵਿਖੇ ਦੇਹ ਦਾ ਉਹਲਾ ਕਰ ਗਏ।

***

ਸ੍ਰੀ ਗੁਰੂ ਅੰਗਦ ਦੇਵ ਜੀ



ਗੁਰੂ ਅੰਗਦ ਆਗਿਆ ਪਾਲ ਕੇ ਲਿਆ ਗੁਰੂ ਮਨ ਜੀਤ ।
ਸਾਰੀ ਦੁਨੀਆਂ ਜੀਤ ਕੇ ਪਾਇਆ ਹਰ ਪ੍ਰਭ ਮੀਤ । {ਚਾਨਾ}

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇ ਕੇ ਸਾਡੇ ਭਲੇ ਲਈ ਇਹ ਰੀਤ ਚਲਾਈ। ਜਿਵੇਂ ਸਤਿਗੁਰਾਂ ਫੁਰਮਾਇਆ ਹੈ-"ਸਾਰਾ ਕਲਜੁਗ ਭੋਗਸੀ ਨਾਨਕ ਧਰ ਅਵਤਾਰ।" ਕਿਉਂਕਿ ਇਸ ਘੋਰ ਸਮੇਂ ਵਿਚ ਗੁਰੂ ਤੋਂ ਬਿਨਾ ਰੱਖਿਆ ਕਿਸੇ ਨਹੀਂ ਕਰਨੀ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਵੀ ਕਿਰਪਾ

ਕਰਦੇ ਹਨ। ਮਹਲਾ ੨ 'ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥ ਏਤੇ ਚਾਨਣ ਹੋਦਿਆਂ ਗੁਰ ਬਿਨ ਘੋਰ ਅੰਧਾਰ।'

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਅਵਤਾਰ ਵਸਾਖ ਸੁਦੀ ਏਕਮ ੧੫੬੧ ਬਿਕ੍ਰਮੀ ਨੂੰ ਪਿੰਡ ਮੱਤੇ ਦੀ ਸਰਾਏ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਮਾਤਾ ਦਯਾ ਕੌਰ ਜੀ ਅਤੇ ਪਿਤਾ ਫੇਰੂ ਮੱਲ ਤਰੇਹਣ ਖੱਤਰੀ ਦੇ ਘਰ ਹੋਇਆ। ਮਾਤਾ ਪਿਤਾ ਨੇ ਇਹਨਾਂ ਦਾ ਨਾਮ ਲਹਿਣਾ ਰੱਖਿਆ। ਇਹਨਾਂ ਦਾ ਸੁਭਾਉ ਪਹਿਲਾਂ ਤੋਂ ਹੀ ਧੀਰਜ ਭਰਿਆ, ਦਿਆਲੂ ਤੇ ਕ੍ਰਿਪਾਲੂ ਸੀ। ਸੇਵਾ ਕਰਨ ਦਾ ਇਹਨਾਂ ਨੂੰ ਪਹਿਲਾਂ ਤੋਂ ਹੀ ਬੜਾ ਸ਼ੌਕ ਸੀ। ਫੇਰੂ ਮੱਲ ਜੀ ਫਿਰੋਜ਼ਪੁਰ ਦੇ ਹਾਕਮ ਪਠਾਣ ਦੇ ਖਜ਼ਾਨਚੀ ਸਨ। ਕੁਝ ਸਮੇਂ ਨੇ ਪਲਟਾ ਖਾਧਾ ਤਾਂ ਆਪ ਜੀ ਪਿੰਡ ਖਡੂਰ ਆ ਗਏ। ਇਕ ਸ਼ਾਹੂਕਾਰ ਦੀ ਦੁਕਾਨ ਕਰਕੇ ਆਪਣਾ ਗੁਜ਼ਾਰਾ ਕਰਨ ਲੱਗੇ। ਏਥੇ ਆਪ ਜੀ ਦਾ ਸੰਗ ਬਹੁਤ ਅੱਛਾ ਬਣਿਆ ਹੋਇਆ ਸੀ। ਫੇਰੂ ਮੱਲ ਹਰ ਸਾਲ ਸੰਗਤ ਨੂੰ ਨਾਲ ਲੈ ਕੇ ਵੈਸ਼ਨੋ ਦੇਵੀ ਜਾਂਦੇ ਸਨ ਪਰ ਕੁਝ ਐਸਾ ਸਮਾਂ ਆਇਆ ਉਹ ਅਕਾਲ ਚਲਾਣਾ ਕਰ ਗਏ। ਏਸੇ ਪਿੰਡ ਖਡੂਰ ਵਿਖੇ ਇਕ ਦੇਵੀ ਚੰਦ ਖੱਤਰੀ ਰਹਿੰਦਾ ਸੀ। ਉਸ ਨੇ ਆਪਣੀ ਧੀ ਦਾ ਵਿਆਹ ਲਹਿਣਾ ਜੀ ਨਾਲ ਕਰ ਦਿੱਤਾ। ਜਦ ਅੱਸੂ ਦਾ ਮਹੀਨਾ ਆਇਆ ਤਾਂ ਸਾਰੇ ਸੰਗੀ ਇਕੱਠੇ ਹੋ ਕੇ ਕਹਿਣ ਲੱਗੇ "ਲਹਿਣਾ ਜੀ ਪਹਿਲਾਂ ਤੁਹਾਡੇ ਪਿਤਾ ਜੀ ਸਾਨੂੰ ਵੈਸ਼ਨੋ ਦੇਵੀ ਦੇ ਦਰਸ਼ਨ ਕਰਨ ਲਈ ਨਾਲ ਲੈ ਕੇ ਜਾਂਦੇ ਸਨ, ਹੁਣ ਤੁਸੀਂ ਸਾਡੇ ਨਾਲ ਚੱਲੋ।" ਲਹਿਣਾ ਜੀ ਉਹਨਾਂ ਦਾ ਹੁਕਮ ਮੰਨ ਕੇ ਨਾਲ ਤੁਰ ਪਏ ਪਰ ਜਦ ਪਿੰਡ ਡੱਲੇ ਦਾ ਪੱਤਣ ਲੰਘਣ ਲੱਗੇ ਤਾਂ ਉਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਨੂੰ ਜਾਂਦੀ ਸੰਗਤ ਮਿਲੀ। ਉਹ ਸਤਿਗੁਰਾਂ ਦੀਆਂ ਸਿਫਤਾਂ ਕਰਦੇ ਜਾਂਦੇ ਸਨ। ਹਿੰਦੂ ਆਖਣ ਇਹ ਤਾਂ ਅਵਤਾਰ ਆਇਆ ਹੈ, ਮੁਸਲਮਾਨ ਆਖਦੇ ਜਾਣ ਇਹ ਪੀਰ-ਪੈਗੰਬਰ ਹੈ। ਇਹ ਸੁਣ ਕੇ ਲਹਿਣਾ ਜੀ ਨੇ ਆਪਣੇ ਸੰਗੀਆਂ ਨੂੰ ਆਖਿਆ ਆਪਾਂ ਵੀ ਜਾਂਦੇ ਜਾਂਦੇ ਉਹਨਾਂ ਦੇ ਦਰਸ਼ਨ ਕਰ ਜਾਈਏ। ਸਤਿਗੁਰਾਂ ਦੀਆ ਸਿਫਤਾਂ ਸਭ ਨੇ ਸੁਣੀਆਂ ਸਨ। ਇਸ ਲਈ ਸਾਰੇ ਹੀ ਤਿਆਰ ਹੋ ਗਏ। ਜਦ ਉਹ ਥੋੜ੍ਹੀ ਹੀ ਦੂਰ ਗਏ, ਲਹਿਣਾ ਜੀ ਤੁਰਦੇ ਤੁਰਦੇ ਕਰਤਾਰਪੁਰ ਦੇ ਲਾਗੇ ਪਹੁੰਚੇ ਤਾਂ ਕੀ ਵੇਖਦੇ ਹਨ ਇਕ ਸੰਤ ਇੱਕ ਖਾਲੀ ਘੋੜਾ ਲਈ ਜਾਂਦੇ ਹਨ। ਲਹਿਣਾ ਜੀ ਨੇ ਪੁਛਿਆ "ਸੰਤ ਜੀ ਤੁਸੀਂ ਗੁਰੂ ਨਾਨਕ ਦੇ ਦਰਸ਼ਨ ਕਰਨ ਚੱਲੇ ਹੋ?" "ਜੀ ਹਾਂ" ਸੰਤ ਜੀ ਬਚਨ ਕੀਤਾ। "ਆਵੋ ਤੁਸੀਂ ਬੜੀ ਦੂਰ ਤੋਂ ਆਏ ਹੋ, ਥੱਕ ਗਏ ਹੋਵੋਗੇ। ਇਹ ਘੋੜਾ ਖਾਲੀ ਤੁਰਿਆ ਜਾਂਦਾ ਹੈ ਉਪਰ ਬੈਠ ਜਾਵੋ।" ਲਹਿਣਾ ਜੀ

ਬਹੁਤ ਖੁਸ਼ ਹੋਏ ਕਿਉਂਕਿ ਉਹ ਸੱਚੀਂ ਥੱਕੇ ਹੋਏ ਸਨ। ਘੋੜੇ ਤੇ ਬੈਠ ਗਏ ਅਤੇ ਸੰਤ ਜੀ ਘੋੜੇ ਦੀ ਵਾਂਗ ਫੜੀ ਤੁਰੀ ਜਾਂਦੇ ਰਹੇ। ਜਦ ਡੇਰੇ ਕੋਲ ਪਹੁੰਚੇ ਤਾ ਲਹਿਣਾ ਜੀ ਘੋੜੇ ਤੋਂ ਉੱਤਰ ਗਏ ਅਤੇ ਸੰਗਤ ਨਾਲ ਇਸ਼ਨਾਨ ਕਰਕੇ ਸਤਿਗੁਰਾਂ ਦੇ ਦਰਸ਼ਨ ਕਰਨ ਗਏ, ਤਾਂ ਕੀ ਵੇਖਦੇ ਨੇ ਕਿ ਜਿਨ੍ਹਾਂ ਨੂੰ ਸੰਤ ਸਮਝਦੇ ਸੀ, ਸਾਰੀ ਸੰਗਤ ਉਨ੍ਹਾਂ ਦੇ ਹੀ ਦਰਸ਼ਨ ਕਰ ਕੇ ਵਾਰੇ ਵਾਰੇ ਜਾਂਦੀ ਹੈ। ਜਦ ਲਹਿਣੇ ਦੀ ਵਾਰੀ ਆਈ ਤਾਂ ਲਹਿਣਾ ਵੈਰਾਗੀ ਹੋ ਕੇ ਚਰਨਾਂ ਤੇ ਢਹਿ ਪਿਆ। ਉਚੀ ਉਚੀ ਆਖਣ ਲੱਗਾ ਮੈਨੂੰ ਬਖਸ਼ੋ! ਤੁਸੀਂ ਆਪ ਪੈਦਲ ਤੇ ਮੈ ਘੋੜੇ ਤੇ ਸਵਾਰ ਸੀ, ਆਪ ਸਾਰੀ ਵਾਟ ਘੋੜੇ ਦੀ ਵਾਂਗ ਫੜੀ ਤੁਰੀ ਆਏ। ਸਤਿਗੁਰਾਂ ਬਚਨ ਕੀਤਾ ਭਾਈ "ਤੇਰਾ ਨਾਮ ਕੀ ਹੈ?" ਉਤਰ ਦਿਤਾ, "ਜੀ ਲਹਿਣਾ" ਸਤਿਗੁਰਾਂ ਬਚਨ ਕੀਤਾ "ਤੂੰ ਲਹਿਣਾ ਅਸਾਂ ਤੈਨੂੰ ਦੇਣਾ, ਇਸ ਲਈ ਤੇਰਾ ਸੁਆਗਤ ਤਾਂ ਅਸੀਂ ਕਰਨਾ ਹੀ ਸੀ।" "ਸਤਿਗੁਰ ਕੋਟ ਪੈਂਡਾ ਆਗੇ ਹੋਇ ਲੇਤ ਹੈ।" (ਭਾਈ ਗੁਰਦਾਸ ਜੀ)

ਇਸ ਤਰ੍ਹਾਂ ਸਤਿਗੁਰੂ ਨਾਨਕ ਦੇਵ ਜੀ ਨੇ ਇਹ ਲੀਲ੍ਹਾ ਕਰਕੇ ਵਿਖਾਈ। ਸਤਿਗੁਰਾਂ ਦੇ ਇਹ ਬਚਨ ਸੁਣਦਿਆਂ ਹੀ "ਸੁਧ ਕੀ ਨਾ ਸੁਧ ਰਹੀ ਬੁਧ ਕੀ ਨਾ ਬੁਧ ਰਹੀ।" (ਭਾਈ ਗੁਰਦਾਸ ਜੀ) ਇਸੇ ਤਰ੍ਹਾਂ ਲਹਿਣਾ ਹੁਣ ਸਭ ਕੁਝ ਭੁਲ ਕੇ ਗੁਰੂ ਦਾ ਹੋ ਗਿਆ ਪਰ ਉਨ੍ਹਾਂ ਦੇ ਸਾਥੀ ਬਹੁਤ ਜ਼ੋਰ ਪਾਉਣ ਲੱਗੇ ਕਿ ਸਾਨੂੰ ਦੇਵੀ ਦੇ ਦਰਸ਼ਨਾਂ ਲਈ ਲੈ ਕੇ ਜਾਉ, ਨਹੀ ਤਾਂ ਸਾਨੂੰ ਦੇਵੀ ਦੇ ਦਰਸ਼ਨ ਏਥੇ ਕਰਾਵੋ। ਲਹਿਣੇ ਦਾ ਤਾਂ ਸਤਿਗੁਰਾਂ ਤੋਂ ਇੱਕ ਪਲ ਵੀ ਦੂਰ ਹੋਣ ਦਾ ਦਿਲ ਨਾ ਕਰੇ। ਦੂਸਰੇ ਦਿਨ ਜਦ ਸਾਰੇ ਸੰਗੀ ਤਿਆਰ ਹੋ ਕੇ ਸਤਿਗੁਰਾਂ ਦੇ ਦਰਸ਼ਨ ਕਰਨ ਆਏ ਤਾਂ ਕੀ ਵੇਖਦੇ ਨੇ ਕਿ ਇਕ ਦਿਵਯਾ ਰੂਪ ਮਾਈ ਸਤਿਗੁਰਾਂ ਦੇ ਦਰਵਾਜੇ ਅੱਗੇ ਝਾੜੂ ਦੇ ਰਹੀ ਹੈ। ਜਦ ਉਸ ਨੂੰ ਪੁਛਿਆ ਮਾਈ ਤੂੰ ਕੌਣ ਹੈਂ? ਇਤਨੀ ਸਵੇਰੇ ਝਾੜੂ ਇਥੇ ਦਿੰਦੀ ਹੈਂ। ਤਦ ਉਸ ਨੇ ਉਤਰ ਦਿੱਤਾ, "ਮੈ ਵੈਸ਼ਨੋ ਦੇਵੀ ਹਾਂ, ਹਰ ਰੋਜ਼ ਮੈਂ ਏਥੇ ਆ ਕੇ ਸੇਵਾ ਕਰਦੀ ਹਾਂ, ਤੇ ਏਥੋਂ ਮੈਨੂੰ ਸ਼ਕਤੀ, ਭਗਤੀ ਤੇ ਹਰ ਤਰ੍ਹਾਂ ਦੇ ਸਾਰੇ ਪਦਾਰਥ ਪ੍ਰਾਪਤ ਹੁੰਦੇ ਹਨ। ਉਹ ਮੈਂ ਆਪਣੇ ਦਰ ਆਇਆਂ ਨੂੰ ਵੰਡ ਦਿੰਦੀ ਹਾਂ। ਇਨ੍ਹਾਂ ਦੀ ਸਰਨ ਤਾਂ ਸਾਰੇ ਦੇਵੀ ਦੇਵਤੇ ਆਉਂਦੇ ਹਨ।" ਲਹਿਣਾ ਜੀ ਤਾਂ ਹੁਣ ਗੁਰੂ ਦੇ ਬਣ ਗਏ ਪਰ ਸੰਗੀਆਂ ਦੇ ਜ਼ੋਰ ਪਾਉਣ ਤੇ ਉਨ੍ਹਾਂ ਨਾਲ ਖਡੂਰ ਵਾਪਸ ਚਲੇ ਤਾਂ ਗਏ ਪਰ ਹਾਲਾਤ ਇਹੋ ਜਹੀ ਸੀ ਕਿ ਦਿਲ ਦਿਲਦਾਰ ਵੱਲ ਛੱਡ ਗਏ। ਦਿਲ ਵਿੱਚ ਹਰ ਵਕਤ ਇਹੋ ਸੋਚਦੇ ਰਹਿੰਦੇ ਕਦ ਸਮਾਂ ਮਿਲੇ ਜਾ ਕੇ ਆਪਣੇ ਗੁਰਾਂ ਦੀ ਸੇਵਾ ਕਰਾਂ। ਇਕ ਦਿਨ ਨਾ ਰਿਹਾ ਗਿਆ ਤਾਂ ਲੂਣ ਦੀ ਪੰਡ ਬੰਨ੍ਹ ਕੇ ਗੁਰੂ ਦੇ

ਲੰਗਰ ਲਈ ਲੈ ਲਈ ਅਤੇ ਸਿਰ ਤੇ ਚੁੱਕ ਕੇ ਆਪਣੇ ਭਣੇਵੇਂ ਨੂੰ ਨਾਲ ਲੈ ਕੇ ਕਰਤਾਰਪੁਰ ਪਹੁੰਚੇ ਗੁਰੂ ਕੇ ਘਰ। ਅੱਗੋਂ ਮਾਤਾ ਸੁਲੱਖਣੀ ਜੀ ਤੋਂ ਪਤਾ ਲੱਗਾ ਕਿ ਸੱਚੇ ਪਾਤਸ਼ਾਹ ਜੀ ਖੇਤਾਂ ਵੱਲ ਗਏ ਹਨ। ਲੂਣ ਦੀ ਪੰਡ ਲਹਿਣਾ ਜੀ ਨੇ ਉਥੇ ਘਰ ਰੱਖ ਦਿੱਤੀ ਆਪ ਖੇਤਾਂ ਵੱਲ ਤੁਰ ਪਏ। ਉਥੇ ਜਾ ਕੇ ਕੀ ਵੇਖਦੇ ਹਨ ਕਿ ਸਤਿਗੁਰੂ ਨਾਨਕ ਦੇਵ ਜੀ ਗਊਆਂ ਮੱਝਾਂ ਲਈ ਨਦੀਨ (ਘਾਹ ਪੱਠਾ) ਕੱਢਿਆ ਹੈ ਅਤੇ ਘਰ ਲੈ ਕੇ ਜਾਣ ਲਈ ਬੰਨ੍ਹਿਆ ਹੈ ਪਰ ਉਹ ਗਿੱਲਾ ਸੀ, ਸਤਿਗੁਰਾਂ ਲਹਿਣੇ ਵੱਲ ਜ਼ਰਾ ਕੁ ਤੱਕਿਆ ਤਾਂ ਉਸ ਨੇ ਝਟਪਟ ਉਹ ਗੰਢ ਸਿਰ ਤੇ ਚੁੱਕ ਲਈ। ਨਦੀਨ ਗਿੱਲਾ ਹੋਣ ਕਾਰਨ ਉਸ ਵਿਚੋਂ ਮਿੱਟੀ ਵਾਲਾ ਪਾਣੀ ਚੋਂਦਾ ਸੀ। ਘਰ ਆਏ ਤੇ ਮਾਤਾ ਸੁਲੱਖਣੀ ਆਖਣ ਲੱਗੇ "ਸੱਚੇ ਪਾਤਸ਼ਾਹ ਇਹ ਆਪ ਜੀ ਨੇ ਕੀ ਕੀਤਾ, ਸਿੱਖ ਆਪ ਜੀ ਦੇ ਦਰਸ਼ਨ ਕਰਨ ਆਇਆ ਉਸ ਦੇ ਬਸਤਰ ਸਾਰੇ ਖਰਾਬ ਹੋ ਗਏ ਹਨ, ਚਿੱਕੜ ਕੱਪੜਿਆਂ ਤੇ ਲੱਗ ਗਿਆ ਹੈ।" ਸਤਿਗੁਰਾਂ ਬਚਨ ਕੀਤਾ, "ਇਹ ਪੰਡ ਨੂੰ ਚੁੱਕਣ ਜੋਗੇ ਸੀ, ਤਾਂਹੀ ਤਾਂ ਚੁਕਾਈ ਹੈ। ਇਹ ਬਸਤਰਾਂ ਤੇ ਚਿੱਕੜ ਨਹੀਂ ਕੇਸਰ ਛਿੜਕਿਆ ਹੈ, ਹੀਰੇ ਮੋਤੀਆਂ ਨਾਲ ਜੜਤ ਦੀ ਜੜਾਈ ਹੈ।"

ਲਹਿਣਾ ਜੀ ਦਾ ਦਿਲ ਹਰ ਵਕਤ ਗੁਰ ਚਰਨਾਂ ਵਿਚ ਰਹਿੰਦਾ ਅਤੇ ਸੇਵਾ ਕਰਦਾ ਨਾ ਅੱਕਦਾ ਤੇ ਨਾ ਹੀ ਥੱਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਅੰਮ੍ਰਿਤ ਵੇਲੇ ਡੇਢ ਪਹਿਰ ਰਾਤ ਰਹਿੰਦੀ ਤੇ ਹਰ ਰੋਜ਼ ਇਸ਼ਨਾਨ ਕਰਨ ਬਾਹਰ ਜਾਂਦੇ ਅਤੇ ਦਿਨ ਚੜ੍ਹਦੇ ਤਾਈਂ ਉਥੇ ਹੀ ਭਜਨ ਬੰਦਗੀ ਕਰਦੇ ਸਨ। ਲਹਿਣਾ ਜੀ ਵੀ ਉਹਨਾਂ ਦੇ ਨਾਲ ਹੀ ਰਹਿੰਦੇ ਸਨ। ਗਰਮੀ ਹੋਵੇ ਜਾ ਸਰਦੀ। ਦੂਸਰੇ ਸਿੱਖ ਹਰ ਰੋਜ਼ ਇਹ ਵੇਖਦੇ ਕਿ ਲਹਿਣਾ ਸਤਿਗੁਰਾਂ ਨਾਲ ਹੀ ਹੁੰਦਾ ਹੈ। ਉਨ੍ਹਾਂ ਇਹ ਸਲਾਹ ਕੀਤੀ ਅਸੀਂ ਵੀ ਸਤਿਗੁਰਾਂ ਨਾਲ ਹੀ ਜਾਇਆ ਕਰੀਏ। ਇੱਕ ਦਿਨ ਉਹ ਸਿੱਖ ਵੀ ਸਵੇਰੇ ਤਿਆਰ ਹੋ ਕੇ ਸਤਿਗੁਰਾਂ ਨਾਲ ਚਲੇ ਗਏ। ਇਸ਼ਨਾਨ ਕਰ ਕੇ ਭਜਨ ਬੰਦਗੀ ਕਰਨ ਲੱਗੇ ਤਾ ਠੰਢ ਜ਼ਿਆਦਾ ਹੋਣ ਕਾਰਨ ਲੱਗੇ ਕੰਬਣ, ਥੋੜ੍ਹੀ ਦੇਰ ਵਿੱਚ ਹੀ ਡੇਰੇ ਵੱਲ ਨੂੰ ਤੁਰ ਪਏ ਇਹ ਆਖਕੇ ਲਹਿਣਾ ਤਾਂ ਸਤਿਗੁਰਾਂ ਨਾਲ ਹੈ ਹੀ ਅਸੀ ਡੇਰੇ ਚਲਦੇ ਹਾਂ। ਲਹਿਣੇ ਤੇ ਤਾਂ ਗੁਰ ਸੇਵਾ ਦਾ ਕਵਚ ਪਇਆ ਹੋਇਆ ਸੀ, ਉਸਨੂੰ ਤਾਂ ਠੰਢ ਗਰਮੀ ਦਾ ਕੋਈ ਪਤਾ ਹੀ ਨਹੀਂ ਸੀ ਲੱਗਦਾ।

ਆਗਿਆ ਪਾਲਣ ਦੀ ਪ੍ਰੀਖਿਆ

ਇਕ ਦਿਨ ਗੁਰੂ ਨਾਨਕ ਦੇਵ ਜੀ ਅੱਧੀ ਰਾਤ ਨੂੰ ਅਵਾਜ਼ ਮਾਰੀ, "ਵੇਖੋ ਕਿਡਾ ਕੁ ਦਿਨ ਚੜ੍ਹਿਆ ਹੈ, ਸਾਡੇ ਬਸਤਰ ਸਾਫ ਕਰ ਲਿਆਉ।" ਉਸ ਵਕਤ ਬਾਬਾ

ਲਖਮੀ ਦਾਸ ਤੇ ਸ੍ਰੀ ਚੰਦ ਜੀ ਵੀ ਕੋਲ ਸਨ। ਉਹਨਾਂ ਉੱਤਰ ਦਿਤਾ, ਆਪ ਜੀ ਸਿਆਣੇ ਹੋ ਗਏ ਹੋ, ਇਸ ਲਈ ਨੀਂਦਰ ਨਹੀਂ ਪੈਂਦੀ। ਬਸਤਰ ਸਵੇਰੇ ਧੁਆ ਦਿਆਂਗੇ, ਅਜੇ ਅਰਾਮ ਕਰੋ। ਸਤਿਗੁਰਾਂ ਦੂਸਰੀ ਵਾਰ ਅਵਾਜ਼ ਦਿੱਤੀ। ਇਕ ਸਿੱਖ ਨੇ ਉੱਤਰ ਦਿੱਤਾ, ਜੀ ਅੱਧੀ ਰਾਤ ਹੈ ਜੀ। ਸਤਿਗੁਰਾਂ ਲਹਿਣੇ ਨੂੰ ਅਵਾਜ਼ ਦਿੱਤੀ, "ਲਹਿਣਿਆਂ ਬਾਹਰ ਵੇਖ ਤਾਂ ਕਿੰਨਾਂ ਕੁ ਦਿਨ ਚੜ੍ਹਿਆ ਹੈ।" ਉਹ ਬਾਹਰ ਗਏ ਤੇ ਆ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜਿੰਨਾਂ ਆਪ ਨੇ ਚੜ੍ਹਾਇਆ ਓਨਾਂ ਚੜ੍ਹਿਆ ਹੈ।" ਸਤਿਗੁਰਾਂ ਉਹਨਾਂ ਨੂੰ ਬਸਤਰ ਧੋਣ ਲਈ ਦਿਤੇ, ਜਦ ਲਹਿਣਾ ਜੀ ਬਾਹਰ ਗਏ ਤਾਂ ਕੀ ਵੇਖਦੇ ਹਨ ਕਿ ਦੁਪਹਿਰ ਵਾਂਗ ਸੂਰਜ ਹੈ। ਲਹਿਣਾ ਬਸਤਰ ਧੋ ਕੇ, ਸੁਕਾ ਕੇ ਲੈ ਆਇਆ ਪਰ ਜਦ ਘਰ ਆ ਕੇ ਵੇਖਿਆ ਤਾਂ ਰਾਤ ਹੀ ਸੀ।

ਇਕ ਦਿਨ ਮੀਂਹ ਬਹੁਤ ਪਿਆ ਤੇ ਧਰਮਸ਼ਾਲਾ ਦੀ ਕੰਧ ਢਹਿ ਗਈ। ਸਤਿਗੁਰਾਂ ਹੁਕਮ ਕੀਤਾ ਹੁਣੇ ਹੀ ਬਣਾਉ। ਲਖਮੀ ਚੰਦ ਤੇ ਸ੍ਰੀ ਚੰਦ ਆਖਣ ਲੱਗੇ ਸਵੇਰੇ ਕੋਈ ਨਾ ਕੋਈ ਮਜ਼ਦੂਰ ਲਿਆ ਕੇ ਬਣਾ ਲਵਾਂਗੇ ਪਰ ਜਦ ਸਤਿਗੁਰਾਂ ਨੇ ਲਹਿਣੇ ਵੱਲ ਤੱਕਿਆ, ਉਹ ਝਟਪਟ ਉੱਠ ਕੇ ਬਨਾਉਣ ਲੱਗ ਪਏ। ਸਤਿਗੁਰਾਂ ਹੁਕਮ ਕੀਤਾ ਇਹ ਵਿੰਗੀ ਹੈ, ਲਹਿਣੇ ਢਾਹ ਦਿੱਤੀ ਤੇ ਫਿਰ ਬਣਾਉਣੀ ਸ਼ੁਰੂ ਕਰ ਦਿੱਤੀ। ਉਥੇ ਮਾਤਾ ਸੁਲੱਖਣੀ ਜੀ ਵੇਖਦੇ ਸਨ, ਆ ਕੇ ਲਹਿਣੇ ਨੂੰ ਆਖਣ ਲੱਗੇ ਇਹ ਤਾਂ ਬੇਪਰਵਾਹ ਹਨ, ਤੂੰ ਵੀ ਨਾਲ ਉਹੋ ਜਿਹਾ ਬਣ ਬੈਠਾ ਹੈਂ। ਲਹਿਣੇ ਨੇ ਬੜੇ ਪਿਆਰ ਨਾਲ ਆਖਿਆ, "ਮਾਤਾ ਜੀ ਕੰਧ ਦਾ ਤਾਂ ਬਹਾਨਾ ਹੈ, ਸਤਿਗੁਰੂ ਜੀ ਤਾਂ ਮੈਨੂੰ ਸੇਵਾ ਬਖਸ਼ਦੇ ਹਨ।" ਲਹਿਣੇ ਤੇ ਸਤਿਗੁਰਾਂ ਦੀ ਬਹੁਤ ਬਖਸ਼ਿਸ਼ ਸੀ, ਉਹ ਇਸ ਲੀਲ੍ਹਾ ਨੂੰ ਸਮਝਦੇ ਸਨ। ਇਕ ਦਿਨ ਸਤਿਗੁਰਾਂ ਆਪਣਾ ਕਟੋਰਾ ਚੁੱਕ ਕੇ ਡੂੰਘੇ ਚਿੱਕੜ ਵਿੱਚ ਸੁੱਟ ਦਿੱਤਾ। ਹੁਕਮ ਹੋਇਆ ਇਸ ਨੂੰ ਕੱਢੋ। ਕੋਲ ਬੈਠੇ ਸਾਰੇ ਹੀ ਚੁੱਪ ਰਹੇ। ਲਖਮੀ ਦਾਸ ਤੇ ਸ੍ਰੀ ਚੰਦ ਆਖਣ ਲੱਗੇ ਅੱਛਾ ਜੀ, ਹੁਣੇ ਕਿਸੇ ਨੂੰ ਬੁਲਾ ਕੇ ਕਢਵਾ ਦਿੰਦੇ ਹਾਂ। ਪਰ ਜਦ ਲਹਿਣੇ ਵੱਲ ਤੱਕਿਆ ਹੀ ਉਸ ਝੱਟ ਛਾਲ ਮਾਰ ਦਿੱਤੀ ਅਤੇ ਕਟੋਰਾ ਕੱਢਕੇ, ਮਾਂਜਕੇ, ਸਾਫ ਕਰਕੇ ਲਿਆ ਅੱਗੇ ਰੱਖਿਆ।

ਆਖਦੇ ਨੇ ਕਿ ਇਕ ਵਾਰ ਮੀਂਹ ਦੀ ਝੜੀ ਲੱਗੀ। ਬਾਰਸ਼ ਬੰਦ ਹੀ ਨਾ ਹੋਵੇ। ਸੰਗਤਾਂ ਬਹੁਤ ਆ ਗਈਆਂ। ਸਿੱਖਾਂ ਆ ਕੇ ਅਰਜ਼ ਕੀਤੀ ਸੱਚੇ ਪਾਤਸ਼ਾਹ ਲੰਗਰ ਕਿਸ ਤਰ੍ਹਾਂ ਤਿਆਰ ਕੀਤਾ ਜਾਏ, ਬਾਲਣ ਸੁੱਕਾ ਨਹੀਂ ਹੈ ਅਤੇ ਸੰਗਤ ਬਹੁਤ ਦੂਰੋਂ ਦੂਰੋਂ ਆਈ ਹੈ। ਸੱਚੇ ਪਾਤਸ਼ਾਹ ਜੀ ਹੁਕਮ ਕੀਤਾ,"ਕਿਕਰ ਤੋਂ ਮਠਿਆਈ ਝਾੜੋ ਅਤੇ ਸੰਗਤ ਵਿਚ ਵਰਤਾ ਦਿਉ। ਆਲੇ ਦੁਆਲੇ ਦੇ ਸਿੱਖ ਤੇ ਸ਼੍ਰੀ ਚੰਦ, ਲਖਮੀ

ਚੰਦ ਇਸ ਨੂੰ ਮਖੌਲ ਹੀ ਸਮਝਦੇ ਰਹੇ ਪਰ ਲਹਿਣਾ ਜੀ ਜ਼ਮੀਨ ਸਾਫ ਕਰਨ ਲੱਗ ਪਏ ਅਤੇ ਥੱਲੇ ਚਿੱਟੀ ਚਾਦਰ ਵਿਛਾ ਕੇ ਕਿੱਕਰ ਤੇ ਚੜ੍ਹਕੇ ਝਾੜਣ ਲੱਗ ਪਏ। ਇਹ ਵੇਖ ਕੇ ਸਾਰੇ ਹੈਰਾਨ ਹੋ ਗਏ ਜਦ ਉਪਰੋਂ ਮਠਿਆਈ ਝੜਨ ਲੱਗ ਪਈ ਅਤੇ ਢੇਰ ਲੱਗ ਗਏ। ਫਿਰ ਸੰਗਤ ਨੂੰ ਵਰਤਾਈ ਸਾਰੇ ਧੰਨ ਧੰਨ ਕਰਦੇ ਘਰਾਂ ਨੂੰ ਗਏ।

ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨਿਤ ਨਵੇਂ ਚੋਜ ਕਰਦੇ। ਇਕ ਦਿਨ ਸਤਿਗੁਰਾਂ ਨੇ ਆਪ ਮੈਲੇ ਕੁਚੈਲੇ ਬਸਤਰ ਪਾ ਕੇ ਡੰਡਾ ਹੱਥ ਵਿਚ ਫੜ ਲਿਆ ਅਤੇ ਧਰਮਸ਼ਾਲਾ ਵੱਲ ਤੁਰ ਪਏ। ਜਿਹੜਾ ਸਿੱਖ ਰਸਤੇ ਵਿਚ ਮਿਲੇ ਉਸ ਨੂੰ ਪੁਛਣ ਤੂੰ ਕੌਣ ਹੈ। ਉਹ ਉੱਤਰ ਦੇਵੇ ਆਪ ਜੀ ਦਾ ਸਿੱਖ, ਤਾਂ ਉਸ ਦੇ ਦੋ ਚਾਰ ਡੰਡੇ ਖੜਕਾ ਦੇਣ। ਸਾਰੇ ਪਾਸੇ ਰੌਲਾ ਪੈ ਗਿਆ ਗੁਰੂ ਨਾਨਕ ਦੇਵ ਜੀ ਨੂੰ ਕੀ ਹੋਇਆ ਹੈ; ਕੋਈ ਆਖੇ ਭੂਤ ਚੁੰਬੜ ਗਿਆ ਕੋਈ ਕੁਝ ਆਖੇ, ਸਭ ਆਪਣੀ ਆਪਣੀ ਸਮਝ ਅਨੁਸਾਰ ਬੋਲੀ ਜਾਣ। ਏਸੇ ਤਰ੍ਹਾਂ ਰਾਤ ਹੋ ਗਈ ਤਾਂ ਸਤਿਗੁਰੂ ਜੀ ਇਕ ਦਰਿਆ ਦੇ ਕੰਢੇ ਚਲੇ ਗਏ, ਕੁਝ ਸਿੱਖ ਮਗਰ ਗਏ। ਫਿਰ ਸਤਿਗੁਰੂ ਜੀ ਜੰਗਲ ਵੱਲ ਤੁਰ ਪਏ ਜਿੱਥੇ ਇਕ ਅੱਗ ਦਾ ਉਚਾ ਬਲਦਾ ਢੇਰ ਦਿਸਿਆ। ਸੱਚੇ ਪਾਤਸ਼ਾਹ ਪੁਛਿਆ ਸਿੱਖੋ ਤੁਸੀਂ ਮੇਰੇ ਮਗਰ ਕੀ ਕਰਨ ਆਏ ਹੋ। ਉੱਤਰ ਮਿਲਿਆ ਅਸੀਂ ਆਪ ਜੀ ਦੇ ਸਿੱਖ ਹਾਂ। ਗੁਰੂ ਨਾਨਕ ਦੇਵ ਜੀ ਹੁਕਮ ਕੀਤਾ ਅੱਛਾ ਜਿਹੜਾ ਮੇਰਾ ਸਿੱਖ ਹੈ, ਉਹ ਇਸ ਅੱਗ ਵਿਚ ਛਾਲ ਮਾਰ ਦੇਵੇ। ਇਹ ਸੁਣਕੇ ਸਿੱਖ ਇੱਕ ਦੂਜੇ ਵੱਲ ਵੇਖਣ ਲੱਗ ਪਏ ਪਰ ਲਹਿਣੇ ਨੇ ਝੱਟ ਅੱਗੇ ਵਧਕੇ ਛਾਲ ਮਾਰ ਦਿੱਤੀ ਤੇ ਕੀ ਵੇਖਦਾ ਹੈ ਇਕ ਠੰਡੀ ਠਾਰ ਬੂਟੀ ਦਾ ਢੇਰ ਹੈ, ਜਿਸ ਦੀ ਚਮਕ ਅੱਗ ਵਰਗੀ ਹੈ। ਸਤਿਗੁਰਾਂ ਦੇ ਇਹੋ ਜਿਹੇ ਨਿਤ ਨਵੇਂ ਚੋਜ ਹੁੰਦੇ ਸਨ।

ਇਕ ਦਿਨ ਰਾਵੀ ਦੇ ਕੰਢੇ ਜਾ ਬੈਠੇ। ਉਥੇ ਇਕ ਮੁਰਦਾ ਪਿਆ ਵੇਖਕੇ ਬਚਨ ਕੀਤਾ ਜਿਹੜਾ ਸਾਡਾ ਸਿੱਖ ਹੈ ਇਸ ਨੂੰ ਖਾਵੇ। ਇਹ ਸੁਣਕੇ ਕੋਲ ਬੈਠੀ ਸੰਗਤ ਘਬਰਾ ਗਈ। ਲਹਿਣੇ ਹੱਥ ਜੋੜ ਅਰਜ਼ ਕੀਤੀ ਜੀ ਸਿਰ ਵਲੋਂ ਜਾਂ ਪੈਰਾਂ ਵਲੋਂ। ਹੁਕਮ ਹੋਇਆ ਵਿਚਕਾਰੋਂ। ਜਦ ਲਹਿਣੇ ਨੇ ਕੱਪੜਾ ਚੁੱਕਿਆ ਤਾਂ ਕੀ ਸੀ, ਕੜਾਹ ਪ੍ਰਸ਼ਾਦ ਸੀ। ਇਕ ਜਗ੍ਹਾ ਇਸ ਤਰ੍ਹਾਂ ਲਿਖਿਆ ਹੈ ਕਿ ਜਦ ਹੁਕਮ ਹੋਇਆਂ ਮਾਈ ਨਾਲ ਭੋਗ ਕਰ ਆ ਤਾਂ ਲਹਿਣਾ ਉਸੇ ਸਮੇਂ ਖਡੂਰ ਸਾਹਿਬ ਆਪਣੇ ਘਰ ਤੁਰ ਗਿਆ। ਪਹਿਲਾਂ ਜਾ ਕੇ ਸਾਧਾਂ ਸੰਤਾਂ ਨੂੰ ਖੂਬ ਮਾਇਆ ਵਰਤਾਈ ਤੇ ਫਿਰ ਮਾਤਾ ਕੋਲ ਗਏ ਅਤੇ ਦੁੱਧ ਚੁੰਘ ਕੇ ਵਾਪਸ ਕਰਤਾਰਪੁਰ ਆ ਗਏ। ਬਚਨ ਕੀਤਾ ਲਹਿਣਿਆਂ ਮਾਈ ਨਾਲ ਭੋਗ ਕੀਤਾ? ਲਹਿਣੇ ਨੇ ਹੱਥ ਜੋੜ ਕੇ ਬੇਨਤੀ ਕੀਤੀ, ਜੀ

ਹਾਂ, ਪਹਿਲਾਂ ਮਾਇਆ ਮਾਈ ਨਾਲ ਤੇ ਫਿਰ ਆਪਣੀ ਮਾਈ ਦਾ ਦੁੱਧ ਚੁੰਘ ਕੇ ਜੋ ਉਸ ਦਾ ਭੋਗ ਹੁੰਦਾ ਹੈ ਕਰ ਆਇਆ ਹਾਂ। ਏਸੇ ਤਰ੍ਹਾਂ ਸਤਿਗੁਰਾਂ ਲਹਿਣੇ ਨੂੰ ਚੰਗੀ ਤਰ੍ਹਾਂ ਕਸਵੱਟੀ ਤੇ ਪਰਖਿਆ ਤੇ ਫਿਰ ਆਪਣੇ ਗਲ ਨਾਲ ਲਾ ਲਿਆ ਅਤੇ ਬਚਨ ਕੀਤਾ, "ਤੂੰ ਸਾਡਾ ਅੰਗ ਬਣ ਗਿਆ ਹੈਂ। ਇਸ ਲਈ ਅੱਜ ਤੋਂ ਤੂੰ ਲਹਿਣਾ ਨਹੀ ਅੰਗਦ ਹੈ, ਤੇਰੇ ਵਿੱਚ ਤੇ ਮੇਰੇ ਵਿੱਚ ਕੋਈ ਭੇਦ ਨਹੀ ਰਿਹਾ।" ਅੰਗਦ ਦੇਵ ਜੀ ਅਰਜ਼ ਕੀਤੀ ਸੱਚੇ ਪਾਤਸ਼ਾਹ ਕਿਰਪਾ ਕਰ ਕੇ ਮੈਨੂੰ ਆਪਣਾ ਦਾਸ ਹੀ ਰਹਿਣ ਦਿਓ। ਗੁਰੂ ਨਾਨਕ ਦੇਵ ਜੀ ਬਚਨ ਕੀਤਾ ਤੂੰ ਸਾਡਾ ਹੁਕਮ ਹੀ ਮੰਨਣਾ ਹੈ। ਇਹ ਆਖ ਕੇ ਸਤਿਗੁਰਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਪੰਜ ਪੈਸੇ ਤੇ ਇਕ ਨਾਰੀਅਲ ਰੱਖ ਕੇ ਮੱਥਾ ਟੇਕ ਦਿੱਤਾ ਅਤੇ ਸਾਰੀ ਸੰਗਤ ਨੇ ਵੀ ਨਮਸਕਾਰ ਕੀਤੀ ਪਰ ਸ੍ਰੀ ਚੰਦ ਜੀ ਨੇ ਰੋਸ ਪ੍ਰਗਟ ਕੀਤਾ।

ਜਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਹ ਦਾ ਓਹਲਾ ਕੀਤਾ ਤਾਂ ਹਿੰਦੂ ਆਖਣ ਸਾਡਾ ਭਗਵਾਨ ਹੈ ਤੇ ਮੁਸਲਮਾਨ ਆਖਣ ਸਾਡਾ ਪੀਰ ਹੈ ਪਰ ਜਦ ਚਾਦਰ ਚੁੱਕ ਕੇ ਵੇਖਿਆ ਤਾਂ ਉਥੇ ਸਤਿਗੁਰਾਂ ਦਾ ਸਰੀਰ ਨਹੀ ਸੀ। ਉਹ ਸਣੇ ਦੇਹੀ ਹੀ ਚਲੇ ਗਏ। ਇਹ ਐਸਾ ਗੁਰੂ ਹਮਾਰਾ।ਸ੍ਰੀ ਗੁਰੂ ਅੰਗਦ ਦੇਵ ਜੀ ਬਾਰੇ ਰਾਏ ਬਲਵੰਡ ਤਥਾ ਸਤੇ ਡੂਮਿ ਲਿਖਿਆ ਹੈ-

"ਲਹਿਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥
ਜੋਤ ਉਹਾ ਜੁਗਤ ਸਾਇ॥ ਸਹਿ ਕਾਇਆ ਫੇਰ ਪਲਟੀਐ॥"

ਸ੍ਰੀ ਗੁਰੂ ਅੰਗਦ ਦੇਵ ਜੀ ਹੁਣ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਉਦਾਸ ਰਹਿੰਦੇ। ਇਕ ਦਿਨ ਬਹੁਤ ਹੀ ਵੈਰਾਗ ਵਿੱਚ ਸਨ ਤੇ ਆਖਣ ਲੱਗੇ ਉਹ ਕੌਣ ਹੋਵੇ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਸਾਨੂੰ ਸੁਣਾਵੇ, ਸਿੱਖਾਂ ਆਖਿਆ, ਜੀ ਬਾਲਾ ਸਾਰਾ ਸਮਾਂ ਉਹਨਾਂ ਦੇ ਨਾਲ ਰਿਹਾ ਹੈ ਉਹ ਹੀ ਸੁਣਾ ਸਕਦਾ ਹੈ। ਸੁਨੇਹਾ ਮਿਲਣ ਤੇ ਭਾਈ ਬਾਲਾ ਜੀ ਆਏ। ਗੁਰੂ ਅੰਗਦ ਦੇਵ ਜੀ ਹੁਕਮ ਕੀਤਾ ਭਾਈ ਬਾਲਾ ਸੁਣਾ ਗੁਰੂ ਨਾਨਕ ਦੀਆਂ ਸਾਖੀਆ। ਜਦ ਭਾਈ ਬਾਲਾ ਸਾਖੀਆਂ ਸੁਣਾਵੇ ਤਾਂ ਗੁਰੂ ਅੰਗਦ ਦੇਵ ਜੀ ਕਈ ਕਈ ਦਿਨ ਮਸਤੀ ਵਿਚ ਬੇਹੋਸ਼ ਰਹਿੰਦੇ। ਇਕ ਦਿਨ ਗੁਰੂ ਅੰਗਦ ਦੇਵ ਜੀ ਹੁਕਮ ਕੀਤਾ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋ ਬਾਣੀ ਕਈਆਂ ਇਲਮਾਂ (ਭਾਸ਼ਾ) ਵਿਚ ਲਿਖੀ ਹੈ ਨਾਗਰੀ, ਫਾਰਸੀ, ਅਰਬੀ, ਤੁਰਕੀ ਤੇ ਟਰਕੀ। ਇਨ੍ਹਾਂ ਨੂੰ ਗੁਰਮੁਖੀ ਅੱਖਰਾਂ ਵਿਚ ਲਿਖਾਉਣ ਲਈ ਕੋਈ ਐਸਾ ਪੁਰਸ਼ ਲੱਭੋ, ਜੋ ਇਹ ਸਾਰੀਆ ਭਾਸ਼ਾ ਜਾਣਦਾ ਹੋਵੇ ਅਤੇ ਗੁਰਮੁਖੀ ਅੱਖਰ ਜਾਣਦਾ

ਹੋਵੇ। ਲੱਭਣ ਤੇ ਇਕ ਭਾਈ ਪੈੜਾ ਮੋਖਾ ਖੱਤਰੀ ਸੁਲਤਾਨਪੁਰ ਤੋਂ ਮਿਲਿਆ। ਫਿਰ ਸਤਿਗੁਰਾਂ ਨੇ ਉਸ ਕੋਲੋਂ ਹੀ ਭਾਈ ਬਾਲੇ ਦੀਆਂ ਸਾਖੀਆਂ ਤੇ ਬਾਣੀ ਲਿਖਵਾਈ। ਇਥੇ ਇਹ ਸੋਚਣ ਦੀ ਲੋੜ ਹੈ ਕਿ ਅਗਰ ਭਾਈ ਪੈੜਾ ਮੋਖਾ ਪਹਿਲਾਂ ਹੀ ਗੁਰਮਖੀ ਜਾਣਦਾ ਸੀ ਤਾ ਗੁਰਮੁਖੀ ਅੱਖਰ ਗੁਰੂ ਨਾਨਕ ਨੇ ਰਚੇ ਪਰ ਪ੍ਰਚਲਤ ਗੁਰੂ ਅੰਗਦ ਦੇਵ ਜੀ ਨੇ ਕੀਤੇ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਘਰ ਸੰਤਾਨ ਬਾਬਾ ਦਾਸੂ ਜੀ ਅਤੇ ਬਾਬਾ ਦਾਤੂ ਜੀ, ਬੀਬੀ ਅਮਰੋ ਤੇ ਬੀਬੀ ਅਨੋਖੀ ਜੀ ਹੋਏ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਦਾਤੂ ਤੇ ਦਾਸੂ ਦੋਨਾਂ ਨੂੰ ਆਖਿਆ ਵੇਖੋ ਜੋ ਗੁਰੂ ਘਰ ਦਾ ਧਨ ਹੈ ਇਹ ਗੁਰੂ ਦਾ ਹੈ। ਇਹ ਪੂਜਾ ਦਾ ਧਨ ਗ੍ਰਹਿਸਤੀ ਲਈ ਖਾਣਾ ਚੰਗਾ ਨਹੀਂ। ਇਸ ਲਈ ਤੁਸੀਂ ਕਿਰਤ ਕਮਾਈ ਕਰਕੇ ਆਪਣਾ ਗੁਜ਼ਾਰਾ ਕਰੋ। ਇਨ੍ਹਾਂ ਦੋਨਾਂ ਪੁੱਤਰਾਂ ਨੇ ਬਚਨ ਮੰਨ ਕੇ ਇਕ ਆਪਣੀ ਦੁਕਾਨ ਖੋਲ੍ਹ ਲਈ। ਆਪਣਾ ਗੁਜ਼ਾਰਾ ਉਥੋਂ ਹੀ ਕਰਦੇ ਸਨ। ਭਾਵੇਂ ਲੰਗਰ ਵਾਸਤੇ ਚੌਧਰੀ ਤਖਤ ਮੱਲ ਜੋ ਖਡੂਰ ਦਾ ਵੱਡਾ ਧਨਾਢ ਸੀ, ਆਪਣੀਆਂ ਗਊਆਂ ਤੇ ਮੱਝਾਂ ਦਾ ਦੁੱਧ ਤੇ ਹੋਰ ਲੰਗਰ ਦੀ ਸੇਵਾ ਕਰਦਾ ਸੀ ਅਤੇ ਸਾਧ ਸੰਗਤ ਵਲੋਂ ਵੀ ਹੋਰ ਬਹੁਤ ਸੇਵਾ ਹੁੰਦੀ ਸੀ ਪਰ ਗੁਰੂ ਅੰਗਦ ਦੇਵ ਜੀ ਜਿਹੜਾ ਘਰੋਂ ਇਕ ਸੁੱਕਾ ਪ੍ਰਸਾਦਾ ਆਉਂਦਾ, ਉਹ ਹੀ ਛਕਦੇ। ਸਾਧ ਸੰਗਤ ਵਲੋਂ ਆਇਆ ਧਨ ਪਦਾਰਥ ਸੰਗਤ ਤੇ ਗਰੀਬਾਂ ਨੂੰ ਵੰਡਦੇ ਸਨ।

ਸ੍ਰੀ ਗੁਰੂ ਅੰਗਦ ਦੇਵ ਜੀ ਸਮੇਂ ਹਮਾਯੂੰ ਬਾਦਸ਼ਾਹ ਸੀ। ਇਕ ਵਾਰ ਹਮਾਯੂੰ ਬਾਦਸ਼ਾਹ, ਜੌਨਪੁਰੀ ਵਾਲੇ ਤੋਂ ਜੰਗ ਵਿਚ ਹਾਰ ਖਾ ਕੇ ਲਾਹੌਰ ਆਇਆ। ਉਸ ਵਕਤ ਉਸ ਤੇ ਐਸਾ ਸਮਾਂ ਸੀ ਕਿ ਉਸ ਨੂੰ ਕਿਤੇ ਖਲੋ ਕੇ ਪਾਣੀ ਵੀ ਪੀਣਾ ਮੁਸ਼ਕਿਲ ਸੀ ਕਿਉਂਕਿ ਲੜਾਈ ਵਿੱਚ ਉਸ ਕੋਲੋਂ ਦਿੱਲੀ ਦਾ ਰਾਜ ਖੁਸ ਗਿਆ ਤੇ ਫੌਜ ਸਾਥ ਛੱਡ ਗਈ ਸੀ। ਉਸ ਦੇ ਚਾਚੇ ਦਾ ਲੜਕਾ ਲਾਹੌਰ ਦਾ ਸੂਬਾ ਸੀ ਅਤੇ ਉਹ ਵੀ ਉਸ ਦਾ ਦੁਸ਼ਮਣ ਬਣ ਬੈਠਾ ਸੀ। ਜਦ ਉਸ ਦੀ ਕੋਈ ਵਾਹ ਨਾ ਗਈ ਤਾਂ ਉਹ ਆਪਣੇ ਮਾਮੇ ਕੋਲ ਗਿਆ ਤੇ ਪੁਛਣ ਲੱਗਾ ਇਸ ਦੇਸ ਵਿੱਚ ਕੋਈ ਐਸਾ ਪੀਰ ਜਾਂ ਫਕੀਰ ਹੈ ਜੋ ਇਸ ਸਮੇਂ ਮੇਰੀ ਮਦਦ ਕਰੇ? ਉਸ ਦੇ ਮਾਮੇ ਨੇ ਆਖਿਆ ਹਾਂ ਤੇਰੇ ਪਿਤਾ ਬਾਦਸ਼ਾਹ ਬਾਬਰ ਤੇ ਗੁਰੂ ਨਾਨਕ ਦੇਵ ਜੀ ਨੇ ਹੀ ਕਿਰਪਾ ਕੀਤੀ ਸੀ ਕਾਬਲ ਵਿਚ ਫਤਹਿ ਕਰਨ ਲਈ ਅਤੇ ਪਿੰਡ ਅਵਾਨ ਰਾਵੀ ਦੇ ਕੰਢੇ ਸੱਤ ਪੁਸ਼ਤਾਂ ਪੱਕਾ ਰਾਜ ਕਰਨ ਦਾ ਬਚਨ ਕੀਤਾ ਸੀ।

ਹੁਣ ਉਨ੍ਹਾਂ ਦੀ ਗੱਦੀ ਤੇ ਗੁਰੂ ਅੰਗਦ ਦੇਵ ਜੀ ਹਨ, ਤੂੰ ਉਨ੍ਹਾਂ ਕੋਲ ਜਾ। ਇਹ

ਸੁਣ ਕੇ ਹਮਾਯੂੰ ਖਡੂਰ ਆ ਗਿਆ। ਅੱਗੋਂ ਸ੍ਰੀ ਗੁਰੂ ਅੰਗਦ ਦੇਵ ਜੀ ਸਮਾਧੀ ਵਿਚ ਲੀਨ ਸਨ।ਹਮਾਯੂੰ ਆ ਕੇ ਕੋਲ ਖਲੋ ਗਿਆ। ਕੁਝ ਚਿਰ ਖਲੋਤੇ ਨੂੰ ਹੋ ਗਿਆ ਪਰ ਗੁਰੂ ਜੀ ਤਾਂ ਆਪਣੇ ਰੰਗ ਵਿਚ ਸਨ, ਇਸ ਲਈ ਉਹਨਾਂ ਧਿਆਨ ਨਹੀਂ ਦਿੱਤਾ। ਹਮਾਯੂੰ ਨੂੰ ਕਰੋਧ ਆ ਗਿਆ, ਉਸ ਨੇ ਝੱਟ ਮਿਆਨ ਵਿਚੋਂ ਤਲਵਾਰ ਕੱਢ ਲਈ ਤੇ ਲੱਗਾ ਸਤਿਗੁਰਾਂ ਨੂੰ ਮਾਰਨ ਤਾਂ ਸਤਿਗੁਰਾਂ ਨੇ ਨੇਤਰ ਖੋਲੇ ਅਤੇ ਬਚਨ ਕੀਤਾ, ਬਾਦਸ਼ਾਹ ਸਲਾਮਤ ਸ਼ੇਰਸ਼ਾਹ ਦੁਸ਼ਮਣ ਦੇ ਸਾਹਮਣੇ ਤਾਂ ਇਹ ਤਲਵਾਰ ਮਿਆਨ ਵਿੱਚ ਹੀ ਰਹੀ ਪਰ ਹੁਣ ਮਸੂਮ ਫਕੀਰਾਂ ਤੇ ਝੱਟ ਪੱਟ ਵਾਰ ਕਰਨ ਲੱਗੀ ਸੀ। ਇਹ ਤਲਵਾਰ ਤੁਹਾਨੂੰ ਇਸ ਲਈ ਦਿੱਤੀ ਸੀ? ਇਹ ਸੁਣ ਕੇ ਹਮਾਯੂੰ ਦਾ ਸਿਰ ਝੁਕ ਗਿਆ ਤੇ ਚਰਨਾਂ ਤੇ ਢਹਿ ਪਿਆ ਅਤੇ ਆਪਣੀ ਬੀਤੀ ਵਾਰਤਾ ਗੁਰਾਂ ਨੂੰ ਸੁਣਾਈ।

ਸੱਚੇ ਪਾਤਸ਼ਾਹ ਨੇ ਬਚਨ ਕੀਤਾ ਸਬਰ ਸੰਤੋਖ ਰੱਖਣਾ ਚਾਹੀਦਾ ਹੈ। ਤੂੰ ਲੋਕਾਂ ਨਾਲ ਇਨਸਾਫ ਕਰਨਾ ਭੁੱਲ ਗਿਆ ਸੀ ਅਤੇ ਹੰਕਾਰੀ ਬਣ ਗਿਆ ਸੀ ਇਸ ਲਈ ਤੇਰਾ ਰਾਜ ਤੈਥੋਂ ਖੁਸ ਗਿਆ ਹੈ। ਹੁਣ ਜੇ ਤੂੰ ਏਥੇ ਖੰਜਰ ਨਾ ਖਿਚਦਾ ਤਾਂ ਤੇਰਾ ਰਾਜ ਬਾਦਸ਼ਾਹਤ ਤੈਨੂੰ ਹੁਣੇ ਹੀ ਮਿਲ ਜਾਣੀ ਸੀ ਪਰ ਹੁਣ ਤੂੰ ਆਪਣੇ ਦੇਸ਼ ਚਲਾ ਜਾ, ਬਾਰਾਂ ਸਾਲਾਂ ਬਾਦ ਆਈ ਫਿਰ ਦਿੱਲੀ ਦਾ ਬਾਦਸ਼ਾਹ ਬਣੇਂਗਾ ਅਤੇ ਸੱਤ ਪੁਸ਼ਤਾਂ ਦੀ ਬਾਦਸ਼ਾਹੀ ਦਾ ਬਚਨ ਪੂਰਾ ਹੋਵੇਗਾ। ਉਹ ਵੀ ਜਿੰਨੀ ਦੇਰ ਤੂੰ ਠੀਕ ਰਹੇਂਗਾ। ਏਸੇ ਤਰਾਂ ਦੀਆ ਅਨੇਕਾਂ ਸਾਖੀਆਂ ਸਤਿਗੁਰਾਂ ਦੀਆ ਹਨ। ਉਹ ਬੇਅੰਤ ਹੈ।

***

ਸ੍ਰੀ ਗੁਰੂ ਅਮਰਦਾਸ ਜੀ



ਸ੍ਰੀ ਗੁਰੂ ਅਮਰਦਾਸ ਜੀ, ਤੀਸਰੀ ਪਾਤਸ਼ਾਹੀ, ਸੂਰਜ ਬੰਸੀ ਸ੍ਰੀ ਰਾਮ ਚੰਦਰ ਜੀ ਦੇ ਭਰਾ ਭਰਤ ਜੋ ਕੇਕਈ ਦੇ ਬੇਟੇ ਦੀ ਬੰਸ ਵਿਚ, ਤੇਜ ਭਾਨ ਭੱਲੇ ਖੱਤਰੀ ਦੇ ਘਰ, ਵਸਾਖ ਸੁਦੀ ਚੌਥ, ਦਿਨ ਸ਼ੁਕਰਵਾਰ ਸੰਮਤ ੧੫੩੬ ਬਿ: ਨੂੰ, ਮਾਤਾ ਲਖਸ਼ਮੀ ਦੀ ਗੋਦ ਵਿਚ ਪਿੰਡ ਬਾਸਰਕੇ ਅੰਮ੍ਰਿਤਸਰ ਦੇ ਇਲਾਕੇ ਵਿਚ ਆਏ। ਇਨ੍ਹਾਂ ਦੇ ਤਿੰਨ ਭਰਾ ਸਨ। ਭਾਈ ਈਸ਼ਰ ਦਾਸ ਜੀ (ਭਾਈ ਗੁਰਦਾਸ ਦੇ ਪਿਤਾ ਜੀ) ਖੇਮ

ਰਾਏ ਅਤੇ ਭਾਈ ਮਾਨਕ ਚੰਦ ਜੀ। ਇਹਨਾਂ ਦਾ ਵਿਆਹ ੧੫੫੯ ਬਿ. ਨੂੰ ਪਿੰਡ ਸਨਖਤਰੇ ਦੇਵੀ ਚੰਦ ਬਹਿਲ ਖੱਤ੍ਰੀ ਦੀ ਬੇਟੀ ਰਾਮ ਕੌਰ ਜੀ (ਪਹਿਲਾ ਨਾਮ ਮਨਸਾ ਦੇਵੀ ਸੀ) ਨਾਲ ਹੋਇਆ। ਗੁਰੂ ਅਮਰਦਾਸ ਜੀ ਦੇ ਘਰ ਸੰਤਾਨ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਤੇ ਬੀਬੀ ਦਾਨੀ ਅਤੇ ਬੀਬੀ ਭਾਨੀ ਜੀ ਹੋਏ।

ਗੁਰੂ ਅਮਰਦਾਸ ਜੀ ਪਹਿਲੇ ਦਿਨੋਂ ਹੀ ਸੀਲ ਸੁਭਾਅ ਦੇ ਸਨ। ਜਪ ਤਪ ਦਾਨੀ ਤੇ ਸਾਧਾਂ ਦੀ ਸੇਵਾ ਕਰਨ ਦਾ ਸੁਭਾਅ ਸੀ। ਦੁਕਾਨ ਕਰ ਕੇ ਆਪਣਾ ਵਿਹਾਰ ਤੋਰਦੇ ਸਨ। ਇਹਨਾਂ ਨੂੰ ਗੰਗਾ ਜਾਣ ਦਾ ਬਹੁਤ ਆਹਰ ਸੀ। ਆਖਦੇ ਨੇ ਇਹ ੨੧ ਵਾਰ ਗੰਗਾ ਦੇ ਇਸ਼ਨਾਨ ਕਰਨ ਗਏ ਸਨ। ਇਕ ਵਾਰ ਜਦ ਗੰਗਾ ਹਰਿਦੁਆਰ ਤੋਂ ਵਾਪਸ ਆ ਰਹੇ ਸਨ ਤਾਂ ਰਸਤੇ ਵਿਚ ਮੋਹੜੇ ਪਿੰਡ ਦੇ ਬਾਗ ਵਿਚ ਆਰਾਮ ਕਰਨ ਲਈ ਬਿਰਾਜੇ ਹੋਏ ਸਨ। ਇਕ ਦੁਰਗਾ ਦੱਤ ਨਾਮ ਦੇ ਪੰਡਤ ਨੇ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਪਦਮ ਵੇਖਿਆ ਤੇ ਆਖਣ ਲੱਗਾ ਆਪ ਤਾਂ ਬਹੁਤ ਵੱਡੇ ਪਾਤਸ਼ਾਹ ਸਦਾਵੋਗੇ ਅਤੇ ਸਿਰ ਤੇ ਤਾਜ ਝੁਲਣਗੇ। ਸਤਿਗੁਰਾਂ ਬਚਨ ਕੀਤਾ ਜੋ ਕਰਤਾਰ ਦੀ ਮਰਜ਼ੀ ਉਹ ਹੀ ਹੁੰਦਾ ਹੈ। ਪੰਡਤ ਜੀ ਆਉ ਕੁਝ ਛਕ ਲਵੋ। ਪੰਡਤ ਜੀ ਨੇ ਪੁਛਿਆ ਆਪ ਜੀ ਦੇ ਗੁਰੂ ਕੌਣ ਹਨ? ਸਤਿਗੁਰਾਂ ਬਚਨ ਕੀਤਾ ਗੁਰੂ ਤਾਂ ਕੋਈ ਧਾਰਨ ਨਹੀਂ ਕੀਤਾ। ਪੰਡਤ ਜੀ ਨੇ ਕਿਹਾ ਸ਼ਾਸਤਰਾਂ ਵਿਚ ਲਿਖਿਆ ਹੈ ਨਿਗੁਰੇ ਦੇ ਹੱਥੋਂ ਖਾਣ ਨਾਲ ਆਪਣੀ ਕੀਤੀ ਭਗਤੀ ਦੇ ਫਲ ਨਸ਼ਟ ਹੋ ਜਾਂਦੇ ਹਨ। ਇਹ ਕਹਿ ਕੇ ਪੰਡਤ ਚੀਕਾਂ ਮਾਰ ਉਠਿਆ ਤੇ ਆਖੀ ਜਾਵੇ, ਇਹ ਮੇਰੇ ਤੋਂ ਕੀ ਹੋ ਗਿਆ ਨਿਗੁਰੇ ਦਾ ਤਾਂ ਦਰਸ਼ਨ ਵੀ ਭਗਵਾਨ ਨਾ ਕਰਾਏ। ਸਤਿਗੁਰਾਂ ਆਖਿਆ ਮੈ ਗੰਗਾ ੨੧ ਵਾਰ ਗਿਆ ਹਾਂ। ਪੰਡਤ ਨੇ ਆਖਿਆ ਹੈ ਤਾਂ ਨਿਗੁਰਾ। ਇਹ ਆਖਕੇ ਪੰਡਤ ਰਾਮ ਰਾਮ ਕਰਦਾ ਚਲਾ ਗਿਆ। ਉਸ ਦਿਨ ਤੋਂ ਗੁਰੂ ਅਮਰਦਾਸ ਜੀ ਦਾ ਮਨ ਬਹੁਤ ਉਦਾਸ ਰਹਿਣ ਲੱਗਾ। ਉਨ੍ਹਾਂ ਖਾਣਾ ਪੀਣਾ ਘਟਾ ਦਿਤਾ ਉਹਨਾਂ ਦੇ ਮਨ ਨੂੰ ਕੁਝ ਵੀ ਚੰਗਾ ਨਾ ਲੱਗੇ। ਉਹ ਹਰ ਸਮਾਂ ਗੁਰੂ ਦੀ ਭਾਲ ਵਿਚ ਬਤੀਤ ਕਰਨ ਲੱਗੇ।

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬੇਟੀ ਬੀਬੀ ਅਮਰੋ, ਗੁਰੂ ਅਮਰਦਾਸ ਜੀ ਦੇ ਭਰਾ ਦੇ ਪੁੱਤਰ ਨਾਲ ਵਿਆਹੀ ਹੋਈ ਸੀ। ਬੀਬੀ ਅਮਰੋ ਹਰ ਰੋਜ਼ ਅੰਮ੍ਰਿਤ ਵੇਲੇ ਬਾਣੀ ਪੜ੍ਹਦੀ ਹੁੰਦੀ ਸੀ। ਇਕ ਦਿਨ ਉਹ ਬਾਣੀ ਉਚੀ ਉਚੀ ਪੜ੍ਹਦੀ ਸੀ ਇਹ ਸਬਦ "ਭਇਆ ਮਨੂਰ ਕੰਚਨ ਫਿਰ ਹੋਵਾ ਜੇ ਗੁਰੂ ਮਿਲੇ ਤਿਨੇਹਾ॥ ਇਕ ਨਾਮ ਅੰਮ੍ਰਿਤ ਉਹ ਦੇਵੇ ਤਉ ਨਾਨਕ ਤ੍ਰਿਸਟਸਿ ਦੇਹਾ॥" ਇਹ ਸੁਣਦਿਆਂ ਹੀ ਗੁਰੂ

ਅਮਰਦਾਸ ਜੀ ਬੀਬੀ ਅਮਰੋ ਕੋਲ ਆ ਕੇ ਕਹਿਣ ਲੱਗੇ, ਪੁੱਤਰੀ ਇਹ ਅੰਮ੍ਰਿਤ ਭਰੀ ਬਾਣੀ ਤੈਨੂੰ ਕਿਥੋਂ ਪ੍ਰਾਪਤ ਹੋਈ ਹੈ। ਬੀਬੀ ਅਮਰੋ ਚੁੱਪ ਕਰ ਗਏ ਕਿਉਂਕਿ ਉਹ ਉਨ੍ਹਾਂ ਦੇ ਸਹੁਰੇ ਸਨ। ਇਸ ਲਈ ਉਹ ਉਹਨਾਂ ਦੇ ਅੱਗੇ ਬੋਲਣਾ ਨਹੀ ਸੀ ਚਾਹੁੰਦੇ ਪਰ ਉਸ ਸਮੇਂ ਬੀਬੀ ਅਮਰੋ ਦੀ ਸੱਸ ਮਾਤਾ ਕੋਲ ਸੀ, ਉਸ ਨੇ ਆਖਿਆ ਬੇਟੀ ਗੁਰੂ ਬਾਣੀ ਸੁਣਾਉਣ ਦਾ ਪੁੰਨ ਹੈ ਫਿਰ ਇਹ ਤੇਰੇ ਬਜ਼ੁਰਗ ਹਨ। ਇਨ੍ਹਾਂ ਦਾ ਆਖਾ ਮੰਨਣਾ ਬਹੁਤ ਜ਼ਰੂਰੀ ਹੈ। ਤਾਂ ਬੀਬੀ ਅਮਰੋ ਨੇ ਦੱਸਿਆ ਇਹ ਬਾਣੀ ਗੁਰੂ ਨਾਨਕ ਦੇਵ ਜੀ ਦੀ ਹੈ। ਉਹਨਾਂ ਦੀ ਗੱਦੀ ਤੇ ਹੁਣ ਮੇਰੇ ਪਿਤਾ ਜੀ ਹਨ, ਉਹਨਾਂ ਦੀ ਹਜ਼ੂਰੀ ਵਿਚ ਹਰ ਰੋਜ਼ ਅੰਮ੍ਰਿਤ ਵੇਲੇ ਇਹ ਬਾਣੀ ਪੜ੍ਹਦੇ ਹਨ ਅਤੇ ਸੰਗਤ ਵੀ ਬਹੁਤ ਆਉਂਦੀ ਹੈ ਤੇ ਮੈਨੂੰ ਉਥੋਂ ਪ੍ਰਾਪਤ ਹੋਈ ਹੈ। ਇਹ ਸੁਣਦਿਆਂ ਹੀ ਗੁਰੂ ਅਮਰਦਾਸ ਜੀ ਆਖਣ ਲੱਗੇ ਪੁੱਤਰੀ ਤੂੰ ਮੈਨੂੰ ਛੇਤੀਂ ਉਹਨਾਂ ਕੋਲ ਲੈ ਚੱਲ। ਬੀਬੀ ਅਮਰੋ ਜੀ ਆਖਣ ਲੱਗੇ, "ਧੀਆਂ ਬਿਨ ਬੁਲਾਏ ਪੇਕੇ ਨਹੀ ਜਾਂਦੀਆਂ, ਤੁਸੀਂ ਮੇਰੇ ਸਹੁਰੇ ਹੋ ਇਸ ਲਈ ਮੈਨੂੰ ਡਰ ਲੱਗਦਾ ਹੈ। ਮੈਂ ਆਪ ਜੀ ਨੂੰ ਕਿੱਦਾਂ ਲੈ ਕੇ ਜਾਵਾਂ?" ਗੁਰੂ ਅਮਰਦਾਸ ਜੀ ਆਖਿਆ, "ਡਰ ਨਾ ਬੇਟੀ ਮੈਂ ਬਿਰਧ ਹਾਂ, ਇਸ ਲਈ ਉਹ ਕੁਛ ਨਹੀ ਕਹਿਣਗੇ।" ਇਹ ਸੁਣ ਕੇ ਬੀਬੀ ਅਮਰੋ ਉਨ੍ਹਾਂ ਨੂੰ ਨਾਲ ਲੈ ਕੇ ਗੁਰੂ ਦਰਸ਼ਨਾਂ ਨੂੰ ਤੁਰ ਪਏ। ਜਦ ਉਥੇ ਪਹੁੰਚੇ ਤਾ ਬੀਬੀ ਅਮਰੋ ਆਪ ਇਕੱਲੇ ਹੀ ਅੰਦਰ ਗਏ, ਵੇਖਦਿਆਂ ਹੀ ਗੁਰੂ ਅੰਗਦ ਦੇਵ ਜੀ ਅੱਗੋਂ ਬਚਨ ਕੀਤਾ, "ਜਿਹਨੂੰ ਨਾਲ ਲੈ ਕੇ ਆਈ ਹੈਂ, ਉਸ ਨੂੰ ਬਾਹਰ ਕਿਉ ਛੱਡ ਆਈ ਹੈਂ" ਅਤੇ ਆਪ ਗੁਰੂ ਅੰਗਦ ਦੇਵ ਜੀ ਬਾਹਰ ਜਾ ਕੇ ਗੁਰੂ ਅਮਰਦਾਸ ਜੀ ਨੂੰ ਬੜੇ ਸਤਿਕਾਰ ਨਾਲ ਮਿਲੇ ਤੇ ਅੰਦਰ ਲੈ ਆਏ। ਜਦ ਕੁੜਮਾਚਾਰੀ ਵਾਂਗ ਮਿਲ ਹਟੇ ਤਾਂ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਚਰਨ ਫੜ ਲਏ। ਅਰਜ਼ ਕੀਤੀ, "ਕਿਰਪਾ ਕਰੋ ਹੁਣ ਸੰਸਾਰੀ ਰਿਸ਼ਤੇ ਛੱਡ ਕੇ ਮੈਨੂੰ ਇਸ ਘਰ ਦੀ ਸੇਵਾ ਬਖਸ਼ੋ। ਗੁਰੂ ਬਿਨ ਜੀਵਨ ਬਤੀਤ ਹੋ ਗਿਆ ਨਿਗੁਰੇ ਦਾ ਹੈ ਨਾਉ ਬੁਰਾ। ਹੁਣ ਬਖਸ਼ਿਸ਼ ਕਰੋ ਮੇਰਾ ਜੀਵਨ ਸਫਲ ਹੋਵੇ।"

ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ

ਸ੍ਰੀ ਗੁਰੂ ਅਮਰਦਾਸ ਜੀ ੬੨ ਸਾਲਾਂ ਦੀ ਆਯੂ ਵਿਚ ਗੁਰੂ ਸ਼ਰਨ ਆਏ ਸਨ, ਤੇ ੧੨ ਸਾਲ ਕਠਿਨ ਸੇਵਾ ਕੀਤੀ। ਹਰ ਰੋਜ਼ ਅੰਮ੍ਰਿਤ ਵੇਲੇ ਉਠਕੇ ਤਿੰਨ ਕੋਹ ਪੈਂਡਾ ਕਰਕੇ ਬਿਆਸ ਨਦੀ ਤੇ ਜਾ ਕੇ ਪਹਿਲਾਂ ਆਪ ਇਸ਼ਨਾਨ ਕਰਕੇ ਫਿਰ ਜਲ ਦੀ ਗਾਗਰ ਭਰ ਕੇ ਲਿਆਉਣੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਸ਼ਨਾਨ ਕਰਾਉਣਾ।

ਭਾਵੇ ਸਰੀਰ ਬਿਰਧ ਸੀ ਫਿਰ ਵੀ ਸਾਰਾ ਦਿਨ ਲੰਗਰ ਦੀ ਸੇਵਾ ਕਰਨੀ, ਭਾਂਡੇ ਮਾਂਜਣੇ, ਝਾੜੂ ਦੇਣਾ,ਇਕ ਪਲ ਵੀ ਵਿਹਲੇ ਨਾ ਬੈਠਣਾ। ਜਦ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਮਿਲੀ ਸੀ, ਤਾਂ ਗੁੱਸੇ ਵਿੱਚ ਆਕੇ ਬਾਬਾ ਸ੍ਰੀ ਚੰਦ ਜੀ ਕੁਝ ਇਹੋ ਜਿਹੇ ਬਚਨ ਆਖੇ ਇਨ੍ਹਾਂ ਬਚਨ ਦੇ ਪੂਰੇ ਹੋਣ ਕਾਰਨ ਸਤਿਗੁਰਾਂ ਦੇ ਚਰਨ ਦੇ ਇਕ ਅੰਗੂਠੇ ਉੱਤੇ ਇਕ ਛਾਲਾ ਜਿਹਾ ਸੀ। ਜਿਸ ਦੀ ਪੀੜ ਦੇ ਕਾਰਨ ਗੁਰੂ ਅੰਗਦ ਦੇਵ ਜੀ ਨੂੰ ਰਾਤੀਂ ਨੀਂਦ ਨਹੀਂ ਸੀ ਆਉਂਦੀ ਪਰ ਜਦ ਸ੍ਰੀ ਗੁਰੂ ਅਮਰਦਾਸ ਜੀ ਉਸ ਅੰਗੂਠੇ ਨੂੰ ਆਪਣੇ ਮੂੰਹ ਵਿਚ ਲੈ ਕੇ ਬੈਠੇ ਰਹਿੰਦੇ ਆਰਾਮ ਰਹਿੰਦਾ। ਏਸੇ ਤਰ੍ਹਾਂ ਕਰਦੇ ਕਰਦੇ ਉਹ ਅੰਗੂਠਾ ਠੀਕ ਹੋ ਗਿਆ। ਗੁਰੂ ਅੰਗਦ ਦੇਵ ਜੀ ਇਸ ਤੇ ਨਰਾਜ਼ਗੀ ਪ੍ਰਗਟ ਕੀਤੀ ਕਿ ਬਾਬਾ ਸ੍ਰੀ ਚੰਦ ਜੀ ਦੇ ਬਚਨ ਨੂੰ ਟਾਲਣਾ ਨਹੀਂ ਸੀ ਪਰ ਫਿਰ ਵੀ ਗੁਰੂ ਅੰਗਦ ਦੇਵ ਜੀ ਦੇ ਚਰਨ ਤੇ ਦਾਗ ਲੱਗਦਾ ਰਿਹਾ ਅਰ ਗੁਰੂ ਅਮਰਦਾਸ ਜੀ ਪ੍ਰੇਮ ਨਾਲ ਸਾਫ ਕਰਦੇ ਰਹੇ।

ਇਕ ਦਿਨ ਗੁਰੂ ਅਮ੍ਰਦਾਸ ਜੀ ਗੋਇੰਦਵਾਲ ਜਾ ਰਹੇ ਸਨ। ਰਸਤੇ ਵਿਚ ਇਕ ਹੱਡ ਤੇ ਪੈਰ ਆ ਗਿਆ ਤਾਂ ਉਹ ਇਕ ਦੇਵਤਾ ਬਣ ਕੇ ਬਬਾਨ ਵਿਚ ਬੈਠ ਕੇ ਬੈਕੁੰਠ ਨੂੰ ਚਲਾ ਗਿਆ। ਇਹ ਵੇਖ ਕੇ ਸਾਰੇ ਹੈਰਾਨ ਹੋ ਗਏ। ਜਦ ਇਹ ਗੁਰੂ ਅੰਗਦ ਦੇਵ ਜੀ ਨੂੰ ਪਤਾ ਲੱਗਾ ਉਨ੍ਹਾਂ ਬਚਨ ਕੀਤਾ ਚਰਨ ਸੰਭਾਲ ਕੇ ਰੱਖਿਆ ਕਰੋ ਤੁਹਾਡੇ ਚਰਨ ਵਿੱਚ ਪਦਮ ਹੈ। ਗੁਰੂ ਘਰ ਵਿਚ ਕਰਾਮਾਤ ਨਹੀਂ ਦਿਖਾਉਣੀ।

ਸ੍ਰੀ ਗੁਰੂ ਅਮਰ ਦਾਸ ਜੀ ਦੀ ਸੇਵਾ ਦਾ ਕੋਈ ਅੰਤ ਨਹੀਂ ਸੀ ਉਹ ਹਰ ਵਕਤ ਆਪਣੇ ਗੁਰੂ ਵੱਲ ਹੀ ਧਿਆਨ ਰੱਖਦੇ ਸਨ। ਇਕ ਦਿਨ ਸਰਦੀਆਂ ਵਿਚ ਜਦ ਉਹ ਬਿਆਸ ਨਦੀ ਤੋਂ ਅੰਮ੍ਰਿਤ ਵੇਲੇ ਜਲ ਲੈ ਕੇ ਆਉਂਦੇ ਪਏ ਸੀ, ਆਪਣੇ ਸਤਿਗੁਰਾਂ ਦੇ ਇਸ਼ਨਾਨ ਲਈ, ਮੌਸਮ ਬਹੁਤ ਖਰਾਬ ਸੀ। ਮੀਂਹ ਹਨੇਰੀ ਬਿਜਲੀ ਚਮਕੇ ਅਤੇ ਕਾਲੇ ਬੱਦਲਾਂ ਨਾਲ ਹਨੇਰਾ ਹੋਇਆ ਸੀ, ਅਚਾਨਕ ਉਥੇ ਇਕ ਜੁਲਾਹੇ ਦੇ ਕਰੀਰ ਦੇ ਕਿੱਲੇ ਨਾਲ ਪੈਰ ਅਟਕ ਗਿਆ ਤੇ ਆਪ ਗਿਰ ਪਏ ਪਰ ਜਲ ਦੀ ਗਾਗਰ ਨਹੀਂ ਡਿਗਣ ਦਿਤੀ। ਖੜਾਕਾ ਜ਼ੋਰ ਨਾਲ ਹੋਇਆ ਤਾਂ ਜੁਲਾਹੇ (ਹੱਥੀ ਕੱਪੜਾ ਬਨਾਣ ਵਾਲੇ) ਨੇ ਜੁਲਾਹੀ ਨੂੰ ਪੁਛਿਆ ਕੀ ਹੋਇਆ, ਕੌਣ ਡਿਗਿਆ? ਉਸ ਨੇ ਅੱਗੋਂ ਦੋ ਚਾਰ ਵੱਧ ਘੱਟ ਗੱਲਾਂ ਕਰਕੇ ਆਖਿਆ ਅਮਰੂ ਨਿਥਾਵਾ ਹੋਣਾ ਏਂ ਹੋਰ ਕੌਣ? ਜਦ ਇਹ ਗੁਰੂ ਅਮਰਦਾਸ ਜੀ ਨੇ ਸੁਣਿਆ ਤਾਂ ਬਚਨ ਕੀਤਾ ਬਾਵਰੀ ਮੈਂ ਕਿਵੇਂ ਨਿਥਾਵਾ ਮੇਰੇ ਸਾਈਂ ਸਾਰੇ ਜਗਤ ਦੇ ਮਾਲਕ ਹਨ। ਇਹ ਕਹਿ ਕੇ ਗੁਰੂ ਅਮਰਦਾਸ ਜੀ ਆ ਕੇ ਆਪਣੇ ਸਤਿਗੁਰਾਂ ਨੂੰ ਇਸ਼ਨਾਨ ਕਰਾਇਆ। ਉਧਰੋਂ ਉਹ

ਜੁਲਾਹੀ ਸ਼ੁਦੈਣ ਹੋ ਗਈ ਤੇ ਗਾਲਾਂ ਕੱਢਣ ਲੱਗੀ, ਕੱਪੜੇ ਪਾੜੇ, ਜੁਲਾਹਾ ਸਮਝ ਗਿਆ। ਉਹ ਉਸ ਨੂੰ ਲੈ ਕੇ ਗੁਰੂ ਅੰਗਦ ਦੇਵ ਜੀ ਕੋਲ ਆਏ ਅਤੇ ਸਾਰਾ ਹਾਲ ਸੁਣਾਇਆ ਅਤੇ ਬੇਨਤੀ ਕੀਤੀ ਕਿਰਪਾ ਕਰੋ, ਬਖਸ਼ੋ। ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰ ਦਾਸ ਜੀ ਨੂੰ ਪੁਛਿਆ ਉਨ੍ਹਾਂ ਬਚਨ ਕੀਤਾ ਮੇਰੇ ਮਾਲਿਕ ਆਪ ਹੋ ਸਾਰੇ ਸੰਸਾਰ ਦੇ ਰਾਖੇ ਮੈਂ ਕਿਵੇਂ ਨਿਥਾਵਾ ਹਾਂ। ਜੁਲਾਹੀ ਨੇ ਹੱਥ ਜੋੜਕੇ ਮੱਥਾ ਟੇਕਿਆ ਤੇ ਭੁੱਲ ਬਖਸ਼ਾਈ, ਉਸੇ ਸਮੇਂ ਠੀਕ ਹੋ ਗਈ।

ਸ੍ਰੀ ਗੁਰੂ ਅੰਗਦ ਦੇਵ ਜੀ ਗੁਰੂ ਅਮਰਦਾਸ ਜੀ ਤੇ ਬਹੁਤ ਖੁਸ਼ ਹੋ ਗਏ ਅਤੇ ਲੱਗੇ ਵਰ ਦੇਣ। ਤੁਸੀਂ ਤਾਂ ਨਿਮਾਣਿਆਂ ਦੇ ਮਾਣ ਹੋ। ਗੁਰੂ ਅੰਗਦ ਦੇਵ ਜੀ ਨੇ ਬਚਨ ਕੀਤਾ ਤੁਸੀਂ ਤੇ ਨਿਥਾਵਿਆਂ ਦੇ ਥਾਨ ਹੋ, ਨਿਆਸਰਿਆਂ ਦੇ ਆਸਰੇ, ਨਿਓਟਿਆਂ ਦੀ ਓਟ, ਨਿਗੱਤਿਆਂ ਦੀ ਗੱਤ, ਨਿਪੱਤਿਆ ਦੀ ਪੱਤ ਹੋ, ਪੀਰਾਂ ਦੇ ਪੀਰ ਹੋ ਅਤੇ ਬਚਨ ਕੀਤਾ "ਜੋ ੧੧ ਸਾਲ ਤੋਂ ਸਿਰ ਤੇ ਮੰਡਾਸਾ (ਸਿਰ ਤੇ ਬੰਨ੍ਹਿਆ ਪਰਨਾ) ਬੰਨ੍ਹਿਆਂ ਹੈ, ਉਹ ਹੁਣ ਲਾਹ ਦਿਉ ਕਿਉਂਕਿ ਇਸ ਦਾ ਭਾਰ ਹੁਣ ਬਹੁਤ ਹੋ ਗਿਆ ਹੈ, ਹਰ ਸਾਲ ਤੁਸੀਂ ਇਸ ਦੇ ਉਤੋਂ ਹੀ ਨਵਾਂ ਬੰਨ੍ਹੀ ਗਏ ਹੋ, ਸੇਵਾ ਦੀ ਧੁਨ ਵਿਚ ਏਨੇ ਮਸਤ ਸੀ ਕਿ ਆਪਣੇ ਆਪ ਦੀ ਸੁੱਧ ਹੀ ਨਹੀਂ ਰੱਖੀ। ਤੁਹਾਡੀ ਸੇਵਾ ਹੁਣ ਪ੍ਰਵਾਨ ਹੋ ਗਈ, ਤੁਸੀਂ ਇਸ਼ਨਾਨ ਕਰਕੇ ਨਵੇਂ ਬਸਤਰ ਪਾਉ ਤੇ ਆਪਣਾ ਅਸਥਾਨ ਸੰਭਾਲੋ।" ਇਸ ਤਰ੍ਹਾਂ ਬਚਨ ਕਰਕੇ ੧੫੫੨ ਈ; ਨੂੰ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਦਾ ਤਿਲਕ ਬਾਬੇ ਬੁੱਢੇ ਦੇ ਹੱਥੀ ਬਖਸ਼ਿਆ ਅਤੇ ਪਹਿਲਾਂ ਆਪ ਮੱਥਾ ਟੇਕਿਆ ਤੇ ਫਿਰ ਸੰਗਤ ਨੇ। ਬਾਬਾ ਦਾਸੂ ਜੀ ਨੇ ਵੀ ਮੱਥਾ ਟੇਕਿਆ ਪਰ ਦਾਤੂ ਜੀ ਨਰਾਜ਼ ਹੋ ਕੇ ਘਰ ਚਲੇ ਗਏ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੰਗਤਾਂ ਨੂੰ ਬਚਨ ਕੀਤਾ ਮੇਰੇ ਤੇ ਇਹਦੇ ਵਿਚ ਕੋਈ ਭੇਦ ਨਾ ਸਮਝਣਾ ਇਹ ਗੱਦੀ ਦੇ ਮਾਲਕ ਸਰਬ ਕਲਾ ਸਮਰਥ ਹਨ। ਆਪ ਸ੍ਰੀ ਗੁਰੂ ਅਮਰਦਾਸ ਜੀ ਨੂੰ ਹੁਕਮ ਦੇ ਦਿਤਾ ਤੁਸੀਂ ਗੋਇੰਦਵਾਲ ਜਾ ਕੇ ਰਹੋ। ਸਤਿ ਬਚਨ ਆਖ ਹੁਕਮ ਮੰਨ ਕੇ ਗੁਰੂ ਅਮਰਦਾਸ ਜੀ ਗੋਇੰਦਵਾਲ ਨੂੰ ਪੁੱਠੇ ਪੈਰੀਂ ਤੁਰ ਪਏ। ਇਸ ਲਈ ਕਿ ਮੇਰੇ ਗੁਰੂ ਵਲ ਕਿਧਰੇ ਮੇਰੀ ਪਿੱਠ ਨਾ ਹੋ ਜਾਵੇ। ਗੋਇੰਦਵਾਲ ਜਾ ਕੇ ਆਪ ਆਪਣੇ ਸਤਿਗੁਰਾਂ ਦੀ ਯਾਦ ਵਿੱਚ ਰਹਿੰਦੇ। ਜਾਣੀ ਜਾਣ ਗੁਰੂ ਅੰਗਦ ਦੇਵ ਜੀ ਕੁਝ ਸਮੇਂ ਬਾਅਦ ਗੋਇੰਦਵਾਲ ਗਏ। ਗੁਰੂ ਅਮਰਦਾਸ ਜੀ ਚਰਨੀ ਢਹਿ ਪਏ ਅਤੇ ਵੈਰਾਗ ਕਰਨ ਲੱਗੇ। ਇਹ ਵੇਖ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਉਨ੍ਹਾਂ ਦਾ ਸੱਜਾ ਹੱਥ ਫੜ ਕੇ ਨਾਲ ਲੈ ਤੁਰੇ। ਤੁਰਦੇ ਤੁਰਦੇ ਅਚਾਨਕ ਗੁਰੂ ਅਮਰਦਾਸ ਜੀ ਦਾ ਖੱਬਾ ਹੱਥ ਥੋੜ੍ਹਾ

ਜਿਹਾ ਸ੍ਰੀ ਗੁਰੂ ਅੰਗਦ ਦੇਵ ਜੀ ਤੋ ਅੱਗੇ ਹੋ ਗਿਆ। ਉਹਨਾਂ ਨੂੰ ਇਸ ਤੇ ਬੜਾ ਦੁਖ ਹੋਇਆ ਕਿ ਮੇਰਾ ਹੱਥ ਮੇਰੇ ਗੁਰੂ ਤੋਂ ਕਿਉਂ ਅੱਗੇ ਹੋਇਆ । ਫਿਰ ਹਮੇਸ਼ਾ ਉਸ ਨੂੰ ਪਿਛੇ ਹੀ ਰੱਖਿਆ। ਗੁਰੂ ਅੰਗਦ ਦੇਵ ਜੀ ਇਨ੍ਹਾਂ ਨੂੰ ਖਡੂਰ ਸਹਿਬ ਲੈ ਆਏ ਤੇ ਆਪ ੪੮ ਸਾਲ ਦੀ ਆਯੂ ਭੋਗ ਕੇ ੧੩ ਕੁ ਸਾਲ ਗੁਰਗੱਦੀ ਤੇ ਸੁਭਾਏਮਾਨ ਰਹਿ ਕੇ ਚੇਤ ਸੁਦੀ ੪ ਸੰਮਤ ੧੬੦੯ ਬਿ. ੨੯ ਮਾਰਚ ਸੰਨ ੧੫੫੨ ਈਸਵੀ ਨੂੰ ਖਡੂਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।

ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਭਾਈ ਬੱਲੋ ਜੀ ਕਰਦੇ ਸਨ। ਅੰਮ੍ਰਿਤ ਵੇਲੇ ਇਸ਼ਨਾਨ ਕਰਾਉਣਾ ਸਫੈਦ ਬਸਤਰ ਤਿਆਰ ਕਰਨੇ। ਫਿਰ ਸਤਿਗੁਰੂ ਜੀ ਸੰਗਤਾਂ ਨੂੰ ਆ ਦਰਸ਼ਨ ਦਿੰਦੇ। ਹਰ ਰੋਜ਼ ਭਾਵੇਂ ਲੰਗਰ ਬੇਅੰਤ ਵਰਤਦਾ ਪਰ ਆਪ ਪ੍ਰਸ਼ਾਦਾ ਲੂਣਾ ਹੀ ਛਕਦੇ। ਇਕ ਦਿਨ ਅੰਮ੍ਰਿਤ ਵੇਲੇ ਗੋਇੰਦਵਾਲ ਆਪਣੀ ਭਗਤੀ ਵਿਚ ਲੀਨ ਬੈਠੇ ਸਨ ਅਚਾਨਕ ਹੀ ਇਕ ਬੁੱਢੀ ਮਾਈ ਦੇ ਰੋਣ ਦੀ ਅਵਾਜ਼ ਆਈ। ਸਤਿਗੁਰਾਂ ਨੇ ਭਾਈ ਬੱਲੋ ਨੂੰ ਭੇਜਿਆ ਪਤਾ ਕਰ ਕੌਣ ਰੋਂਦਾ ਹੈ। ਭਾਈ ਬੱਲੋ ਨੇ ਆ ਕੇ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਉਸ ਬੁੱਢੀ ਮਾਈ ਦਾ ਇਕਲੌਤਾ ਪੁੱਤਰ ਮਾਣਕ ਚੰਦ ਮੁਗਾਈ ਖੱਤਰੀ ਤੇਈਏ ਤਾਪ ਨਾਲ ਮਰ ਗਿਆ ਹੈ। ਇਹ ਸੁਣ ਕੇ ਸਤਿਗੁਰਾਂ ਅਰਦਾਸ ਕੀਤੀ, ਸਾਡੇ ਹੁੰਦਿਆਂ ਕੋਈ ਵੀ ਲੜਕਾ ਆਪਣੇ ਮਾਂ ਪਿਉ ਦੇ ਜਿਉਂਦਿਆਂ ਨਾ ਮਰੇ। ਆਪ ਉਸ ਮਾਈ ਦੇ ਘਰ ਜਾ ਕੇ ਉਸ ਦੇ ਲੜਕੇ ਨੂੰ ਜਿਊਂਦਾ ਕਰ ਦਿੱਤਾ। ਇਹ ਲੜਕਾ ਜਦ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਬਉਲੀ ਤੀਰਥ ਬਣਵਾਇਆ ਤਾਂ ਸੇਵਾ ਕਰਦਾ ਕੜ ਤੋੜਨ ਲੱਗਿਆਂ ਡੁੱਬ ਗਿਆ। ਉਸ ਦੀ ਮਾਈ ਘਬਰਾ ਗਈ। ਸਤਿਗੁਰਾਂ ਬਚਨ ਕੀਤਾ ਮਾਈ ਤੇਰਾ ਪੁੱਤਰ ਮਰਦਾ ਨਹੀਂ। ਜਦ ਉਸ ਨੂੰ ਬਾਹਰ ਕੱਢਿਆ ਤਾਂ ਉਹ ਜਿਊਂਦਾ ਸੀ। ਸਤਿਗੁਰਾਂ ਨੇ ਉਸ ਨੂੰ ਗੁਰ ਉਪਦੇਸ਼ ਦੇਣ ਲਈ ਮੰਜੀ ਬਖਸ਼ੀ। ਏਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸਮੇਂ ਗੁਰੂ ਘਰ ਦਾ ਪ੍ਰਚਾਰ ਕਰਨ ਲਈ ੨੨ ਮੰਜੀਆਂ ਥਾਪੀਆਂ। ਜਿਹਨਾਂ ਦੇ ਨਾਮ ਕੁਝ ਇਸ ਤਰ੍ਹਾਂ ਹਨ- ੧ ਸ੍ਰੀ ਰੰਗ ਦਾਸ ਜੀ, ੨ ਸ੍ਰੀ ਰੰਗ ਸ਼ਾਹ ਜੀ, ੩ ਮਾਣਕ ਚੰਦ ਜੀ, ੪ ਭਾਈ ਲਾਲ ਜੀ, ੫ ਸ੍ਰੀ ਸਾਵਣ ਮੱਲ ਜੀ, ੬ ਅੱਲਾਯਾਰ ਖਾਨ ਪਠਾਨ, ੭ ਸੱਜਣ ਸਚ ਜੀ, ੮ ਰਾਜਾ ਰਾਮ ਜੀ, ੯ ਭਾਈ ਪਾਰੋ ਜੀ, ੧੦ ਸ੍ਰੀ ਹੰਦਾਲ ਜੀ, ੧੧ ਭਾਈ ਮਹੇਸ਼ਾ ਜੀ, ੧੨ ਸ੍ਰੀ ਮਾਈ ਦਾਸ ਜੀ, ੧੩ ਗੰਗੂ ਸ਼ਾਹ ਜੀ, ੧੪ ਸ੍ਰੀ ਫੇਰਾ ਜੀ, ੧੫ ਸ੍ਰੀ ਬੂਆ ਜੀ, ੧੬ ਸ੍ਰੀ ਬੈਣ ਜੀ, ੧੭ ਸ੍ਰੀ ਮੁਰਾਰੀ ਜੀ, ੧੮ ਭਾਈ ਖੇਡਾ ਜੀ, ੧੯ ਭਾਈ ਦਰਬਾਰੀ ਜੀ, ੨੦ ਭਾਈ ਕੇਦਾਰੀ ਜੀ,

੨੧ ਭਾਈ ਸਧਾਰਣ ਜੀ, ੨੨ ਭਾਈ ਸੁਖਣ ਜੀ। ਸਤਿਗੁਰਾਂ ਨੇ ਇਹਨਾਂ ਨੂੰ ਗੁਰੂ ਘਰ ਦੇ ਪ੍ਰਚਾਰ ਕਰਨ ਦਾ ਹੁਕਮ ਦਿੱਤਾ।

ਸੱਚੇ ਪਾਤਸ਼ਾਹ ਜੀ ਜਿਹੜੇ ਤੇਈਏ ਨੇ ਉਸ ਮਾਈ ਦੇ ਪੁੱਤਰ ਨੂੰ ਮਾਰਿਆ ਸੀ, ਉਸ ਨੂੰ ਇਕ ਪਿੰਜਰੇ ਵਿੱਚ ਬਾਲਕ ਦਾ ਰੂਪ ਬਣਾ ਕੇ ਕੈਦ ਕੀਤਾ ਸੀ ਅਤੇ ਹੁਕਮ ਸੀ ਛੋਲਿਆਂ ਦਾ ਪ੍ਰਸ਼ਾਦਾ ਲੂਣ ਪਾ ਕੇ, ਇਸ ਨੂੰ ਦਿਉ। ਪਿੰਜਰੇ ਵਿਚ ਤੇਈਆ ਬੜਾ ਦੁਖੀ ਰਹਿੰਦਾ ਸੀ। ਇਕ ਦਿਨ ਭਾਈ ਲਾਲੋ ਪਿੰਡ ਡੱਲੇ ਵਾਲਾ ਗੁਰੂ ਦਰਸ਼ਨਾਂ ਲਈ ਆਇਆ। ਤੇਈਏ ਨੇ ਮਿੰਨਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਹ ਸੁਣ ਕੇ ਭਾਈ ਲਾਲੋ ਨੇ ਸਤਿਗੁਰਾਂ ਅੱਗੇ ਬੇਨਤੀ ਕੀਤੀ ਇਸ ਨੂੰ ਮੇਰੇ ਨਾਲ ਭੇਜ ਦਿਉ, ਆਪ ਜੀ ਦਾ ਦਿੱਤਾ ਬਹੁਤ ਕੁੱਝ ਹੈ, ਇਹ ਦੁੱਧ ਦਹੀਂ ਖਾਵੇ ਪੀਵੇਗਾ। ਸਤਿਗੁਰਾਂ ਬਚਨ ਕੀਤਾ ਇਹ ਤਾਂ ਲੋਕਾਂ ਦਾ ਲਹੂ ਪੀਵੇਗਾ। ਭਾਈ ਲਾਲੋ ਆਖਣ ਲੱਗਾ ਨਹੀਂ ਇਸ ਤਰ੍ਹਾਂ ਨਹੀਂ ਕਰੇਗਾ। ਸਤਿਗੁਰਾਂ ਨੇ ਭਾਈ ਲਾਲੋ ਦੀ ਬੇਨਤੀ ਮੰਨ ਕੇ ਉਸ ਨੂੰ ਨਾਲ ਤੋਰ ਦਿੱਤਾ। ਰਸਤੇ ਵਿਚ ਤੇਈਆ ਆਖਣ ਲੱਗਾ ਮੈਨੂੰ ਭੁੱਖ ਲੱਗੀ ਹੈ। ਭਾਈ ਲਾਲੋ ਨੇ ਆਖਿਆ ਹੁਣੇ ਘਰ ਜਾਕੇ ਕੁਝ ਛਕਾਂਗੇ। ਤੇਈਏ ਨੇ ਆਖਿਆ, ਮੈਂ ਹੁਣੇ ਹੀ ਆਇਆ । ਇਹ ਕਹਿ ਕੇ ਇੱਕ ਧੋਬੀ ਨੂੰ ਜਾ ਚੜ੍ਹਿਆ ਕਟੋਰਾ ਲਹੂ ਦਾ ਭਰ ਲਾਲੋ ਅੱਗੇ ਆ ਪੀ ਲਿਆ। ਭਈ ਲਾਲੋ ਵੇਖ ਕੇ ਆਖਣ ਲੱਗਾ ਤੂੰ ਖਤਰਨਾਕ ਹੈਂ। ਤੈਨੂੰ ਗੁਰਾਂ ਕੋਲ ਹੀ ਛੱਡ ਆਵਾਂ ਤਾਂ ਠੀਕ ਹੈ। ਫਿਰ ਤੇਈਆ ਮਿੰਨਤਾਂ ਕਰਨ ਲੱਗਾ। ਮੈਨੂੰ ਉਥੇ ਨਾ ਲੈ ਕੇ ਜਾਵੇ ਜੋ ਤੁਸੀਂ ਆਖੋਗੇ ਮੈਂ ਉਹੀ ਕਰਾਂਗਾ। ਜਦ ਕੋਈ ਤੁਹਾਡਾ ਨਾਮ ਲਵੇਗਾ ਜਾਂ ਤੁਹਾਡੇ ਮੇਰੇ ਮਿਲਣ ਦੀ ਕਥਾ ਕਰੇਗਾ ਮੈਂ ਉਸਨੂੰ ਉਸੇ ਵਕਤ ਛੱਡ ਦੇਵਾਂਗਾ। ਇਸੇ ਕਰਕੇ ਹੁਣ ਵੀ ਜਦ ਤੇਈਆ ਚੜ੍ਹੇ ਤਾਂ ਭਾਈ ਲਾਲੋ ਦੇ ਨਾਮ ਤੇ ਮੰਨ (ਇਕ ਤਰ੍ਹਾਂ ਦੇ ਮਿਠੇ ਪ੍ਰਸ਼ਾਦੇ) ਉਹ ਵੰਡਦੇ ਹਨ। ਉਸ ਨੂੰ ਭਾਈ ਲਾਲੋ ਦਾ ਮੰਨ ਆਖਦੇ ਨੇ।

ਸ੍ਰੀ ਗੁਰੂ ਅਮਰਦਾਸ ਜੀ ਅਤੇ ਦਾਤੂ ਜੀ ਦਾ ਵਿਰੋਧ ਤੇ ਗੁਰੂ ਜੀ ਦੀ ਨਿਮਰਤਾ–

ਸਤਿਗੁਰੂ ਜੀ ਇਸ ਬਿਰਧ ਅਵਸਥਾ ਵਿਚ ਵੀ ਆਈਆਂ ਸੰਗਤਾਂ ਦਾ ਬਹੁਤ ਖਿਆਲ ਰੱਖਦੇ। ਇਕ ਦਿਨ ਦਾਤੂ ਜੀ ਨੇ ਸੰਗਤਾਂ ਕੋਲੋਂ ਗੁਰਾਂ ਦੀ ਬਹੁਤ ਸੋਭਾ ਸੁਣੀ ਕਿ ਹਿੰਦੂ ਮੁਸਲਮਾਨ ਸਭ ਸਤਿਗੁਰਾਂ ਦੀ ਹੀ ਉਪਮਾ ਕਰਦੇ ਹਨ। ਉਸ ਨੂੰ ਬਹੁਤ ਕਰੋਧ ਆਇਆ। ਉਸ ਨੇ ਗੋਇੰਦਵਾਲ ਆ ਕੇ ਗੁਰੂ ਅਮਰਦਾਸ ਜੀ ਦੇ

ਅਜਿਹੀ ਲੱਤ ਮਾਰੀ ਕਿ ਸਤਿਗੁਰੂ ਜੀ ਬਿਰਧ ਅਵਸਥਾ ਹੋਣ ਕਾਰਨ ਪਰ੍ਹੇ ਜਾ ਡਿਗੇ ਪਰ ਡਿਗਦਿਆਂ ਹੀ ਦਾਤੂ ਜੀ ਦੀ ਲੱਤ ਫੜਕੇ ਘੁੱਟਣ ਲੱਗ ਪਏ ਅਤੇ ਆਖਣ ਲੱਗੇ, ਆਪ ਜੀ ਦੀ ਲੱਤ ਨੂੰ ਤਕਲੀਫ ਤਾਂ ਨਹੀਂ ਹੋਈ। ਮੇਰੀ ਗਲਤੀ ਮੁਆਫ ਕਰ ਦਿਉ ਮੈਂ ਆਪ ਜੀ ਦਾ ਸੁਆਗਤ ਨਹੀਂ ਕੀਤਾ। ਪਰ ਦਾਤੂ ਜੀ ਕਰੋਧ ਵਿਚ ਹੀ ਕੁਝ ਨਾ ਕੁਝ ਆਖੀ ਗਏ। ਸਤਿਗੁਰਾਂ ਨੇ ਉਸ ਨੂੰ ਜੋ ਵੀ ਸੰਗਤ ਦਾ ਚੜ੍ਹਾਵਾ ਸੀ ਦੇ ਦਿੱਤਾ ਤੇ ਨਮਸਕਾਰ ਕਰਕੇ ਤੋਰਿਆ। ਪਰ ਜਿਹੜੀ ਲੱਤ ਦਾਤੂ ਨੇ ਸਤਿਗੁਰਾਂ ਨੂੰ ਮਾਰੀ ਸੀ ਉਸ ਵਿਚ ਅਜਿਹੀ ਪੀੜ ਉਠੀ, ਜੋ ਹਟੇ ਹੀ ਨਾ ਪਰ ਜਦ ਪੰਜਵੇਂ ਪਾਤਸ਼ਾਹ ਦਾ ਸਮਾਂ ਆਇਆ ਤਾਂ ਇਹ ਪੀੜ ਦੂਰ ਹੋਈ। ਇਹ ਫਿਰ ਦੱਸਾਂਗੇ।

ਭਾਈ ਸਾਉਣ ਮੱਲ ਦਾ ਪ੍ਰਸੰਗ

ਇਕ ਦਿਨ ਸਿੱਖਾਂ ਨੇ ਸਤਿਗੁਰਾਂ ਅੱਗੇ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਆਪ ਜੀ ਦੇ ਦਰਸ਼ਨ ਕਰਨ ਸੰਗਤ ਦੂਰੋਂ ਦੂਰੋਂ ਆਉਂਦੀ ਹੈ ਰਾਤ ਰਹਿਣ ਤੇ ਮਕਾਨਾਂ ਤੋਂ ਬਿਨਾਂ ਉਹਨਾਂ ਨੂੰ ਬਹੁਤ ਤਕਲੀਫ ਹੁੰਦੀ ਹੈ। ਆਪ ਜੀ ਕਿਰਪਾ ਕਰੋ ਕੁਝ ਮਕਾਨ ਬਣਵਾ ਦਿਉ।

ਸੱਚੇ ਪਾਤਸ਼ਾਹ ਜੀ ਨੇ ਉਸੇ ਵਕਤ ਆਪਣੇ ਭਤੀਜੇ ਸਾਉਣ ਮੱਲ ਨੂੰ ਹਰੀਪੁਰ ਲੱਕੜਾਂ ਲਿਆਉਣ ਲਈ ਸਿੱਖਾਂ ਦੇ ਨਾਲ ਤਿਆਰ ਕੀਤਾ। ਤੁਰਨ ਲੱਗਿਆਂ ਸਤਿਗੁਰਾਂ ਨੇ ਆਪਣੇ ਹੱਥ ਦਾ ਰੁਮਾਲ ਦੇ ਕੇ ਕਿਹਾ ਜੋ ਤੇਰੀ ਇਛਾ ਹੋਵੇਗੀ ਇਹ ਪੂਰੀ ਕਰੇਗਾ। ਸਾਉਣ ਮੱਲ ਦੀ ਮਾਂ ਨੇ ਤੁਰਨ ਵੇਲੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਮੇਰਾ ਪੁੱਤਰ ਪਹਾੜਾਂ ਵੱਲ ਚਲਿਆ ਹੈ ਉਥੇ ਭੂਤ ਪਰੇਤ ਬਹੁਤ ਹੁੰਦੇ ਹਨ। ਜਿਊਂਦਾ ਕਿਵੇਂ ਆਵੇਗਾ। ਸਤਿਗੁਰਾਂ ਬਚਨ ਕੀਤਾ ਇਹਦਾ ਸਤਿਗੁਰ ਰਾਖਾ ਹੈ ਇਸ ਨੂੰ ਕੁਝ ਨਹੀਂ ਹੋਣਾ, ਉਥੇ ਦਾ ਪੀਰ ਸਦਾਵੇਗਾ। ਸਾਉਣ ਮੱਲ ਸਿੱਖਾਂ ਨਾਲ ਹਰੀਪੁਰ ਪਹੁੰਚਿਆ, ਤਾਂ ਉਸ ਦਿਨ ਇਕਾਦਸ਼ੀ ਦਾ ਦਿਨ ਸੀ, ਉਥੇ ਦਾ ਰਾਜਾ ਇਕਾਦਸ਼ੀ ਦਾ ਵਰਤ ਸਾਰੇ ਸ਼ਹਿਰ ਤੋਂ ਰਖਵਾਉਂਦਾ ਸੀ। ਹੁਕਮ ਸੀ ਇਸ ਦਿਨ ਕੋਈ ਅੰਨ ਨੂੰ ਹੱਥ ਨਾ ਲਾਏ ਪਰ ਸਾਉਣ ਮੱਲ ਨੇ ਲੰਗਰ ਤਿਆਰ ਕਰਕੇ ਗਰੀਬਾਂ ਨੂੰ ਛਕਾਇਆ ਤੇ ਆਪ ਛਕਿਆ। ਜਦ ਇਹ ਖਬਰ ਰਾਜੇ ਨੂੰ ਮਿਲੀ ਤਾਂ ਉਸ ਦੇ ਆਦਮੀਆਂ ਨੇ ਸਾਉਣ ਮੱਲ ਤੇ ਸਿੱਖਾਂ ਨੂੰ ਕੈਦ ਕਰ ਦਿੱਤਾ। ਸਤਿਗੁਰਾਂ ਐਸੀ ਖੇਡ ਵਰਤਾਈ ਕਿ ਰਾਜੇ ਦਾ ਇਕੋ ਇਕ ਪੁੱਤਰ ਦੂਸਰੇ ਦਿਨ ਬਿਮਾਰ ਹੋ ਕੇ ਚੜ੍ਹਾਈ ਕਰ ਗਿਆ। ਰਾਜਾ ਤੇ ਰਾਣੀ ਬਹੁਤ ਵਿਰਲਾਪ ਕਰਦੇ ਸੀ ਤਾਂ ਇਕ ਸਿਆਣੇ ਨੇ ਆ ਕੇ

ਆਖਿਆ, ਰਾਜਾ ਤੂੰ ਗੁਰੂ ਦੇ ਸਿੱਖਾਂ ਨੂੰ ਐਵੇਂ ਕੈਦ ਕੀਤਾ ਹੈ, ਉਨ੍ਹਾਂ ਕੋਲ ਅਰਜ਼ ਕਰੋ ਜੇ ਕਰ ਕਿਰਪਾ ਕਰ ਦੇਣ। ਰਾਜਾ ਤੇ ਰਾਣੀ ਦੋਵੇਂ ਵਿਰਲਾਪ ਕਰਦੇ ਸਾਉਣ ਮੱਲ ਜੀ ਕੋਲ ਪਹੁੰਚੇ। ਸਭ ਨੂੰ ਕੈਦ ਵਿਚੋਂ ਬਾਹਰ ਕੱਢ ਕੇ ਅਰਜ਼ ਕੀਤੀ, ਸਾਨੂੰ ਬਖਸ਼ੋ ਸਾਥੋਂ ਭੁੱਲ ਹੋ ਗਈ। ਸਉਣ ਮੱਲ ਜੀ ਨੇ ਸਤਿਗੁਰਾਂ ਨੂੰ ਯਾਦ ਕਰਕੇ ਉਨ੍ਹਾਂ ਦਾ ਦਿੱਤਾ ਰੁਮਾਲ ਲੜਕੇ ਦੇ ਮੂੰਹ ਤੇ ਪਾ ਦਿੱਤਾ, ਉਹ ਉਠ ਬੈਠਾ। ਇਹ ਵੇਖ ਕੇ ਸਾਰੇ ਹੈਰਾਨ ਹੋ ਗਏ ਅਤੇ ਸਾਉਣ ਮੱਲ ਦੇ ਚਰਨਾਂ ਤੇ ਢਿਗ ਪਏ। ਸਾਉਣ ਮੱਲ ਨੇ ਆਖਿਆ ਇਹ ਮੇਰੇ ਸਤਿਗੁਰਾਂ ਦੀ ਸਾਰੀ ਕਿਰਪਾ ਹੈ। ਉਨ੍ਹਾਂ ਮੈਨੂੰ ਸਾਧ ਸੰਗਤ ਲਈ ਮਕਾਨ ਬਨਾਉਣ ਵਾਸਤੇ ਲੱਕੜਾਂ ਲੈਣ ਲਈ ਏਥੇ ਭੇਜਿਆ ਹੈ। ਇਹ ਸੁਣ ਕੇ ਰਾਜੇ ਨੇ ਜੰਗਲ ਤੋਂ ਬੇਅੰਤ ਲੱਕੜਾਂ ਦਰਿਆ ਰਾਹੀਂ ਗੋਇਦਵਾਲ ਭੇਜ ਦਿੱਤੀਆਂ। ਸੰਗਤਾਂ ਲਈ ਸਤਿਗੁਰਾਂ ਡੇਰੇ ਬਨਾਉਣੇ ਸ਼ੁਰੂ ਕਰਵਾ ਦਿੱਤੇ ਪਰ ਸਾਉਣ ਮੱਲ ਨੇ ਆਪਨਾ ਸਾਰਾ ਪਰਵਾਰ ਗੋਇੰਦਵਾਲ ਤੋਂ ਹਰੀਪੁਰ ਮੰਗਵਾ ਲਿਆ। ਉਸ ਨੂੰ ਇਹ ਫਿਕਰ ਸੀ ਕਿ ਜੇ ਮੈਂ ਗੋਇੰਦਵਾਲ ਗਿਆ ਤਾਂ ਸਤਿਗੁਰਾਂ ਨੇ ਆਪਣਾ ਰੁਮਾਲ ਵਾਪਸ ਲੈ ਲੈਣਾ ਹੈ। ਇਸ ਨਾਲ ਮੇਰੀ ਸ਼ਕਤੀ, ਸੋਭਾ ਹੈ, ਉਹ ਖਤਮ ਹੋ ਜਾਵੇਗੀ। ਉਸ ਨੂੰ ਇਹ ਨਹੀਂ ਸੀ ਪਤਾ ਕਿ ਸਤਿਗੁਰਾਂ ਨੇ ਸੰਗਤ ਦੀ ਸੇਵਾ ਇਸ ਢੰਗ ਨਾਲ ਕਰਵਾਉਣੀ ਸੀ, ਤਾਂ ਦਿੱਤਾ ਸੀ। ਉਹ ਸ਼ਕਤੀ ਜਦ ਸੰਗਤ ਦੀ ਸੇਵਾ ਹੋ ਗਈ, ਨਾਲ ਹੀ ਗੁਰੂ ਬਚਨ ਪੂਰਾ ਹੋ ਗਿਆ ਤੇ ਉਹ ਖਤਮ ਹੋ ਗਈ ਸੀ। ਉਹ ਬਹੁਤ ਪਰੇਸ਼ਾਨ ਹੋਇਆ ਤਾਂ ਉਸ ਦੀ ਮਾਤਾ ਨੇ ਆਖਿਆ ਤੂੰ ਉਦਾਸ ਨਾ ਹੋ ਸਤਿਗੁਰਾਂ ਤੋਂ ਆਪਣੀ ਭੁੱਲ ਬਖਸ਼ਾ। ਫਿਰ ਉਹ ਗੋਇੰਦਵਾਲ ਆਉਣ ਲਈ ਤਿਆਰ ਹੋਇਆ ਤਾਂ ਰਾਜਾ ਤੇ ਰਾਣੀ ਵੀ ਗੁਰੂ ਦਰਸ਼ਨਾਂ ਨੂੰ ਆਏ। ਸਾਉਣ ਮੱਲ ਨੇ ਆ ਕੇ ਗੁਰ ਚਰਨਾਂ ਤੇ ਨਮਸਕਾਰ ਕੀਤੀ ਅਤੇ ਬੇਨਤੀ ਕੀਤੀ। ਰਾਜਾ ਰਾਣੀਆਂ ਸਮੇਤ ਆਪ ਜੀ ਦੇ ਦਰਸ਼ਨ ਕਰਨ ਆਇਆ ਹੈ। ਸਤਿਗੁਰਾਂ ਬਚਨ ਕੀਤਾ ਪਹਿਲਾਂ ਲੰਗਰ ਵਿਚੋਂ ਪ੍ਰਸ਼ਾਦ ਛਕਣ। ਰਾਜੇ ਤੇ ਸਾਰੇ ਪਰਵਾਰ ਨੇ ਜਦ ਲੰਗਰ ਛਕ ਲਿਆ ਤਾਂ ਸਾਰੇ ਦਰਸ਼ਨਾਂ ਲਈ ਆਏ। ਸਤਿਗੁਰਾਂ ਦਾ ਹੁਕਮ ਸੀ ਕੋਈ ਪਰਦਾ ਭਾਵ ਘੁੰਡ ਕੱਢ ਕੇ ਸੰਗਤ ਵਿਚ ਮੱਥਾ ਟੇਕਣ ਨਾ ਆਵੇ। ਇਸ ਲਈ ਸਾਰੀਆਂ ਰਾਣੀਆਂ ਨੇ ਹੁਕਮ ਅਨੁਸਾਰ ਮੱਥਾ ਟੇਕਿਆ ਪਰ ਜਿਹੜੀ ਛੋਟੀ ਰਾਣੀ ਸੀ ਉਸ ਨੇ ਘੁੰਡ ਕੱਢ ਲਿਆ। ਸਤਿਗੁਰਾਂ ਬਚਨ ਕੀਤਾ ਇਹ ਝੱਲੀ ਕਿਥੋਂ ਆਈ ਹੈ। ਉਸੇ ਵਕਤ ਪਾਗਲ ਹੋ ਗਈ ਆਪਣੇ ਕੱਪੜੇ ਪਾੜਦੀ ਹੋਈ ਜੰਗਲਾਂ ਨੂੰ ਚਲੀ ਗਈ। ਰਾਜਾ ਆਪਣੀਆਂ ਹੋਰ ਰਾਣੀਆਂ ਸਮੇਤ ਵਾਪਸ ਚਲਾ ਗਿਆ। ਸਤਿਗੁਰਾਂ ਦਾ ਇਕ ਸੇਵਕ ਲੰਗਰ ਲਈ

ਜੰਗਲ ਤੋਂ ਲੱਕੜਾਂ ਲਿਆਉਣ ਦੀ ਸੇਵਾ ਕਰਦਾ ਸੀ। ਸਤਿਗੁਰਾਂ ਬਿਧ ਬਣਾਈ। ਜਦ ਉਹ ਜੰਗਲ ਵਿਚ ਲੱਕੜਾਂ ਲੈਣ ਗਿਆ ਤਾਂ ਉਹ ਝੱਲੀ ਅੱਗੋਂ ਕੱਪੜੇ ਪਾੜ ਬੈਠੀ। ਉਸ ਸਿੱਖ ਦਾ ਨਾਮ ਸੀ ਸੱਜਣ ਸੱਚ। ਉਸ ਨੇ ਜਦ ਉਸ ਨੂੰ ਵੇਖਿਆ ਤਾਂ ਝਟ ਆਪਣੀ ਚਾਦਰ ਉਸ ਉੱਤੇ ਦੇ ਦਿੱਤੀ। ਚਾਦਰ ਉਪਰ ਲੈਣ ਦੀ ਦੇਰ ਸੀ ਉਹ ਠੀਕ ਹੋ ਗਈ, ਤੇ ਭਾਈ ਸੱਜਣ ਸੱਚ ਨਾਲ ਗੁਰ ਦਰਬਾਰ ਵਿਚ ਆ ਗਈ। ਸੱਚੇ ਪਾਤਸ਼ਾਹ ਨੇ ਉਸ ਦਾ ਵਿਆਹ ਸੱਜਣ ਸੱਚ ਨਾਲ ਕਰ ਦਿੱਤਾ। ਉਹ ਦੋਨੋਂ ਗੁਰੂ ਘਰ ਦੀ ਸੇਵਾ ਕਰਨ ਲੱਗੇ। ਇਹ ਤਾਂ ਸਤਿਗੁਰਾਂ ਦੀ ਖੇਡ ਹੀ ਸੀ। ਉਹ ਸਭ ਦਾ ਭਲਾ ਹੀ ਕਰਦਾ ਹੈ।

ਸਤਿਗੁਰਾਂ ਦੇ ਦਰਸ਼ਨਾਂ ਨੂੰ ਅਕਬਰ ਬਾਦਸ਼ਾਹ ਦਾ ਆਉਣਾ

ਅਕਬਰ ਬਾਦਸ਼ਾਹ ਨੇ ਇਕ ਵਾਰ ਸੁੱਖਣਾ ਸੁੱਖੀ ਕਿ ਮੈਂ ਲੜਾਈ ਵਿਚ ਜਿੱਤ ਪ੍ਰਾਪਤ ਕਰਾਂ ਤਾਂ ਆਪ ਜੀ ਦੇ ਦਰਸ਼ਨ ਕਰਨ ਆਵਾਂ। ਉਹ ਜਿੱਤ ਗਿਆ ਤੇ ਫਿਰ ਆਪਣੇ ਸਾਥੀਆਂ ਸਮੇਤ ਦਰਸ਼ਨਾਂ ਨੂੰ ਆਇਆ। ਸਤਿਗੁਰਾਂ ਦੇ ਹੁਕਮ ਅਨੁਸਾਰ ਉਹਨਾਂ ਪਹਿਲਾਂ ਪ੍ਰਸ਼ਾਦ ਤੇ ਲੰਗਰ ਛਕਿਆ। ਫਿਰ ਬਾਦਸ਼ਾਹ ਨੇ ਅਰਜ਼ ਕੀਤੀ ਜੋ ਸਤਿਗੁਰੂ ਜੀ ਛਕਦੇ ਹਨ ਉਹ ਸੀਤ ਪ੍ਰਸਾਦ ਮੈਨੂੰ ਮਿਲੇ ਤਾਂ ਮੈਂ ਬਹੁਤ ਖੁਸ਼ ਹੋਵਾਂਗਾ। ਸਿੱਖਾਂ ਨੇ ਸਤਿਗੁਰਾਂ ਅੱਗੇ ਅਰਜ਼ ਕੀਤੀ। ਉਸ ਵਕਤ ਸਤਿਗੁਰੂ ਜੀ ਉਗਰਾ ਛਕਦੇ ਸਨ (ਭਾਵ ਦਲੀਆ)। ਸਤਿਗੁਰਾਂ ਨੇ ਹੁਕਮ ਕੀਤਾ ਉਸ ਦੇ ਡੇਰੇ ਵੀ ਦਲੀਆ ਬਣਾ ਕੇ ਭੇਜ ਦਿਉ ਉਹ ਪ੍ਰਸੰਨ ਹੋ ਜਾਣ। ਜਦ ਇਹ ਬਾਦਸ਼ਾਹ ਤੇ ਹੋਰ ਸਾਰਿਆਂ ਨੇ ਛਕਿਆ ਤੇ ਬੋਲ ਉਠੇ ਐਸਾ ਪ੍ਰਸਾਦ ਪਹਿਲਾਂ ਕਦੀ ਨਹੀਂ ਛਕਿਆ। ਹਰ ਗਰਾਹੀ ਨਾਲ ਵੱਖਰਾ ਅਨੰਦ ਆਉਂਦਾ ਸੀ। ਇਹ ਅੰਮ੍ਰਿਤ ਏਥੇ ਹੀ ਮਿਲਦਾ ਹੈ।

ਅਕਬਰ ਬਾਦਸ਼ਾਹ ਨੇ ਸਤਿਗੁਰਾਂ ਅੱਗੇ ਅਰਜ਼ ਕੀਤੀ ਮੈਂ ਕੁਝ ਜਗੀਰ ਭੇਟਾ ਕਰਨੀ ਚਾਹੁੰਦਾ ਹਾਂ। ਸਤਿਗੁਰਾਂ ਬਚਨ ਕੀਤਾ ਗੁਰੂ ਘਰ ਕੋਈ ਘਾਟਾ ਨਹੀਂ ਤੁਸੀਂ ਗਰੀਬਾਂ ਤੇ ਮਿਹਰ ਰੱਖਿਆ ਕਰੋ। ਕਦੀ ਵੀ ਬੇਰਹਿਮ ਨਾ ਹੋਣਾ ਤਾਂ ਹੀ ਰਾਜ ਭਾਗ ਬਣਿਆ ਰਹੇਗਾ।

(ਬੀਬੀ ਭਾਨੀ)

ਬੀਬੀ ਭਾਨੀ ਦਾ ਸਤਿਗੁਰਾਂ ਨਾਲ ਬਹੁਤ ਹੀ ਪਿਆਰ ਸੀ, ਉਹ ਸਤਿਗੁਰਾਂ ਨੂੰ ਗੁਰੂ ਤੇ ਪਿਤਾ ਜੀ ਵਾਲੇ ਦੋਵੇਂ ਆਦਰ-ਮਾਣ ਦਿੰਦੇ ਸਨ। ਉਹਨਾਂ ਨੂੰ ਪਤਾ ਸੀ

ਇਹ ਗੁਰੂ ਨਾਨਕ ਰੂਪ ਹਨ। ਇਸ ਲਈ ਹਰ ਸੇਵਾ ਲਈ ਹਰਦਮ ਤਿਆਰ ਰਹਿੰਦੇ ਸਨ। ਇਕ ਦਿਨ ਆਖਦੇ ਨੇ ਕਿ ਗੁਰੂ ਅਮਰਦਾਸ ਜੀ ਇਸ਼ਨਾਨ ਕਰਦੇ ਸਨ ਕਿ ਜਿਹੜੀ ਚੌਕੀ ਤੇ ਬੈਠੇ ਸੀ, ਉਸ ਦਾ ਪਾਵਾ ਟੁੱਟ ਗਿਆ ਤਾਂ ਬੀਬੀ ਭਾਨੀ ਨੇ ਛੇਤੀ ਨਾਲ ਆਪਣਾ ਪੈਰ ਥੱਲੇ ਦੇ ਦਿੱਤਾ। ਜਦ ਸਤਿਗੁਰੂ ਜੀ ਇਸ਼ਨਾਨ ਕਰ ਹਟੇ ਤਾਂ ਕੀ ਵੇਖਦੇ ਹਨ ਕਿ ਪਾਵੇ ਦੀ ਜਗ੍ਹਾ ਬੀਬੀ ਭਾਨੀ ਨੇ ਪੈਰ ਦਿੱਤਾ ਹੈ। ਇਹੋ ਜਿਹੀ ਸੇਵਾ ਬੀਬੀ ਜੀ ਦੀ ਵੇਖਕੇ ਸਤਿਗੁਰਾਂ ਨੇ ਵਰ ਦਿੱਤੇ। ਉਹਨਾਂ ਨੂੰ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਤਰ੍ਹਾਂ ਵਰਨਣ ਕੀਤਾ ਹੈ-

"ਅਗਮ ਅਗੋਚਰ ਸਤਿਗੁਰ ਬੋਲੇ ਮੁਖ ਤੇ ਸੁਣੈਂ ਸੰਸਾਰੀ।
ਕਲਜੁਗ ਪੀੜੀ ਸੋਢੀਆ ਨਿਹਚਲ ਨੀਹ ਉਸਾਰ ਖਿਲਾਰੀ।
ਜੁਗ ਜੁਗ ਸਤਿਗੁਰੁ ਧਰੇ ਅਵਤਾਰੀ।"

ਜਿਸ ਵਕਤ ਬੀਬੀ ਭਾਨੀ ਜੀ ਵੱਡੇ ਹੋ ਗਏ ਤਾਂ ਉਹਨਾਂ ਦੇ ਮਾਤਾ ਜੀ ਸਤਿਗੁਰਾਂ ਅੱਗੇ ਅਰਜ਼ ਕਰਨ ਲੱਗੇ। ਬੀਬੀ ਲਈ ਕੋਈ ਵਰ ਲੱਭੀਏ। ਸੁਭਾਵਕ ਹੀ ਗੁਰੂ ਅਮਰਦਾਸ ਜੀ ਪੁੱਛਣ ਲੱਗੇ ਵਰ ਕਿੱਡਾ ਕੁ ਹੋਣਾ ਚਾਹੀਦਾ ਹੈ। ਉਸ ਵਕਤ ਜੇਠਾ ਜੀ ਛੋਲੇ ਵੇਚਣ ਬਾਸਰਕੇ ਆਏ ਹੋਏ ਸਨ। ਜੇਠਾ ਜੀ ਵੱਲ ਇਸ਼ਾਰਾ ਕਰਕੇ ਮਾਤਾ ਜੀ ਆਖਿਆ ਮੁੰਡਾ ਏਡਾ ਕੁ ਹੋਣਾ ਚਾਹੀਦਾ ਹੈ। ਸਤਿਗੁਰਾਂ ਬਚਨ ਕੀਤਾ ਏਡਾ ਕੁ ਤਾਂ ਏਹੀ ਹੈ। ਝੱਟ ਜੇਠਾ ਜੀ ਨੂੰ ਬੁਲਾ ਕੇ ਸ਼ਗਨ ਦੇ ਦਿੱਤਾ ਅਤੇ ਘਰਦਿਆਂ ਨੂੰ ਖਬਰ ਭੇਜ ਦਿੱਤੀ।

***

ਸ੍ਰੀ ਗੁਰੂ ਰਾਮ ਦਾਸ ਜੀ



ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਸੰਮਤ ੧੫੯੧ ਬਿ. ਕੱਤਕ ਵਦੀ ੨ ਨੂੰ ਚੂਨਾ ਮੰਡੀ ਲਾਹੌਰ ਵਿਖੇ ਹੋਇਆ।(ਹੁਣ ਪਾਕਿਸਤਾਨ ਵਿਚ ਹੈ) ਆਪ ਜੀ ਦੇ ਪਿਤਾ ਜੀ ਦਾ ਨਾਮ ਹਰਿਦਾਸ ਜੀ ਸੋਢੀ ਅਤੇ ਮਾਤਾ ਜੀ ਦਾ ਨਾਮ ਦਯਾ ਕੌਰ ਸੀ। ਪਰ ਭਾਣਾ ਕਰਤਾਰ ਦਾ ਇਨ੍ਹਾਂ ਦੇ ਮਾਤਾ-ਪਿਤਾ ਜੀ ਨਿੱਕਿਆਂ ਹੁੰਦਿਆਂ ਚੜ੍ਹਾਈ ਕਰ ਗਏ ਸਨ। ਜਦ ਇਹ ਕੁਝ ਸਿਆਣੇ ਹੋਏ ਤਾਂ ਇਹਨਾਂ ਨੂੰ ਛੋਲੇ (ਘੁੰਙਣੀਆਂ) ਵੇਚਣ ਲਾ ਦਿੱਤਾ। ਜਦ ਇਹ ਹੋਕਾ ਦਿੰਦੇ, "ਗਰਮਾ ਗਰਮ ਛੋਲੇ, ਮਸਾਲੇਦਾਰ ਛੋਲੇ"

ਭੋਲੇ ਭਾਲੇ ਇਸ ਬਾਲਕ ਵੱਲ ਵੇਖ ਸਭ ਨੂੰ ਤਰਸ ਆਉਂਦਾ ਪਰ ਅੱਜ ਇਹ ਐਸੇ ਅਸਥਾਨ ਤੇ ਆ ਗਿਆ ਜਿਥੇ ਇਸ ਦਾ ਆਪਣਾ ਅਸਥਾਨ ਸੀ। ਜਦ ਗੁਰੂ ਅਮਰਦਾਸ ਜੀ ਨੇ ਇਹਨਾਂ ਦਾ ਵਿਆਹ ਬੀਬੀ ਭਾਨੀ ਨਾਲ ਕਰ ਦਿੱਤਾ, ਤਾਂ ਇਹ ਗੋਇੰਦਵਾਲ ਆ ਕੇ ਰਹੇ। ਜੁਆਈ ਬਣ ਕੇ ਨਹੀਂ ਸਗੋਂ ਸੇਵਕ ਬਣਕੇ। ਬੀਬੀ ਭਾਨੀ ਜੀ ਵਾਂਗ ਭਜਨ ਬੰਦਗੀ ਕਰਨੀ ਤੇ ਆਗਿਆ ਵਿਚ ਰਹਿ ਕੇ ਸੇਵਾ ਕਰਨ ਲੱਗ ਪਏ।

ਇਕ ਦਿਨ ਗੁਰੂ ਅਮਰਦਾਸ ਜੀ ਨੇ ਆਪਣੇ ਪੁੱਤਰਾਂ ਨੂੰ ਮੋਹਰੀ ਜੀ ਤੇ ਮੋਹਨ ਜੀ ਅਤੇ ਦੋਹਾਂ ਜਵਾਈਆਂ, ਜੇਠਾ ਜੀ ਤੇ ਭਾਈ ਰਾਮੇ ਜੀ ਜੋ ਬੀਬੀ ਦਾਨੀ ਦੇ ਪਤੀ ਸਨ, ਨੂੰ ਹੁਕਮ ਕੀਤਾ, "ਸੰਗਤ ਦੇ ਬੈਠਣ ਲਈ ਥੜ੍ਹੇ ਬਣਾਓ।" ਸੋ ਹੁਕਮ ਮੰਨ ਕੇ ਸਭਨਾਂ ਨੇ ਬਣਾਉਣੇ ਸ਼ੁਰੂ ਕਰ ਦਿਤੇ। ਗੁਰੂ ਅਮਰਦਾਸ ਜੀ ਹੁਕਮ ਕੀਤਾ ਢਾਹ ਦਿਓ। ਦੂਆ ਕੇ ਹੁਕਮ ਕੀਤਾ ਬਣਾਓ। ਇਸ ਤਰ੍ਹਾਂ ਤਿੰਨ ਵਾਰ ਕੀਤਾ ਤਾਂ ਬਾਕੀ ਦੇ ਸਾਰੇ ਛੱਡ ਤੁਰੇ ਇਹ ਆਖਕੇ, ਇਹ ਕਿਹੜਾ ਕੰਮ ਹੈ ਬਣਾਓ ਤੇ ਢਾਓ ਪਰ ਜੇਠਾ ਜੀ ਲੱਗੇ ਰਹੇ। ਗੁਰੂ ਅਮਰਦਾਸ ਜੀ ਬਚਨ ਕੀਤਾ ਬਾਕੀ ਸਾਰੇ ਚਲੇ ਗਏ ਤੁਸੀਂ ਅਜੇ ਲੱਗੇ ਹੀ ਹੋ? ਜੇਠਾ ਜੀ ਨੇ ਹੱਥ ਜੋੜ ਕੇ ਚਰਨਾਂ ਤੇ ਮੱਥਾ ਟੇਕਿਆ ਤੇ ਬਚਨ ਕੀਤਾ ਆਪ ਜੀ ਨੇ ਬੜੀ ਕਿਰਪਾ ਕੀਤੀ ਹੈ। "ਮੂਰਖ ਕਾਰੇ ਲਾਈਆ ਨਾਨਕ ਹਰ ਕੰਮੇ॥" ਭਾਵੇਂ ਸਾਰੀ ਉਮਰ ਇਹ ਹੀ ਕਰਾਈ ਜਾਉ, ਮੈਂ ਤੇ ਸੇਵਾ ਹੀ ਕਰਨੀ ਹੈ, ਜੋ ਆਪ ਜੀ ਦਾ ਹੁਕਮ, ਉਹ ਠੀਕ ਹੈ। ਇਹ ਸੁਣ ਕੇ ਗੁਰੂ ਅਮਰਦਾਸ ਜੀ ਬਹੁਤ ਪ੍ਰਸੰਨ ਹੋਏ।

ਗੁਰੂ ਅਮਰਦਾਸ ਜੀ ਨੇ ਬੀਬੀ ਭਾਨੀ ਜੀ ਨਾਲ ਬਚਨ ਕਰਨੇ

ਇਕ ਦਿਨ ਗੁਰੂ ਅਮਰਦਾਸ ਜੀ ਭਜਨ ਕਰਦੇ ਸਮਾਧੀ ਲੀਨ ਉਠੇ ਤਾਂ ਬੀਬੀ ਭਾਨੀ ਨਾਲ ਬਚਨ ਕੀਤਾ, "ਬੀਬੀ ਜੇਠਾ ਜੀ ਦੀ ਉਮਰ ਤਾਂ ਬੀਤ ਚੁੱਕੀ ਹੈ।" ਬੀਬੀ ਭਾਨੀ ਨੇ ਹੱਥ ਜੋੜ ਕੇ ਅਰਜ ਕੀਤੀ, "ਆਪ ਕਰਨ ਕਾਰਨ ਸਮਰਥ ਹੋ।" ਸਤਿਗੁਰਾਂ ਬਚਨ ਕੀਤਾ, "ਜੇਠਾ ਜੀ ਨੂੰ ਬੁਲਾਉ। ਅਸੀਂ ਆਪਣੀ ਉਮਰ ਜੋ ੬ ਵਰ੍ਹੇ ਗਿਆਰਾਂ ਮਹੀਨੇ ਤੇ ਅਠਾਰਾਂ ਦਿਨ ਹੈ, ਉਹ ਉਸ ਨੂੰ ਦਿੰਦੇ ਹਾਂ।" ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਬਖਸ਼ ਕੇ ਚੋਥੇ ਗੁਰੂ ਨਾਨਕ ਰੂਪ ਵਿਚ ਸਵੀਕਾਰ ਕਰ ਲਿਆ। ਇਸ ਤੋਂ ਬਾਦ ਆਪ ਜੀ ਭਾਦਰੋਂ ਸੁਦੀ ੧੫ ਸੰਮਤ ੧੬੩੧ ਬਿ, ੧੫੭੪ ਈ: ਗੋਇੰਦਵਾਲ ਸਾਹਿਬ ਵਿਖੇ ਦੇਹ ਦਾ ਉਹਲਾ ਕਰ ਗਏ।

ਇਨ੍ਹਾਂ ਨੇ ਗੋਇੰਦਵਾਲ ਬਾਉਲੀ ਦਾ ਟੱਕ ਸੰਮਤ ੧੬੧੬ ਬਿ: ਮੁਤਾਬਕ ੧੫੫੯ਈ. ਵਿਚ ਲਾਇਆ ਅਤੇ ਭਾਈ ਜੇਠਾ ਜੀ ਨੂੰ ਅੰਮ੍ਰਿਤਸਰ ਵਸਾਉਣ ਦਾ ਹੁਕਮ ਹੋਇਆ ਜਿਸ ਦਾ ਨਾਮ ਪਹਿਲਾਂ ਗੁਰੂ ਕਾ ਚੱਕ ਰੱਖਿਆ ਗਿਆ ਸੀ। ਸੰਮਤ ੧੬੨੯ ਬਿ: ਮੁਤਾਬਕ ਸੰਨ ੧੫੭੨ ਈਸਵੀ ਵਿਚ ਇਹਨਾਂ ਨੇ ਇਹ ਜ਼ਮੀਨ ਜ਼ਿਮੀਦਾਰਾਂ ਤੋਂ ਖਰੀਦ ਲਈ ਅਤੇ ਗੁਰੂ ਦੇ ਹੁਕਮ ਅਨੁਸਾਰ ਅੰਮ੍ਰਿਤਸਰ ਵਸਾਇਆ ।

ਦਿਚੇ ਪੁਰਬ ਦੇਵਣਾ ਜਿਸ ਦੀ ਵਸਤ ਤਿਸੈ ਘਰ ਆਵੈ।
ਬੈਠਾ ਸੋਢੀ ਪਾਤਸਾਹ ਰਾਮ ਦਾਸ ਗੁਰੁ ਕਹਾਵੈ।
ਪੂਰਣ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤ ਜਗਾਵੈ।

(ਭਾਈ ਗੁਰਦਾਸ ਜੀ)

ਗੁਰੂ ਰਾਮ ਦਾਸ ਜੀ ਉਸ ਕੁਲ ਵਿਚੋਂ ਹਨ। ਤ੍ਰੇਤੇ ਵਿਚ ਸੂਰਜ ਵੰਸੀ ਇਖਵਾਕੂ ਰਾਜਾ ਹੋਇਆ ਸੀ। ਜਿਸ ਦੀ ਕੁਲ ਵਿਚੋਂ ਦਸ਼ਰਥ ਹੋਇਆ ਤੇ ਦਸ਼ਰਥ ਦੇ ਪੁੱਤਰ ਰਾਮਚੰਦਰ ਜੀ, ਰਾਮਚੰਦਰ ਦੇ ਪੁੱਤਰ ਲਊ ਦੀ ਅੰਸ ਸੋਢੀ ਅਰ ਭੱਲੇ ਹੋਏ ਹਨ, ਉਹਨਾਂ ਵਿਚੋਂ ਹਰਦਾਸ ਮੱਲ ਤੇ ਮਾਤਾ ਦਇਆ ਵੰਤੀ ਦੇ ਘਰ ਲਾਹੌਰ ਚੂਨਾ ਮੰਡੀ ਵਿੱਚ ਪ੍ਰਗਟ ਹੋਏ। ਇਹਨਾਂ ਦੇ ਸਾਰੇ ਚਿੰਨ ਅਵਤਾਰਾਂ ਵਾਲੇ ਸਨ। ਸਾਧੂ ਸੁਭਾਓ, ਧੀਰਜ ਤੇ ਸ਼ਾਂਤੀ ਵਾਲੇ ਸਨ। ਸ੍ਰੀ ਗੁਰੂ ਰਾਮ ਦਾਸ ਜੀ ਨੇ ਹੀ ਰਾਮਦਾਸ ਪੁਰ (ਅੰਮ੍ਰਿਤਸਰ) ਵਸਾਇਆ ਕਿਉਂਕਿ ਉਹਨਾਂ ਨੂੰ ਪਤਾ ਸੀ ਇਹ ਉਹ ਅਸਥਾਨ ਹੈ, ਜਿਥੇ ਇਖਵਾਕੂ ਰਾਜੇ ਦੇ ਸਮੇਂ ਵੱਡੇ ਵੱਡੇ ਰਿਸ਼ੀ ਮੁਨੀ ਭਗਤੀ ਵਿਚ ਲੀਨ ਹੋ ਕੇ ਤਪੱਸਿਆ ਕਰਦੇ ਹੁੰਦੇ ਸਨ। ਗੁਰੂ ਨਾਨਕ ਦੇਵ ਜੀ ਵੀ ਏਥੇ ਤਪੱਸਿਆ ਕੀਤੀ ਸੀ। ਗੁਰੂ ਅਮਰਦਾਸ ਜੀ ਨੇ ਵੀ ਅੰਮ੍ਰਿਤ ਦੀ ਬੂਟੀ ਏਥੋਂ ਹੀ ਲੱਭੀ ਸੀ। ਇਸ ਲਈ ਪਤਾ ਲੱਗਦਾ ਹੈ ਇਹ ਅਸਥਾਨ ਜੁਗਾਂ ਜੁਗਾਂ ਤੋਂ ਪਵਿੱਤਰ ਅਸਥਾਨ ਹੈ, ਏਥੋਂ ਹੀ ਸਭ ਫਲ ਪ੍ਰਾਪਤ ਹੁੰਦੇ ਹਨ। ਇਸੇ ਲਈ ਗੁਰੂ ਅਮਰਦਾਸ ਜੀ ਨੇ ਇਸ ਇਲਾਕੇ ਦੇ ਆਲੇ ਦੁਆਲੇ ਦੇ ਪਿੰਡ ਸੁਲਤਾਨ, ਤੁੰਗ, ਗੁੰਮਟਾਲਾ ਤੇ ਗਿਵਾਲੀ ਆਦਿ ਖਰੀਦ ਲਏ ਅਤੇ ਰਾਮਦਾਸਪੁਰੇ ਦੀ ਨੀਂਹ ਰੱਖੀ ਤੇ ਇਹ ਇਕ ਵੱਡਾ ਸ਼ਹਿਰ ਵਸਾਇਆ। ਉਸ ਵਕਤ ਜੋ ਵੀ ਏਥੇ ਆਉਂਦਾ ਉਸ ਨੂੰ ਇਕ ਮਕਾਨ ਤੇ ਇਕ ਦੁਕਾਨ ਮੁਫਤ ਦੇ ਦਿੱਤੀ ਜਾਂਦੀ ਸੀ। ਏਥੇ ੫੨ ਜਾਤਾਂ ਦੇ ਲੋਕ ਆ ਕੇ ਵਸੇ। ਸੰਮਤ ੧੬੩੦ ਬਿ. ਨੂੰ ਸ੍ਰੀ ਗੁਰੂ ਰਾਮ ਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਸਰੋਵਰ ਪੁਟਾਉਣਾ ਸ਼ੁਰੂ ਕੀਤਾ। ਜਿਥੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ

ਤਪੱਸਿਆ ਕੀਤੀ ਸੀ। ਜਦ ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ ਤਾਂ ਸ੍ਰੀ ਗੁਰੂ ਰਾਮਦਾਸ ਜੀ ਅੰਮ੍ਰਿਤਸਰ ਆ ਗਏ। ਸੰਗਤਾਂ ਦਾ ਇਕੱਠ ਹੋਣਾ ਸ਼ੁਰੂ ਹੋ ਗਿਆ ਤੇ ਲੰਗਰ ਚੱਲਣ ਲੱਗੇ। ਬੀਬੀ ਭਾਨੀ ਜੀ ਵੀ ਸੇਵਾ ਵਿਚ ਹੀ ਮਸਤ ਰਹਿੰਦੇ। ਸਤਿਗੁਰਾਂ ਦੀ ਬਖਸ਼ਸ਼ ਨਾਲ ਇਹਨਾਂ ਦੇ ਘਰ ਸੰਤਾਨ, ਬਾਬਾ ਪ੍ਰਿਥੀ ਚੰਦ, ਬਾਬਾ ਮਹਾਂ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਹੋਈ।

ਅਕਬਰ ਬਾਦਸ਼ਾਹ ਨੇ ਗੁਰਾਂ ਦੇ ਦਰਸ਼ਨ ਕਰਨ ਆਉਣਾ

ਅਕਬਰ ਬਾਦਸ਼ਾਹ ਦਾ ਗੁਰੂ ਘਰ ਨਾਲ ਬਹੁਤ ਪਿਆਰ ਸੀ। ਉਸ ਨੇ ਜਦ ਸੁਣਿਆ ਕਿ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ ਹਨ ਅਤੇ ਗੁਰੂ ਰਾਮ ਦਾਸ ਜੀ ਗੱਦੀ ਤੇ ਬੈਠੇ ਹਨ, ਤਾਂ ਉਹ ਦਰਸ਼ਨ ਕਰਨ ਆਇਆ। ਉਸ ਨੇ ੧੦੧ ਮੋਹਰਾਂ ਰੱਖ ਕੇ ਮੱਥਾ ਟੇਕਿਆ। ਸਤਿਗੁਰਾਂ ਉਸੇ ਵਕਤ ਲੋੜਵੰਦ ਨੂੰ ਦੇ ਦਿੱਤੀਆਂ। ਬਾਦਸ਼ਾਹ ਸਤਿਗੁਰਾਂ ਦੇ ਬਚਨ ਸੁਣਕੇ ਅਤੇ ਇਹ ਵੇਖ ਬੜਾ ਪ੍ਰਸੰਨ ਹੋਇਆ ਤੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਜੀ, ਜੋ ਜਗੀਰ ਮੈਂ ਗੁਰੂ ਅਮਰਦਾਸ ਜੀ ਸਮੇਂ ਭੇਟ ਕਰਨੀ ਚਾਹੁੰਦਾ ਸੀ, ਉਸ ਵਕਤ ਉਹਨਾਂ ਕਬੂਲ ਨਹੀਂ ਕੀਤੀ ਸੀ, ਹੁਣ ਉਹ ਆਪ ਕਿਰਪਾ ਕਰੋ ਕਬੂਲ ਕਰੋ। ਸਤਿਗੁਰਾਂ ਬਚਨ ਕੀਤਾ, "ਇਹ ਘਰ ਗੁਰੂ ਨਾਨਕ ਦਾ ਹੈ ਜਗੀਰਾਂ ਨਾਲ ਨਹੀਂ ਚੱਲਦਾ, ਤੂੰ ਇਹ ੮੨ ਪਿੰਡਾਂ ਦੀ ਜਗੀਰ ਆਪਣੇ ਕੋਲ ਹੀ ਰੱਖ।" ਇਹ ਸੁਣ ਕੇ ਅਕਬਰ ਨੇ ਆਖਿਆ ਏਥੇ ਹਿੰਦੂ ਮੁਸਲਮਾਨ ਦਾ ਤਾਂ ਫਰਕ ਨਹੀ ਹੈ? ਗੁਰੂ ਜੀ ਨੇ ਬਚਨ ਕੀਤਾ ਸਭ ਉਸ ਨੇ ਸਾਜੇ ਹਨ। ਤੁਸੀਂ ਗਰੀਬਾਂ ਤੇ ਹੀ ਮਿਹਰ ਰੱਖਣੀ। ਹੁਣ ਜਾ ਕੇ ਲੰਗਰ ਤੋਂ ਪ੍ਰਸ਼ਾਦਾ ਛਕੋ। ਅਕਬਰ ਸੋਚਣ ਲੱਗਾ ਇਸ ਘਰ ਦੀ ਸੇਵਾ ਮੈਂ ਕਿਸ ਤਰ੍ਹਾਂ ਕਰਾਂ, ਏਥੇ ਕੋਈ ਲਾਲਚ ਨਹੀਂ ਸਭ ਨੂੰ ਇਕੋ ਜਿਹਾ ਸਮਝਿਆ ਜਾਂਦਾ ਹੈ, ਮੇਰੇ ਲਈ ਇਹ ਬਹੁਤ ਵੱਡੀ ਸਿਖਿਆ ਹੈ। ਉਸ ਨੇ ਸਤਿਗੁਰਾਂ ਦੇ ਚਰਨਾਂ ਤੇ ਨਮਸਕਾਰ ਕੀਤੀ ਤੇ ਜਾਣ ਦੀ ਆਗਿਆ ਲਈ।

ਬਾਬਾ ਸ੍ਰੀ ਚੰਦ ਜੀ ਦਾ ਮਿਲਾਪ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਬੇਟੇ ਬਾਬਾ ਸ੍ਰੀ ਚੰਦ ਜੀ ਗੁਰੂ ਰਾਮਦਾਸ ਜੀ ਦੇ ਦਰਸ਼ਨ ਕਰਨ ਆਏ। ਉਹਨਾਂ ਗੁਰੂ ਰਾਮਦਾਸ ਜੀ ਦਾ ਬਹੁਤ ਜਸ ਸੁਣਿਆ ਤੇ ਸੋਚਿਆ ਵੇਖੀਏ ਉਹ ਸਾਡੇ ਨਾਲ ਕਿਵੇਂ ਪਿਆਰ ਕਰਦੇ ਹਨ। ਬਾਬਾ ਸ੍ਰੀ ਚੰਦ ਦਾ ਇਕ ਸਿੱਖ ਕਮਲੀਆ ਸੀ ਉਹ ਉਸ ਦੇ ਕੰਧੇ ਤੇ ਚੜ੍ਹ ਕੇ ਆਏ। ਜਦ ਗੁਰੂ ਰਾਮ ਦਾਸ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਆਪਣੇ ਸਿੱਖ ਅੱਗੋਂ ਲੈਣ ਭੇਜੇ ਅਤੇ

ਆਪ ਉਠ ਕੇ ਅੱਗੋਂ ਮਿਲੇ। ਬਹੁਤ ਆਦਰ ਕੀਤਾ ਤੇ ੫੦੦ ਮੋਹਰਾਂ ਤੇ ਇਕ ਘੋੜਾ ਮੱਥਾ ਟੇਕਿਆ। ਬਾਬਾ ਸ੍ਰੀ ਚੰਦ ਜੀ ਹੱਸ ਕੇ ਆਖਣ ਲੱਗੇ ਆਪ ਜੀ ਦੇ ਐਡੀ ਲੰਮੀ ਦਾੜ੍ਹੀ ਵਧਾਈ ਹੋਈ ਹੈ। ਇਹ ਸੁਣਦਿਆਂ ਹੀ ਸਤਿਗੁਰ ਜੀ ਬਾਬਾ ਸ੍ਰੀ ਚੰਦ ਜੀ ਦੇ ਚਰਨ ਫੜ ਕੇ ਆਪਣੀ ਦਾੜ੍ਹੀ ਨਾਲ ਝਾੜਨ ਲੱਗ ਪਏ ਅਤੇ ਬਚਨ ਕੀਤਾ ਆਪ ਜੈਸੇ ਬਜ਼ੁਰਗਾਂ ਦੇ ਚਰਨ ਝਾੜਨ ਵਾਸਤੇ ਵਧਾਈ ਹੈ। ਸ੍ਰੀ ਚੰਦ ਜੀ ਹੱਸ ਪਏ ਤੇ ਆਖਣ ਲੱਗੇ ਇਹੋ ਜਿਹੀਆਂ ਨਿਮਰਤਾ ਤੇ ਸੇਵਾ ਕਰਕੇ ਤੁਸੀਂ ਸਾਡਾ ਘਰ ਲੁੱਟ ਲਿਆ, ਜੋ ਹੁਣ ਮੇਰੇ ਕੋਲ ਸੀ, ਉਹ ਵੀ ਹੁਣ ਲੈ ਲਿਆ। ਸੇਵਾ ਤੇ ਪੂਰਨ ਭਗਤੀ ਨੇ ਹੀ ਗੁਰਿਆਈ ਸਾਥੋਂ ਲੈ ਲਈ, ਅਸੀ ਨਾਨਕ ਦੇ ਪੁੱਤਰ ਖਾਲੀ ਰਹਿ ਗਏ। ਆਪ ਖੁਸ਼ ਹੋ ਕੇ ਸਤਿਗੁਰਾਂ ਨੂੰ ਬਹੁਤ ਵਰ ਦੇਣ ਲੱਗੇ ਤੇ ਧੰਨ ਧੰਨ ਕਰਦੇ ਚਲੇ ਗਏ।

ਅੰਮ੍ਰਿਤਸਰ ਦੇ ਸਰੋਵਰ ਦੀ ਪਰਤੱਖ ਮਹਾਨਤਾ

ਅੰਮ੍ਰਿਤਸਰ ਦਾ ਸਰੋਵਰ ਪਹਿਲਾਂ ਵੇਖਣ ਨੂੰ ਇਕ ਛੱਪੜੀ ਲੱਗਦੀ ਸੀ ਪਰ ਜਿਸ ਤਰ੍ਹਾਂ ਪਹਿਲਾਂ ਦੱਸਿਆ ਹੈ, ਇਹ ਜੁਗਾਂ ਜੁਗਾਂਤਰਾਂ ਤੋਂ ਰਿਖੀ ਮੁਨੀ ਤੇ ਗੁਰੂ ਨਾਨਕ ਦੇਵ ਜੀ ਦੀ ਭਗਤੀ ਦੇ ਅੰਮ੍ਰਿਤ ਨਾਲ ਭਰਪੂਰ ਸੀ। ਇਕ ਦੁਨੀ ਚੰਦ ਖੱਤਰੀ ਮਫੀਦਾਰ ਕਸਬੇ ਪੱਟੀ ਦਾ ਬੜਾ ਸ਼ਾਹੂਕਾਰ ਸੀ। ਉਸ ਦੀਆਂ ਪੰਜ ਧੀਆਂ ਸਨ। ਇਹਨਾਂ ਵਿਚ ਚਾਰ ਪਿਉ ਦੀ ਸਿਫਤ ਕਰਦੀਆਂ ਰਹਿੰਦੀਆਂ ਪਰ ਪੰਜਵੀਂ ਜਿਸਦਾ ਨਾਮ ਰਜਨੀ ਸੀ, ਉਹ ਏਹ ਹੀ ਆਖਦੀ ਮੈਂ ਤਾਂ ਕਰਮਾਂ ਦਾ ਦਿੱਤਾ ਖਾਂਦੀ ਹਾਂ। ਇਹ ਸੁਣਕੇ ਦੁਨੀ ਚੰਦ ਬਹੁਤ ਕ੍ਰੋਧ ਵਿੱਚ ਆ ਜਾਂਦਾ।

ਜਦ ਰਜਨੀ ਵਿਆਹ ਕਰਨ ਜੋਗੀ ਹੋ ਗਈ, ਤਾਂ ਉਸ ਦੇ ਪਿਉ ਨੇ ਇਸਦਾ ਵਿਆਹ ਇਕ ਕੋਹੜੀ ਨਾਲ ਕਰ ਦਿੱਤਾ, ਜੋ ਉੱਠ ਵੀ ਨਹੀਂ ਸੀ ਸਕਦਾ ਅਤੇ ਹੱਥ ਪੈਰ ਗਲੇ ਹੋਏ ਸਨ। ਦੁਨੀ ਚੰਦ ਰਜਨੀ ਨੂੰ ਆਖਣ ਲੱਗਾ ਹੁਣ ਵੇਖਾਂਗਾ ਤੇਰੇ ਕਰਮਾਂ ਦਾ ਕਿਹੜਾ ਭਗਵਾਨ ਦਿੰਦਾ ਹੈ ਪਰ ਰਜਨੀ ਨੇ ਆਪਣੇ ਪਤੀ ਨੂੰ ਆਪਣੇ ਕਰਮ ਸਮਝ ਕੇ ਇਕ ਖਾਰੇ ਵਿਚ ਪਾ ਲਿਆ (ਭਾਵ ਇਕ ਟੋਕਰੀ ਵਿਚ) ਅਤੇ ਅੰਮ੍ਰਿਤਸਰ ਵਲ ਤੁਰ ਪਈ। ਲੋੜ ਅਨੁਸਾਰ ਰਸਤੇ ਵਿਚ ਅੰਨ ਪਾਣੀ ਮੰਗ ਕੇ ਖਾਂਦੀ ਤੇ ਖੁਆ ਦਿੰਦੀ। ਉਹ ਤੁਰਦੀ ਤੁਰਦੀ ਉਥੇ ਆ ਗਈ ਜਿਥੇ ਉਸ ਦਾ ਉਹ ਭਗਵਾਨ ਸੀ, ਜਿਸਦਾ ਦਿੱਤਾ ਉਹ ਖਾਂਦੀ ਸੀ। ਰਜਨੀ ਨੇ ਵੇਖਿਆ ਇਕ ਸੁੰਦਰ ਛੱਪੜ ਹੈ, ਜਿਸ ਦਾ ਜਲ ਨਿਰਮਲ ਤੇ ਠੰਡੀ ਛਾਂ ਹੈ, ਉਹ ਆਪਣੇ ਪਤੀ ਨੂੰ ਉਥੇ ਟੋਕਰੀ ਵਿਚ ਰੱਖ ਕੇ ਆਪ ਲੰਗਰ ਤੋਂ ਪ੍ਰਸਾਦੇ ਲੈਣ ਚਲੀ ਗਈ। ਉਸ ਦਾ ਪਤੀ

ਆਪਣੀ ਇਸ ਹਾਲਤ ਤੋਂ ਬਹੁਤ ਤੰਗ ਸੀ, ਉਸ ਨੇ ਵੇਖਿਆ ਕਿ ਉਸ ਛੱਪੜੀ ਵਿਚ ਕਾਲੇ ਕਾਗ ਵੜਦੇ ਤੇ ਸਫੈਦ ਹੋ ਨਿਕਲਦੇ ਹਨ। ਉਸ ਨੇ ਸੋਚਿਆ ਮੈਂ ਵੀ ਵੇਖਾਂ ਏਥੇ ਕੀ ਕਰਾਮਾਤ ਹੈ। ਇਹ ਸੋਚ ਕੇ ਉਹ ਰਿੜ੍ਹਦਾ ਰਿੜ੍ਹਦਾ ਉਸ ਜਲ ਕੋਲ ਆ ਗਿਆ ਤੇ ਆਪਣਾ ਹੱਥ ਵਿਚ ਪਾ ਕੇ ਵੇਖਿਆ ਉਹ ਠੀਕ ਹੋ ਗਿਆ। ਉਹ ਰਿੜ੍ਹ ਕੇ ਪਾਣੀ ਵਿਚ ਡਿਗ ਪਿਆ ਤਾਂ ਕੰਚਨ ਵਰਗੀ ਦੇਹ ਹੋ ਗਈ।

ਰਜਨੀ ਵਾਪਸ ਆ ਕੇ ਵੇਖਦੀ ਹੈ ਕਿ ਉਥੇ ਉਸ ਦਾ ਪਤੀ ਨਹੀਂ ਸਗੋਂ ਇਕ ਸੁੰਦਰ ਸਰੂਪ ਨੌਜਵਾਨ ਬੈਠਾ ਹੈ। ਇਹ ਵੇਖ ਕੇ ਉਸ ਨੇ ਕਿਹਾ, "ਮੇਰਾ ਪਤੀ ਏਥੇ ਬੈਠਾ ਸੀ ਤੂੰ ਉਸ ਨੂੰ ਕੀ ਕੀਤਾ?" ਉਸ ਨੇ ਦੱਸਿਆ, "ਮੈਂ ਹੀ ਤੇਰਾ ਪਤੀ ਹਾਂ ਤੇ ਠੀਕ ਹੋ ਗਿਆ ਹਾਂ, ਇਸ ਜਲ ਦੀ ਕਿਰਪਾ ਨਾਲ।" ਪਰ ਰਜਨੀ ਨੂੰ ਯਕੀਨ ਨਾ ਅਇਆ ਤੇ ਉਹ ਦੋਵੇਂ ਸਤਿਗੁਰਾਂ ਕੋਲ ਪਹੁੰਚ ਗਏ ਤੇ ਆਪਣਾ ਸਾਰਾ ਹਾਲ ਦੱਸਿਆ। ਸਤਿਗੁਰੂ ਜੀ ਬਹੁਤ ਖੁਸ਼ ਹੋਏ ਅਤੇ ਬਚਨ ਕੀਤਾ, "ਰਜਨੀ ਇਹ ਤੇਰਾ ਪਤੀ ਹੀ ਹੈ, ਇਹ ਅੰਮ੍ਰਿਤ ਜਲ ਦੁਖ ਭੰਜਨ ਹੈ।" ਉਸ ਦਿਨ ਤੋਂ ਰਜਨੀ ਤੇ ਉਸ ਦਾ ਪਤੀ ਗੁਰੂ ਘਰ ਦੀ ਸੇਵਾ ਵਿਚ ਲੱਗ ਗਏ।

ਓਧਰ ਦੁਨੀ ਚੰਦ ਦਾ ਕੰਮ ਵਿੱਲਾ ਪੈ ਗਿਆ, ਤੇ ਉਸ ਨੂੰ ਕੋਈ ਨਹੀਂ ਪੁੱਛਦਾ। ਉਹ ਦੁਖੀ ਹੋ ਕੇ ਸਤਿਗੁਰਾਂ ਦੀ ਸ਼ਰਨ ਆਇਆ ਤਾਂ ਕੀ ਵੇਖਦਾ ਹੈ ਕਿ ਰਜਨੀ ਉਥੇ ਸੇਵਾ ਕਰਦੀ ਹੈ। ਉਸ ਦਾ ਪਤੀ ਸੁੰਦਰ ਨੌਜਵਾਨ ਵੀ ਉਥੇ ਹੈ। ਉਸ ਨੇ ਸਤਿਗੁਰਾਂ ਕੋਲੋਂ ਆਪਣੀ ਭੁਲ ਬਖਸ਼ਾਈ। ਦੋਨਾਂ ਨੂੰ ਆਪਣੇ ਘਰ ਲੈ ਗਿਆ। ਗੁਰਾਂ ਤੋਂ ਆਗਿਆ ਲੈ ਕੇ ਦੋਨੋਂ ਨਾਲ ਚਲੇ ਗਏ। ਜਿਸ ਤਰ੍ਹਾਂ ਗੁਰਬਾਣੀ ਵਿਚ ਦਰਜ ਹੈ:

"ਅੰਮ੍ਰਿਤਸਰ ਸਤਿਗੁਰ ਸਤਿਵਾਦੀ ਜਿਸ ਨਾਤੇ ਕਉਆ ਹੰਸ ਹੋਏ॥
ਨਾਨਕ ਧੰਨ ਧੰਨ ਵਡੇ ਵਡੇ ਵਡਭਾਗੀ ਗੁਰਮਤ ਨਾਮ ਰਿਦੈ ਮਲ ਧੋਏ॥

ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਭੇਜਣਾ

ਇਕ ਦਿਨ ਗੁਰੂ ਜੀ ਦਿਵਾਨ ਵਿਚ ਬੈਠੇ ਸਨ। ਉਹਨਾਂ ਦੇ ਤਾਏ ਦਾ ਪੁੱਤ ਭਰਾ ਸੋਢੀ ਸਹਾਰੀ ਮੱਲ ਆਇਆ ਅਤੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਦਾਸ ਦੇ ਪੁੱਤਰ ਦਾ ਵਿਆਹ ਹੈ। ਆਪ ਜੀ ਕਿਰਪਾ ਕਰਕੇ ਇਹ ਕਾਰਜ ਕਰੋ, ਏਸੇ ਵਿਚ ਸਾਡੀ ਇੱਜਤ ਤੇ ਵਡਿਆਈ ਹੈ।" ਸਤਿਗੁਰਾਂ ਬਚਨ ਕੀਤਾ, "ਏਥੇ ਇਸ ਵਕਤ

ਸੰਗਤਾਂ ਦੂਰੋਂ ਦੂਰੋਂ ਆਈਆ ਹੋਈਆਂ ਹਨ। ਜੇਕਰ ਅਸੀਂ ਵਿਆਹ ਗਏ ਤਾਂ ਸਾਡੇ ਨਾਲ ਬੇਅੰਤ ਸੰਗਤ ਨੇ ਜਾਣਾ ਹੈ। ਜਿਸ ਨਾਲ ਲੜਕੀ ਵਾਲਿਆਂ ਤੇ ਬੜਾ ਬੋਝ ਪਵੇਗਾ ਅਤੇ ਐਵੇਂ ਭੀੜ ਭਾੜ ਹੀ ਹੋਣੀ ਹੈ, ਇਹ ਕਾਰਜ ਸ਼ਾਂਤੀ ਨਾਲ ਹੀ ਹੋਵੇ ਤਾਂ ਠੀਕ ਹੈ। ਇਸ ਲਈ ਸਾਡਾ ਜਾਣਾ ਬਣਦਾ ਨਹੀਂ।" ਇਹ ਸੁਣ ਕੇ ਸਹਾਰੀ ਮੱਲ ਨੇ ਫਿਰ ਅਰਜ਼ ਕੀਤੀ, ਆਪ ਜੀ ਲੜਕੇ ਨੂੰ ਭੇਜ ਦਿਉ ਆਪ ਜੀ ਦੇ ਪਰਵਾਰ 'ਚੋਂ ਕੋਈ ਤੇ ਹੋਣਾ ਚਾਹੀਦਾ ਹੈ। ਸਤਿਗੁਰਾਂ ਨੇ ਪ੍ਰਿਥੀ ਚੰਦ ਨੂੰ ਕਿਹਾ ਤੁਸੀਂ ਵਿਆਹ ਤੇ ਚਲੇ ਜਾਉ। ਉਸ ਨੇ ਕਿਹਾ ਸਤਿਗੁਰ ਜੀ ਜੇਕਰ ਮੈਂ ਚਲਾ ਗਿਆ ਤਾਂ ਸਾਰੀ ਸੰਗਤ ਦੀ ਸੇਵਾ ਦਾ ਕੰਮ ਕੌਣ ਸੰਭਾਲੇਗਾ। ਸਤਿਗੁਰਾਂ ਮਹਾਂਦੇਵ ਨੂੰ ਇਸ਼ਾਰਾ ਕੀਤਾ, ਉਸ ਨੇ ਕਿਹਾ ਇਹ ਵਿਆਹ ਦੇ ਧੰਦਿਆਂ ਤੋਂ ਅਸੀਂ ਕੀ ਲੈਣਾ, ਅਸੀਂ ਆਪਣੇ ਘਰ ਹੀ ਅਨੰਦ ਵਿਚ ਹਾਂ ਕਿਉਂਕਿ ਇਹ ਮਸਤ ਬਿਰਤੀ ਦੇ ਸਨ। ਜਦ ਸਤਿਗੁਰਾਂ ਅਰਜਨ ਦੇਵ ਜੀ ਵੱਲ ਵੇਖਿਆ ਤਾਂ ਉਹਨਾਂ ਹੱਥ ਜੋੜਕੇ ਚਰਨਾਂ ਤੇ ਮੱਥਾ ਟੇਕਿਆ। ਦਿਲ ਵਿਚ ਵਿਚਾਰਿਆ ਸਾਨੂੰ ਲਾਹੌਰ ਦੀ ਸੰਗਤ ਦੇ ਦਰਸ਼ਨ ਹੋ ਜਾਣਗੇ। ਸਤਿਗੁਰਾਂ ਬਚਨ ਕੀਤਾ ਜਦ ਤੱਕ ਅਸੀਂ ਚਿੱਠੀ ਨਾ ਭੇਜੀਏ ਤੂੰ ਆਣਾ ਨਹੀਂ। ਫਿਰ ਮਾਤਾ ਭਾਨੀ ਜੀ ਕੋਲ ਜਾ ਕੇ ਪਿਤਾ ਗੁਰੂ ਜੀ ਦਾ ਹੁਕਮ ਸੁਣਾਇਆ। ਮਾਤਾ ਜੀ ਬਹੁਤ ਖੁਸ਼ ਹੋਏ ਤੇ ਆਖਿਆ ਬਚਨ ਮੰਨਣਾ ਬਹੁਤ ਜ਼ਰੂਰੀ ਹੈ, ਇਹ ਹੀ ਗੁਰੂ ਦੀ ਸੇਵਾ ਹੈ। ਲਾਹੌਰ ਦੀ ਸੰਗਤ ਨੂੰ ਜਦ ਪਤਾ ਲੱਗਾ ਅਰਜਨ ਦੇਵ ਜੀ ਆ ਰਹੇ ਹਨ, ਸਾਰੀ ਸੰਗਤ ਹੁੰਮ ਹੁਮਾ ਕੇ ਦਰਸ਼ਨ ਕਰਨ ਆਈ। ਸੰਗਤ ਨੇ ਸ਼ਬਦ ਕੀਰਤਨ ਕਰਕੇ ਵਿਆਹ ਦੀ ਰੌਣਕ ਵਧਾ ਦਿੱਤੀ, ਜਿਸ ਨਾਲ ਸਹਾਰੀ ਮੱਲ ਦੀ ਲਾਹੌਰ ਸ਼ਹਿਰ ਵਿਚ ਬੜੀ ਸੋਭਾ ਵਧ ਗਈ। ਉਹ ਬਹੁਤ ਪ੍ਰਸੰਨ ਹੋਏ।

ਵਿਆਹ ਤੋਂ ਬਾਦ ਅਰਜਨ ਦੇਵ ਜੀ ਭਾਵੇਂ ਸੰਗਤ ਨਾਲ ਸ਼ਬਦ ਕੀਰਤਨ ਦਾ ਅਨੰਦ ਮਾਣਦੇ ਰਹੇ ਪਰ ਗੁਰੂ ਦਰਸ਼ਨਾਂ ਤੋਂ ਬਗੈਰ ਉਦਾਸ ਰਹਿੰਦੇ। ਇਥੋਂ ਤਕ ਕੇ ਖਾਣਾ ਪੀਣਾ ਵੀ ਵਿਸਾਰ ਬੈਠੇ ਤੇ ਵੈਰਾਗ ਵਿਚ ਰਹਿਣ ਲੱਗੇ। ਜਦ ਪਿਤਾ ਦਾ ਵਿਛੋੜਾ ਨਾ ਝੱਲਿਆ ਗਿਆ ਤਾਂ ਆਪ ਜੀ ਨੇ ਇਕ ਪੱਤ੍ਰਕਾ ਪਿਤਾ ਗੁਰੂ ਚਰਨਾਂ ਵਿਚ ਲਿਖ ਭੇਜੀ। ਸਿੱਖ ਨੂੰ ਹੁਕਮ ਕੀਤਾ, ਇਸ ਦਾ ਉਤਰ ਸਤਿਗੁਰਾਂ ਤੋ ਲੈ ਕੇ ਆਉਣਾ। ਇਹ ਪੱਤ੍ਰਕਾ ਇਸ ਤਰ੍ਹਾਂ ਸੀ, ਜੋ ਸ਼ਬਦ ਹਜ਼ਾਰੇ ਹਨ।

ਪੱਤ੍ਰਕਾ (੧)

ਮੇਰਾ ਮਨ ਲੋਚੇ ਗੁਰ ਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥

ਤ੍ਰਿਖਾ ਨਾ ਉਤਰੇ ਸਾਂਤਿ ਨ ਆਵੇ
ਬਿਨ ਦਰਸਨ ਸੰਤ ਪਿਆਰੇ ਜੀਉ॥
ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ॥

ਜਦ ਇਹ ਪੱਤ੍ਰਕਾ ਲੈ ਕੇ ਸਿੱਖ ਅੰਮ੍ਰਿਤਸਰ ਪਹੁੰਚਾ, ਅੱਗੋਂ ਪ੍ਰਿਥੀ ਚੰਦ ਮਿਲੇ। ਸਿੱਖ ਨੇ ਉਹ ਪੱਤ੍ਰਕਾ ਉਹਨਾਂ ਨੂੰ ਦੇ ਦਿੱਤੀ ਕਿ ਆਪ ਜੀ ਸਤਿਗੁਰਾਂ ਨੂੰ ਦੇ ਦੇਣਾ। ਪ੍ਰਿਥੀ ਚੰਦ ਨੇ ਉਹ ਪੱਤ੍ਰਕਾ ਖੋਲ੍ਹ ਕੇ ਪੜ੍ਹੀ। ਉਸ ਨੇ ਸੋਚਿਆ ਸੰਗਤ ਦਾ ਸਾਰਾ ਮਾਇਆ ਦਾ ਹਿਸਾਬ ਹੁਣ ਮੈਂ ਕਰਦਾ ਹਾਂ। ਜੇਕਰ ਸਤਿਗੁਰਾਂ ਨੇ ਅਰਜਨ ਦੇਵ ਨੂੰ ਏਥੇ ਬੁਲਾ ਲਿਆ ਤਾਂ ਸ਼ਾਇਦ ਉਸ ਨੂੰ ਸੌਂਪ ਦੇਣ, ਇਸ ਲਈ ਚੰਗਾ ਹੈ ਉਹ ਹਾਲੇ ਉਥੇ ਹੀ ਰਹੇ। ਇਸ ਲਈ ਉਸ ਨੇ ਚਿੱਠੀ ਦਾ ਉਤਰ ਆਪ ਹੀ ਲਿਖ ਭੇਜਿਆ ਕਿ ਤੁਸੀਂ ਹਾਲੇ ਲਾਹੌਰ ਦੀ ਸੰਗਤ ਕੋਲ ਹੀ ਰਹੋ ਤਾਂ ਠੀਕ ਹੈ। ਇਸ ਵਿਚ ਹੀ ਸਾਡੀ ਖੁਸ਼ੀ ਹੈ। ਅਰਜਨ ਦੇਵ ਜੀ ਨੂੰ ਗੁਰ ਬਿਨਾਂ ਇਕ ਪੱਲ ਕੱਟਣਾ ਮੁਸ਼ਕਿਲ ਸੀ, ਉਹਨਾਂ ਨੇ ੨੦ ਦਿਨ ਉਡੀਕ ਕੀਤੀ ਤੇ ਗੁਰੂ ਵੱਲ ਹੋਰ ਪੱਤ੍ਰਕਾ ਲਿਖ ਭੇਜੀ।

ਤੇਰਾ ਮੁਖ ਸੁਹਾਵਾ ਜੀਉ ਸਹਜ ਧੁਨਿ ਬਾਣੀ॥
ਚਿਰ ਹੋਆ ਦੇਖੇ ਸਾਰਿੰਗ ਪਾਣੀ॥
ਧੰਨੁ ਸੁ ਦੇਸ ਜਹਾਂ ਤੂੰ ਵਸਿਆ ਮੇਰੇ ਸਜਨ ਮੀਤ ਮੁਰਾਰੇ ਜੀਉ॥
ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਨ ਮੀਤ ਮੁਰਾਰੇ ਜੀਉ॥

ਇਹ ਚਿੱਠੀ ਲੈ ਕੇ ਵੀ ਪ੍ਰਿਥੀ ਚੰਦ ਨੇ ਸਿੱਖ ਨੂੰ ਪ੍ਰਸਾਦ ਛਕਾ ਕੇ ਮੋੜ ਦਿੱਤਾ। ਆਪ ਚਿੱਠੀ ਗੁੰਮ ਕਰ ਲਈ। ਅਰਜਨ ਦੇਵ ਜੀ ਨੇ ਇਕ ਮਹੀਨਾ ਠਹਿਰਕੇ ਇਕ ਚਿੱਠੀ ਫਿਰ ਲਿਖੀ।

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ
ਹੁਣ ਕਦ ਮਿਲੀਐ ਪ੍ਰਿਅ ਤੁਧ ਭਗਵੰਤਾ॥
ਮੋਹਿ ਰੈਣਿ ਨ ਵਿਹਾਵੇ ਨੀਦ ਨਾ ਆਵੇ
ਬਿਨੁ ਦੇਖੇ ਗੁਰ ਦਰਬਾਰੇ ਜੀਉ॥
ਹਉ ਘੋਲੀ ਜੀਉ ਘੋਲ ਘੁਮਾਈ
ਤਿਸ ਸਚੇ ਗੁਰ ਦਰਬਾਰੇ ਜੀਉ॥

ਇਹ ਚਿੱਠੀ ਦੇ ਕੇ ਅਰਜਨ ਦੇਵ ਜੀ ਨੇ ਸਿੱਖ ਨੂੰ ਕਿਹਾ ਕਿਸੇ ਹੋਰ ਦੇ ਹੱਥ ਨਾ ਦੇਣੀਂ ਸਿਰਫ ਸਤਿਗੁਰਾਂ ਨੂੰ ਹੀ ਦੇਣੀ। ਇਹ ਚਿੱਠੀ ਸਿੱਖ ਨੇ ਆ ਕੇ ਸਤਿਗੁਰਾ

ਅੱਗੇ ਹੀ ਰੱਖੀ। ਸਤਿਗੁਰਾਂ ਪਹਿਲਾਂ ਹੀ ਚਿੱਠੀ ਦਾ ਨੰਬਰ ਵੇਖਿਆ ਤੀਸਰਾ ਹੈ। ਸਤਿਗੁਰਾਂ ਬਚਨ ਕੀਤਾ ਇਹ ਚਿੱਠੀ ਤੀਸਰੀ ਹੈ। ਪ੍ਰਿਥੀ ਚੰਦ ਨੂੰ ਪੁਛਿਆ। ਅਰਜਨ ਦੇਵ ਦੀਆਂ ਦੋ ਚਿੱਠੀਆਂ ਪਹਿਲਾਂ ਵੀ ਆਈਆਂ ਹਨ ਉਹ ਤੇਰੇ ਪਾਸ ਹਨ? ਪ੍ਰਿਥੀ ਚੰਦ ਲਾਹੌਰ ਤੋਂ ਆਏ ਸਿੱਖ ਦੇ ਸਾਹਮਣੇ ਹੀ ਮੁਕਰ ਗਿਆ। ਅੱਗੋਂ ਵੱਧ ਘੱਟ ਬੋਲਣ ਲੱਗਾ, ਕਿਹੜੀ ਉਸ ਤੋਂ ਮੈਂ ਕੋਈ ਹੁੰਡੀ ਮਾਰੀ ਹੈ। ਉਂਜ ਤੁਸਾਂ ਅਰਜਨ ਨੂੰ ਮਾਣ ਦੇਣਾ ਹੈ, ਦੇਈ ਜਾਵੋ।ਸਤਿਗੁਰਾਂ ਨੇ ਇਕ ਸਿੱਖ ਨੂੰ ਹੁਕਮ ਕੀਤਾ ਘਰ ਜਾ ਕੇ ਇਸ ਦਾ ਜਾਮਾ (ਕੁੜਤਾ) ਲੈ ਆਵੋ। ਸਿੱਖ ਬਚਨ ਮੰਨ ਕੇ ਲੈ ਆਇਆ। ਜਦ ਵੇਖਿਆ ਤਾਂ ਸਾਰੀ ਸੰਗਤ ਤੇ ਬਾਬਾ ਬੁੱਢਾ ਜੀ ਵਰਗੇ ਸਿਆਣੇ ਸਿੱਖਾਂ ਦੇ ਸਾਹਮਣੇ ਉਹ ਚਿੱਠੀਆਂ ਜੇਬ ਵਿਚੋਂ ਨਿਕਲ ਆਈਆਂ। ਸਤਿਗੁਰਾਂ ਹੁਕਮ ਕੀਤਾ ਬਾਬਾ ਬੁੱਢਾ ਜੀ ਸਿੱਖਾਂ ਨੂੰ ਨਾਲ ਲੈ ਕੇ ਅਰਜਨ ਦੇਵ ਜੀ ਨੂੰ ਲੈ ਆਵੋ। ਅਰਜਨ ਦੇਵ ਜੀ ਆਉਂਦੇ ਹੀ ਪਿਤਾ ਗੁਰ ਚਰਨਾਂ ਤੇ ਢਹਿ ਪਏ। ਗੁਰੂ ਰਾਮਦਾਸ ਜੀ ਨੇ ਉਹਨਾਂ ਨੂੰ ਆਪਣੀ ਛਾਤੀ ਨਾਲ ਲਾ ਕੇ ਕਿਹਾ, ਹੁਣ ਚੌਥੀ ਪਉੜੀ ਵੀ ਉਚਾਰੋ। ਅਰਜਨ ਦੇਵ ਜੀ ਫਿਰ ਇਹ ਸ਼ਬਦ ਉਚਾਰਨ ਕੀਤਾ।

"ਭਾਗ ਹੋਆ ਗੁਰ ਸੰਤ ਮਿਲਾਇਆ॥
ਪ੍ਰਭ ਅਬਿਨਾਸੀ ਘਰਿ ਮਹਿ ਪਾਇਆ॥
ਸੇਵ ਕਰੀ ਪਲੁਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ॥
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ॥

ਇਹ ਸੁਣ ਕੇ ਗੁਰੂ ਰਾਮਦਾਸ ਜੀ ਬਹੁਤ ਪ੍ਰਸੰਨ ਹੋਏ। ਉਹਨਾਂ ਨੇ ਅਰਜਨ ਦੇਵ ਜੀ ਨੂੰ ਹਰ ਤਰ੍ਹਾਂ ਨਾਲ ਗੁਰਿਆਈ ਦੇ ਲਾਇਕ ਜਾਣਿਆ। ਇਹਨਾਂ ਵਿਚ ਸੰਤ ਸੇਵਾ, ਰਾਜ ਦਵੈਖ ਤੋਂ ਰਹਿਤ ਆਗਿਆਕਾਰ ਤੇ ਕਰਨ ਕਾਰਨ ਸਮਰਥ ਜਾਣਿਆ ਅਤੇ ਬਾਬਾ ਬੁੱਢਾ ਜੀ ਦੀ ਸਲਾਹ ਲੈ ਕੇ ਆਤਮ ਜੋਤ ਬਖਸ਼ ਕੇ ਸੰਮਤ ੧੬੩੮ ਭਾਦਰੋਂ ਸੁਦੀ ੩ ਨੂੰ ਗੁਰੂ ਅਰਜਨ ਦੇਵ ਜੀ ਨੂੰ ਪੰਜ ਪੈਸੇ, ਨਾਰੀਅਲ ਤੇ ਹੋਰ ਮਰਯਾਦਾ ਨਾਲ ਗੁਰਗੱਦੀ ਬਖਸ਼ੀ। ਬਾਬਾ ਬੁੱਢਾ ਜੀ ਤੋਂ ਪਹਿਲਾਂ ਤਿਲਕ ਲਗਵਾਇਆ ਅਤੇ ਸੰਗਤ ਨੂੰ ਹੁਕਮ ਕੀਤਾ ਹੁਣ ਇਸ ਨੂੰ ਗੁਰੂ ਘਰ ਦੀਆਂ ਸਾਰੀਆਂ ਦਾਤਾਂ ਬਖਸ਼ੀਆਂ ਹਨ ਅਤੇ ਸਭ ਤੋਂ ਪਹਿਲਾਂ ਗੁਰੂ ਰਾਮ ਦਾਸ ਜੀ ਨੇ ਆਪ ਮੱਥਾ ਟੇਕਿਆ ਫਿਰ ਬਾਬਾ ਬੁੱਢਾ ਜੀ ਨੇ। ਸਾਰੀ ਸੰਗਤ ਨੇ ਨਮਸਕਾਰ ਕੀਤੀ।

ਫਿਰ ਪ੍ਰਿਥੀ ਚੰਦ ਨੇ ਗੁਰੂ ਰਾਮਦਾਸ ਜੀ ਨੂੰ ਬੜੇ ਕਠੋਰ ਸ਼ਬਦ ਵਰਤੇ।

ਗੁਰੂ ਜੀ ਸ਼ਾਂਤ ਰਹੇ। ਸਤਿਗੁਰਾਂ ਉਸ ਨੂੰ ਸਮਝਾਉਣ ਲਈ ਇਹ ਸ਼ਬਦ ਉਚਾਰਨ ਕੀਤਾ।

ਸ੍ਰੀ ਮੁਖਵਾਕ ਸਾਰਿੰਗ ਮਹਲਾ ੪॥

ਕਾਹੇ ਪੂਤ ਝਗਰਤ ਹਉ ਸੰਗ ਬਾਪ॥
ਜਿਨਕੇ ਜਣੇ ਬਡੇਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥ਰਹਾਉ॥
ਜਿਸ ਧਨ ਕਾ ਤੁਮ ਗਰਬ ਕਰਤ ਹੋਹੁ ਸੋ ਧਨ ਕਿਸਹਿ ਨ ਆਪ॥
ਖਿਨ ਮਹਿ ਛੋਡ ਜਾਇ ਬਿਖਿਆ ਰਸ ਤਉ ਲਾਗੇ ਪਛਤਾਪ॥੧॥
ਜੋ ਤੁਮਰੇ ਰਹਿ ਹੋਤੇ ਸੁਆਮੀ ਹਰਿ ਤਿਨਕੇ ਜਾਪਉ ਜਾਪ॥
ਉਪਦੇਸ ਕਰਤ ਨਾਨਕ ਜਨ ਤੁਮ ਕਉ
ਜਉ ਸੁਨਹੁ ਤਉ ਜਾਇ ਸੰਤਾਪ।੨॥

ਇਹ ਉਪਦੇਸ਼ ਸ੍ਰੀ ਗੁਰੂ ਰਾਮ ਦਾਸ ਜੀ ਨੇ ਪ੍ਰਿਥੀ ਚੰਦ ਨੂੰ ਦੇ ਕੇ ਆਪ ਗੋਇੰਦਵਾਲ ਪਹੁੰਚ ਕੇ ਤੀਸਰੇ ਦਿਨ ਦੇਹ ਦਾ ਉਹਲਾ ਕਰ ਗਏ ਕਿਉਂਕਿ ਗੁਰੂ ਅਮਰ ਦਾਸ ਜੀ ਤੋਂ ਇਹਨਾਂ ਨੂੰ ਏਨਾਂ ਸਮਾਂ ਹੀ ਮਿਲਿਆ ਸੀ। ਸ੍ਰੀ ਗੁਰੂ ਰਾਮਦਾਸ ਜੀ ੫੭ ਸਾਲ ਦੀ ਆਯੂ ਵਿਚ ਹੀ ਇਹ ਸਾਰੇ ਕੌਤਕ ਕੀਤੇ। ਆਪ ਜੀ ਦੇ ਗੁਰਬਾਣੀ ਵਿਚ ਸ਼ਬਦ, ਸਲੋਕ ਤੇ ਛੰਦ ੬੭੯ ਹਨ ਅਤੇ ਸੂਹੀ ਮਹਲਾ ੪ ਲਾਵਾਂ ਵੀ ਆਪ ਜੀ ਨੇ ਕਿਰਪਾ ਕੀਤੀ ਹੈ॥

"ਧੰਨ ਧੰਨ ਰਾਮਦਾਸ ਗੁਰੂ ਜਿਨ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤ ਆਪ ਸਿਰਜਨਹਾਰੈ ਧਾਰਿਆ॥"

****

ਸ੍ਰੀ ਗੁਰੂ ਅਰਜਨ ਦੇਵ ਜੀ



ਸਵਈਏ ਮਹਲੇ ਪੰਜਵੇ ਕੇ

ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ॥
ਫੁਨਿ ਬੇਦ ਬਿਰੰਚਿ ਬਚਾਰਿ ਰਹਿਓ ਹਰਿ ਜਾਪੁ ਨ ਛਾਡਿਓ ਏਕ ਘਰੀ॥
ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸਟਿ ਨਿਹਾਲੁ ਕਰੀ॥
ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਵੈਸਾਖ ਸੁਦੀ ੭ ਦਿਨ ਮੰਗਲਵਾਰ ੧੬੨੦ ਬਿ. ਮੁਤਾਬਕ ੧੫ ਅਪ੍ਰੈਲ ਸੰਨ ੧੫੬੩ ਈਸਵੀ ਨੂੰ ਗੋਇੰਦਵਾਲ (ਜ਼ਿਲ੍ਹਾ ਅੰਮ੍ਰਿਤਸਰ) ਪਿਤਾ ਸ੍ਰੀ ਗੁਰੂ ਰਾਮ ਦਾਸ ਜੀ ਤੇ ਮਾਤਾ ਬੀਬੀ ਭਾਨੀ ਜੀ ਦੇ ਘਰ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਬੜੇ ਪਰਉਪਕਾਰੀ, ਧੀਰਜ ਤੇ ਸ਼ਾਂਤੀ ਦੇ ਪੁੰਜ ਸਨ। ਇਹਨਾਂ ਦੇ ਉਪਕਾਰਾਂ ਦੀ ਤਾਂ ਕੋਈ ਸੀਮਾ ਹੀ ਨਹੀਂ ਰਹੀ। ਜਿੰਨੀ ਕਠਿਨ ਤਪੱਸਿਆ ਤੇ ਸੇਵਾ ਕੀਤੀ ਓਨੇ ਹੀ ਉਪਕਾਰ ਸੰਸਾਰ ਦੇ ਭਲੇ ਲਈ ਕੀਤੇ ਹਨ। ਗੁਰੂ ਅਰਜਨ ਦੇਵ ਜੀ ਜਦ ਗੁਰਗੱਦੀ ਤੇ ਸੁਸ਼ੋਭਿਤ ਹੋਏ ਉਸ ਸਮੇਂ ਗੁਰੂ ਜੀ ਦੀ ਆਯੂ ੧੮ ਸਾਲ ਦੀ ਸੀ। ਸ੍ਰੀ ਆਦਿ ਗਰੰਥ ਸਾਹਿਬ ਦੀ ਸੰਪਾਦਨਾ ਦਾ ਕੰਮ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੬੧ ਬਿਕ੍ਰਮੀ ਸੰਨ ੧੬੦੪ ਈਸਵੀ ਵਿਚ ਪੂਰਾ ਕੀਤਾ। ਇਸ ਪਵਿੱਤਰ ਗ੍ਰੰਥ ਦੀ ਲਿਖਤ ਦਾ ਕੰਮ ਭਾਈ ਗੁਰਦਾਸ ਜੀ ਨੇ ਕੀਤਾ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਗਉੜੀ ਸੁਖਮਨੀ, ਮਾਝ, ਬਾਰਹ ਮਾਹ ਮਾਝ, ਬਾਵਨ ਅਖਰੀ ਕੁਲ ਸ਼ਬਦ ੨੨੧੮, ੩੦ ਰਾਗਾਂ ਵਿਚ ਉਚਾਰਨ ਕੀਤੇ ਹੋਏ ਹਨ। ਇਸ ਤੋਂ ਇਲਾਵਾ ਇਸ ਵਿਚ ੪ ਗੁਰੂ ਸਾਹਿਬਾਨਾਂ, ੧੫ ਸੰਤ-ਭਗਤਾਂ, ੧੧ ਭੱਟ ਕਵੀਆਂ ਤੇ ਚਾਰ ਗੁਰੂ ਘਰ ਦੇ ਨਿਕਟਵਰਤੀ ਰਬਾਬੀਆਂ ਦੀ ਬਾਣੀ ਅੰਕਿਤ ਕੀਤੀ ਅਤੇ ਸਿੱਖੀ ਪ੍ਰਚਾਰ ਲਈ ਭਾਵੇਂ ਤੀਸਰੇ ਪਾਤਸ਼ਾਹ ਨੇ ੨੨ ਮੰਜੀਆਂ ਥਾਪੀਆਂ ਸਨ ਤੇ ਚੌਥੇ ਪਾਤਸ਼ਾਹ ਨੇ ੨੨ 'ਮਸੰਦ' ਥਾਪੇ ਸਨ ਪਰ ਗੁਰੂ ਅਰਜਨ ਦੇਵ ਜੀ ਨੇ ਸਿੱਖੀ ਪ੍ਰਚਾਰ ਲਈ ਭਾਈ ਬਹਿਲੋ ਮਾਲਵੇ ਦੇ ਫਫੜੇ ਦਾ ਸੰਧੂ, ਹੁਸ਼ਿਆਰਪੁਰ ਜ਼ਿਲ੍ਹੇ ਦੇ ਭਾਈ ਮੰਝ, ਭਾਈ ਬੰਨੋ ਖਾਰਾ-ਮਾਂਗਟ (ਗੁਜਰਾਤ) ਵਿਚ ਦੌਰੇ ਕਰਨ ਭੇਜੇ। ਇਹਨਾਂ ਦਿਨਾਂ ਵਿਚ ਹੀ ਸਿਰੜੀ ਸਿੱਖ ਸਜੇ।

੧੬੩੯ ਬਿ. ਦੀ ਗੱਲ ਹੈ ਜਦੋਂ ਹਜ਼ੂਰੀ ਰਾਗੀ ਸੱਤਾ ਤੇ ਬਲਵੰਡਾ ਨੇ ਕਾਰਨ ਵੱਸ ਕੀਰਤਨ ਕਰਨਾ ਬੰਦ ਕਰ ਦਿੱਤਾ, ਉਸ ਸਮੇਂ ਗੁਰੂ ਅਰਜਨ ਦੇਵ ਜੀ ਆਪ ਸਰੰਦਾ ਲੈ ਕੇ ਕੀਰਤਨ ਕਰਨ ਲੱਗੇ। ਇਸ ਘਟਨਾ ਉਪਰੰਤ ਸਿੱਖਾਂ ਵਿਚ ਆਪ ਕੀਰਤਨ ਕਰਨ ਦੀ ਪ੍ਰਥਾ ਵੀ ਸ਼ੁਰੂ ਹੋ ਗਈ। ਸਤਿਗੁਰਾਂ ਨੇ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੀ ਸੇਵਾ ਕਰਕੇ ਵਸਾਇਆ ਤੇ ਤਰਨਤਾਰਨ ਅਤੇ ਹੋਰ ਕਈ ਅਸਥਾਨਾਂ ਦੇ ਭਾਗ ਜਗਾਏ, ਸੰਸਾਰੀ ਜੀਵਾਂ ਦੇ ਭਲੇ ਲਈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਬਣਾਉਣ ਸਮੇਂ ਭਾਈ ਗੁਰਦਾਸ ਜੀ, ਬੂਲਾ, ਬਹਿਲੋ, ਕਲਿਆਣਾ ਆਦਿ ਸਿੱਖਾਂ ਤੋਂ ਸੇਵਾ ਲਈ ਅਤੇ ਆਪ ਨੇ ਮੀਆਂ ਮੀਰ, ਜੋ ਸਤਿਗੁਰਾਂ ਦਾ ਬਹੁਤ ਹੀ ਸੱਚਾ ਪ੍ਰੇਮੀ ਸਿੱਖ ਸੀ, ਉਸ ਨੂੰ ਵੀ

ਪੂਰਾ ਮਾਣ ਬਖਸ਼ਿਆ। ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਘਰ ਵਿਚ ਸਭ ਇਕੋ ਸਮਝੇ ਜਾਂਦੇ ਹਨ। ਉਸ ਵਕਤ ਸੇਵਾ ਲਈ ਸੰਗਤਾਂ ਦੂਰੋਂ ਦੂਰੋਂ ਆਣ ਲੱਗੀਆਂ। ਜਿਵੇਂ ਕਾਬੁਲ, ਕੰਧਾਰ, ਪੋਠੋਹਾਰ, ਸਿੰਧ ਪੂਰਬ, ਉੱਤਰ ਆਦਿ ਤੋਂ ਇਲਾਵਾ ਦੇਵਤੇ ਵੀ ਸੇਵਾ ਕਰਨ ਆਉਂਦੇ ਸਨ। ਆਖਦੇ ਹਨ ਜਿਸ ਵਕਤ ਭਗਵਾਨ ਵਿਸ਼ਨੂੰ, ਸ਼ਿਵ ਸੰਸਾਰੀ ਬਣ ਕੇ ਸੇਵਾ ਕਰਨ ਲੱਗੇ ਤਾਂ ਗੁਰੂ ਅਰਜਨ ਦੇਵ ਜੀ ਇਹ ਸ਼ਬਦ ਉਚਾਰਿਆ।

ਸੂਹੀ ਮਹਲਾ ੫

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚ ਅੰਮ੍ਰਿਤੁ ਜਲੁ ਛਾਇਆ ਰਾਮ॥
ਅੰਮ੍ਰਿਤੁ ਜਲੁ ਛਾਇਆ ਪੂਰਨ ਸਾਜ ਕਰਾਇਆ ਸਗਲ ਮਨੋਰਥ ਪੂਰੇ॥
ਜੈ ਜੈ ਕਾਰ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥
ਆਪਨਾ ਬਿਰਦ ਰਖਿਆ ਪ੍ਰਮੇਸਰ ਨਾਨਕ ਨਾਮੁ ਧਿਆਇਆ॥

ਇਸੇ ਤਰ੍ਹਾਂ

ਸੂਹੀ ਮਹਲਾ ੫

ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮ ਜਪਤ ਸੁਖ ਪਾਇਆ॥

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਆਹ ਪਿੰਡ ਮਾਉ ਪ੍ਰਗਣੇ ਫਲੌਰ ਕ੍ਰਿਸ਼ਨ ਚੰਦ ਖੱਤਰੀ ਦੀ ਬੇਟੀ ਮਾਤਾ ਗੰਗਾ ਜੀ ਨਾਲ ੨੨ ਹਾੜ੍ਹ ਸੰਮਤ ੧੬੩੬ ਬਿਕ੍ਰਮੀ ਮੁਤਾਬਕ ੧੫੭੯ ਈਸਵੀ ਵਿਚ ਹੋਇਆ ਸੀ।

ਸ੍ਰੀ ਗੁਰੂ ਹਰਗੋਬਿੰਦ ਜੀ ਦਾ ਅਵਤਾਰ

ਮਾਤਾ ਗੰਗਾ ਜੀ ਨੇ ਇਕ ਵਾਰ ਸਤਿਗੁਰਾਂ ਅੱਗੇ ਅਰਜ਼ ਕੀਤੀ ਸੱਚੇ ਪਾਤਸਾਹ ਕਿਰਪਾ ਕਰੋ ਮੈਨੂੰ ਪੁੱਤਰ ਦੀ ਦਾਤ ਬਖਸ਼ੋ। ਗੁਰੂ ਅਰਜਨ ਦੇਵ ਜੀ ਬਚਨ ਕੀਤਾ ਬਾਬਾ ਬੁੱਢਾ ਜੀ ਕੋਲ ਜਾਉ, ਉਹ ਹੀ ਕਿਰਪਾ ਕਰਨਗੇ। ਪਹਿਲਾਂ ਮਾਤਾ ਜੀ ਆਪ ਹੱਥੀਂ ਸੇਵਾ ਨਾ ਕੀਤੀ ਪਰ ਪ੍ਰਸ਼ਾਦ ਪਾਣੀ ਲੈ ਕੇ ਸੇਵਕਾਂ ਨਾਲ ਬਾਬਾ ਬੁੱਢਾ ਜੀ ਕੋਲ ਗਏ, ਰੱਥ ਤੇ ਬੈਠ ਕੇ। ਦੂਰੋਂ ਬਾਬਾ ਬੁੱਢਾ ਜੀ ਨੇ ਧੂੜ ਉਡਦੀ ਵੇਖ ਕੇ ਆਖਿਆ ਉਹ ਕੌਣ ਆ ਰਹੇ ਹਨ। ਸਿੱਖਾਂ ਆਖਿਆ ਗੁਰੂ ਕੇ ਮਹਿਲ ਹਨ। ਬਾਬਾ ਬੁੱਢਾ ਜੀ ਬਚਨ ਕੀਤਾ, "ਗੁਰੂ ਕਿਆਂ ਨੂੰ ਕੀ ਭਾਜੜ ਪੈ ਗਈ?" ਮਾਤਾ ਜੀ ਦਾ ਲਿਆਂਦਾ ਪ੍ਰਸ਼ਾਦ ਵੀ ਨਾ ਛਕਿਆ। ਮਾਤਾ ਜੀ ਇਹ ਵਾਰਤਾ ਸਤਿਗੁਰਾਂ ਨੂੰ ਸੁਣਾਈ।

ਸਤਿਗੁਰਾਂ ਬਚਨ ਕੀਤਾ, "ਤੁਸੀਂ ਤਾਂ ਸਰਾਪ ਲੈ ਆਏ ਹੋ, ਹੁਣ ਆਪ ਚੱਕੀ ਨਾਲ ਆਟਾ ਪੀਸ ਕੇ ਹੱਥੀਂ ਸੇਵਾ ਕਰਕੇ ਜਾਉ।" ਫਿਰ ਮਾਤਾ ਜੀ ਨੇ ਆਪ ਮਿੱਸਾ ਆਟਾ ਚੱਕੀ ਨਾਲ ਪੀਸ ਕੇ ਮਿੱਸੇ ਪ੍ਰਸ਼ਾਦੇ ਬਣਾ ਕੇ, ਲੱਸੀ ਤੇ ਗੰਢੇ ਨਾਲ ਲੈ ਕੇ, ਸਿਰ ਤੇ ਚੁੱਕ ਕੇ, ਨੰਗੇ ਪੈਰੀ ਪ੍ਰਸ਼ਾਦਾ ਲੈ ਕੇ ਗਏ। ਬਾਬਾ ਬੁੱਢਾ ਜੀ ਬਹੁਤ ਖੁਸ਼ ਹੋ ਕੇ ਆਖਣ ਲੱਗੇ, ਮਾਤਾ ਮੈਨੂੰ ਬੜੀ ਭੁੱਖ ਲੱਗੀ ਹੈ, ਅੱਛਾ ਹੋਇਆ ਤੁਸੀਂ ਪ੍ਰਸ਼ਾਦ ਲੈ ਕੇ ਆਏ ਹੋ। ਬਾਬਾ ਬੁੱਢਾ ਜੀ ਨਾਲੇ ਪ੍ਰਸ਼ਾਦ ਛਕੀ ਜਾਂਦੇ ਹਨ ਤੇ ਨਾਲੇ ਮਾਤਾ ਜੀ ਨੂੰ ਵਰ ਦਈ ਜਾਂਦੇ ਹਨ। ਤੇਰੇ ਘਰ ਐਸਾ ਜੋਧਾ ਆਵੇਗਾ, ਗੰਢਾ ਭੰਨ ਕੇ ਆਖਣ, ਉਹ ਜ਼ਾਲਮਾਂ ਦੇ ਸਿਰ ਏਦਾਂ ਭੰਨੇਗਾ। ਬਾਬਾ ਬੁੱਢਾ ਜੀ ਤੋਂ ਵਰ ਲੈ ਕੇ ਮਾਤਾ ਜੀ ਬਹੁਤ ਖੁਸ਼ੀ ਨਾਲ ਘਰ ਆਏ। ਮਾਤਾ ਗੰਗਾ ਜੀ ਦੇ ਘਰ ਸ੍ਰੀ ਗੁਰੂ ਹਰਗੋਬਿੰਦ ਜੀ ਗੁਰੂ ਅਰਜਨ ਦੇਵ ਜੀ ਦੇ ਲਾਡਲੇ ਪ੍ਰਗਟੇ ੧੬੫੨ ਬਿਕ੍ਰਮੀ ਮੁਤਾਬਿਕ ੧੪ ਜੂਨ ੧੫੯੫ ਈਸਵੀ ਨੂੰ। ਸਭ ਨੇ ਬੜੀਆ ਖੁਸ਼ੀਆਂ ਪ੍ਰਗਟ ਕੀਤੀਆਂ। ਇਸੇ ਖੁਸ਼ੀ ਵਿਚ ਗੁਰਾਂ ਨੇ ਸੰਗਤਾਂ ਲਈ ਛਿਹਰਟਾ ਸਾਹਿਬ ਖੂਹ ਲੁਆ ਦਿੱਤਾ। ਇਸ ਅਸਥਾਨ ਤੇ ਹੁਣ ਵੀ ਬਸੰਤ ਦਾ ਮੇਲਾ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਪ੍ਰਿਥੀ ਚੰਦ ਨੂੰ ਖੁਸ਼ੀ ਨਹੀਂ ਸਗੋਂ ਵਿਰੋਧ ਹੋਇਆ। ਉਸ ਨੇ ਸੋਚਿਆ ਹਰਗੋਬਿੰਦ ਨੂੰ ਹੁਣੇ ਕਿਸੇ ਤਰੀਕੇ ਨਾਲ ਮਾਰ ਦਿੱਤਾ ਜਾਵੇ। ਉਸ ਨੇ ਦਾਈ ਦੇ ਰਾਹੀਂ ਜ਼ਹਿਰ ਦੇਣ ਦੀ ਕੋਸ਼ਿਸ਼ ਕੀਤੀ ਪਰ ਦੁਆਪਰ ਦੇ ਕ੍ਰਿਸ਼ਨ ਤੇ ਪੂਤਨਾ ਵਾਂਗ ਹੋਇਆ, ਉਹ ਆਪ ਹੀ ਮਰ ਗਈ। ਏਸੇ ਤਰ੍ਹਾਂ ਹੋਰ ਵੀ ਕਈ ਢੰਗ ਵਰਤੇ ਪਰ ਉਨ੍ਹਾਂ ਦਾ ਵਾਲ ਵਿੰਗਾ ਹੋ ਹੀ ਨਹੀਂ ਸਕਦਾ ਸੀ। ਸਗੋਂ ਪ੍ਰਿਥੀ ਚੰਦ ਦੀ ਸੰਗਤ ਵਿਚ ਨਿਰਾਦਰੀ ਹੋ ਗਈ। ਇਸ ਲਈ ਉਹ ਆਪਣੇ ਸਹੁਰੇ ਪਿੰਡ ਰਹਿਣ ਚਲੇ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਭੇਜਿਆ ਕਿ ਪ੍ਰਿਥੀ ਚੰਦ ਨੂੰ ਅੰਮ੍ਰਿਤਸਰ ਲੈ ਆਉ ਪਰ ਉਹ ਕਰੋਧ ਦਾ ਸ਼ਿਕਾਰ ਬਣਿਆ ਸੀ, ਨਾ ਆਇਆ। ਸਗੋਂ ਗੁਰੂ ਘਰ ਨਾਲ ਵਿਰੋਧ ਵਧਦਾ ਗਿਆ ਤੇ ਉਸ ਨੇ ਏਥੋਂ ਦੇ ਬਾਦਸ਼ਾਹ ਦਾ ਜੋ ਮੁਸਾਹਿਬ ਸੁਲਹੀ ਖਾਨ ਸੀ, ਉਸ ਨਾਲ ਗੱਲਬਾਤ ਕੀਤੀ, ਤੇ ਉਹ ਅੰਮ੍ਰਿਤਸਰ ਵੱਲ ਤੁਰ ਪਿਆ। ਸੁਲਹੀ ਆਪਣੇ ਆਪ ਨੂੰ ਬਹੁਤ ਬਹਾਦਰ ਸਮਝਦਾ ਸੀ ਤੇ ਹੰਕਾਰੀ ਵੀ ਸੀ। ਸਿੱਖਾਂ ਸਤਿਗੁਰਾਂ ਅੱਗੇ ਅਰਜ਼ ਕੀਤੀ ਸੁਲਹੀ ਚੜ੍ਹਾਈ ਕਰਕੇ ਆ ਰਿਹਾ ਹੈ। ਸਤਿਗੁਰਾਂ ਬਚਨ ਕੀਤਾ ਆਣ ਦਿਉ , ਤੁਸਾਂ ਦਾ ਗੁਰੂ ਰਾਖਾ, ਭਜਨ ਕਰੋ। ਸਿੱਖ ਬੜੇ ਹੈਰਾਨ ਸਨ। ਉਧਰ ਰਸਤੇ ਵਿਚ ਜਦ ਸੁਲਹੀ ਇਕ ਆਵੇ ਕੋਲ (ਜਿਥੇ ਮਿੱਟੀ ਦੇ ਭਾਂਡੇ ਅੱਗ ਵਿਚ ਰੱਖ ਕੇ ਪਕਾਏ ਜਾਂਦੇ ਹਨ) ਪਹੁੰਚਿਆ ਤਾਂ ਉਸ ਦਾ ਘੋੜਾ ਅੱਗ ਵੱਲ ਵੇਖ ਕੇ ਐਸਾ

ਤੁਥਕਿਆ ਜਿਸ ਨਾਲ ਸੁਲਹੀ ਬਲਦੇ ਆਵੇ ਵਿਚ ਜਾ ਪਿਆ ਅਤੇ ਸੜ ਕੇ ਉਥੇ ਹੀ ਮਰ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਸਬਦ ਹੈ।

ਬਿਲਾਵਲ ਮਹਲਾ ੫

ਸੁਲਹੀ ਤੇ ਨਾਰਾਇਣ ਰਾਖੁ॥
ਸੁਲਹੀ ਕਾ ਹਾਥ ਕਹੀ ਨ ਪਹੁਚੈ
ਸੁਲਹੀ ਹੋਇ ਮੂਆ ਨਾ ਪਾਕ॥

. ਮੁਸਲਮਾਨਾ ਵਿਚ ਅੱਗ ਵਿਚ ਪੈ ਕੇ ਸੜੇ, ਤਾਂ ਉਸ ਨੂੰ ਨਾਪਾਕ ਸਮਝਦੇ ਹਨ ਕਿ ਇਹ ਨਰਕਾਂ ਨੂੰ ਗਿਆ।

ਅਕਬਰ ਬਾਦਸ਼ਾਹ ਦੇ ਮਰਨ ਤੋਂ ਬਾਅਦ ਉਸ ਦਾ ਲੜਕਾ ਜਹਾਂਗੀਰ ਤਖਤ ਤੇ ਬੈਠਾ ਸੀ। ਜਹਾਂਗੀਰ ਦਾ ਲੜਕਾ ਸੀ ਖੁਸਰੋ। ਇਨ੍ਹਾਂ ਪਿਉ ਪੁੱਤਰਾਂ ਦੀ ਲੜਾਈ ਹੋ ਗਈ, ਖੁਸਰੋ ਹਾਰ ਗਿਆ ਅਤੇ ਫਿਰ ਉਸ ਨੂੰ ਹੋਰ ਕਿਤੇ ਢੋਈ ਨਾ ਮਿਲੀ ਉਹ ਠੋਕ੍ਹਰਾਂ ਖਾਂਦਾ ਖਾਂਦਾ ਤਰਨਤਾਰਨ ਗੁਰੂ ਅਰਜਨ ਦੇਵ ਜੀ ਕੋਲ ਅਇਆ। ਉਥੇ ਆ ਕੇ ਬੇਨਤੀ ਕੀਤੀ, ਮੈਨੂੰ ਮਦਦ ਦਿਉ। ਸਤਿਗੁਰਾਂ ਬਚਨ ਕੀਤਾ ਲੰਗਰ ਚੋਂ ਪ੍ਰਸ਼ਾਦਾ ਛਕੋ, ਜੋ ਗੁਰੂ ਕਾ ਹੈ। ਫਿਰ ਉਸ ਨੇ ਮਾਇਆ ਮੰਗੀ। ਸਤਿਗੁਰਾਂ ਬਚਨ ਕੀਤਾ ਤੂੰ ਆਖਦਾ ਹੈਂ ਤੂੰ ਫਕੀਰਾਂ ਕੋਲ ਆਇਆ ਹੈਂ। ਫਕੀਰਾਂ ਕੋਲ ਮਾਇਆ ਨਹੀਂ ਹੁੰਦੀ। ਖੁਸਰੋ ਚਰਨਾਂ ਤੇ ਡਿਗ ਪਿਆ ਅਤੇ ਆਖਣ ਲੱਗਾ ਜੇਕਰ ਮੈਨੂੰ ਏਥੇ ਕੁਝ ਨਾ ਮਿਲਿਆ ਤਾਂ ਹੋਰ ਕਿਥੇ ਮਿਲੇਗਾ ? ਮੈਂ ਸ਼ਰਨ ਆਇਆ ਹਾਂ। ਸਤਿਗੁਰਾਂ ਉਸ ਨੂੰ ਪੰਜ ਹਜ਼ਾਰ ਮੋਹਰਾਂ ਦੇ ਕੇ ਤੋਰਿਆ ਅਤੇ ਬਚਨ ਕੀਤਾ ਪਿਉ ਕੋਲ ਜਾਕੇ ਮੁਆਫੀ ਮੰਗ ਲੈ ਤੇਰੇ ਲਈ ਇਹ ਠੀਕ ਹੈ।

ਇਹਨੀ ਦਿਨੀਂ ਮਾਤਾ ਭਾਨੀ ਜੀ ਗੋਇੰਦਵਾਲ ਸਨ। ਬਾਬਾ ਮਹਾਂਦੇਵ ਜੀ ਅਕਾਲ ਚਲਾਣਾ ਕਰ ਗਏ ਸਨ। ਪ੍ਰਿਥੀ ਚੰਦ ਲਾਹੌਰ ਜਾ ਰਿਹਾ ਸੀ ਪਰ ਰਸਤੇ ਵਿਚ ਹਹਰੇ ਪਿੰਡ ਜਾਕੇ ਚੜ੍ਹਾਈ ਕਰ ਗਿਆ।

ਖੁਸਰੋ ਦੇ ਜਾਣ ਤੋਂ ਬਾਦ ਗੁਰੂ ਘਰ ਦੇ ਜੋ ਵਿਰੋਧੀ ਸਨ, ਉਹਨਾਂ ਨੇ ਬਾਦਸ਼ਾਹ ਕੋਲ ਜਾ ਚੁਗਲੀ ਕੀਤੀਂ ਕਿ ਗੁਰੂ ਘਰੋਂ ਖੁਸਰੋ ਨੂੰ ਮਦਦ ਮਿਲੀ ਹੈ।ਜਹਾਂਗੀਹ ਅੱਗੇ ਹੀ ਗੁਰੂ ਘਰ ਦਾ ਵਿਰੋਧੀ ਸੀ। ਉਸ ਨੂੰ ਇਹ ਬਹਾਨਾ ਮਿਲ ਗਿਆ। ਉਹ ਅੱਗ ਬਬੂਲਾ ਹੋ ਗਿਆ। ਉਸ ਨੇ ਗੰਗੂ ਨੂੰ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰਕੇ ਸਜ਼ਾ ਦੇਣ ਦਾ ਹੁਕਮ ਦੇ ਦਿੱਤਾ। ਗੰਗੂ ਪਹਿਲਾਂ ਹੀ ਮੌਕਾ ਭਾਲਦਾ ਸੀ, ਉਸ ਦਾ ਇਕ ਕਾਰਨ ਇਹ ਵੀ ਸੀ ਕਿ ਚੰਦੂ ਲਾਲ ਖੱਤਰੀ ਪਿੰਡ

ਰੂਹੇਲਾ ਜ਼ਿਲ੍ਹਾ ਗੁਰਦਾਸਪੁਰ ਦਾ, ਲਾਹੌਰ ਨੌਕਰੀ ਕਰਦਾ ਸੀ। ਉਸ ਦੀ ਲੜਕੀ ਦਾ ਸਾਕ ਗੁਰੂ ਘਰ ਦੀ ਸੰਗਤਾਂ ਨੇ ਲੈਣ ਤੋਂ ਇਨਕਾਰ ਕਰ ਦਿਤਾ ਸੀ ਕਿਉਂਕਿ ਉਹ ਹੰਕਾਰੀ ਪੁਰਸ਼ ਸੀ। ਉਸ ਨੇ ਗੁਰੂ ਘਰ ਲਈ ਕੌੜੇ ਸ਼ਬਦ ਵਰਤੇ ਸਨ ਅਤੇ ਗੁਰੂ ਘਰ ਨੂੰ ਨੀਵਾਂ ਤੇ ਆਪਣੇ ਆਪ ਨੂੰ ਉੱਚਾ ਆਖਿਆ ਸੀ। ਉਸ ਨੇ ਵੀ ਮੁਗਲ ਬਾਦਸ਼ਾਹ ਨੂੰ ਭੜਕਾ ਕੇ ਆਪਣਾ ਬਦਲਾ ਲੈਣਾ ਚਾਹਿਆ। ਜਹਾਂਗੀਰ ਦਾ ਹੁਕਮ ੨੩ ਮਈ ਨੂੰ ਜਾਰੀ ਹੋਇਆ। ਗੁਰੂ ਜੀ ਨੂੰ ੨੬ ਮਈ ਨੂੰ ਹਿਰਾਸਤ ਵਿਚ ਲਿਆ ਗਿਆ।

ਸਰਕਾਰੀ ਹਾਕਮਾਂ ਨੇ ਗੁਰੂ ਜੀ ਤੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਉਬਲਦੀ ਦੇਗ ਵਿਚ ਬਿਠਾਇਆ, ਤੱਤੀਆਂ ਤਵੀਆਂ ਤੇ ਬਿਠਾ ਕੇ ਤੱਤਾ ਰੇਤਾ ਸੀਸ ਤੇ ਪਇਆ। ਇਹ ਸਭ ਜਦ ਮੀਆਂ ਮੀਰ ਜੋ ਗੁਰਾਂ ਦਾ ਸਿੱਖ ਸੀ, ਉਸ ਨੂੰ ਪਤਾ ਲੱਗਾ, ਤਾਂ ਉਹ ਸਤਿਗੁਰਾਂ ਦੇ ਦਰਸ਼ਨ ਕਰਨ ਆਇਆ। ਉਸ ਨੇ ਇਹ ਸਭ ਵੇਖਿਆ ਤੇ ਤੜਫ ਉਠਿਆ। ਹੱਥ ਜੋੜ ਕੇ ਅਰਜ਼ ਕੀਤੀ, ਸੱਚੇ ਪਾਤਸ਼ਾਹ ਹੁਕਮ ਕਰੋ, ਦਿੱਲੀ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦਿਆਂ। ਇਹਨਾਂ ਜ਼ਾਲਮਾਂ ਨੂੰ ਮੁਕਾ ਦਿਆਂ ਕਿਉਂਕਿ ਇਹ ਵੀ ਇਕ ਸ਼ਕਤੀਵਾਨ ਸੀ। ਸਤਿਗੁਰੂ ਸ਼ਾਂਤ ਰੂਪ ਬਚਨ ਕੀਤਾ, "ਕਰਨੀ ਨਾਮ ਹੈ ਕਹਿਰ ਦਾ, ਇਹ ਨਹੀ ਕਰਨਾ, ਸ਼ਾਂਤ ਰਹੋ ਇਹ ਸਭ ਭਾਣਾ ਅਕਾਲ ਪੁਰਖ ਦਾ ਹੈ। ਉਸ ਦੇ ਹੁਕਮ ਬਗੈਰ ਕੁਝ ਨਹੀਂ ਹੁੰਦਾ, ਅਸੀਂ ਹੁਕਮ ਸਮਝ ਪ੍ਰਵਾਨਿਆਂ ਹੈ।"

ਗੁਰੂ ਜੀ ਨੂੰ ਨਾ ਡੋਲਦਾ ਵੇਖਕੇ ਹਾਕਮਾਂ ਨੇ ਗਊ ਦੇ ਚਮੜੇ ਵਿਚ ਮੜ੍ਹਾਉਣ ਦਾ ਪ੍ਰੋਗਰਾਮ ਬਣਾਇਆ ਕਿਉਂਕਿ ਜ਼ਾਲਮ ਨੂੰ ਪਤਾ ਸੀ ਹਿੰਦੂ ਗਊ ਦੀ ਹੱਤਿਆ ਨਹੀਂ ਕਰਨ ਦਿੰਦੇ। ਜਦ ਇਹ ਗੁਰੂ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਰਾਵੀ ਵਿਚ ਇਸ਼ਨਾਨ ਕਰਨ ਦੀ ਇੱਛਾ ਪ੍ਰਗਟਾਈ। ਉਹਨਾਂ ਹਾਕਮਾਂ ਨੇ ਸੋਚਿਆ ਠੰਡਾ ਪਾਣੀ ਗੁਰੂ ਜੀ ਨੂੰ ਜਿਆਦਾ ਕਸ਼ਟ ਦੇਵੇਗਾ। ਇਸ ਲਈ ਆਗਿਆ ਦੇ ਦਿੱਤੀ। ਗੁਰੂ ਜੀ ਰਾਵੀ ਤੇ ਇਸ਼ਨਾਨ ਕਰਨ ਗਏ। ਜੇਠ ਸੁਦੀ ਚੌਥ ਸੰਮਤ ੧੬੬੩ ਬਿਕ੍ਰਮੀ ਮੁਤਾਬਕ ੩੦ ਮਈ ਸੰਨ ੧੬੦੬ ਨੂੰ ਲਾਹੌਰ ਵਿਖੇ ਸ਼ਹੀਦ ਹੋਏ। ਇਹ ਇਕ ਸ਼ਹੀਦੀ ਦੀ ਨੀਂਹ ਪੱਕੀ ਰੱਖ ਕੇ ਗਏ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ।

***

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ



(ਭਾਈ ਗੁਰਦਾਸ ਜੀ ਲਿਖਦੇ ਹਨ)

ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ॥
ਅਰਜਨ ਕਾਇਆ ਪਲਟ ਕੈ ਮੂਰਤਿ ਹਰਗੋਬਿੰਦ ਸਵਾਰੀ॥
ਚੱਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਣ ਵਾਰੋ ਵਾਰੀ॥
ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪ੍ਰਉਪਕਾਰੀ॥

ਪੁਛਨ ਸਿੱਖ ਅਰਦਾਸ ਕਰ ਛੇ ਮਹਿਲਾ ਤਕ ਦਰਸੁ ਨਿਹਾਰੀ॥
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ॥
ਕਲਿਜੁਗ ਪੀੜੀ ਸੋਡੀਆਂ ਨਿਹਚਲ ਨੀਵ ਉਸਾਰ ਖਲ੍ਹਾਰੀ॥
ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ॥ (ਭਾਈ ਗੁਰਦਾਸ)

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਹਾੜ੍ਹ ਵਦੀ ੬ ਸੰਮਤ ੧੬੫੨ ਬਿਕ੍ਰਮੀ ਮੁਤਾਬਿਕ ੧੭ ਜੂਨ ੧੫੯੫ ਈਸਵੀ ਵਿਚ ਮਾਤਾ ਗੰਗਾ ਜੀ ਤੇ ਪਿਤਾ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਵਡਾਲੇ ਪਿੰਡ ਹੋਇਆ।

ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਦੀ ਗਿਰਫਤਾਰੀ ਕਰਨ ਲਈ ੨੩ ਮਈ ਸੰਨ ੧੬੦੬ ਨੂੰ ਹੁਕਮ ਜਾਰੀ ਕੀਤਾ, ਉਸੇ ਵਕਤ ਗੁਰੂ ਅਰਜਨ ਦੇਵ ਜੀ ਨੇ ਇਹਨਾਂ ਨੂੰ ਗੁਰਗੱਦੀ ਦੀ ਕਿਰਪਾ ਕਰਕੇ ਸਰਬ ਕਲਾ ਸਮਰਥ ਬਣਾ ਦਿਤਾ ਸੀ। ਉਸ ਵਕਤ ਆਪ ਜੀ ਜੀਵਨ ਦੇ ਗਿਆਰਵੇਂ ਵਰ੍ਹੇ ਵਿਚ ਸਨ। ਮਰਯਾਦਾ ਅਨੁਸਾਰ ਆਪ ਜੀ ਨੂੰ ਉਸ ਵਕਤ ਦੇ ਮਸੰਦਾਂ ਨੇ ਮੰਜੀ ਤੇ ਸੇਲ੍ਹੀ ਟੋਪੀ ਪਾ ਮੱਥਾ ਟੇਕਿਆ। ਸਤਿਗੁਰਾਂ ਬਚਨ ਕੀਤਾ, ਇਹ ਮੰਜੀ ਸ੍ਰੀ ਆਦਿ ਗ੍ਰੰਥ ਸਾਹਿਬ ਲਈ ਵਰਤੋ ਅਤੇ ਇਹ ਸੇਲ੍ਹੀ ਟੋਪੀ ਸਾਧਾਂ ਨੂੰ ਦੇ ਦਿਉ। ਸਾਨੂੰ ਤੇ ਹੁਣ ਧਰਮ ਦੀ ਰੱਖਿਆ ਵਾਸਤੇ ਸ਼ਸਤਰ ਦਿਉ। ਬਾਬਾ ਬੁੱਢਾ ਜੀ ਨੇ ਦੋ ਤਲਵਾਰਾਂ ਭੇਟ ਕਰਕੇ ਇਕ ਸੱਜੇ ਤੇ ਦੂਸਰੀ ਖੱਬੇ ਪਹਿਨਾਈਆਂ, ਇਕ ਮੀਰੀ ਦੀ ਤੇ ਦੂਸਰੀ ਪੀਰੀ ਦੀ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਭਾਵੇਂ ਜੀਵਨ ਕਰਕੇ ਛੋਟੇ ਲੱਗਦੇ ਸਨ ਪਰ ਹਰ ਤਰ੍ਹਾਂ ਨਾਲ ਕਰਨ ਕਾਰਨ ਸਮਰਥ ਸਨ।

ਇਕ ਦਿਨ ਇਹ ਮੀਆਂ ਮੀਰ ਜੀ ਨੂੰ ਮਿਲਣ ਗਏ, ਤਾਂ ਉਹਨਾਂ ਇਹਨਾਂ ਦਾ ਸੁਆਗਤ ਕੀਤਾ ਤੇ ਨਾਲ ਹੀ ਗੁਰੂ ਨਾਨਕ ਦੀ ਗੱਦੀ ਦੀ ਬਹੁਤ ਉਪਮਾ ਕੀਤੀ। ਉਸ ਵਕਤ ਮੀਆਂ ਮੀਰ ਜੀ ਕੋਲ ਕੁਝ ਫਕੀਰ ਬੈਠੇ ਸਨ-ਸ਼ੇਖ ਜਤਨ, ਮੁਹੰਮਦ ਲਹੌਰੀ, ਪੀਰ ਕਲਾਂ, ਇਸਮਾਈਲ ਖਾਂ, ਸ਼ੇਖ ਕਰਮ ਸ਼ਾਹ ਕੁਰੈਸ਼ੀ ਆਦਿ ਸਭ ਨੇ ਸਤਿਗੁਰਾਂ ਨਾਲ ਗੋਸਟ ਕੀਤੀ ਅਤੇ ਬੜੇ ਪ੍ਰਸੰਨ ਹੋਏ। ਕਰਮ ਸ਼ਾਹ ਬੋਲਿਆ ਅੱਛਾ ਹੋਇਆ ਆਪ ਜੀ ਦੇ ਦਰਸ਼ਨ ਹੋ ਗਏ, ਮੈਂ ਆਪਣਾ ਸਰੀਰ ਮੱਕੇ ਜਾਕੇ ਛੱਡਣਾ ਹੈ। ਸਤਿਗੁਰਾਂ ਬਚਨ ਕੀਤਾ ਪਤਾ ਨਹੀਂ ਤੁਸੀਂ ਮੱਕੇ ਜਾਕੇ ਸਰੀਰ ਛੱਡਣਾ ਜਾਂ ਦਿੱਲੀ ਹੀ ਰਹਿ ਜਾਣਾ ਹੈ। ਜਦ ਉਹ ਦਿੱਲੀ ਪਹੁੰਚਿਆ ਤਾਂ ਉਸ ਨੂੰ ਐਵੇਂ ਕਿਸੇ ਝੂਠੇ ਗੁਨਾਹ ਤੋਂ ਫੜ ਕੇ ਦਿੱਲੀ ਤੋਂ ਦੋ ਕੋਹ ਤੇ ਜਾ ਕੇ ਕਤਲ ਕਰ ਦਿੱਤਾ। ਉਹ ਫਕੀਰ ਸੀ ਇਸ ਲਈ ਉਸ ਜਗ੍ਹਾ ਤੇ ਉਸ ਦੀ ਮਾਨਤਾ ਹੁੰਦੀ ਹੈ ਪਰ ਗੁਰਾਂ ਦੇ ਬਚਨ

ਅਟੱਲ ਹਨ।

ਸਮੇਂ ਨੂੰ ਮੁੱਖ ਰਖਦੇ ਹੋਏ ਸਤਿਗੁਰਾਂ ਦਾ ਹੁਕਮ ਸੀ ਕਿ ਸੰਗਤ ਚੰਗੇ ਘੋੜੇ, ਸ਼ਸਤਰ ਲਿਆਵੇ। ਸਤਿਗੁਰਾਂ ਕਿਰਪਾ ਕੀਤੀ ਸਿੱਖ ਸੇਵਾ ਦੇ ਨਾਲ ਨਾਲ ਸ਼ਸਤਰ ਵਿਦਿਆ ਵੀ ਸਿੱਖਣ ਲੱਗੇ। ਆਸਾ ਦੀ ਵਾਰ ਦੇ ਕੀਰਤਨ ਤੋਂ ਬਾਦ ਵਾਡੀ ਸੂਰਮਗਤੀ ਦੀਆਂ ਵਾਰਾਂ ਪੜ੍ਹਦੇ। ਇਸ ਤਰ੍ਹਾਂ ਕਈ ਸੂਰਮੇ ਗੁਰੂ ਜੀ ਦੀ ਫੌਜ ਵਿੱਚ ਸ਼ਾਮਲ ਹੋ ਗਏ। ਇਸ ਤੋਂ ਪਹਿਲਾਂ ਗੁਰੂ ਘਰ ਕੀਰਤਨ ਹੀ ਹੁੰਦਾ ਸੀ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਜੋਸ਼ੀਲੀਆਂ ਵਾਰਾਂ ਸ਼ੁਰੂ ਹੋਈਆਂ। ਪਹਿਲਾਂ ਸਾਰੇ ਗੁਰੂ ਸਾਹਿਬ ਸ਼ਾਂਤਮਈ ਨਾਲ ਸਭ ਸਹਿੰਦੇ ਰਹੇ ਪਰ ਇਹਨਾਂ ਸਤਿਗੁਰਾਂ ਨੇ ਸ਼ਾਂਤਮਈ ਨੂੰ ਪਲਟਾਇਆ ,ਭਗਤੀ ਸੇਵਾ ਨਾਲ ਸਿੱਖਾਂ ਵਿਚ ਜੋਸ਼ ਲਿਆਂਦਾ। ਸਮੇਂ ਦਾ ਮਾਲਕ ਸਭ ਜਾਣਦਾ ਹੈ ਕਿਸ ਵਿਚ ਜਗ ਦਾ ਭਲਾ ਹੈ। ਗੁਰੂ ਜੀ ਨਾਲ ੫੨ ਚੋਣਵੇਂ ਯੋਧੇ ਹਰ ਸਮੇਂ ਨਾਲ ਰਹਿੰਦੇ ਸਨ। ਸਤਿਗੁਰਾਂ ਦਾ ਇਹ ਫੁਰਮਾਨ ਸਿੱਖਾਂ ਲਈ ਨਵਾਂ ਸੀ। ਇਸ ਲਈ ਛੋਟੀ ਬੁੱਧੀ ਵਾਲਿਆਂ ਨੂੰ ਚੰਗਾ ਨਹੀਂ ਸੀ ਲੱਗਦਾ। ਏਸੇ ਲਈ ਤਾਂ ਗੁਰੂ ਨਾਨਕ ਦੇਵ ਜੀ ਨੇ ਲੜੀਬੱਧ ਗੁਰੂ ਥਾਪਣ ਦੀ ਪ੍ਰੰਪਰਾ ਤੋਰੀ ਸੀ। ਇਹਨਾਂ ਹੁਕਮਾਂ ਦੇ ਨਾਲ ਨਾਲ ਸੰਮਤ ੧੬੬੬ ਬਿ. ਸੰਨ ੧੬੦੬ ਈ. ਵਿਚ ਗੁਰੂ ਜੀ ਨੇ ਕਿਲਾ (ਲੋਹਗੜ੍ਹ ਅੰਮ੍ਰਿਤਸਰ) ਬਨਾਉਣਾ ਸ਼ੁਰੂ ਕਰ ਦਿੱਤਾ। ਹਰਿਮੰਦਰ ਦੇ ਸਾਹਮਣੇ ੧੨ ਫੁੱਟ ਉੱਚਾ ਅਕਾਲ ਤਖਤ ਬਣਵਾਇਆ। ਉਸ ਸਮੇਂ ਨਿੱਜੀ ਥੜ੍ਹੇ ਬਣਾਉਣ ਦੀ ਮਨਾਹੀ ਸੀ। ਬਿਆਸ ਦਰਿਆ ਦੇ ਕੰਢੇ ਹਰਿਗੋਬਿੰਦਪੁਰ ਨਗਰ ਵਸਾਇਆ। ਸਤਿਗੁਰਾਂ ਇਸ ਤਰ੍ਹਾਂ ਧਰਮ ਅਨੁਸਾਰ ਰਾਜਨੀਤੀ ਚਲਾਉਣਾ ਅਤੇ ਮੁਗਲ ਹਕੂਮਤ ਨੂੰ ਵੰਗਾਰਨਾ ਸੀ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਇਤਿਹਾਸ ਵਿਚ ਤਿੰਨ ਵਿਆਹ ਦੱਸੇ ਹਨ। ਪਹਿਲਾ ਵਿਆਹ ਗੁਰੂ ਅਰਜਨ ਦੇਵ ਜੀ ਨੇ ਆਪ ਡੱਲੇ ਨਗਰ ਨਿਵਾਸੀ ਭਾਈ ਨਰੈਣ ਦਾਸ ਖੱਤਰੀ ਦੀ ਬੇਟੀ ਦਮੋਦਰੀ ਜੀ ਨਾਲ ਕੀਤਾ। ਦੂਸਰਾ ਬਕਾਲੇ ਵਾਲੇ ਹਰੀ ਚੰਦ ਲੰਬ ਖੱਤਰੀ ਦੀ ਪੁੱਤਰੀ ਬੀਬੀ ਨਾਨਕੀ ਜੀ ਨਾਲ ਅੰਮ੍ਰਿਤਸਰ ਹੋਇਆ ਅਤੇ ਤੀਸਰਾ ਦਇਆ ਰਾਮ ਮਰਵਾਹੇ ਖੱਤਰੀ ਦੀ ਬੇਟੀ ਮਹਾਂਦੇਵੀ ਨਾਲ ਮੰਡਿਆਲ ਪਿੰਡ ਹੋਇਆ। ਮਾਤਾ ਦਮੋਦਰੀ ਜੀ ਦੀ ਕੁੱਖੋਂ ਬੀਬੀ ਵੀਰੋ ਜੀ, ਬਾਬਾ ਗੁਰਦਿੱਤਾ ਜੀ ਤੇ ਅਣੀਰਾਇ ਜੀ ਹੋਏ। ਮਾਤਾ ਮਹਾਂਦੇਵੀ ਜੀ ਦੀ ਕੁੱਖੋਂ ਸੂਰਜ ਮੱਲ ਜੀ ਅਤੇ ਮਾਤਾ ਨਾਨਕੀ ਜੀ ਦੀ ਕੁੱਖੋਂ ਬਾਬਾ ਅਟਲ ਜੀ ਤੇ ਗੁਰੂ ਤੇਗ ਬਹਾਦਰ ਜੀ ਹੋਏ। ਬਾਬਾ ਗੁਰਦਿੱਤਾ ਜੀ ਦੀ ਔਲਾਦ ਕਰਤਾਰਪੁਰੀਏ ਸੋਢੀ ਹਨ। ਸੂਰਜ ਮੱਲ ਜੀ

ਦੀ ਔਲਾਦ ਅਨੰਦਪੁਰੀਏ ਸੋਢੀ ਹਨ। ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਸਭ ਜਾਣਦੇ ਹਨ। ਬਾਬਾ ਅਟਲ ਜੀ ਦੇ ਸਥਾਨ ਦੇ ਦਰਸ਼ਨ ਅੰਮ੍ਰਿਤਸਰ ਜਾ ਕੇ ਹੋ ਜਾਂਦੇ ਹਨ।

ਬਾਦਸ਼ਾਹ ਜਹਾਂਗੀਰ ਬਹੁਤ ਕੱਟੜ ਸੀ। ਉਸ ਨੇ ਸੋਚਿਆ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਦ ਗੁਰੂ ਨਾਨਕ ਦੀ ਗੱਦੀ ਬੰਦ ਹੀ ਹੋ ਜਾਵੇਗੀ ਪਰ ਸਿੱਖਾਂ ਦਾ ਬਦਲਦਾ ਰੁਖ ਵੇਖਕੇ ਉਹ ਦੰਗ ਰਹਿ ਗਿਆ। ਕਿਲ੍ਹਿਆਂ ਦੀ ਸਥਾਪਨਾ, ਫੌਜੀ ਬਣਤਰ, ਗੁਰੂ ਜੀ ਵਲੋਂ ਮੁਕੱਦਮਿਆਂ ਦੇ ਫੈਸਲੇ, ਮੁਗਲ ਫੌਜ ਵਿਚੋਂ ਕੱਢੇ ਫੌਜੀਆ ਨੂੰ ਸ਼ਰਨ ਆਦਿ ਮੁਗਲ ਹਕੂਮਤ ਨੂੰ ਵੰਗਾਰ ਸੀ। ਉਸ ਨੂੰ ਇਕ ਵਾਰ ਬੁਖਾਰ ਚੜ੍ਹ ਗਿਆ। ਚੰਦੂ ਨੇ ਮੌਕਾ ਵਿਚਾਰ ਕੇ ਇਹ ਤਰਕੀਬ ਬਣਾਈ ਤੇ ਉਹ ਇਕ ਨਜੂਮੀਏ ਨੂੰ ਲਾਲਚ ਦੇ ਕੇ ਬਾਦਸ਼ਾਹ ਕੋਲ ਲਿਆਇਆ ਤੇ ਉਸ ਨੂੰ ਪੁੱਛਿਆ ਬਾਦਸ਼ਾਹ ਤੇ ਕੋਈ ਗ੍ਰਹਿ ਤਾਂ ਨਹੀਂ। ਜਿਸ ਤਰਾ ਨਜੂਮੀਏ ਨੂੰ ਪੱਟੀ ਪੜ੍ਹਾਈ ਸੀ, ਉਸ ਨੇ ਉਸੇ ਤਰ੍ਹਾਂ ਆਖ ਦਿੱਤਾ, ਹਾਂ ਸਾੜ੍ਹਸਤੀ ਆਈ ਹੈ। ਇਸ ਨਾਲ ਤਾਂ ਰਾਜ ਨੂੰ ਵੀ ਖਤਰਾ ਹੋ ਸਕਦਾ ਹੈ। ਜਹਾਂਗੀਰ ਪਹਿਲਾਂ ਹੀ ਡਰਿਆ ਸੀ ਕਿ ਸਿੱਖ ਮੇਰੇ ਬਰਖਿਲਾਫ ਹਨ। ਉਸ ਨੇ ਪੁਛਿਆ ਫਿਰ ਕੀ ਕਰਾਂ। ਪੰਡਤ ਨੇ ਉੱਤਰ ਦਿੱਤਾ ਕੋਈ ਸੂਰਬੀਰ ਯੋਧਾ ਭਗਤੀ ਵਿਚ ਪੂਰਨ ਹੋਵੇ, ਉਹ ਇਸ ਨੂੰ ਟਾਲ ਸਕਦਾ ਹੈ। ਚੰਦੂ ਨੇ ਝਟਪਟ ਆਖਿਆ ਬਾਦਸ਼ਾਹ ਸਲਾਮਤ ਉਹ ਹਰਿਗੋਬਿੰਦ ਹੈ, ਭਗਤੀ ਵਿਚ ਪੂਰਨ ਤੇ ਯੋਧਾ ਵੀ। ਬਾਦਸ਼ਾਹ ਨੇ ਗੁਰੂ ਅਰਜਨ ਦੇਵ ਜੀ ਤੇ ਲਾਏ ਜੁਰਮਾਨੇ ਵਸੂਲਣ ਲਈ ਹਰਿਗੋਬਿੰਦ ਸਾਹਿਬ ਨੂੰ ਹਿਰਾਸਤ ਵਿਚ ਲੈ ਲਿਆ ਤੇ ਆਖਿਆ ਤੁਸੀਂ ਮੇਰਾ ਇਹ ਗ੍ਰਹਿ ਟਾਲ ਦਿਉ ਜੋ ਸਾੜ੍ਹਸਤੀ ਆਉਣੀ ਹੈ। ਸਤਿਗੁਰਾਂ ਬਚਨ ਕੀਤਾ, ਜਿਹੜਾ ਆਖਦਾ ਹੈ ਸਾੜ੍ਹਸਤੀ ਤਾਂ ਉਸ ਦੀ ਆਉਣੀ ਹੈ। ਜਹਾਂਗੀਰ ਨੇ ਆਖਿਆ ਆਪ ਜੀ ਨੂੰ ਇੱਕ ਵਾਰ ਫੜ ਕੇ ਫਿਰ ਛੱਡ ਦਿਆਂਗਾ। ਸਤਿਗੁਰਾਂ ਬਚਨ ਕੀਤਾ, ਇਸ ਲਈ ਤਾਂ ਗਵਾਲੀਅਰ ਅਸਥਾਨ ਠੀਕ ਹੈ। ਬਾਦਸ਼ਾਹ ਨੇ ਉਸੇ ਵਕਤ ਸਤਿਗੁਰਾਂ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਲਿਆ। ਇਹ ਘਟਨਾ ਸੰਮਤ ੧੬੬੮ ਬਿ. ਸੰਨ ੧੬੧੧ ਈ. ਦੀ ਹੈ। ਜਦ ਉਥੇ ਦੀਆਂ ਸੰਗਤਾਂ ਨੂੰ ਪਤਾ ਲੱਗਾ ਤਾਂ ਹਜ਼ਾਰਾਂ ਦੀ ਤਦਾਦ ਵਿਚ ਆ ਕੇ ਕਿਲੇ ਦੇ ਬਾਹਰ ਮੱਥਾ ਟੇਕਦੀਆਂ। ਜਦ ਕੋਈ ਆਖੇ ਏਥੇ ਕਿਲੇ ਦੇ ਬਾਹਰ ਮੱਥਾ ਕਿਉ ਟੇਕਦੇ ਹੋ? ਜਵਾਬ ਮਿਲਦਾ ਏਥੇ ਸਾਡਾ ਪ੍ਰਮੇਸ਼ਰ ਆਇਆ ਹੈ। ਇਹ ਨਜ਼ਾਰਾ ਦੁਬਿਸਤਾਨ ਮਜ਼ਾਹਬ ਆਪਣੇ ਅੱਖੀਂ ਵੇਖਿਆ ਹਾਲ ਆਪਣੀ ਕਿਤਾਬ ਵਿਚ ਲਿਖਦਾ ਹੈ ਕਿ ਅਗਰ ਸੰਗਤ ਨੂੰ ਕੋਈ ਆਖੇ ਜੇਕਰ ਉਹ

ਭਗਵਾਨ ਹੈ ਤਾਂ ਬਾਹਰ ਕਿਉਂ ਨਹੀਂ ਆ ਜਾਂਦਾ, ਕੈਦੀ ਬਣਕੇ ਕਿਉਂ ਬੈਠਾ ਹੈ? ਉਤਰ ਮਿਲਦਾ ਸਾਡਾ ਸਿਦਕ ਵੇਖਣ ਲਈ ਅੰਦਰ ਬੈਠਾ ਹੈ ਤੇ ਕਈਆ ਦੇ ਭਲੇ ਲਈ। ਜਹਾਂਗੀਰ ਠੀਕ ਤੇ ਹੋ ਗਿਆ ਪਰ ਆਪਣਾ ਵਾਅਦਾ ਭੁੱਲ ਗਿਆ। ਗਵਾਲੀਅਰ ਦੇ ਕਿਲੇ ਵਿਚ ਤਕਰੀਬਨ ਸਤਿਗੁਰਾਂ ਨੂੰ ਡੇਢ ਦੋ ਸਾਲ ਹੋ ਗਏ, ਤਾਂ ਸਿੱਖ ਉਸ ਨੂੰ ਰਾਤ ਨੂੰ ਸ਼ੇਰ ਬਣ ਕੇ ਡਰਾਉਣ ਲੱਗੇ। ਉਹ ਬਹੁਤ ਘਬਰਾ ਗਿਆ। ਉਸ ਵਕਤ ਮੀਆਂ ਮੀਰ ਉਥੇ ਗਏ ਹੋਏ ਸਨ। ਜਹਾਂਗੀਰ ਨੇ ਮੀਆਂ ਮੀਰ ਕੋਲ ਗੱਲ ਕੀਤੀ ਤਾਂ ਉਸ ਨੇ ਅਖਿਆ ਤੈਨੂੰ ਚੈਨ ਆ ਹੀ ਨਹੀ ਸਕਦੀ, ਤੂੰ ਹਰਿਗੋਬਿੰਦ ਸਾਹਿਬ ਨੂੰ ਕਿਲੇ ਵਿਚ ਬੰਦ ਕੀਤਾ ਹੈ। ਇਹ ਸੁਣ ਕੇ ਜਹਾਂਗੀਰ ਨੇ ਹੁਕਮ ਦਿਤਾ ਹਰਿਗੋਬਿਦ ਸਾਹਿਬ ਨੂੰ ਕਿਲੇ ਤੋਂ ਬਾਹਰ ਲੈ ਆਉ ਪਰ ਸਤਿਗੁਰਾਂ ਇਨਕਾਰ ਕਰ ਦਿੱਤਾ। ਗੁਰੂ ਜੀ ਬਚਨ ਕੀਤਾ, ਪਹਿਲਾਂ ਜੋ ੫੨ ਰਾਜੇ ਏਥੇ ਹਨ, ਉਹਨਾਂ ਨੂੰ ਰਿਹਾਅ ਕਰੋ, ਫਿਰ ਮੈਂ ਬਾਹਰ ਆਉਣਾ ਹੈ। ਇਹ ਸੁਣਦਿਆਂ ਜਹਾਂਗੀਰ ਬਹੁਤ ਪ੍ਰੇਸ਼ਾਨ ਹੋ ਗਿਆ। ਅਖੀਰ ਉਸ ਨੇ ਹੁਕਮ ਦਿੱਤਾ ਜੋ ਵੀ ਉਸ ਦਾ ਦਾਮਨ ਫੜ ਲਏ ਉਹ ਬਾਹਰ ਆ ਜਾਏ। ਸਤਿਗੁਰਾਂ ੫੨ ਕਲੀਆਂ ਵਾਲਾ ਇਕ ਚੋਲਾ ਸੁਆਇਆ ਅਤੇ ੫੨ ਰਾਜਿਆਂ ਨੇ ਇਕ ਇਕ ਫੜ ਲਈ ਤੇ ਬਾਹਰ ਆ ਗਏ। ਇਸ ਵਿਚ ਜਿਹੜਾ ਉਥੇ ਦਾ ਜੇਲਰ ਵਜੀਰ ਖਾਂ ਸੀ, ਉਸ ਨੇ ਬਹੁਤ ਮਦਦ ਕੀਤੀ। ਸਤਿਗੁਰੂ ਜੀ ਦਿਵਾਲੀ ਦੇ ਮੌਕੇ ਤੇ ਅੰਮ੍ਰਿਤਸਰ ਪਹੁੰਚੇ ਤੇ ਉਸ ਦਿਨ ਦੀਪਮਾਲਾ ਕੀਤੀ। ਉਸ ਦਿਨ ਤੋਂ ਇਹ ਤਿਉਹਾਰ ਦੀਵਾਲੀ ਅੰਮ੍ਰਿਤਸਰ ਦੀ ਬਹੁਤ ਮਸ਼ਹੂਰ ਹੈ। ਜਿਸ ਤਰ੍ਹਾਂ ਭਗਵਾਨ ਰਾਮ ਦੇ ਬਨਵਾਸ ਤੋਂ ਆਉਣ ਦੀ ਖੁਸ਼ੀ ਮਨਾਈ ਜਾਂਦੀ ਹੈ, ਇਸੇ ਤਰ੍ਹਾਂ ਏਥੇ ਬੇਅੰਤ ਰੌਣਕਾਂ ਹੁੰਦੀਆ ਹਨ।ਗੁਰੂ ਜੀ ਨੇ ਰਾਜਿਆਂ ਨੂੰ ਕੈਦ ਦੇ ਬੰਧਨ ਤੋਂ ਛੁਡਾਇਆ ਸੀ, ਇਸ ਲਈ ਸਤਿਗੁਰਾਂ ਨੂੰ ਬੰਦੀ ਛੋੜ ਆਖਦੇ ਹਨ।

ਕੌਲਾਂ ਦਾ ਗੁਰੂ ਜੀ ਦੀ ਸ਼ਰਨ ਆਉਣਾ

ਇਕ ਵਾਰ ਇਕ ਸਿੱਖ ਜੋ ਘੋੜਿਆਂ ਦਾ ਵਪਾਰੀ ਸੀ, ਉਸ ਨੇ ਕਾਬੁਲ ਤੋਂ ਘੋੜੇ ਖਰੀਦੇ। ਉਹਨਾਂ ਵਿਚੋਂ ਇਕ ਘੋੜਾ ਬਹੁਤ ਹੀ ਸੁੰਦਰ ਸੀ। ਉਸ ਨੇ ਉਹ ਗਿਆਰਾਂ ਹਜ਼ਾਰ ਦਾ ਸਤਿਗੁਰਾਂ ਵਾਸਤੇ ਖਰੀਦਿਆ। ਜਦ ਪਿਸ਼ੌਰ ਆਇਆ ਤਾਂ ਉਥੋਂ ਦੇ ਸੂਬੇ ਨੇ ਉਸ ਤੋਂ ਸਾਰੇ ਘੋੜੇ ਖਰੀਦ ਲਏ ਅਤੇ ਸਤਿਗੁਰਾਂ ਵਾਲਾ ਘੋੜਾ ਵੀ ਬਦੋਬਦੀ ਖਰੀਦ ਲਿਆ। ਸਿੱਖ ਬਹੁਤ ਹੀ ਬੇਚੈਨ ਸੀ, ਉਸ ਨੇ ਸਾਰੀ ਵਾਰਤਾ ਸਤਿਗੁਰਾਂ ਨੂੰ ਦੱਸੀ। ਸਤਿਗੁਰਾਂ ਬਚਨ ਕੀਤਾ ਤੂੰ ਫਿਕਰ ਨਾ ਕਰ ਤੇਰੀ ਭੇਟ ਪਹੁੰਚ

ਗਈ। ਜੇਕਰ ਤੂੰ ਸਾਡੇ ਲਈ ਲਿਆਇਆ ਹੈਂ ਤਾਂ ਏਥੇ ਹੀ ਆਵੇਗਾ। ਸਤਿਗੁਰਾਂ ਦੀ ਖੇਡ ਉਹੀ ਜਾਣਦਾ ਹੈ। ਛੇਤੀ ਹੀ ਉਸ ਘੋੜੇ ਦੀ ਲੱਤ ਖਰਾਬ ਹੋ ਗਈ ਤਾਂ ਉਹ ਘੋੜਾ ਉਨ੍ਹਾਂ ਇਕ ਕਾਜ਼ੀ ਨੂੰ ਦੇ ਦਿੱਤਾ। ਕਾਜ਼ੀ ਨੇ ਉਹ ਘੋੜਾ ਸਤਿਗੁਰਾਂ ਨੂੰ ਵੇਚ ਦਿੱਤਾ। ਸਤਿਗੁਰਾਂ ਕਿਰਪਾ ਕੀਤੀ ਉਹ ਘੋੜਾ ਬਿਲਕੁਲ ਠੀਕ ਹੋ ਗਿਆ। ਕਾਜ਼ੀ ਆ ਕੇ ਹੋਰ ਪੈਸੇ ਮੰਗਣ ਲੱਗਾ। ਇਸ ਗੱਲ ਤੇ ਉਸ ਨਾਲ ਨਰਾਜ਼ਗੀ ਹੋ ਗਈ। ਉਸੇ ਕਾਜ਼ੀ ਦੀ ਲੜਕੀ ਸੀ ਕੌਲਾਂ, ਉਹ ਮੀਆਂ ਮੀਰ ਦੀ ਚੇਲੀ ਸੀ। ਮੀਆਂ ਮੀਰ ਤੋਂ ਉਹ ਸਤਿਗੁਰਾਂ ਦੀ ਸੋਭਾ ਸੁਣਦੀ ਹੁੰਦੀ ਸੀ ਅਤੇ ਮੀਆਂ ਮੀਰ ਨੇ ਗੁਰਬਾਣੀ ਪੜ੍ਹਨੀ ਤੇ ਉਸ ਨੇ ਸੁਣ ਕੇ ਕੰਠ ਕਰ ਲੈਣੀ। ਕੌਲਾਂ ਨੇ ਜਦ ਉਹ ਬਾਣੀ ਪੜ੍ਹਨੀ ਤਾਂ ਕਾਜ਼ੀ ਨੇ ਬਹੁਤ ਕਰੋਧ ਵਿਚ ਆ ਜਾਣਾ ਕਿਉਂਕਿ ਉਹ ਸਤਿਗੁਰਾਂ ਨਾਲ ਵੱਧ ਘੱਟ ਬੋਲ ਕੇ ਗਿਆ ਸੀ। ਕਾਜ਼ੀ ਨੇ ਇਹ ਕਹਿਣਾ ਕੌਲਾਂ ਕਾਫਰਾਂ ਦੀ ਬਾਣੀ ਮਤ ਪੜ੍ਹਿਆ ਕਰ। ਜਦ ਉਹ ਨਾ ਮੰਨੀ ਤਾਂ ਕਿਸੇ ਢੰਗ ਨਾਲ ਮਾਰਨਾ ਚਾਹਿਆ। ਮੀਆਂ ਮੀਰ ਨੇ ਉਸ ਨੂੰ ਇਕ ਆਪਣੇ ਬੰਦੇ ਨਾਲ ਗੁਰੂ ਦੀ ਸ਼ਰਨ ਭੇਜ ਦਿੱਤਾ, ਨਾਲ ਹੀ ਇਕ ਚਿੱਠੀ ਲਿਖ ਭੇਜੀ ਕੌਲਾਂ ਆਪ ਦੀ ਸ਼ਰਨ ਆਈ ਹੈ। ਸਾਡਾ ਫਕੀਰਾਂ ਦਾ ਤੇ ਤੁਹਾਡਾ ਫਰਜ਼ ਬਣਦਾ ਹੈ ਜੋ ਸ਼ਰਨ ਆਏ ਉਸ ਦੀ ਰੱਖਿਆ ਕਰਨੀ। ਮੈਂ ਇਸ ਨੂੰ ਇਸ ਕਰਕੇ ਨਹੀ ਰੱਖ ਸਕਦਾ ਕਿਉਂਕਿ ਕਾਜ਼ੀਆਂ ਦਾ ਫਤਵਾ ਲੱਗ ਚੁੱਕਾ ਹੈ ਇਸ ਨੂੰ ਮਾਰਨ ਦਾ, ਇਸ ਲਈ ਮੇਰੇ ਕੋਲ ਹੋਈ ਤਾਂ ਬਾਦਸ਼ਾਹ ਦੇ ਆਦਮੀਆਂ ਨੇ ਇਸ ਨੂੰ ਲੈ ਜਾਣਾ ਹੈ। ਇਸ ਲਈ ਤੁਸੀਂ ਇਸ ਤੇ ਕਿਰਪਾ ਕਰੋ, ਕਿਸੇ ਤਰ੍ਹਾਂ ਵੀ ਹੋਵੇ ਰੱਖਿਆ ਕਰੋ ਜੀ। ਇਸ ਤਰ੍ਹਾਂ ਕੌਲਾਂ ਅੰਮ੍ਰਿਤਸਰ ਆਈ ਅਤੇ ਸਤਿਗੁਰਾਂ ਨੇ ਉਸ ਦੀ ਵੱਖਰੀ ਰਿਹਾਇਸ਼ ਕਰ ਦਿੱਤੀ ਅਤੇ ਨਾਲ ਹੀ ਇਕ ਸਰੋਵਰ ਬਣਵਾ ਦਿੱਤਾ ਜੋ ਸਦਾ ਕੌਲਾਂ ਦੀ ਯਾਦ ਕਰਾਉਂਦਾ ਰਹੇਗਾ।

ਇਕ ਵਾਰ ਸਤਿਗੁਰੂ ਜੀ ਕਸ਼ਮੀਰ ਗਏ। ਉੱਥੇ ਇਕ ਭੰਡਾ ਨਾਮੀ ਸਿੱਖ ਸੀ। ਉਸ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਗਏ। ਇਕ ਥਾਂ ਜਾ ਕੇ ਭੰਡ ਜੀ ਨੂੰ ਕਿਹਾ ਤੂੰ ਏਥੇ ਹੀ ਖੜ੍ਹਾ ਰਹਿ ਜਦ ਅਸੀਂ ਵਾਪਸ ਆਵਾਂਗੇ ਤਾਂ ਤੂੰ ਸਾਡੇ ਨਾਲ ਚੱਲੀਂ। ਗੁਰੂ ਜੀ ਇਹ ਬਚਨ ਕਰਕੇ ਅੱਗੇ ਨਿਕਲ ਗਏ ਅਤੇ ਉਥੋਂ ਹੀ ਡੇਰੇ ਚਲੇ ਗਏ। ਤੀਸਰੇ ਦਿਨ ਜਦ ਗੁਰੂ ਜੀ ਫਿਰ ਉਧਰ ਆਏ ਤਾਂ ਉਹ ਸਿੱਖ ਉਸੇ ਥਾਂ ਖਲੋਤਾ ਸੀ, ਸਤਿਗੁਰਾਂ ਨੂੰ ਉਡੀਕਦਾ। ਜਦ ਸਤਿਗੁਰੂ ਜੀ ਨੇ ਉਸ ਨੂੰ ਉਥੇ ਹੀ ਵੇਖਿਆ ਤਾ ਬਹੁਤ ਪ੍ਰਸੰਨ ਹੋਏ। ਉਸ ਨੂੰ ਗਲ ਨਾਲ ਲਾ ਕੇ ਉਥੋਂ ਦੀ ਸਿੱਖੀ ਬਖਸ਼ੀ।

ਸਤਿਗੁਰਾਂ ਦੀਆਂ ਇਹੋ ਜਿਹੀਆਂ ਬੇਅੰਤ ਸਾਖੀਆਂ ਹਨ। ਇਕ ਭਾਗ ਭਰੀ

ਨਾਮ ਦੀ ਮਾਈ ਸੌ ਸਾਲ ਦੀ ਸੀ। ਉਸ ਨੇ ਹੱਥੀਂ ਕੱਤਕੇ, ਭਜਨ ਬਾਣੀ ਕਰਕੇ ਸਤਿਗੁਰਾਂ ਲਈ ਬਸਤਰ ਬਣਾਏ ਹੋਏ ਸਨ। ਉਹ ਸ੍ਰੀ ਨਗਰ ਵਿਚ ਰਹਿੰਦੀ ਸੀ। ਸਤਿਗੁਰੂ ਜੀ ਉਥੇ ਗਏ। ਸਿਧੇ ਮਾਈ ਦੇ ਘਰ ਉਸ ਦੇ ਅੰਦਰ ਦੀਆਂ ਅਰਦਾਸਾਂ ਸੁਣ ਕੇ। ਮਾਈ ਬਹੁਤ ਖੁਸ਼ ਹੋਈ। ਭੇਟਾ ਅੱਗੇ ਰੱਖਕੇ ਮੱਥਾ ਟੇਕਿਆ ਤੇ ਸਭ ਦੀ ਸੇਵਾ ਬੜੇ ਪਿਆਰ ਨਾਲ ਕੀਤੀ ਅਤੇ ਆਖਿਆ ਮੇਰੀ ਪ੍ਰਤਿਗਿਆ ਹੁਣ ਪੂਰੀ ਹੋਈ ਹੈ।

ਫਕੀਰ ਜਹਾਂਗੀਰ ਸ਼ਾਹ

ਏਸੇ ਤਰ੍ਹਾਂ ਸਤਿਗੁਰੂ ਜੀ ਸਭ ਨੂੰ ਤਾਰਦੇ ਹੋਏ ਕਾਬੁਲ ਤੇ ਹੋਰ ਸਾਰੇ ਪਾਸੇ ਦੀਆਂ ਸੰਗਤਾਂ ਨੂੰ ਤਾਰਦੇ ਹੋਏ ਗੁਜਰਾਤ ਜਾ ਪਹੁੰਚੇ। ਉਥੇ ਇਕ ਫਕੀਰ ਜਹਾਂਗੀਰ ਸ਼ਾਹ ਸੀ। ਉਥੋਂ ਦਾ ਮੰਨਿਆ ਪ੍ਰਮੰਨਿਆ ਹੋਇਆ। ਇਹ ਸ਼ੇਰ ਦੀ ਸਵਾਰੀ ਤੇ ਸੱਪ ਦੇ ਚਾਬੁਕ ਰੱਖਦਾ ਸੀ। ਉਹ ਆਪਣੇ ਹੰਕਾਰ ਵਿਚ ਹੀ ਸਤਿਗੁਰਾਂ ਨੂੰ ਮਿਲਣ ਆਇਆ। ਸ਼ੇਰ ਨੇ ਦੂਰੋਂ ਹੀ ਸਤਿਗੁਰਾਂ ਦੇ ਦਰਸ਼ਨ ਕੀਤੇ ਅਤੇ ਫਕੀਰ ਨੂੰ ਥੱਲੇ ਸੁੱਟ ਕੇ ਨੱਸ ਗਿਆ। ਫਕੀਰ ਉਠਿਆ ਤੇ ਸਤਿਗੁਰਾਂ ਨੂੰ ਮੱਥਾ ਟੇਕਿਆ ਤੇ ਸਵਾਲ ਕਰਨ ਲੱਗਾ-(੧) ਹਿੰਦੂ ਕੀ ਤੇ ਪੀਰ ਕੀ (੨) ਔਰਤ ਕੀ ਤੇ ਫਕੀਰ ਕੀ (੩) ਦੌਲਤ ਕੀ ਫਿਰ ਤਿਆਗ ਕੀ (੪) ਔਲਾਦ ਕੀ ਤੇ ਬੈਰਾਗ ਕੀ (੫) ਮਜ਼ਹਬ ਕੀ ਤੇ ਸਚਿਆਰ ਕੀ (੬) ਪੁਜਾਰੀ ਕਿਆ ਤੇ ਸਵਾਬ ਕਿਆ (੭) ਮਾਰੂਥਲ ਕਿਆ ਤੇ ਆਬ ਕਿਆ (੮) ਆਰਫ ਕਿਆ ਤੇ ਦੁਨੀਆਂਦਾਰ ਕਿਆ॥

ਉੱਤਰ ਸਤਿਗੁਰੂ ਜੀ ਵਲੋਂ-(੧) ਪੀਰ ਰੱਬ ਦਾ ਦਾਨ ਹੈ (੨) ਔਰਤ ਇਮਾਨ ਹੈ (੩) ਦੌਲਤ ਗੁਜ਼ਰਾਨ ਹੈ (੪) ਪੁੱਤਰ ਨਿਸ਼ਾਨ ਹੈ (੫) ਮਜ਼ਹਬ ਸੁਧਾਰ ਹੈ (੬) ਪੁਜਾਰੀ ਆਚਾਰ ਹੈ (੭) ਮਾਰੂਥਲ ਮੇਂ ਜਲ ਕੁਦਰਤ ਕਰਤਾਰ ਹੈ (੮) ਆਰਫ ਵਿਚਾਰ ਹੈ। ਇਹ ਜਵਾਬ ਸੁਣ ਕੇ ਉਸ ਨੇ ਸਤਿਗੁਰਾਂ ਦੇ ਚਰਨ ਫੜ ਲਏ ਅਤੇ ਆਖਣ ਲੱਗਾ, "ਦੀਨ ਦੁਨੀਆ ਕੇ ਪੀਰ ਮੁਝੇ ਬਖਸ਼ੋ!"

ਇਸ ਤਰ੍ਹਾਂ ਦੀਆਂ ਸਾਖੀਆਂ ਸਤਿਗੁਰਾਂ ਦੀਆਂ ਬੇਅੰਤ ਹਨ। ਉਸ ਦੇ ਗੁਣ ਅਸੀਂ ਕੀ ਗਾਇਨ ਕਰ ਸਕਦੇ ਹਾਂ। ਉਹ ਸੰਗਤਾਂ ਨੂੰ ਤਾਰਦੇ ਹੋਏ ਗੁਜਰਾਤ ਤੋਂ ਨਨਕਾਣੇ ਸਾਹਿਬ ਤੇ ਅੰਮ੍ਰਿਤਸਰ ਆਏ। ਇਸ ਦੌਰੇ ਵਿਚ ਸਤਿਗੁਰਾਂ ਨੇ ਆਪਣੇ ਸਿੱਖਾਂ ਨੂੰ ਪਰਚਾਰ ਲਈ ਨਿਯਤ ਕੀਤਾ। ਭਾਈ ਸੁੰਦਰ, ਸ਼ਾਹਚੰਦ, ਭਾਈ ਬਿਧੀਚੰਦ ਨੂੰ ਬੰਗਾਲ ਤੇ ਉੜੀਸਾ ਵਿਚ। ਕਾਬੁਲ ਵੱਲ ਭਾਈ ਕਟਾਰੂ ਤੇ ਤਿਲਕਾ ਜੀ ਅਤੇ ਬਲਖ ਬੁਖਾਰੇ ਵਿਚ ਸਿੱਖੀ ਪ੍ਰਚਾਰ ਲਈ ਭਾਈ ਸਾਧਾ ਜੀ ਨਿਯੁਕਤ ਕੀਤੇ।

ਅਲਮਸਤ ਜੀ ਪੂਰਬ ਵਿਚ ਇਹ ਕੰਮ ਪਹਿਲਾਂ ਹੀ ਕਰ ਰਹੇ ਸਨ। ਸੰਮਤ ੧੬੭੦ ਬਿ. ਸੰਨ ੧੬੧੩ ਈਸਵੀ ਤੋਂ ੧੬੮੪ ਬਿ. ਤੱਕ ਇਹ ਪ੍ਰਚਾਰ ਮੁਹਿੰਮ ਤੇਜ਼ੀ ਤੇ ਰਹੀ। ਸੰਨ ੧੬੨੭ ਈਸਵੀ ਨੂੰ ਜਹਾਂਗੀਰ ਬਾਦਸ਼ਾਹ ਦੀ ਮੌਤ ਤੋਂ ਬਾਅਦ ਸ਼ਾਹਜਹਾਨ ਗੱਦੀ ਤੇ ਬੈਠਾ। ਉਸ ਨਾਲ ਸਿੱਖਾਂ ਦੇ ਸੰਬੰਧ ਵਿਗੜ ਗਏ।

(ਕਵਿਤਾ)

"ਹਰਗੋਬਿੰਦ ਨੇ ਸੋਚਿਆ ਕਿ ਸ਼ਾਂਤਮਈ ਪਲਟਾ ਦਿਆਂ।
ਇਹਦੇ ਤਾ ਪੈਹਿਰਾ ਨਾਲ ਹੀ, ਮੈ ਡੰਕਾ ਹਰਿ ਦਾ ਵਜਾ ਦਿਆਂ।
ਪੰਜ ਦਰਿਆਵਾਂ ਦੇ ਪਾਣੀਆਂ ਵਿਚ, ਇਕ ਬੀ ਅਨੋਖਾ ਪਾ ਦਿਆਂ।
ਜ਼ਾਲਿਮ ਦੇ ਵੱਜਦੇ ਢੋਲ ਨੂੰ, ਮੈ ਮੂਲੋਂ ਚੁਪ ਕਰਾ ਦਿਆਂ।
ਗਰੀਬਾਂ ਦੇ ਹੰਝੂ ਪੂੰਝ ਕੇ, ਜੁਸ਼ੀਲਾ ਚੰਨ ਚੜ੍ਹਾ ਦਿਆਂ।
ਅਣਖੀਲਾ ਗੁੰਦਕੇ ਹਾਰ ਇਕ ਸਿੱਖੀ ਦੇ ਗਲ ਵਿਚ ਪਾ ਦਿਆਂ । (ਚਾਨਾ)

ਸਿੱਟੇ ਵਜੋਂ ਮੁਗਲਾਂ ਨਾਲ ਚਾਰ ਲੜਾਈਆਂ ਹੋਈਆਂ। ਜਿਸ ਵਿਚ ਮੁਗਲਾਂ ਦੀ ਹਾਰ ਹੋਈ। ਪਹਿਲੀ ਲੜਾਈ ਅੰਮ੍ਰਿਤਸਰ ਵਿਚ ੧੬੮੫ ਬਿ., ਦੂਸਰੀ ਸੰਮਤ ੧੬੮੭ ਬਿ, ਹਰਗੋਬਿੰਦਪੁਰ ਵਿਖੇ, ਸੰਮਤ ੧੬੮੮ ਬਿ. ਨੂੰ ਨਥਾਣਾ (ਮਾਲਵੇ) ਵਿਚ ਹੋਈ, ਚੌਥੀ ਲੜਾਈ ੧੬੯੧ ਬਿ. ਵਿਚ ਕਰਤਾਰਪੁਰ ਹੋਈ, ਜਿਸ ਵਿਚ ਤਿਆਗ ਮੱਲ ਜੀ ਨੇ ਤਲਵਾਰ ਦੇ ਚੰਗੇ ਜੌਹਰ ਦਿਖਾਏ। ਜਿਨ੍ਹਾਂ ਨੂੰ ਵੇਖ ਕਿ ਗੁਰੂ ਹਰਗੋਬਿੰਦ ਸਾਹਿਬ ਨੇ ਇਹਨਾਂ ਦਾ ਨਾਮ "ਤੇਗ ਬਹਾਦਰ" ਰੱਖ ਦਿੱਤਾ। ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਨਾਮ ਤਿਆਗ ਮੱਲ ਸੀ।

ਇਸ ਸੰਸਾਰ ਤੇ ਸਤਿਗੁਰਾਂ ਨੇ ਪਹਿਲਾਂ ਐਸੇ ਬੰਦੇ ਵੀ ਭੇਜੇ ਹਨ ਜੋ ਤ੍ਰੇਤੇ ਵਿਚ ਮਹਾਰਾਜਾ ਦਸ਼ਰਥ ਵਰਗੇ ਦੇ ਸਵਰਗ ਘਰ ਵਿਚ ਮਹਾਰਾਣੀ ਕਕੇਈ ਦੀ ਬੁੱਧ ਫਿਰਾ ਦਿੰਦੇ ਹਨ। ਇਸੇ ਤਰ੍ਹਾਂ ਇਕ ਦਿਨ ਮਸੰਦਾਂ ਨੇ ਮਾਤਾ ਮਹਾਂਦੇਵੀ ਨੂੰ ਕੁਝ ਗੱਲਾਂ ਕਰਕੇ ਗੁਰਗੱਦੀ ਬਾਰੇ ਸਮਝਾਇਆ। ਮਾਤਾ ਜੀ ਨੇ ਸਤਿਗੁਰਾਂ ਅੱਗੇ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀ ਵੱਡੇ ਟਿਕਾ ਜੀ ਗੁਰਦਿਤਾ ਜੋ ਗੁਰਗੱਦੀ ਦੇ ਲਾਇਕ ਸਨ, ਉਹ ਗੁਰਪੁਰੀ ਸਿਧਾਰ ਗਏ ਹਨ, ਦੂਸਰਾ ਵੱਡਾ ਪੁੱਤਰ ਗੁਰੂ ਗ੍ਰੰਥ ਲੈ ਗਿਆ, ਉਹ ਉਸ ਦਾ ਸਹਾਰਾ ਲੈ ਬੈਠਾ ਹੈ। ਇਸ ਲਈ ਗੁਰਗੱਦੀ ਦਾ ਅਧਿਕਾਰੀ ਹੁਣ ਸੂਰਜ ਮੱਲ ਹੀ ਹੈ ਅਗਰ ਤੁਸੀਂ ਇਸ ਨੂੰ ਛੱਡ ਕੇ ਪੋਤਰੇ ਨੂੰ ਗੱਦੀ ਦਿਉ ਇਹ ਮੁਨਾਸਿਬ ਨਹੀਂ। ਸਤਿਗੁਰਾਂ ਬਚਨ ਕੀਤਾ, ਇਹ ਵੱਡੇ ਜਪ ਤਪ ਦਾ ਫਲ ਹੁੰਦਾ ਹੈ ਜੋ ਧੁਰੋਂ ਹੀ ਮਿਲਦਾ ਹੈ। ਅਕਾਲ ਪੁਰਖ ਜਿਸ ਦੀ ਤਪੱਸਿਆ ਹੁੰਦੀ ਹੈ, ਉਸੇ ਨੂੰ

ਦਿੰਦਾ ਹੈ। ਇਹ ਹਰਿਰਾਇ ਦੀ ਤਪੱਸਿਆ ਉਸ ਨੂੰ ਮਿਲੇਗੀ। ਤੁਸੀਂ ਪੁੱਤਰਾਂ ਦਾ ਫਿਕਰ ਨਾ ਕਰੋ। ਉਹ ਅਪਣਾ ਫਲ ਜ਼ਰੂਰ ਪਾਉਣਗੇ। ਫਿਰ ਮਾਤਾ ਨਾਨਕੀ ਜੀ ਨੇ ਅਰਜ਼ ਕੀਤੀ ਸੱਚੇ ਪਾਤਸ਼ਾਹ ਤਿਆਗ ਮੱਲ ਤਾਂ ਬਹੁਤ ਭੋਲਾ ਹੈ, ਉਹ ਤਾਂ ਸੰਸਾਰੀ ਗੱਲਾਂ ਵੱਲ ਧਿਆਨ ਹੀ ਨਹੀਂ ਦਿੰਦਾ, ਨਾ ਹੀ ਮਸੰਦਾਂ ਨਾਲ ਕੋਈ ਮੇਲ ਰੱਖਦਾ ਹੈ ਉਸ ਦਾ ਕੀ ਹੋਵੇਗਾ? ਸਤਿਗੁਰੂ ਜੀ ਹੱਸਕੇ ਬਚਨ ਕੀਤਾ, ਇਹ ਭੋਲੇ ਭਾਲੇ ਹੀ ਰੱਬ ਰੂਪ ਹੁੰਦੇ ਹਨ। ਇਸ ਨੇ ਤਾਂ ਹਿੰਦ ਧਰਮ ਦੀ ਸ਼ਾਨ ਬਣਨਾ ਹੈ।

ਸੰਮਤ ੧੬੯੧ ਬਿ. ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਕਰਤਾਰਪੁਰ ਆ ਗਏ ਅਤੇ ਆਪ ਜੀ ਦੇ ਵੱਡੇ ਪੁੱਤਰ ਬਾਬਾ ਗੁਰਦਿਤਾ ਜੀ ਨੇ ਆਪ ਜੀ ਦੇ ਹੁਕਮ ਅਨੁਸਾਰ ਸ੍ਰੀ ਚੰਦ ਜੀ (ਜੋ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਸਨ) ਦਾ ਉਦਾਸੀ ਬਾਣਾ ਧਾਰਨ ਕੀਤਾ। ਸਤਿਗੁਰਾਂ ਨੇ ਉਸ ਮੇਲੇ ਦੇ ਸਮੇਂ ਜਦ ਸਾਰੀਆਂ ਸੰਗਤਾਂ ਇਕੱਠੀਆਂ ਸਨ, ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਯੋਗ ਆਪਣੇ ਪੋਤਰੇ ਗੁਰੂ ਹਰਿ ਰਾਇ ਜੀ ਨੂੰ ਜਾਣ ਕੇ ਆਪਣਾ ਜਾਨਸ਼ੀਨ ਥਾਪ ਕੇ ਗੁਰਗੱਦੀ ਦਾ ਤਿਲਕ ਕਰਾ ਕੇ ਮੱਥਾ ਟੇਕਿਆ ਫਿਰ ਹੋਰ ਸਭ ਨੇ ਮੱਥਾ ਟੇਕਿਆ। ਗੁਰੂ ਤੇਗ ਬਹਾਦਰ, ਸੂਰਜ ਮੱਲ ਤੇ ਸਾਰੀ ਸੰਗਤ ਨੇ ਨਮਸਕਾਰ ਕਰਕੇ ਗੁਰਾਂ ਦੀਆਂ ਖੁਸ਼ੀਆਂ ਲਈਆਂ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਦੇਹ ਦੇ ਉਹਲੇ ਤੋਂ ਪਹਿਲਾ ਹੀ ਸ੍ਰੀ ਹਰਿਰਾਇ ਜੀ ਨੂੰ ਗੱਦੀ ਤੇ ਬਿਠਾ ਦਿੱਤਾ ਸੀ।

ਉਸ ਦੀ ਮਹਿਮਾ ਦਾ ਕੋਈ ਅੰਤ ਨਹੀਂ ਲੈ ਸਕਦਾ, ਸਤਿਗੁਰ ਦੀ ਲੀਲਾ ਉਹ ਹੀ ਜਾਣੇ। ਇਨਸਾਨ ਕੀ ਜਾਣੇ ਸਾਰ ਉਹਦੀ ਨੂੰ, ਕੀ ਰੰਗ ਹਨ। ਆਖਦੇ ਨੇ ਕਿ ਜਦ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਦੇਹ ਦਾ ਉਹਲਾ ਕਰਨਾ ਸੀ ਤਾਂ ਆਪ ਜੀ ਨੇ ਇਕ ਪਤਾਲਪੁਰੀ ਨਾਮ ਦਾ ਕੋਠਾ ਬਣਵਾਇਆ ਹੋਇਆ ਸੀ, ਉਸ ਵਿਚ ਆਸਣ ਲਾ ਕੇ ਸਮਾਧੀ ਲੀਨ ਹੋ ਗਏ ਅਤੇ ਸਭ ਨੂੰ ਹੁਕਮ ਸੀ ਪੰਜ ਦਿਨ ਇਹ ਬੂਹਾ ਨਹੀਂ ਖੋਲ੍ਹਣਾ। ਹੁਕਮ ਅਨੁਸਾਰ ਪੰਜਵੇਂ ਦਿਨ ਬੂਹਾ ਖੋਲਿਆ ਤਾਂ ਵੇਖਿਆ ਸਤਿਗੁਰੂ ਜੀ ਦੇਹ ਦਾ ਉਹਲਾ ਕਰ ਗਏ ਸਨ। ਸਤਿਗੁਰਾਂ ਨਾਲ ਪਿਆਰ ਤਾਂ ਸਾਰੇ ਕਰਦੇ ਸਨ ਪਰ ਜਿਹਨਾਂ ਨੂੰ ਗੁਰੂ ਅੱਖਾਂ ਬਖਸ਼ਦਾ ਹੈ ਉਹ ਵੇਖ ਸਕਦੇ ਹਨ। ਆਖਦੇ ਨੇ ਕਿ ਦੁਬਿਸਤਾਨ ਮਜ਼ਹਬ ਵਿਚ ਲਿਖਿਆ ਹੈ ਕਿ ਰਾਜਾ ਰਾਮ ਪ੍ਰਤਾਪ ਸਿੰਘ ਰਾਜਪੂਤ ਤੇ ਉਸ ਦੇ ਪੁੱਤਰ ਰਾਮ ਸਿੰਘ ਨੇ ਸਤਿਗੁਰਾਂ ਦੀ ਚਿਖਾ ਵਿਚ ਛਾਲ ਮਾਰ ਕੇ ਆਪਣੇ ਪ੍ਰਾਣ ਤਿਆਗ ਦਿਤੇ ਸਨ ਕਿਉਂਕਿ ਰਾਮ ਸਿੰਘ ਦੀ ਭੈਣ ਨਾਲ ਮੁਗਲ ਸੂਬੇ ਨੇ ਜਬਰਦਸਤੀ ਕੀਤੀ, ਉਹ ਉਸ ਨੂੰ ਮਾਰ ਕੇ ਸਤਿਗੁਰਾਂ ਦੀ ਸ਼ਰਨ

ਵਿਚ ਆਏ ਸਨ। ਮੁਗਲ ਇਹਨਾਂ ਦੇ ਮਗਰ ਪਏ ਹੋਏ ਸਨ ਮੁਸਲਮਾਨ ਬਨਾਉਣ ਲਈ। ਇਸ ਕਈ ਇਹਨਾਂ ਨੇ ਸੋਚਿਆ ਹੁਣ ਸਾਡੀ ਰੱਖਿਆ ਕਿਸੇ ਨਹੀਂ ਕਰਨੀ। ਅਸੀਂ ਏਸੇ ਦੀ ਸ਼ਰਨ ਵਿਚ ਜਾਈਏ। ਸਤਿਗੁਰ ਜੀ ਸਿਰਫ ੪੮ ਵਰ੍ਹੇ ਨੌਂ ਮਹੀਨੇ ਚਾਰ ਦਿਨ ਸਰੀਰਕ ਆਰਜ਼ੂ ਭੋਗੀ।

***

ਸ੍ਰੀ ਸਤਿਗੁਰੂ ਹਰਿਰਾਇ ਜੀ



ਸ੍ਰੀ ਗੁਰੂ ਹਰਿਰਾਇ ਜੀ ਦਾ ਪ੍ਰਕਾਸ਼ ਬਾਬਾ ਗੁਰਦਿਤਾ ਜੀ ਤੇ ਮਾਤਾ ਨਿਹਾਲ ਕੌਰ ਜੀ ਦੇ ਗ੍ਰਿਹ ਵਿਖੇ ਦਸ ਮਾਘ ਸੰਮਤ ੧੬੮੬ ਬਿ.-ਮੁਤਾਬਿਕ ੨੬ ਫਰਵਰੀ ੧੬੩੦ ਈਸਵੀ ਵਿਚ ਕੀਰਤਪੁਰ ਹੋਇਆ। ਮਾਰਚ ੩, ੧੬੪੪ ਈ. ਨੂੰ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਤੇ ਗੁਰੂ ਹਰਿ ਰਾਇ ਜੀ ਗੁਰਗੱਦੀ ਤੇ ਸੁਭਾਇਮਾਨ ਹੋਏ। ਆਪ ਜੀ ਬਾਬਾ ਗੁਰਦਿਤਾ ਜੀ ਦੇ ਦੂਜੇ ਪੁੱਤਰ ਸਨ। ਆਪ ਜੀ ਦੇ ਵੱਡੇ ਭਰਾ ਸਨ ਧੀਰਮੱਲ।

ਭਾਈ ਗੁਰਦਾਸ ਦੂਜੇ ਲਿਖਦੇ ਹਨ

ਸਪਤਮ ਮਹਿਲ ਅਗਮ ਹਰਿ ਰਾਇਆ।
ਜਿਨ ਸੁਨ ਧਿਆਨ ਕਰ ਜੋਗ ਕਮਾਇਆ।
ਚੜ੍ਹ ਗਗਨ ਗੁਫਾ ਮਹਿ ਰਹੇ ਸਮਾਈ।
ਜਹਿ ਬੈਠੇ ਅਡੋਲ ਸਮਾਧ ਲਗਾਈ।
ਸਭ ਕਲਾ ਖੈਚ ਕਰ ਗੁਪਤ ਕਰਾਯੰ।
ਤਹਿ ਆਪਨ ਰੂਪ ਕੋ ਨਹਿ ਦਿਖਲਾਯੰ।
ਇਸ ਪਰਕਾਰ ਗੁਬਾਰ ਮਚਾਯੰ।
ਜਹਦੇਵ ਅੰਸ ਕੋ ਬੁਹ ਚਮਕਾਯੰ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਮੇਂ ਨਾਲ ਹੁੰਦੇ ਜ਼ੁਲਮ ਨਾਲ ਟੱਕਰ ਲੈਣੀ ਸਿੱਖਾਂ ਨੂੰ ਸਿਖਾ ਦਿਤੀ ਸੀ। ਜਿਸ ਨਾਲ ਜ਼ਾਲਿਮ ਠੰਡੇ ਜਿਹੇ ਪੈ ਗਏ ਸੀ ਪਰ ਸ੍ਰੀ ਸਤਿਗੁਰੂ ਹਰਗੋਬਿੰਦ ਜੀ ਦੀ ਬਣਾਈ ਹੋਈ ਫੌਜ ਦੇ ੨੨੦੦ ਸਵਾਰ, ਸ੍ਰੀ ਗੁਰੂ ਹਰਿਰਾਇ ਜੀ ਆਪਣੇ ਨਾਲ ਹਮੇਸ਼ਾ ਰੱਖਦੇ ਸਨ, ਯੁੱਧ ਨਹੀਂ ਸਨ ਕਰਦੇ। ਸ਼ੁਰੂ ਤੋਂ ਹੀ ਇਹ ਬਹੁਤ ਨਰਮ ਦਿਲ ਸਨ। ਜਦ ਇਹ ਬਾਲ ਅਵਸਥਾ ਵਿਚ ਸਨ, ਸ੍ਰੀ ਗੁਰੂ ਹਰਗੋਬਿੰਦ ਜੀ ਨਾਲ ਬਾਗ ਵਿਚ ਗਏ। ਇਨ੍ਹਾਂ ਦੇ ਗਲ ਵੱਡਾ ਸਾਰਾ ਜਾਮਾ ਪਾਇਆ ਹੋਇਆ ਸੀ। ਉਸ ਨਾਲ ਲੱਗ ਕੇ ਇਕ ਫੁੱਲ ਟੁੱਟ ਗਿਆ ਤਾਂ ਆਪ ਉਥੇ ਹੀ ਰੋਣ ਲੱਗ ਪਏ। ਸ੍ਰੀ ਗੁਰੂ ਹਰਗੋਬਿੰਦ ਜੀ ਬਚਨ ਕੀਤਾ ਜਦ ਤੁਰੀਏ ਤਾਂ ਜਾਮਾ ਚੁੱਕ ਕੇ ਤੁਰੀਏ। ਉਸ ਦਿਨ ਤੋਂ ਇਹਨਾਂ ਇਸ ਬਚਨ ਨੂੰ ਐਸਾ ਪਾਲਿਆ। ਸਾਰੇ ਸਮੇਂ ਆਪਣਾ ਜਾਮਾ ਚੁੱਕ ਕੇ ਹੀ ਤੁਰਦੇ ਰਹੇ। ਉਸ ਸਮੇਂ ਜੋ ਵੀ ਜ਼ਬਰ ਤੇ ਜ਼ੁਲਮ ਤੋਂ ਡਰ ਕੇ ਸ਼ਰਨ ਆ ਜਾਂਦਾ ਉਹ ਭਾਵੇਂ ਕੋਈ ਵੀ ਹੋਵੇ ਉਸ ਦੀ ਰੱਖਿਆ ਕਰਦੇ

ਰੋਮ ਦੇ ਵਕੀਲ ਦਾ ਆਉਣਾ

ਰੋਮ ਦੇ ਬਾਦਸ਼ਾਹ ਦਾ ਇਕ ਵਕੀਲ ਇਕ ਵਾਰ ਦਿੱਲੀ ਆਇਆ। ਉਸ ਨੇ ਸਤਿਗੁਰਾਂ ਦੀ ਬਹੁਤ ਸੋਭਾ ਸੁਣੀ ਤੇ ਦਰਸ਼ਨ ਕਰਨ ਲਈ ਆਇਆ ਤਾਂ ਗੁਰੂ ਦੇ ਦਰਬਾਰ ਦੀ ਮਹਿਮਾ ਵੇਖ ਕੇ ਅਸਚਰਜ ਰਹਿ ਗਿਆ। ਸਤਿਗੁਰਾਂ ਅੱਗੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਜੀ ਅਵਤਾਰਾਂ ਤੇ ਪੈਗੰਬਰਾਂ ਵਿਚੋਂ ਬਚਾਉਣ ਵਾਲਾ ਕਿਹੜਾ ਹੈ ਜਿਸ ਦੇ ਲੜ ਲੱਗੀਏ। ਸਤਿਗੁਰਾਂ ਬਚਨ ਕੀਤਾ "ਆਪਣੇ ਹੀ ਸ਼ੁਭ ਕਰਮਾਂ ਤੋਂ ਵੱਡਾ ਹੋਰ ਬਚਾਉਣ ਵਾਲਾ ਕੋਈ ਪੀਰ ਪੈਗੰਬਰ ਨਹੀਂ ਕਿਉਂਕਿ ਅਵਤਾਰ ਜਾਂ ਪੈਗੰਬਰ ਵੀ ਆਪਣੇ ਕਰਮਾਂ ਦਾ ਫਲ ਪਾਉਂਦੇ ਹਨ। ਜੋ ਇਹਨਾਂ ਕੋਲ ਆਕੇ ਇਹਨਾਂ ਦੀ ਸਿੱਖਿਆ ਪ੍ਰਾਪਤ ਕਰਦੇ ਹਨ ਉਹ ਬਚ ਜਾਂਦੇ ਹਨ। ਜੋ ਨਹੀਂ ਗ੍ਰਹਿਣ

ਕਰਦੇ ਉਹ ਬਖਸ਼ੇ ਨਹੀਂ ਜਾਂਦੇ। ਭਾਵੇਂ ਕਿੰਨੇ ਦਰਸ਼ਨ ਕਰੀ ਜਾਣ।" ਇਹ ਸੁਣ ਕੇ ਉਹ ਬਹੁਤ ਪ੍ਰਸੰਨ ਹੋਇਆ। ਉਸ ਨੇ ਆਪਣੇ ਜ਼ਫਰਨਾਮੇ ਵਿਚ (ਡਾਇਰੀ) ਵਿਚ ਸਤਿਗੁਰਾਂ ਦੀ ਬਹੁਤ ਉਪਮਾ ਲਿਖੀ ਹੈ।

ਭਾਈ ਗੋਂਦੇ ਦਾ ਪ੍ਰਸੰਗ

ਭਾਈ ਗੋਂਦਾ ਗੁਰੂ ਕਾ ਸਿੱਖ ਕਾਬੁਲ ਰਹਿੰਦਾ ਸੀ। ਇਕ ਦਿਨ ਗੁਰੂ ਹਰਿ ਰਾਇ ਜੀ ਸਵੇਰੇ ਆਸਾ ਦੀ ਵਾਰ ਤੋਂ ਬਾਅਦ ਸਿੰਘਾਸਣ ਤੋਂ ਉਠਣ ਨਾ ਅਤੇ ਨਾ ਹੀ ਆਪਣੇ ਚਰਨ ਹਿਲਣ ਦੇਣ। ਸੰਗਤ ਬੜੀ ਹੈਰਾਨ ਹੋਈ। ਅਖੀਰ ਭਾਈ ਭਾਨੇ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ਜੀ ਇਹ ਕੀ ਕੌਤਕ ਹੈ, ਸੰਗਤ ਬਹੁਤ ਸੋਚ ਵਿਚ ਪਰੇਸ਼ਾਨ ਹੈ। ਸਤਿਗੁਰਾਂ ਬਚਨ ਕੀਤਾ ਭਾਈ ਗੋਂਦਾ ਨੇ ਕਾਬੁਲ ਵਿਚ ਨਦੀ ਤੇ ਇਸ਼ਨਾਨ ਕਰਦੇ ਸਮੇਂ ਮੇਰੇ ਚਰਨ ਫੜੇ ਹੋਏ ਹਨ। ਜੇ ਮੈਂ ਹਿੱਲਿਆ ਤਾਂ ਉਸ ਨੂੰ ਤਕਲੀਫ ਹੋਵੇਗੀ। ਉਸ ਦੇ ਪ੍ਰੇਮ ਨੇ ਮੈਨੂੰ ਏਥੇ ਬੰਨ੍ਹਿਆਂ ਹੋਇਆ ਹੈ। ਕੁਝ ਸਮਾਂ ਪਾ ਕੇ ਭਾਈ ਗੋਂਦਾ ਗੁਰ ਦਰਸ਼ਨਾਂ ਨੂੰ ਅਇਆ ਤਾਂ ਸਿੱਖਾਂ ਪੁੱਛਿਆ, ਤਾਂ ਭਾਈ ਗੋਂਦਾ ਆਖਣ ਲੱਗਾ ਹਾਂ, ਉਸ ਵਕਤ ਮੈਨੂੰ ਆਪ ਨਹੀਂ ਪਤਾ ਮੈਂ ਕਿੰਨੀ ਦੇਰ ਉਥੇ ਖਲੋਤਾ ਰਿਹਾ, ਸਤਿਗੁਰਾਂ ਦੇ ਚਰਨਾਂ ਦਾ ਧਿਆਨ ਧਰਕੇ। ਜਿਵੇਂ ਧੰਨੇ ਨੇ ਭਗਵਾਨ ਨੂੰ ਪ੍ਰੇਮ ਵਿਚ ਬੰਨ੍ਹ ਕੇ ਲੱਸੀ ਪਿਲਾਈ ਤੇ ਰੋਟੀ ਖੁਆ ਕੇ ਆਖਿਆ, ਹੁਣ ਕਿੱਥੇ ਚੱਲਿਆਂ, ਮੇਰਾ ਕੰਮ ਵੀ ਕਰ, ਹਲ ਵਾਹ, ਨੱਕੇ ਮੋੜ। ਉਸ ਕੋਲੋਂ ਆਪਣਾ ਸਾਰਾ ਕੰਮ ਕਰਵਾਉਂਦਾ ਰਿਹਾ। ਭਗਵਾਨ ਕਰਦਾ ਰਿਹਾ ਪ੍ਰੇਮ ਵਿਚ ਵਸ ਕੇ। ਏਸੇ ਤਰ੍ਹਾਂ ਗੁਰੂ ਦੇ ਸਿੱਖ ਵੀ ਬੰਨ੍ਹ ਲੈਂਦੇ ਹਨ।

ਦਾਰਾਸ਼ਕੋਹ ਦੀ ਸਹਾਇਤਾ

ਸੰਨ ੧੭੧੩ ਬਿ. ਨੂੰ ਔਰੰਗਜ਼ੇਬ ਤੋਂ ਹਾਰ ਕੇ ਦਾਰਾਸ਼ਕੋਹ ਭੱਜਿਆ ਹੋਇਆ ੫੦੦ ਸਿਪਾਹੀਆਂ ਨਾਲ ਗੋਇੰਦਵਾਲ ਸਤਿਗੁਰਾਂ ਦੇ ਦਰਸ਼ਨਾਂ ਨੂੰ ਆ ਪਹੁੰਚਿਆ। ਜਦ ਸਤਿਗੁਰਾਂ ਨੇ ਉਸ ਤੇ ਆਪਣੀ ਦ੍ਰਿਸ਼ਟੀ ਪਾਈ ਤਾਂ ਉਸ ਦੀ ਉਹ ਹਾਲਤ ਹੋ ਗਈ, ਜਿਵੇਂ ਭਾਈ ਗੁਰਦਾਸ ਜੀ ਕਿਰਪਾ ਕਰਦੇ ਹਨ-"ਸੁਧ ਕੀ ਨਾ ਸੁਧ ਰਹੀ ਬੁਧ ਕੀ ਨਾ ਬੁਧ"।ਉਸ ਦਾਰੇ ਨੂੰ ਦੁਨੀਆ ਦੇ ਚਕ੍ਰਵਰਤੀ ਰਾਜ ਭਾਗ ਦੀ ਕੋਈ ਇੱਛਾ ਹੀ ਨਾ ਰਹੀ। ਉਹ ਸਾਰੀਆਂ ਇਛਾਵਾਂ ਭੁਲਾ ਬੈਠਾ। ਉਹ ਬਸ ਤੂੰ ਹੀ ਤੂੰ ਆਖੇ ਅਤੇ ਗੁਰਾਂ ਦੇ ਦਰਸ਼ਨ ਕਰੀ ਜਾਵੇ। ਉਸ ਦੀ ਇਹ ਹਾਲਤ ਵੇਖਕੇ ਸਤਿਗੁਰਾਂ ਬਚਨ ਕੀਤਾ, ਦਾਰਿਆ ਤੂੰ ਪਹਿਲਾਂ ਪ੍ਰਹਿਲਾਦ ਤੋਂ ਫਿਰ ਭੀਖਨ ਤੋਂ ਹੁਣ ਦਾਰਾ ਹੈ।

ਦੱਸ ਜੇਕਰ ਰਾਜ ਦੀ ਇੱਛਾ ਹੈ, ਉਹ ਦੁਆ ਦਿਆਂ? ਉਸ ਨੇ ਬੇਨਤੀ ਕੀਤੀ, ਮੇਰੇ ਪਿਛੇ ਔਰੰਗਜ਼ੇਬ ਦੀ ਫੌਜ ਪਈ ਹੈ, ਉਸ ਨੂੰ ਰੋਕ ਲਵੋ, ਮੈਂ ਏਥੋਂ ਨਿਕਲ ਜਾਵਾਂ। ਬਸ ਆਪ ਜੀ ਆਪਣੇ ਚਰਨਾਂ ਦੀ ਪ੍ਰੀਤ ਬਖਸ਼ਣੀ। ਸਤਿਗੁਰਾਂ ਨੇ ਆਪਣੀ ਫੌਜ ਭੇਜ ਦਿੱਤੀ ਤੇ ਔਰੰਗਜ਼ੇਬ ਦੀ ਫੌਜ ਪਿਛੇ ਮੁੜ ਗਈ। ਏਥੋਂ ਪਤਾ ਲੱਗਦਾ ਹੈ ਗੁਰੂ ਹਮੇਸ਼ਾ ਹੁੰਦਾ ਹੈ ਤੇ ਸਭ ਸੁਣਦਾ ਸਭ ਵੇਖਦਾ।

ਸ੍ਰੀ ਸਤਿਗੁਰੂ ਹਰਿਰਾਇ ਜੀ ਦਾ ਵਿਆਹ

ਸਤਿਗੁਰਾਂ ਦੇ ਪਹਿਲੇ ਮਹਿਲ ਮਾਤਾ ਕੋਟ ਕਲਿਆਣੀ ਜੀ ਅਤੇ ਦੂਸਰਾ ਆਨੰਦ ਮਾਤਾ ਕ੍ਰਿਸ਼ਨ ਕੌਰ ਜੀ ਨਾਲ ਹੋਇਆ। ਮਾਤਾ ਕਲਿਆਣੀ ਜੀ ਦੇ ਪੁੱਤਰ ਰਾਮਰਾਏ ਤੇ ਮਾਤਾ ਕ੍ਰਿਸ਼ਨ ਕੌਰ ਜੀ ਦੇ ਹਰਿ ਕ੍ਰਿਸ਼ਨ ਜੀ ਹੋਏ।

ਔਰੰਗਜ਼ੇਬ ਦੇ ਜ਼ੁਲਮ

ਇਸ ਵਕਤ ਔਰੰਗਜ਼ੇਬ ਜ਼ੁਲਮ ਕਰਨ ਤੇ ਤੁਲਿਆ ਹੋਇਆ ਸੀ। ਉਸ ਨੇ ਰਾਜ ਤੇ ਬੈਠਦਿਆਂ ਹੀ ਪਿਉ ਨੂੰ ਕੈਦ ਕਰ ਲਿਆ ਤੇ ਭਰਾਵਾਂ ਨੂੰ ਫਨਾਹ ਕਰ ਦਿੱਤਾ। ਹਿੰਦੂ ਧਰਮ ਨੂੰ ਕਸ਼ਟ ਦੇਣੇ ਸ਼ੁਰੂ ਕਰ ਦਿਤੇ। ਏਥੋਂ ਤੱਕ ਕੇ ਕੋਈ ਮੰਦਰ ਨਾ ਰਹੇ ਕੋਈ ਪੁਜਾਰੀ ਤਪੱਸਵੀ ਨਾ ਰਹੇ, ਇਹ ਹੁਕਮ ਸੀ। ਇਕ ਹਿੰਦੂਆਂ ਦਾ ਬਹੁਤ ਵੱਡਾ ਤੀਰਥ ਪੁਸ਼ਕਰ ਹੈ। ਇਥੇ ਬ੍ਰਹਮਾ ਦਾ ਇਕ ਮੰਦਰ ਹੈ ਦੁਨੀਆ ਵਿਚ ਹੋਰ ਕਿਤੇ ਨਹੀਂ। ਇਹ ਹੀ ਉਹ ਜਗਾ ਹੈ ਜਿਥੇ ਅਕਾਲ ਪੁਰਖ ਨੇ ਬਰਾਹ ਅਵਤਾਰ ਧਾਰ ਕੇ ਰਾਖਸ਼ਾਂ ਕੋਲੋਂ ਧਰਤੀ ਪਤਾਲ ਵਿਚੋਂ ਲਿਆਂਦੀ ਸੀ। ਉਹਨਾਂ ਦਾ ਇਹ ਮੰਦਰ ੮੫ ਗਜ ਉਚਾ ਤੇ ੪੯੨ ਗਜ ਚੋੜਾ ਬਣਿਆ ਹੋਇਆ ਸੀ। ਉਸ ਨੂੰ ਢਾਹ ਕੇ ਉਸ ਤੇ ਆਪਣੇ ਤੰਬੂ ਲਾ ਲਏ ਤੇ ਉਥੋਂ ਦੇ ਰਿਸ਼ੀ ਮੁਨੀਆਂ ਨੂੰ ਮੁਸਲਮਾਨ ਬਨਾਉਣ ਲਈ ਜ਼ੁਲਮ ਕੀਤੇ। ਜਿਹੜੇ ਨਾ ਮੰਨੇ ਉਹਨਾਂ ਨੂੰ ਦਿੱਲੀ ਵਿਚ ਕਤਲ ਕੀਤਾ ਗਿਆ।

ਉਸੇ ਤਰ੍ਹਾਂ ਔਰੰਗਜ਼ੇਬ ਨੇ ਸੋਚਿਆ ਜੇਕਰ ਮੈਂ ਗੁਰੂ ਹਰਿਰਾਇ ਨੂੰ ਕਿਸੇ ਢੰਗ ਨਾਲ ਮੁਸਲਮਾਨ ਬਣਾ ਲਵਾਂ ਤਾਂ ਸਾਰੇ ਹਿੰਦੂ ਤੇ ਸਿੱਖ ਉਹਨਾਂ ਨਾਲ ਆਪੇ ਮੁਸਲਮਾਨ ਹੋ ਜਾਣਗੇ। ਉਸ ਨੇ ਸੋਚਿਆ ਏਥੇ ਜ਼ਬਰ ਨਾਲ ਕੰਮ ਨਹੀਂ ਚੱਲੇਗਾ। ਇਸ ਲਈ ਉਸ ਨੇ ਬੜੀ ਹੁਸ਼ਿਆਰੀ ਤੋਂ ਕੰਮ ਲੈਣ ਲਈ ਗੁਰੂ ਹਰਿਰਾਇ ਜੀ ਨੂੰ ਬੜੇ ਪਿਆਰ ਤੇ ਨਿਮਰਤਾ ਭਰੀ ਚਿੱਠੀ ਲਿਖੀ। "ਗੁਰੂ ਨਾਨਕ ਦੇਵ ਜੀ ਦੇ ਘਰ ਦੀ ਸਾਡੇ ਤੇ ਸ਼ੁਰੂ ਤੋਂ ਬਹੁਤ ਮਿਹਰ ਹੁੰਦੀ ਆਈ ਹੈ, ਇਸ ਲਈ ਮੇਰਾ ਦਿਲ ਆਪ ਜੀ

ਦੇ ਦਰਸ਼ਨ ਕਰਨ ਨੂੰ ਕਰਦਾ ਹੈ। ਕਿਰਪਾ ਕਰੋ ਏਥੇ ਆ ਕੇ ਦਰਸ਼ਨ ਦਿਉ।" ਸਤਿਗੁਰਾਂ ਉਸ ਵਕਤ ਇਹ ਪ੍ਰਤਿਗਿਆ ਕੀਤੀ ਹੋਈ ਸੀ ਕਿ ਜ਼ਾਲਿਮ ਤੁਰਕ ਦੇ ਮੱਥੇ ਸਵਾ ਪਹਿਰ ਦਿਨ ਚੜ੍ਹੇ ਤੱਕ ਨਹੀਂ ਲੱਗਣਾ। ਇਸ ਲਈ ਸਤਿਗੁਰਾਂ ਲਿਖ ਭੇਜਿਆ, ਅਸੀਂ ਨਹੀਂ ਆ ਸਕਦੇ।

ਫਿਰ ਉਸ ਨੇ ਦੂਸਰਾ ਢੰਗ ਵਰਤਿਆ। ਜ਼ਾਲਮ ਖਾਂ ਉਮਰਾ ਨੂੰ ਦਸ ਹਜ਼ਾਰ ਫੌਜ ਦੇ ਕੇ ਭੇਜਿਆ। ਜਦ ਉਹ ਥੋੜ੍ਹੀ ਦੂਰ ਹੀ ਆਇਆ ਤਾ ਸੂਲ ਦੀ ਬਿਮਾਰੀ ਨਾਲ ਮਰ ਗਿਆ। ਫਿਰ ਦੰਧੇ ਖਾਂ ਕੰਧਾਰੀ ਨੂੰ ਭੇਜਿਆ। ਉਸ ਨੂੰ ਕਿਸੇ ਨੇ ਸੁੱਤੇ ਪਏ ਨੂੰ ਮਾਰ ਦਿੱਤਾ। ਤੀਸਰੀ ਵਾਰ ਨਾਹਰ ਖਾਂ ਸਹਾਰਨਪੁਰੀਏ ਨੂੰ ਭੇਜਿਆ ਤਾਂ ਫੌਜ ਵਿਚ ਹੈਜੇ ਦੀ ਬਿਮਾਰੀ ਫੈਲ ਗਈ, ਜਿਸ ਨਾਲ ਸਾਰੀ ਫੌਜ ਹੀ ਵਾਪਸ ਚਲੀ ਗਈ ਤੇ ਫਿਰ ਕਿਸੇ ਦੀ ਹਿੰਮਤ ਨਾ ਪਈ।

ਔਰੰਗਜ਼ੇਬ ਨੇ ਫਿਰ ਰਸਤਾ ਲੱਭਿਆ। ਦਿਵਾਨ ਸ਼ਿਵਦਿਆਲ ਜੋ ਗੁਰੂ ਦਾ ਸਿੱਖ ਸੀ। ਉਸ ਨੂੰ ਹੁਕਮ ਦਿੱਤਾ ਕਿ ਤੂੰ ਸਤਿਗੁਰਾਂ ਨੂੰ ਇੱਜ਼ਤ ਮਾਣ ਨਾਲ ਲੈ ਕੇ ਆ। ਗੁਰੂ ਕਾ ਸਿੱਖ ਆਇਆ ਅਤੇ ਸਤਿਗੁਰਾਂ ਅੱਗੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ, ਔਰੰਗਜੇਬ ਨੂੰ ਸੁਮੱਤ ਬਖਸ਼ੋ, ਉਹ ਆਪ ਜੀ ਨੂੰ ਉਥੇ ਬੁਲਾਉਂਦਾ ਹੈ।" ਸਤਿਗੁਰਾਂ ਨੇ ਜਿਹੜੇ ਸਿੱਖ ਉਥੇ ਬੈਠੇ ਬੇਦੀ, ਸੋਢੀ ਤੇ ਭੱਲੇ ਸਨ, ਉਹਨਾਂ ਨੂੰ ਸਮਝਾਇਆ ਕਿ ਸਾਡੀ ਮੁਸ਼ਕਿਲ ਹੈ। ਉਥੇ ਜੋ ਵੀ ਕਰਨਾ ਗੁਰੂ ਨਾਨਕ ਨੇ ਕਰਨਾ ਹੈ ਉਸ ਦੇ ਘਰ ਕੋਈ ਘਾਟਾ ਨਹੀਂ, ਰਿੱਧੀਆਂ ਸਿੱਧੀਆਂ ਅੱਗੇ ਲੱਗੀਆਂ ਫਿਰਦੀਆਂ ਹਨ। ਉਹ ਸਦਾ ਸਹਾਈ ਹੈ ਪਰ ਜਦ ਵੇਖਿਆ ਕਿਸੇ ਵਲੋਂ ਕੋਈ ਜਵਾਬ ਨਹੀਂ ਆਇਆ ਤਾਂ ਫਿਰ ਆਪਣੇ ਵੱਡੇ ਬੇਟੇ ਰਾਮਰਾਇ ਨੂੰ ਦਿਵਾਨ ਸ਼ਿਵਦਿਆਲ ਨਾਲ ਦਿੱਲੀ ਭੇਜਣ ਲਈ ਤਿਆਰ ਕੀਤਾ। ਰਾਮਰਾਇ ਜੀ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ਜੀ ਅਗਰ ਉਸ ਨੇ ਕੋਈ ਕਰਾਮਾਤ ਵੇਖਣੀ ਚਾਹੀ ਜਾਂ ਮੁਸਲਮਾਨ ਬਨਣ ਲਈ ਆਖਿਆ? ਸਤਿਗੁਰਾਂ ਬਚਨ ਕੀਤਾ ਤੁਸੀਂ ਆਪਣੇ ਧਰਮ ਤੇ ਦ੍ਰਿੜ ਵਿਸ਼ਵਾਸ ਰੱਖਣਾ, ਕਰਾਮਾਤ ਜੋ ਚਾਹੋਗੇ ਉਹ ਹੋਵੇਗੀ, ਡਰਨਾ ਨਹੀਂ। ਸਤਿਗੁਰੂ ਤੁਹਾਡੇ ਅੰਗ ਸੰਗ ਰੱਖਿਆ ਕਰਨਗੇ।

ਜਦ ਔਰੰਗਜ਼ੇਬ ਨੂੰ ਪਤਾ ਲੱਗਾ ਰਾਮਰਾਇ ਜੀ ਆਏ, ਤਾਂ ਬਹੁਤ ਖੁਸ਼ ਹੋਇਆ। ਉਸ ਨੇ ਸੋਚਿਆ ਲੜਕਾ ਹੈ ਜਲਦੀ ਦੀਨ ਕਬੂਲ ਕਰ ਲਵੇਗਾ ਪਰ ਜਦ ਦਰਸ਼ਨ ਕੀਤੇ ਕੁਝ ਹੋਰ ਹੀ ਹੋ ਗਿਆ। ਰਾਮਰਾਇ ਜੀ ਨੇ ਉਸ ਨੂੰ ਬਹਤ ਸਾਰੀਆਂ ਕਰਾਮਾਤਾਂ ਦਿਖਾਈਆਂ। ਜਿਹਨਾਂ ਵਿਚੋਂ ੭੨ ਕਰਾਮਾਤਾਂ ਪ੍ਰਸਿੱਧ ਹਨ ਜੋ ਕਿ ਸੂਰਜ

ਪ੍ਰਕਾਸ਼ ਵਿਚ ਪੜ੍ਹ ਸਕਦੇ ਹਾਂ। ਇਹ ਕੌਤਕ ਵੇਖ ਕੇ ਬਾਦਸ਼ਾਹ ਰਾਮਰਾਇ ਜੀ ਨੂੰ ਸੱਚਾ ਫਕੀਰ ਤੇ ਬਲੀ ਮੰਨਣ ਲੱਗਾ।

ਇਕ ਦਿਨ ਬੈਠੇ ਹੋਏ ਔਰੰਗਜ਼ੇਬ ਰਾਮਰਾਇ ਜੀ ਨੂੰ ਪੁੱਛਣ ਲੱਗਿਆ ਜੋ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਲਿਖਿਆ ਹੈ-

ਮਿਟੀ ਮੁਸਲਮਾਨ ਕੀ ਪੇੜੈ ਪਈ ਘੁਮਿਆਰ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥

ਕੀ ਇਹ ਸਾਡੇ ਧਰਮ ਦੀ ਨਿਖੇਧੀ ਕੀਤੀ ਹੈ? ਰਾਮਰਾਇ ਜੀ ਨੇ ਉਤਰ ਵਿਚ ਆਖਿਆ। ਮਿਟੀ ਮੁਸਲਮਾਨ ਦੀ ਨਹੀਂ ਬੇਈਮਾਨ ਦੀ ਹੈ। ਇਸ ਨਾਲ ਬਾਦਸ਼ਾਹ ਤਾਂ ਖੁਸ਼ ਹੋ ਗਿਆ ਪਰ ਗੁਰੂ ਘਰ ਦੀ ਨਰਾਜ਼ਗੀ ਹੋ ਗਈ। ਵਾਪਸ ਆਏ ਤਾ ਹੁਕਮ ਹੋਇਆ। ਜਿਧਰ ਮੂੰਹ ਹੈ ਉਧਰ ਚਲਾ ਜਾ। ਗੁਰੂ ਪਿਤਾ ਜੀ ਦੀ ਨਰਾਜ਼ਗੀ ਨਾਲ ਇਹਨਾਂ ਡੇਰਾ ਦੇਹਰਾਦੂਨ ਪਹਾੜਾਂ ਵਿਚ ਜਾ ਲਾਇਆ। ਉਰਦੂ ਵਿਚ ਦੂਨ ਦਾ ਮਤਲਬ ਹੀ ਪਹਾੜਾਂ ਦੇ ਵਿਚਕਾਰ ਦੀ ਥਾਂ ਨੂੰ ਆਖਦੇ ਹਨ। ਉਥੇ ਡੇਰਾ ਲਾਇਆ ਇਸ ਲਈ ਉਹ ਦੇਹਰਾਦੂਨ ਅਖਵਾਇਆ।

ਸਤਿਗੁਰੂ ਜੀ ਦੀਆਂ ਖੇਡਾਂ ਨੂੰ ਵੀ ਉਸ ਦੇ ਸਿੱਖ ਹੀ ਸਮਝਦੇ ਹਨ। ਇਕ ਭਾਈ ਫੇਰੂ ਪਿੰਡ ਵਿਚ ਘਿਉ ਵੇਚਦਾ ਹੁੰਦਾ ਸੀ। ਭਾਈ ਭਗਤੂ ਗੁਰੂ ਦਾ ਸਿੱਖ ਗੁਰੂ ਘਰ ਦੇ ਕਾਮਿਆਂ ਨੂੰ ਪ੍ਰਸ਼ਾਦ ਛਕਾਉਂਦਾ ਸੀ। ਇਕ ਦਿਨ ਭਾਈ ਭਗਤੂ ਤੋਂ ਕਾਮਿਆਂ ਨੇ ਘਿਉ ਛਕਣ ਲਈ ਮੰਗਿਆ ਤਾਂ ਉਸ ਕੋਲ ਨਹੀਂ ਸੀ ਕਿਉਂਕਿ ਉਹ ਬਾਹਰ ਕੰਮ ਕਰਦੇ ਸਨ ਪਰ ਉਸ ਵਕਤ ਭਾਈ ਫੇਰੂ ਉਥੇ ਘਿਉ ਵੇਚਣ ਗਿਆ ਹੋਇਆ ਸੀ। ਭਾਈ ਭਗਤੂ ਨੇ ਭਾਈ ਫੇਰੂ ਨੂੰ ਕਿਹਾ ਭਾਈ ਸਿੱਖਾਂ ਨੂੰ ਛਕਣ ਲਈ ਘਿਉ ਦੇ ਦੇ। ਮੈ ਤੈਨੂੰ ਗੁਰੂ ਦੇ ਲੰਗਰ ਤੋਂ ਕੱਲ ਨੂੰ ਉਧਾਰਾ ਲਿਆ ਘਿਉ ਦੇ ਦਿਆਂਗਾ। ਫੇਰੂ ਨੇ ਸਿੱਖਾਂ ਨੂੰ ਘਿਉ ਦੇ ਦਿੱਤਾ ਪਰ ਜਦ ਘਰ ਗਿਆ ਤਾਂ ਉਸ ਨੇ ਘਿਉ ਵਾਲਾ ਭਾਂਡਾ ਵੇਖਿਆ ਤਾ ਉਪਰ ਤੱਕ ਘਿਉ ਨਾਲ ਭਰਿਆ ਹੋਇਆ ਸੀ। ਇਹ ਕੌਤਕ ਵੇਖ ਕੇ ਫੇਰੂ ਨੇ ਫਿਰਨਾ ਬੰਦ ਕਰ ਦਿੱਤਾ ਤੇ ਗੁਰੂ ਦਾ ਸਿੱਖ ਬਣ ਗਿਆ ਅਤੇ ਲੰਗਰ ਦੀ ਸੇਵਾ ਕਰਨ ਲੱਗ ਪਿਆ। ਇਕ ਦਿਨ ਇਕ ਸਿੱਖ ਬਹੁਤ ਭਜਨ ਬੰਦਗੀ ਕਰਨ ਵਾਲਾ ਲੰਗਰ ਛਕਣ ਆਇਆ ਤੇ ਉਸ ਨੇ ਪ੍ਰਸ਼ਾਦ ਦੀ ਮੰਗ ਕੀਤੀ। ਫੇਰੂ ਨੇ ਵੇਖਿਆ, ਲੰਗਰ ਵਰਤ ਚੁੱਕਾ ਹੈ, ਉਸ ਨੇ ਸਿੱਖ ਨੂੰ ਇਕ ਪ੍ਰਸ਼ਾਦਾ ਦੇ ਦਿੱਤਾ। ਇਕ ਹੋਰ ਸਿੱਖ ਆਇਆ ਉਸ ਨੂੰ ਪੰਜ ਪ੍ਰਸ਼ਾਦੇ ਦੇ ਦਿੱਤੇ। ਪਹਿਲੇ ਸੰਤ ਨੇ ਬਚਨ ਕੀਤਾ ਫੇਰੂ ਦਾ ਲੰਗਰ ਕਾਣਾ। ਫੇਰੂ ਉਸੇ ਵਕਤ ਸੰਤਾਂ ਪੈਰੀਂ ਢਹਿ

ਪਿਆ। ਆਖਣ ਲੱਗਾ ਲੰਗਰ ਵਿਚ ਨਾ ਕੋਈ ਫਰਕ ਆਵੇ ਮੈਂ ਭਾਵੇਂ ਕਾਣਾ ਹੋ ਜਾਵਾ। ਫੇਰੂ ਜੀ ਦੀ ਉਸੇ ਵਕਤ ਇਕ ਅੱਖ ਦੇ ਮਾਲਿਕ ਹੋ ਗਏ ਭਾਵ ਕਾਣੇ ਹੋ ਗਏ। ਸਾਧਾਂ ਦੇ ਬਚਨ ਸਦਾ ਅਟੱਲ ਹੁੰਦੇ ਹਨ।

ਗੁਰੂ ਘਰ ਰਹਿਣ ਵਾਲੇ ਬੰਦੇ ਹੀ ਨਹੀਂ ਸਭ ਦਾ ਭਲਾ ਮੰਗਦੇ ਉਥੋਂ ਦੇ ਪੰਛੀਆਂ ਨੂੰ ਵੀ ਇਹ ਗਿਆਨ ਹੁੰਦਾ ਹੈ। ਗੁਰੂ ਘਰ ਦਾ ਇਕ ਸਿੱਖ ਬੜਾ ਗਰੀਬ ਪਰਵਾਰ ਸੀ। ਉਸ ਨੂੰ ਬੱਚਿਆ ਦੇ ਪਾਲਣ ਲਈ ਵੀ ਅੰਨ ਦੀ ਤੰਗੀ ਸੀ। ਉਨ੍ਹਾਂ ਦੀ ਛੱਤ ਤੇ ਇਕ ਚਿੜਾ ਤੇ ਚਿੜੀ ਰਹਿੰਦੇ ਸਨ। ਉਹਨਾਂ ਕੋਲੋਂ ਇਹ ਤੰਗੀ ਵੇਖ ਨਾ ਹੋਈ। ਇਕ ਦਿਨ ਉਨ੍ਹਾਂ ਨੇ ਸੋਚਿਆ ਜਿਹੜਾ ਦਾਣਾ ਅਸੀਂ ਏਥੋਂ ਲੈ ਕੇ ਖਾਂਦੇ ਹਾਂ, ਉਹ ਕਿਉਂ ਨਾ ਅਸੀਂ ਗੁਰੂ ਕੇ ਲੰਗਰ ਵਿਚ ਪਾਈਏ ਉਸ ਨਾਲ ਇਹਨਾਂ ਦੀ ਇਹ ਤੰਗੀ ਦੂਰ ਹੋ ਜਾਵੇਗੀ ਕਿਉਂਕਿ ਇਹ ਦਾਨ ਵੱਡਾ ਹੈ ਅਤੇ ਦਾਨ ਨਾਲ ਬਰਕਤ ਪੈਂਦੀ ਹੈ। ਚਿੜਾ ਤੇ ਚਿੜੀ ਦੋਨਾਂ ਨੇ ਇਹ ਕੰਮ ਸ਼ੁਰੂ ਕਰ ਲਿਆ। ਦੋਨਾਂ ਨੇ ਚੁੰਝ ਵਿਚ ਦਾਣੇ ਚੁੱਕ ਕੇ ਗੁਰੂ ਘਰ ਦੇ ਦਾਣਿਆਂ ਵਿਚ ਪਾ ਦੇਣੇ। ਉਸ ਨਾਲ ਉਸ ਘਰ ਵਿਚ ਬਰਕਤ ਆ ਗਈ।

ਸ੍ਰੀ ਸਤਿਗੁਰਾਂ ਦਾ ਜੋਤੀ ਜੋਤ ਸਮਾਉਣਾ

ਸ੍ਰੀ ਸਤਿਗੁਰੂ ਹਰਿਰਾਇ ਜੀ ਨੇ ਸਾਰੀ ਸੰਗਤ ਦੇ ਇਕੱਠ ਸਮੇਂ ਬਚਨ ਕੀਤਾ। ਸ੍ਰੀ ਹਰਿਕ੍ਰਿਸ਼ਨ ਜੀ ਨੂੰ ਬੁਲਾ ਕੇ ਪੰਜ ਪੈਸੇ ਤੇ ਇਕ ਨਾਰੀਅਲ ਉਨ੍ਹਾਂ ਅੱਗੇ ਰੱਖ ਕੇ ਮੱਥਾ ਟੇਕ ਦਿਤਾ ਅਤੇ ਬਾਬਾ ਬੁੱਢਾ ਜੀ ਦੇ ਪੋਤਰੇ ਭਾਈ ਭਾਨੇ ਤੋਂ ਤਿਲਕ ਕਰਾ ਦਿੱਤਾ। ਸੰਗਤ ਨੂੰ ਹੁਕਮ ਹੋਇਆ ਕਿ ਇਹ ਹੁਣ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਿਕ ਹਨ, ਜੋ ਮੰਗੋਗੇ ਇਥੋਂ ਮਿਲੇਗਾ ਏਥੇ ਖੁੱਲ੍ਹੇ ਭਰੇ ਭੰਡਾਰ ਹਨ। ਇਨ੍ਹਾਂ ਵਿਚ ਸਾਡੇ ਵਿਚ ਭੇਦ ਨਾ ਜਾਨਣਾ।

ਆਪ ਜੀ ਨੇ ਸੰਮਤ ੧੭੧੮ ਬਿਕ੍ਰਮੀ ਵਿਚ ਦੇਹ ਦਾ ਓਹਲਾ ਕੀਤਾ, ਕੀਰਤਪੁਰ ਵਿੱਚ ੬ ਅਕਤੂਬਰ ੧੬੬੧ ਈਸਵੀ ਦੇ ਮੁਤਾਬਕ।

***

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ



ਸ੍ਰੀ ਹਰਿ ਕ੍ਰਿਸ਼ਨ ਜੀ ਦਾ ਪ੍ਰਕਾਸ਼ ਸੰਮਤ ੧੭੧੩ ਬਿ., ੧੬੫੬ ਜੁਲਾਈ ੭ ਈਸਵੀ, ਦਿਨ ਬੁੱਧਵਾਰ, ਮਹੀਨਾ ਸਾਵਨ ਵਦੀ ੮ ਕੀਰਤਪੁਰ ਵਿਖੇ ਪਿਤਾ ਸਤਿਗੁਰੂ ਹਰਿਰਾਇ ਜੀ ਮਾਤਾ ਕ੍ਰਿਸ਼ਨ ਕੋਰ ਜੀ ਦੇ ਗ੍ਰਿਹਿ ਵਿਖੇ ਹੋਇਆ। ਇਨ੍ਹਾਂ ਦੇ ਅਜੀਬ ਕੌਤਕ ਸਨ।

ਸ੍ਰੀ ਹਰਿ ਕ੍ਰਿਸ਼ਨ ਜੀ ਪੰਜ ਵਰਿਆਂ ਦੀ ਆਯੂ ਵਿਚ ਸੰਮਤ ੧੭੧੮ ਬਿਕ੍ਰਮੀ ਮੁਤਾਬਕ ੧੬੬੧ ਈਸਵੀ ਨੂੰ ਸ੍ਰੀ ਹਰਿਰਾਇ ਜੀ ਉਪਰੰਤ ਗੁਰਗੱਦੀ ਤੇ ਸੁਭਾਇਮਾਨ

ਹੋਏ। ਸੰਗਤਾਂ ਦੇ ਵੇਖਣ ਲਈ ਇਹ ਬਾਲ ਗੋਪਾਲ ਸਨ ਪਰ ਸ਼ਕਤੀ, ਭਗਤੀ ਤੇ ਕਰਨ ਕਾਰਣ ਸਮਰਥ ਸਨ। ਇਨ੍ਹਾਂ ਦੇ ਦਰਸ਼ਨਾਂ ਨੂੰ ਸੰਗਤਾਂ, ਰਾਜੇ ਮਹਾਰਾਜੇ ਦੂਰੋਂ ਦੂਰੋਂ ਆਉਂਦੇ ਸਨ। ਜੋ ਵੀ ਭੇਟ ਆਉਂਦੀ ਆਪ ਗਰੀਬਾਂ ਨੂੰ ਵੰਡ ਦਿੰਦੇ ਸਨ। ਆਪ ਜੀ ਜਲ ਦੀ ਇਕ ਸੌ ਇਕ ਗਾਗਰ ਨਾਲ ਇਸ਼ਨਾਨ ਕਰਦੇ ਸਨ ਤੇ ਫਿਰ ਅੰਮ੍ਰਿਤ ਵੇਲੇ ਆ ਸੰਗਤਾਂ ਨੂੰ ਦਰਸ਼ਨ ਦਿੰਦੇ ਸਨ। ਇਹ ਰੋਗੀਆਂ ਦੇ ਰੋਗ ਇਕ ਛਿਨ ਵਿਚ ਦੂਰ ਕਰ ਦਿੰਦੇ ਸਨ। ਇਕ ਵਾਰ ਇਹ ਪਾਲਕੀ ਵਿਚ ਬੈਠ ਕੇ ਜਾ ਰਹੇ ਸਨ। ਅੱਗੋਂ ਇਕ ਕੋਹੜੀ ਅੱਗੇ ਪੈ ਕੇ ਰੋਣ ਲੱਗਾ। ਆਪ ਜੀ ਨੇ ਆਪਣਾ ਰੁਮਾਲ ਦੇ ਕੇ ਆਖਿਆ ਲੈ ਇਹ ਪਿੰਡੇ ਤੇ ਫੇਰ ਲੈ। ਉਸ ਨੇ ਝਟ ਪਟ ਆਪਣੇ ਪਿੰਡੇ ਤੇ ਫੇਰਿਆ ਤਾਂ ਉਹ ਠੀਕ ਹੋ ਗਿਆ। ਜਿਸ ਤਰ੍ਹਾਂ ਅਸੀਂ ਅਰਦਾਸ ਕਰਦੇ ਹਾਂ- ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭ ਦੁਖ ਜਾਏ। ਏਸੇ ਤਰ੍ਹਾਂ ਇਹ ਪਰਤਖ ਹੁੰਦੇ ਸਨ। ਸਤਿਗੁਰਾਂ ਦੀ ਸੋਭਾ ਦੂਰ ਦੂਰ ਤਕ ਫੈਲ਼ ਗਈ। ਇਹ ਸੁਣ ਕੇ ਰਾਮਰਾਇ ਵਲੋਂ ਵੀ ਬਾਦਸ਼ਾਹ ਕੋਲ ਇਹ ਮੰਗ ਸੀ ਕਿ ਸ੍ਰੀ ਹਰਿਕਿਸ਼ਨ ਜੀ ਦਿੱਲੀ ਬੁਲਾਏ ਜਾਣ। ਇਸ ਲਈ ਔਰੰਗਜ਼ੇਬ ਨੇ ਜੈ ਸਿੰਘ,ਜੋ ਗੁਰੂ ਜੀ ਦਾ ਸਿੱਖ ਸੀ। ਉਸ ਨੂੰ ਇਕ ਚਿੱਠੀ ਦਿੱਤੀ। ਜਿਸ ਵਿਚ ਲਿਖਿਆ ਸੀ ਮੇਰਾ ਆਪ ਜੀ ਦੇ ਦਰਸ਼ਨ ਕਰਨ ਨੂੰ ਬਹੁਤ ਦਿਲ ਕਰਦਾ ਹੈ ਕਿਰਪਾ ਕਰਕੇ ਏਥੇ ਆ ਕੇ ਦਰਸ਼ਨ ਦਿਉ। ਜੈ ਸਿੰਘ ਨੇ ਆਪਣੇ ਦਿਵਾਨ ਪਰਸਰਾਮ ਕੋਲ ਕੁਝ ਚਰਨ ਭੇਟ ਤੇ ਚਿੱਠੀ ਭੇਜੀ ਅਤੇ ਹੁਕਮ ਕੀਤਾ, ਸਤਿਗੁਰਾਂ ਨੂੰ ਦਿੱਲੀ ਨਾਲ ਹੀ ਲੈ ਆਉਣਾ। ਜਦ ਇਹ ਚਿੱਠੀ ਮੁਨਸ਼ੀ ਸੰਗਤ ਰਾਏ ਨੇ ਪੜ੍ਹਕੇ ਸਤਿਗੁਰਾਂ ਨੂੰ ਸੁਣਾਈ ਤਾਂ ਸਤਿਗੁਰ ਜੀ ਉਸੇ ਵਕਤ ਤਿਆਰ ਹੋ ਕੇ ਸਿੱਖਾਂ ਨੂੰ ਸੇਵਾ ਸੌਂਪ ਕੇ ਦਿੱਲੀ ਵੱਲ ਚਾਲੇ ਪਾ ਲਏ। ਦਿੱਲੀ ਸਤਿਗੁਰਾਂ ਦਾ ਜਾਣਾ ਸੁਣ ਕੇ ਸੰਗਤ ਨਾਲ ਹੀ ਤੁਰ ਪਈ ਪਰ ਸਤਿਗੁਰਾਂ ਨੇ ਥੋੜ੍ਹੀ ਹੀ ਦੂਰ ਜਾ ਕੇ ਇਕ ਰੇਤ ਦਾ ਢੇਰ ਲਾ ਕੇ ਝੰਡਾ ਗੱਡ ਦਿੱਤਾ ਅਤੇ ਬਚਨ ਕੀਤਾ ਜਿਹੜਾ ਸਾਡਾ ਸਿੱਖ ਹੈ ਉਹ ਇਸ ਤੋਂ ਅੱਗੇ ਨਾ ਆਵੇ। ਜੋ ਇਹ ਬਚਨ ਨਾ ਮੰਨੇਗਾ ਉਹ ਮੇਰਾ ਸਿੱਖ ਨਹੀਂ। ਸਤਿਗੁਰੂ ਜੀ ਸੰਗਤਾਂ ਨੂੰ ਤਾਰਦੇ ਹੋਏ ਇਕ ਐਸੀ ਥਾਂ ਆਏ ਜਿਥੇ ਇਕ ਪੰਡਤ ਸੀ, ਉਸ ਦਾ ਨਾਮ ਲਾਲ ਜੀ ਸੀ। ਉਹ ਸਿੱਖਾਂ ਨੂੰ ਆਖਣ ਲੱਗਾ ਤੁਸੀਂ ਇਸ ਨੂੰ ਬਹੁਤ ਵੱਡਾ ਅਵਤਾਰ ਆਖਦੇ ਹੋ, ਮੈਂ ਤਾਂ ਜਾਣਾ ਜੇਕਰ ਦੁਆਪਰ ਵਿਚ ਲਿਖੀ ਗੀਤਾ ਦੇ ਅਰਥ ਕਰਕੇ ਦੱਸਣ। ਸਤਿਗੁਰਾਂ ਨੇ ਸਿੱਖਾਂ ਨੂੰ ਹੁਕਮ ਕੀਤਾ, ਉਸ ਪੰਡਤ ਨੂੰ ਬੁਲਾਉ। ਜਦ ਉਹ ਪੰਡਤ ਆਇਆ ਤਾਂ ਸਤਿਗੁਰਾਂ ਪੰਡਤ ਨੂੰ ਆਖਿਆ, ਗੀਤਾ ਦੇ ਅਰਥ ਤਾ ਕੋਈ ਵੀ ਕਰ ਸਕਦਾ ਹੈ। ਤੂੰ

ਜਿਹਨੂੰ ਮਰਜੀ ਲੈ ਆ ਉਹ ਹੀ ਕਰ ਦੇਵੇਗਾ। ਇਹ ਸੁਣ ਕੇ ਪੰਡਤ ਪਿੰਡ ਦੇ ਸਭ ਤੋਂ ਮੂਰਖ ਅਨਪੜ੍ਹ ਝੀਵਰ ਛੱਜੂ ਨਾਮ ਦਾ ਜੋ ਗੂੰਗਾ ਸੀ, ਉਸ ਨੂੰ ਲੈ ਆਇਆ ਤੇ ਆਖਣ ਲੱਗਾ ਇਹ ਕਰ ਸਕਦਾ ਹੈ? ਸਤਿਗੁਰਾਂ ਉਸ ਦੇ ਸਿਰ ਤੇ ਆਪਣੀ ਸੋਟੀ ਰੱਖੀ ਤਾਂ ਉਹ ਗੂੰਗਾ ਸੰਸਕ੍ਰਿਤੀ ਸਲੋਕ ਪੜ੍ਹਕੇ ਉਸਦੇ ਅਰਥ ਕਰਨ ਲੱਗ ਪਿਆ। ਇਹ ਕੌਤਕ ਵੇਖ ਕੇ ਪੰਡਤ ਚਰਨੀਂ ਢਹਿ ਪਿਆ ਤੇ ਸਾਰੀ ਸੰਗਤ ਵਿਚ ਸਤਿਗੁਰਾਂ ਦੀ ਜੈ ਜੈ ਕਾਰ ਹੋਣ ਲੱਗੀ।

ਰਾਜੇ ਜੈ ਸਿੰਘ ਦੀ ਰਾਣੀ ਦੀ ਭਾਵਨਾ

ਰਾਜੇ ਜੈ ਸਿੰਘ ਦੀ ਰਾਣੀ ਨੇ ਦਿਲ ਵਿਚ ਸੋਚਿਆ ਕਿ ਜੇਕਰ ਉਹ ਜਾਣੀ ਜਾਣ ਹਨ ਤਾਂ ਮੇਰੀ ਗੋਦੀ ਵਿਚ ਆ ਬੈਠਣ। ਜਦ ਸਤਿਗੁਰੂ ਜੀ ਦਿੱਲੀ ਪਹੁੰਚੇ ਤਾ ਰਾਜੇ ਜੈ ਸਿੰਘ ਨੇ ਉਨ੍ਹਾਂ ਨੂੰ ਆਪਣੇ ਮਹਿਲਾਂ ਵਿਚ ਲਿਆਂਦਾ। ਉਸ ਦਿਨ ਰਾਣੀ ਨੇ ਆਪਣੇ ਕੱਪੜੇ ਆਪਣੀ ਗੋਲੀ ਨੂੰ ਪੁਆ ਦਿੱਤੇ ਤੇ ਆਪ ਉਸ ਦੇ ਕੱਪੜੇ ਪਾ ਲਏ ਤੇ ਗੋਲੀ ਬਣਕੇ ਬੈਠ ਗਈ। ਜਾਣੀ ਜਾਣ ਸਤਿਗੁਰੂ ਦਿਲਾਂ ਦੀਆਂ ਜਾਣਦਾ ਹੈ। ਸਤਿਗੁਰੂ ਜੀ ਸਿੱਧੇ ਜਿੱਥੇ ਰਾਣੀ ਗੋਲੀ ਬਣਕੇ ਬੈਠੀ ਸੀ, ਉਥੇ ਉਸ ਦੀ ਗੋਦੀ ਵਿਚ ਜਾ ਬੈਠੇ। ਰਾਣੀ ਦੇ ਪਹਿਲਾਂ ਕੋਈ ਉਲਾਦ ਨਹੀਂ ਸੀ, ਉਸ ਤੋਂ ਬਾਅਦ ਉਸ ਦੇ ਘਰ ਪੁੱਤਰ ਹੋਇਆ। ਇਹੋ ਜਿਹੇ ਕੌਤਕ ਸਤਿਗੁਰ ਰੋਜ਼ ਕਰਦੇ ਸਨ।

ਜਦ ਬਾਦਸ਼ਾਹ ਨੂੰ ਪਤਾ ਲੱਗਾ ਸ੍ਰੀ ਹਰਿਕ੍ਰਿਸ਼ਨ ਜੈ ਸਿੰਘ ਦੇ ਘਰ ਆ ਗਏ ਹਨ। ਜਿਥੇ ਹੁਣ ਬੰਗਲਾ ਸਾਹਿਬ ਹੈ, ਉਸ ਨੇ ਆਪਣੇ ਵਲੋਂ ਹੁਕਮ ਦਿਤਾ ਹਰ ਰੋਜ਼ ਲੰਗਰ ਚਲਾਉ। ਆਪਣੇ ਇਕ ਸ਼ਹਿਜ਼ਾਦੇ ਨੂੰ ਸਤਿਗੁਰਾਂ ਕੋਲ ਭੇਜਿਆ ਜੋ ਸੰਸਾਰੀ ਆਯੂ ਅਨੁਸਾਰ ਸਤਿਗੁਰਾਂ ਦਾ ਹਾਣੀ ਸੀ। ਸ੍ਰੀ ਹਰਿਕ੍ਰਿਸ਼ਨ ਜੀ ਉਸ ਨੂੰ ਬਾਗ ਵਿਚ ਲੈ ਗਏ ਸੈਰ ਕਰਨ ਲਈ। ਉਥੇ ਉਸ ਨੂੰ ਬਹੁਤ ਹੀ ਅੱਛੇ ਅੱਛੇ ਫਲ ਖੁਆਏ। ਦੂਸਰੇ ਦਿਨ ਸ਼ਹਿਜਾਦਾ ਆਖਣ ਲੱਗਾ, ਮੈਨੂੰ ਉਹ ਹੀ ਫਲ ਚਾਹੀਦੇ ਹਨ ਜਿਹੜੇ ਕੱਲ੍ਹ ਖਾਧੇ ਸਨ। ਉਹ ਉਸੇ ਬਾਗ ਵਿਚ ਗਿਆ ਪਰ ਉੱਥੇ ਉਸ ਨੂੰ ਕੁਝ ਨਾ ਮਿਲਿਆ। ਇਸ ਅਸਚਰਜ ਲੀਲਾ ਬਾਰੇ ਬਾਦਸ਼ਾਹ ਨੂੰ ਵੀ ਪਤਾ ਲੱਗਿਆ ਉਹ ਬਹੁਤ ਹੈਰਾਨ ਹੋ ਗਿਆ।

ਇਕ ਦਿਨ ਬਾਦਸ਼ਾਹ ਨੇ ਸਤਿਗੁਰਾਂ ਨੂੰ ਬੁਲਾ ਭੇਜਿਆ। ਸਤਿਗੁਰਾਂ ਨੇ ਉਸ ਨੂੰ ਉੱਤਰ ਦਿੰਦਿਆਂ ਬਚਨ ਕੀਤਾ, ਅਸੀਂ ਤੇਰੇ ਕਹਿਣ ਤੇ ਦਿੱਲੀ ਆ ਗਏ ਹਾਂ, ਹੁਣ ਤੈਨੂੰ ਗੁਰੂ ਨਾਨਕ ਦੀ ਗੱਦੀ ਦਾ ਆਦਰ ਰੱਖਣਾ ਚਾਹੀਦਾ ਹੈ। ਸਾਨੂੰ ਹੁਕਮ ਨਹੀ ਜੋ ਤੇਰੇ ਸਾਹਮਣੇ ਹੋਈਏ ਸਾਨੂੰ ਤੂੰ ਮਜਬੂਰ ਨਾ ਕਰ। ਇਹ ਸੁਣ ਕੇ ਬਾਦਸ਼ਾਹ ਹੈਰਾਨ

ਹੋ ਗਿਆ ਅਤੇ ਉਸ ਦੀ ਬੇਗਮ ਨੇ ਕਿਹਾ ਫਕੀਰਾਂ ਨਾਲ ਜ਼ਿਦ ਨਹੀਂ ਕਰਨੀ ਚਾਹੀਦੀ, ਉਹਨਾਂ ਦੀ ਖੁਸ਼ੀ ਹੀ ਲੈਣੀ ਚਾਹੀਦੀ ਹੈ।

ਜਦ ਸ੍ਰੀ ਹਰਿਕ੍ਰਿਸ਼ਨ ਜੀ ਦਿੱਲੀ ਗਏ, ਉਨ੍ਹੀਂ ਦਿਨੀਂ ਦਿੱਲੀ ਵਿਚ ਹੈਜੇ ਦੀ ਬਿਮਾਰੀ ਫੈਲੀ ਹੋਈ ਸੀ। ਸਤਿਗੁਰਾਂ ਦੇ ਸਿੱਖ ਸਤਿਗੁਰਾਂ ਦੇ ਚਰਨ ਧੋ ਕੇ ਚਰਨਾਂਮ੍ਰਿਤ ਜਿਸ ਨੂੰ ਦੇਣ ਉਹ ਠੀਕ ਹੋ ਜਾਵੇ। ਇਹ ਵੇਖ ਕੇ ਸਾਰਾ ਸ਼ਹਿਰ ਹੀ ਇਧਰ ਨੂੰ ਤੁਰ ਪਿਆ। ਭਾਈ ਗੁਰਬਖਸ਼ ਜੀ ਨੇ ਚਰਨਾਂਮ੍ਰਿਤ ਇਕ ਖੂਹ ਵਿਚ ਹੀ ਪਾ ਦਿੱਤਾ। ਸਾਰੇ ਉਥੋਂ ਚਰਨਾਂਮ੍ਰਿਤ ਲੈ ਕੇ ਠੀਕ ਹੋਈ ਜਾਣ ਤਾਂ ਬਾਦਸ਼ਾਹ ਦੀ ਕਚਹਿਰੀ ਵਿਚ ਵੀ ਸਤਿਗੁਰਾਂ ਦੀਆਂ ਹੀ ਸਿਫਤਾਂ ਹੋਣ ਲੱਗੀਆਂ।

ਸ੍ਰੀ ਸਤਿਗੁਰਾਂ ਦਾ ਜੋਤੀ ਜੋਤ ਸਮਾਉਣਾ

ਸਤਿਗੁਰੂ ਜੀ ਨੂੰ ਬੁਖਾਰ ਚੜ੍ਹ ਗਿਆ। ਸਤਿਗੁਰਾਂ ਨੇ ਜਿਥੇ ਰਾਜੇ ਜੈ ਸਿੰਘ ਦੀ ਫੌਜ ਰਹਿੰਦੀ ਸੀ, ਉਥੇ ਤੰਬੂ ਕਨਾਤਾਂ ਲਗਵਾ ਕੇ ਆਪਣਾ ਡੇਰਾ ਕਰ ਲਿਆ। ਉਸ ਵਕਤ ਮਾਤਾ ਕ੍ਰਿਸ਼ਨ ਕੌਰ ਵੀ ਨਾਲ ਹੀ ਸਨ। ਕੁਝ ਦਿਨਾਂ ਬਾਅਦ ਸਤਿਗੁਰਾਂ ਨੂੰ ਸੀਤਲਾ ਨਿਕਲ ਆਈ। ਰਾਜੇ ਜੈ ਸਿੰਘ ਨੇ ਅਰਜ਼ ਕੀਤੀ, ਸੱਚੇ ਪਾਤਸ਼ਾਹ ਆਪ ਜੀ ਬਾਹਰ ਕਿਉ ਚਲੇ ਗਏ। ਜਿਸ ਚੀਜ਼ ਦੀ ਲੋੜ ਹੈ ਹੁਕਮ ਕਰੋ ਭੇਜ ਦਿਆਂ। ਸਤਿਗੁਰਾਂ ਬਚਨ ਕੀਤਾ ਅਸੀਂ ਜਿਥੇ ਸਰੀਰ ਛੱਡਣਾ ਹੈ ਉਥੇ ਆਏ ਹਾਂ। ਰਾਜਾ ਜੈ ਸਿੰਘ ਇਹ ਸੁਣ ਕੇ ਹੈਰਾਨ ਹੋ ਗਿਆ ਅਤੇ ਵੈਰਾਗੀ ਹੋ ਗਿਆ। ਸਿੱਖਾਂ ਨੇ ਅਰਜ਼ ਕੀਤੀ ਸਾਨੂੰ ਕਿਸ ਦੇ ਲੜ ਲਾ ਚੱਲੇ ਹੋ। ਸਤਿਗੁਰਾਂ ਨੇ ਪਰਖ ਲਈ ਆਦਿ ਗ੍ਰੰਥ ਸਾਹਿਬ ਨੂੰ ਗੁਰਗੱਦੀ ਬਖਸ਼ਣ ਲਈ ਆਖਿਆ ਪਰ ਉਹ ਸਿੱਖਾਂ ਨੇ ਯੋਗ ਨਾ ਸਮਝਿਆ ਅਤੇ ਅਰਜ਼ ਕੀਤੀ ਉਹ ਤਾਂ ਸਾਰੇ ਸੋਚੀ ਲਿਖਕੇ ਘਰ ਘਰ ਰੱਖ ਲੈਣਗੇ, ਅਸੀਂ ਕਿਸ ਕਿਸ ਨੂੰ ਮੱਥਾ ਟੇਕਾਂਗੇ? ਜਿਸ ਤਰ੍ਹਾਂ "ਗੁਰ ਪ੍ਰਤਾਪ ਸੂਰਜ" ਵਿਚ ਹੈ- ਬਿਨ ਗੁਰ ਸੰਗਤ ਹਿਵੈ ਥਿਰ ਕੋਇ ਨ। ਜਥਾ ਨ੍ਰਿਪਤ ਬਿਨ ਸੈਨਾ ਹੋਇ ਨ। ਜੋ ਗੁਰ ਗਰੰਥ ਆਪ ਨੇ ਭਨਯੋ। ਸੋ ਸਗਲੇ ਸਿਖਨ ਹੀ ਸੁਨਯੋ। ਲਿਖ ਲੈ ਹੈ ਅਬ ਸੋਚੀ ਸਾਰੇ। ਬੈਠਹਿ ਮਾਨੀ ਗੁਰ ਹੋਇ ਭਾਰੇ। ਭਾਈ ਗੁਰਦਿਤਾ ਜੀ ਜੋ ਬਾਬਾ ਬੁੱਢਾ ਜੀ ਦੇ ਪੜੋਤੇ ਉਨ੍ਹਾਂ ਨੇ ਸਾਰੀ ਸੰਗਤ ਵਲੋਂ ਫਿਰ ਬੇਨਤੀ ਕੀਤੀ ਸੱਚੇ ਪਾਤਸ਼ਾਹ ਸਾਨੂੰ ਕਿਹਦੇ ਲੜ ਲਾ ਚਲੇ ਹੋ, ਤਾਂ ਫਿਰ ਸ੍ਰੀ ਹਰਿਕ੍ਰਿਸ਼ਨ ਜੀ ਨੇ ਬਚਨ ਕੀਤਾ "ਬਾਬਾ ਬਸਹਿ ਜਿ ਗਰਾਮ ਬਕਾਲੇ"। ਇਸ ਤਰ੍ਹਾਂ ਪੰਜ ਪੈਸੇ ਤੇ ਇਕ ਨਾਰੀਅਲ ਰੱਖ ਕੇ ਮੱਥਾ ਟੇਕ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਗੱਦੀ ਸੌਂਪ ਸੰਮਤ ੧੭੨੧ ਬਿਕ੍ਰਮੀ, ੩੦ ਮਾਰਚ ੧੬੬੪ ਈਸਵੀ ਵਿਚ ਦਿੱਲੀ ਵਿਖੇ ਆਪ ਦੇਹ ਦਾ ਉਹਲਾ

ਕਰ ਗਏ। ਇਹਨਾਂ ਬਾਰੇ ਭਾਈ ਗੁਰਦਾਸ ਜੀ ਦੂਜਾ ਲਿਖਦੇ ਹਨ-

ਹਰਿਕ੍ਰਿਸ਼ਨ ਭਯੋ ਅਸਟਮ ਬਲਬੀਰਾ। ਜਿਨ ਪਹੁਚ ਦਿਲੀ ਤਜੀਉ ਸ੍ਰੀਰਾ।
ਬਾਲ ਰੂਪ ਧਰ ਸੁਵਾਂਗ ਰਚਾਯੋ। ਤਬ ਸਹਿਜੇ ਤਨ ਛਤਿ ਸਿਧਾਯੋ।

***

ਸ੍ਰੀ ਗੁਰੂ ਤੇਗ ਬਹਾਦਰ ਜੀ



ਬਚਿਤ੍ਰ ਨਾਟਕ ਦੀ ਲਿਖਤ ਹੈ

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨ ਕਰੀ॥ ਸੀਸ ਦੀਆ ਪਰੁ ਸੀ ਨ ਉਚਰੀ॥
ਧਰਮ ਹੇਤ ਸਾਕਾ ਜਿਨਿ ਕੀਆ॥ ਸੀਸ ਦੀਆ ਪਰ ਸਿਦਕ ਨਾ ਦੀਆ॥
ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ॥

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਪੰਜ ਵੈਸਾਖ ੧੬੭੮ ਬਿਕ੍ਰਮੀ ਮੁਤਾਬਕ ਪਹਿਲੀ ਅਪ੍ਰੈਲ ੧੬੨੧ ਈਸਵੀ ਨੂੰ ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ ਅਤੇ

ਮਾਤਾ ਨਾਨਕੀ ਜੀ ਦੇ ਗ੍ਰਹਿ ਅੰਮ੍ਰਿਤਸਰ ਹੋਇਆ। ਗਿਆਰਾਂ ਸਾਲ ਦੀ ਉਮਰ ਵਿਚ ਆਪ ਜੀ ਦਾ ਵਿਆਹ ਕਰਤਾਰਪੁਰ ਜ਼ਿਲ੍ਹਾ ਜਲੰਧਰ ਭਾਈ ਲਾਲ ਚੰਦ ਜੀ ਦੀ ਸਪੁੱਤਰੀ ਗੁਜਰੀ ਜੀ ਨਾਲ ਪੰਜ ਅੱਸੂ ਸੰਮਤ ੧੬੮੯ ਬਿਕ੍ਰਮੀ ਨੂੰ ਹੋਇਆ।

ਇਨ੍ਹਾਂ ਦਾ ਪਹਿਲਾ ਨਾਮ 'ਤਿਆਗ ਮੱਲ' ਸੀ। ਸੰਮਤ ੧੬੯੧ ਬਿਕ੍ਰਮੀ ਵਿਚ ਜਦ ਕਰਤਾਰਪੁਰ ਵਿਖੇ ਛੇਵੇਂ ਪਾਤਸ਼ਾਹ ਜੀ ਦਾ ਪੈਂਦੇ ਖਾਂ ਨਾਲ ਯੁੱਧ ਹੋਇਆ ਤਾਂ ਤਿਆਗ ਮੱਲ ਜੀ ਨੇ ਤਲਵਾਰ ਦੇ ਐਸੇ ਜੌਹਰ ਦਿਖਾਏ ਕਿ ਹਰਿਗੋਬਿੰਦ ਸਾਹਿਬ ਜੀ ਨੇ ਬਚਨ ਕੀਤਾ ਤੂੰ ਤਿਆਗ ਮੱਲ ਤਾਂ ਨਹੀ, ਤੇਗ ਬਹਾਦਰ ਹੈਂ।

ਜਦ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਗੁਰਗੱਦੀ ਦੀ ਸੌਂਪਣਾ ਸ੍ਰੀ ਹਰਿਰਾਇ ਜੀ ਨੂੰ ਕਰ ਦਿੱਤੀ ਤਾਂ ਉਸ ਵਕਤ ਤੋਂ ਮਾਤਾ ਨਾਨਕੀ ਜੀ ਨੂੰ ਹੁਕਮ ਕੀਤਾ ਤੁਸੀਂ ਬਕਾਲੇ ਤੇਗ ਬਹਾਦਰ ਦੇ ਪਰਵਾਰ ਨਾਲ ਚਲੇ ਜਾਉ। ਗੁਰੂ ਜੀ ਬਕਾਲੇ ਆ ਗਏ। ਬਕਾਲੇ ੨੫ ਸਾਲ ਤੋਂ ਵੱਧ ਸਮਾਂ ਬਤੀਤ ਕੀਤਾ। ਇਥੇ ਰਹਿ ਕੇ ਘੋਰ ਤਪੱਸਿਆ ਕੀਤੀ। ਜਦ ਸੰਮਤ ੧੭੨੨ ਵਿਚ ਮੱਖਨ ਸ਼ਾਹ ਲੁਬਾਣਾ ਨੇ "ਗੁਰੂ ਲਾਧੋ ਰੇ" ਦਾ ਹੋਕਾ ਦਿਤਾ ਤਾਂ ਆਪ ਜੀ ਨੌਵੇਂ ਗੁਰਾਂ ਦੇ ਰੂਪ ਵਿਚ ਪ੍ਰਗਟੇ। ਉਸ ਤੋਂ ਕੁਝ ਚਿਰ ਬਾਦ ਆਪ ਨੇ ਬਕਾਲਾ ਛੱਡ ਦਿਤਾ।

ਮੱਖਣ ਸ਼ਾਹ ਲੁਬਾਣਾ ਨੂੰ ਗੁਰੂ ਮਿਲਿਆ

ਮੱਖਣ ਸ਼ਾਹ ਲੁਬਾਣਾ ਇਕ ਵਪਾਰੀ ਸੀ। ਦੇਸ਼ ਵਿਦੇਸ਼ ਵਿਚ ਸਮੁੰਦਰੀ ਜਹਾਜਾਂ ਰਾਹੀਂ ਚੀਜ਼ਾਂ ਖਰੀਦ ਕੇ ਵਪਾਰ ਕਰਦਾ ਸੀ। ਇਕ ਵਾਰ ਉਸ ਦਾ ਜਹਾਜ਼ ਤੂਫਾਨ ਵਿਚ ਫਸ ਗਿਆ, ਜਿਥੋਂ ਨਿਕਲਣਾ ਬਹੁਤ ਮੁਸ਼ਕਿਲ ਸੀ। ਇਸ ਲਈ ਉਸ ਨੇ ਸਤਿਗੁਰਾਂ ਅੱਗੇ ਅਰਦਾਸ ਕੀਤੀ, "ਸੱਚੇ ਪਾਤਸ਼ਾਹ, ਹੇ ਗੁਰੂ ਨਾਨਕ ਦੀ ਗੱਦੀ ਦੇ ਮਾਲਿਕ, ਕਿਰਪਾ ਕਰੋ ਮੇਰਾ ਜਹਾਜ਼ ਬੰਨੇ ਲਾਉ, ਮੈਂ ਆਪ ਜੀ ਦੇ ਦਰ ਆ ਕੇ ੫੦੦ ਮੋਹਰਾਂ ਮੱਥਾ ਟੇਕਾਂਗਾ।" ਉਸ ਦਾ ਜਹਾਜ਼ ਬੰਨੇ ਲੱਗ ਗਿਆ ਅਤੇ ਸਮਾਨ ਵੀ ਵਿਕ ਗਿਆ। ਉਹ ੫੦੦ ਮੋਹਰਾਂ ਲੈ ਕੇ ਪੁਛਦਾ ਪੁਛਦਾ ਬਕਾਲੇ ਆ ਪਹੁੰਚਾ ਤਾਂ ਕੀ ਵੇਖਦਾ ਹੈ ਕਿ ਉੱਥੇ ੨੨ ਮੰਜੀਆਂ ਵਿਛਾ ਕੇ ੨੨ ਗੁਰੂ ਬਣੀ ਬੈਠੇ ਹਨ। ਉਹ ਇਹ ਵੇਖਕੇ ਬੜਾ ਹੈਰਾਨ ਹੋਇਆ, ਸੋਚੇ ਕਿਸ ਨੂੰ ਮੱਥਾ ਟੇਕਾਂ। ਅਖੀਰ ਉਸ ਨੇ ਫੈਸਲਾ ਕੀਤਾ। ਮੈਂ ਦੋ ਦੋ ਮੋਹਰਾਂ ਰੱਖ ਕੇ ਮੱਥਾ ਟੇਕੀ ਜਾਂਦਾ ਹਾਂ ਜਿਹੜਾ ਸੱਚਾ ਹੋਵੇਗਾ ਉਹ ਪੰਜ ਸੌ ਮੰਗ ਲਵੇਗਾ। ਉਸ ਨੇ ਏਸੇ ਤਰ੍ਹਾਂ ਕੀਤਾ ਪਰ ੫੦੦ ਮੋਹਰਾਂ ਕਿਸੇ ਨਾ ਮੰਗੀਆ। ਨਿਰਾਸ਼ ਹੋ ਕੇ ਆਖਣ ਲੱਗਾ ਕੋਈ ਹੋਰ ਵੀ ਹੈ? ਉਸ ਨੂੰ ਕਿਸੇ

ਦੱਸਿਆ, ਹਾਂ ਇਕ ਹੈ ਤੇਗਾ, ਜੋ ਭੋਰੇ ਵਿਚ ਹੀ ਰਹਿੰਦਾ ਹੈ ਬਾਹਰ ਕਦੀ ਨਿਕਲਦਾ ਹੀ ਨਹੀਂ। ਇਹ ਸੁਣ ਮੱਖਣ ਸ਼ਾਹ ਉਸ ਭੋਰੇ ਵੱਲ ਚਲਾ ਗਿਆ ਅਤੇ ਉਸ ਨੇ ਪਹਿਲਾਂ ਵਾਂਗ ਦੋ ਮੋਹਰਾਂ ਰੱਖ ਮੱਥਾ ਟੇਕ ਦਿਤਾ ਤੇ ਤੁਰ ਪਿਆ। ਸਤਿਗੁਰਾਂ ਬਚਨ ਕੀਤਾ ਜਦ ਜਹਾਜ਼ ਮੁਸ਼ਕਿਲ ਵਿਚ ਫਸਿਆ ਸੀ ਉਦੋਂ ਤਾਂ ਅਰਦਾਸਾਂ ਕਰਨੋਂ ਨਹੀਂ ਸੀ ਹਟਦਾ, ਜਦ ਕੱਢ ਦਿੱਤਾ ਤਾਂ ਭੇਟਾ ਨਾਲ ਲੈ ਤੁਰਿਆ, ਇਹ ਦੋ ਵੀ ਉਹਨਾਂ ਵਿਚ ਪਾ ਲੈ ਜਿਥੇ ੫੦੦ ਹਨ। ਇਹ ਸੁਣਦਿਆਂ ਹੀ ਮੱਖਣ ਸ਼ਾਹ ਲੁਬਾਣਾ ਚਰਨਾਂ ਤੇ ਢਹਿ ਪਿਆ ਅਤੇ ਲੱਗਾ ਰੌਲਾ ਪਾਉਣ। ਸਤਿਗੁਰਾਂ ਬਚਨ ਕੀਤਾ ਜਿਹੜਾ ਇਹ ਰੌਲਾ ਪਾਏਗਾ ਉਸ ਦਾ ਮੂੰਹ ਕਾਲਾ ਕਰਨਾ ਹੈ। ਮੱਖਣ ਸ਼ਾਹ ਨੇ ਆਪ ਆਪਣਾ ਮੂੰਹ ਕਾਲਾ ਕਰਕੇ ਕੋਠੇ ਚੜ੍ਹ ਰੌਲਾ ਪਾ ਦਿਤਾ 'ਗੁਰੂ ਲਾਧੋ ਰੇ ਗੁਰੂ ਲਾਧੋ ਰੇ' ਨਾਲੇ ਆਪ ਅਰਜ਼ ਕੀਤੀ ਸੱਚੇ ਪਾਤਸ਼ਾਹ ਆਪ ਜੀ ਦੇ ਬਚਨ ਅਟਲ ਹਨ, ਮੈਂ ਆਪਣਾ ਮੂੰਹ ਆਪ ਕਾਲਾ ਕਰ ਲਿਆ ਹੈ ਪਰ ਇਹ ਸਚਾਈ ਨਹੀਂ ਛੁਪਾ ਸਕਦਾ। ਇਹ ਸੁਣਦਿਆਂ ਹੀ ਸੰਗਤਾਂ ਦੀ ਭੀੜ ਲੱਗ ਗਈ। ਸਤਿਗੁਰਾਂ ਦੇ ਕੌਤਕ ਬੇਅੰਤ ਹਨ, ਉਹ ਆਪ ਵੀ ਬੇਅੰਤ ਹੈ।

ਧੀਰਮੱਲ ਲਈ ਸ੍ਰੀ ਆਦਿ ਗ੍ਰੰਥ ਸਾਹਿਬ ਨੂੰ ਬਿਆਸ ਵਿਚ ਅਮਾਨਤ ਰੱਖਣਾ-

ਇਕ ਵਾਰ ਜਦ ਸਤਿਗੁਰੂ ਜੀ ਬਕਾਲਾ ਛੱਡਣ ਲੱਗੇ ਤਾਂ ਸੰਗਤਾਂ ਨੇ ਬਹੁਤ ਸਾਰਾ ਚੜ੍ਹਾਵਾ ਚੜ੍ਹਾਇਆ ਅਤੇ ਨਾਲ ਹੀ ਮੱਖਣ ਸ਼ਾਹ ਨੇ ਮੱਥਾ ਟੇਕਿਆ ਸੀ। ਧੀਰਮੱਲ ਨੂੰ ਪਤਾ ਲੱਗਾ ਕਿ ਸਤਿਗੁਰੂ ਜੀ ਬਕਾਲਾ ਛੱਡਕੇ ਜਾ ਰਹੇ ਹਨ ਅਤੇ ਉਹਨਾਂ ਕੋਲ ਮਾਲ ਵੀ ਬਹੁਤ ਹੈ। ਉਸ ਨੇ ਵਿਉਂਤ ਬਣਾਈ ਰਸਤੇ ਵਿਚ ਸਾਰਾ ਮਾਲ ਲੁੱਟ ਲਿਆ। ਜਦ ਸਿਖਾਂ ਨੂੰ ਤੇ ਮੱਖਣ ਸ਼ਾਹ ਨੂੰ ਪਤਾ ਲੱਗਾ ਤਾਂ ਉਹ ਧੀਰਮੱਲ ਨੂੰ ਲੁੱਟ ਕੇ ਉਸ ਕੋਲੋਂ ਸ੍ਰੀ ਗੁਰੂ ਪੰਜਵੇਂ ਪਾਤਸ਼ਾਹ ਦੇ ਹਸਤ ਕਮਲਾਂ ਦੀ ਲਿਖੀ ਬੀੜ ਵੀ ਲੈ ਆਏ। ਜਦ ਸਤਿਗੁਰਾਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਹਨਾਂ ਬਚਨ ਕੀਤਾ, ਤੁਸੀਂ ਇਹ ਚੰਗਾ ਨਹੀਂ ਕੀਤਾ, ਇਹ ਸਾਰਾ ਸਮਾਨ ਵਾਪਸ ਕਰ ਆਉ। ਸਿੱਖ ਸਾਰਾ ਸਮਾਨ ਵਾਪਸ ਕਰ ਆਏ ਪਰ ਬੀੜ ਰੱਖ ਲਈ। ਸਤਿਗੁਰਾਂ ਬਚਨ ਕੀਤਾ ਬੀੜ ਵੀ ਵਾਪਸ ਕਰ ਦਿਉ। ਸਿੱਖਾਂ ਅਰਜ਼ ਕੀਤੀ, ਅਸੀਂ ਉਸ ਦੇ ਮੱਥੇ ਨਹੀਂ ਲੱਗਣਾ। ਸਤਿਗੁਰਾਂ ਬਚਨ ਕੀਤਾ, ਇਹ ਬਿਆਸ ਦਰਿਆ ਕੋਲ ਅਮਾਨਤ ਰੱਖ ਦਿਉ। ਧੀਰਮੱਲ ਨੂੰ ਸੁਨੇਹਾ ਭੇਜ ਦਿਉ ਉਹ ਆ ਕੇ ਲੈ ਜਾਵੇ। ਉਸ

ਦੀ ਸੰਤਾਨ ਦੀ ਉਪਜੀਵਕਾ ਬਣੀ ਰਹੇਗੀ। ਅਸੀਂ ਗ੍ਰੰਥ ਸਾਹਿਬ ਦੀ ਭੇਟਾ ਨਹੀਂ ਲੈਣੀ। ਇਸ ਅੱਗੇ ਚੜ੍ਹਿਆ ਹੋਇਆ ਪਦਾਰਥ ਪੂਜਾ ਦਾ ਹੁੰਦਾ ਹੈ। ਸਤਿਗੁਰਾਂ ਜਾ ਕੇ ਬਿਆਸ ਦਰਿਆ ਨੂੰ ਆਖਿਆ ਇਹ ਅਮਾਨਤ ਸਾਂਭ ਕੇ ਰੱਖੀਂ, ਧੀਰਮੱਲ ਲੈ ਜਾਵੇਗਾ। ਜਦ ਇਹ ਸੁਨੇਹਾ ਧੀਰਮੱਲ ਨੂੰ ਮਿਲਿਆ ਤਾਂ ਉਹ ਬੜਾ ਖੁਸ਼ ਹੋਇਆ ਅਤੇ ਚੰਗੇ ਚੰਗੇ ਜਿਹੜੇ ਡੂੰਘੀ ਚੁੱਭੀ ਮਾਰ ਲੈਂਦੇ ਸਨ, ਉਹ ਨਾਲ ਲੈ ਕੇ ਆਇਆ ਬਿਆਸ ਦਰਿਆ ਦੇ ਕੰਢੇ ਆ ਖੜ੍ਹਾ ਹੋਇਆ। ਸੂਰਜ ਪ੍ਰਕਾਸ਼ ਦੀ ਗਵਾਹੀ ਮੁਤਾਬਿਕ ਕਾਫੀ ਕੋਸ਼ਿਸ਼ ਕਰਨ ਤੇ ਵੀ ਬੀੜ ਨਾ ਮਿਲੀ। ਧੀਰਮੱਲ ਉਸ ਆਦਮੀ ਨੂੰ ਪੁਛਣ ਲੱਗਾ ਜਿਹੜਾ ਸੁਨੇਹਾ ਲੈ ਕੇ ਆਇਆ ਸੀ, ਬੀੜ ਕਿੱਥੇ ਰੱਖੀ ਸੀ? ਉਸ ਨੇ ਉੱਤਰ ਦਿੱਤਾ ਮੇਰੇ ਸਾਹਮਣੇ ਏਥੇ ਹੀ ਰੱਖੀ ਸੀ। ਧੀਰਮੱਲ ਆਖਣ ਲੱਗਾ ਜੇਕਰ ਏਥੇ ਰੱਖੀ ਮਿਲਦੀ ਨਹੀਂ ਤਾਂ ਮੈਂ ਹੁਣ ਕੀ ਕਰਾਂ? ਉਸ ਨੇ ਉੱਤਰ ਦਿਤਾ, ਮੇਰਾ ਖਿਆਲ ਹੈ ਤੁਸੀਂ ਅਰਦਾਸ ਅੱਠਾਂ ਪਾਤਸ਼ਾਹ ਤੱਕ ਨਾਮ ਲੈ ਕੇ ਕਰਦੇ ਹੋ, ਪਹਿਰੇ ਦੇ ਮਾਲਿਕ ਦਾ ਨਾਮ ਤਾਂ ਲੈਂਦੇ ਹੀ ਨਹੀਂ। ਇਹ ਸੁਣ ਕੇ ਧੀਰਮੱਲ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਮ ਲੈ ਕੇ ਅਰਦਾਸ ਕੀਤੀ ਤਾਂ ਪਹਿਲੀ ਚੁੱਭੀ ਮਾਰੀ ਤਾ ਉਸ ਦਾ ਹੱਥ ਪੀੜ੍ਹੇ ਦੇ ਪਾਵੇ ਨੂੰ ਲੱਗਾ, ਦੂਸਰੀ ਵਾਰ ਉਸ ਨੇ ਬੀੜ ਬਾਹਰ ਕੱਢ ਕੇ ਲੈ ਆਂਦੀ ਅਤੇ ਕੀ ਵੇਖਦੇ ਹਨ ਕਿ ਬੀੜ ਤੇ ਪਾਣੀ ਦਾ ਜ਼ਰਾ ਵੀ ਅਸਰ ਨਹੀਂ ਹੋਇਆ ਸੀ। ਇਹ ਸਤਿਗੁਰ ਕਰਨ ਕਾਰਨ ਸਮਰਥ ਹਨ, ਪੌਣ, ਪਾਣੀ, ਅਗਨੀ ਸਭ ਉਸ ਦੇ ਹੁਕਮ ਵਿਚ ਹਨ ਅਤੇ ਗੁਰਬਾਣੀ ਦੀ ਕਿੰਨੀ ਮਹਾਨਤਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅੰਮ੍ਰਿਤਸਰ ਜਾਣਾ

ਸੰਮਤ ੧੭੨੧ ਬਿਕ੍ਰਮੀ ਵਿਚ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਹਾੜ੍ਹ ਦੇ ਮਹੀਨੇ ਸੰਗਤਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਗਏ। ਉਸ ਵਕਤ ਹਰਿਮੰਦਰ ਸਾਹਿਬ ਦਾ ਪ੍ਰਬੰਧ ਬਾਬਾ ਮਿਹਰਵਾਨ ਦੇ ਪੁੱਤਰ ਅਤੇ ਪ੍ਰਿਥੀ ਚੰਦ ਦੇ ਪੋਤਰੇ ਹਰਿ ਜੀ ਦੇ ਹੱਥ ਸੀ। ਉਹਨਾਂ ਨੂੰ ਡਰ ਪੈ ਗਿਆ ਕਿ ਕਿਧਰੇ ਗੁਰੂ ਤੇਗ ਬਹਾਦਰ ਜੀ ਏਥੇ ਆ ਕੇ ਕਬਜ਼ਾ ਨਾ ਕਰ ਲੈਣ। ਇਸ ਲਈ ਉਹਨਾਂ ਹਰਿਮੰਦਰ ਸਾਹਿਬ ਨੂੰ ਤਾਲੇ ਲਗਵਾ ਦਿਤੇ। ਸਤਿਗੁਰੂ ਜੀ ਸ਼ਾਂਤੀ ਦੇ ਪੁੰਜ ਸਰੋਵਰ ਵਿਚ ਇਸ਼ਨਾਨ ਕਰਕੇ ਬਾਹਰ ਹੀ ਬੇਰੀ ਦੇ ਹੇਠਾਂ ਥੜ੍ਹੇ ਤੇ ਦਿਵਾਨ ਲਾ ਕੇ ਰੰਗ ਬੰਨ੍ਹ ਦਿੱਤਾ। ਜੋ ਹੁਣ ਵੀ ਗੁਰੂ ਤੇਗ ਬਹਾਦਰ ਜੀ ਦੇ ਨਾਮ ਤੇ ਹੈ। ਜਦ ਸਤਿਗੁਰੂ ਜੀ ਵਾਪਸ ਜਾਣ ਲੱਗੇ ਤਾਂ ਸਿੱਖਾਂ ਬੇਨਤੀ ਕੀਤੀ, ਇਹਨਾਂ ਇਹ ਠੀਕ ਨਹੀਂ ਕੀਤਾ, ਅਸੀਂ ਪਤਾ ਕਰੀਏ। ਸਤਿਗੁਰਾਂ ਬਚਨ ਕੀਤਾ, ਨਹੀਂ ਇਹ ਅੰਮ੍ਰਿਤਸਰੀਏ ਅੰਦਰ

ਸੜੀਏ ਹਨ। ਬੀਬੀਆਂ ਨੇ ਮਾਫੀ ਮੰਗੀ ਤਾਂ ਸਤਿਗੁਰਾਂ ਬਚਨ ਕੀਤਾ, ਮਾਈਆਂ ਰੱਬ ਰਜਾਈਆਂ, ਇਹ ਬਚਨ ਇਹਨਾਂ ਲਈ ਹਨ ਜਿਹੜੇ ਹੁਣ ਪੁਜਾਰੀ ਹਨ। ਅੰਮ੍ਰਿਤਸਰ ਤਾ ਸਿਫਤੀ ਦਾ ਘਰ ਹੈ। ਇਹ ਸੁਣ ਕੇ ਸੰਗਤ ਖੁਸ਼ ਹੋ ਗਈ।

ਸ੍ਰੀ ਸਤਿਗੁਰਾਂ ਦਾ ਅਨੰਦਪੁਰ ਵਸਾਉਣਾ

ਸਤਿਗੁਰਾਂ ਨੇ ਰਾਜਾ ਦੀਪ ਚੰਦ ਕਹਿਲੂਰੀਏ ਤੋਂ ਮਾਖੋਵਾਲ ਪਿੰਡ, ਜੋ ਕਿਸੇ ਸਮੇਂ ਮਹਿਖੇ ਦੈਂਤ ਦਾ ਸੀ, ਏਥੇ ਭੂਤ ਪ੍ਰੇਤ ਬਹੁਤ ਰਹਿੰਦੇ ਸਨ ਇਸ ਲਈ ਲੋਕ ਡਰਦੇ ਏਥੇ ਨਹੀਂ ਸਨ ਰਹਿੰਦੇ। ਸਤਿਗੁਰਾਂ ਨੇ ਇਹ ਜਗਾ ੨੨੦੦੦ ਰੁਪਏ ਨਗਦ ਦੇ ਕੇ ਖਰੀਦ ਲਈ ਅਤੇ ੧੯ ਜੂਨ ੧੬੬੫ ਈਸਵੀ ਵਿਚ ਬਾਬਾ ਗੁਰਦਿਤਾ ਜੀ ਤੋਂ ਨਵੇਂ ਸ਼ਹਿਰ ਦਾ ਨੀਂਹ ਪੱਥਰ ਰਖਵਾਇਆ, ਜਿਸ ਦਾ ਨਾਮ ਚੱਕ ਨਾਨਕੀ ਰੱਖਿਆ ਅਤੇ ਭੂਤਾਂ ਪ੍ਰੇਤਾਂ ਨੂੰ ਹੁਕਮ ਹੋਇਆ ਤੁਸੀਂ ਏਥੋ ਚਲੇ ਜਾਉ। ਇਸੇ ਸ਼ਹਿਰ ਨੂੰ ਫਿਰ ਮਹਾਨਤਾ ਮਿਲੀ ਅਤੇ ਇਸ ਦਾ ਨਾਮ ਅਨੰਦਪੁਰ ਹੋਇਆ। ਗੁਰੂ ਗੋਬਿੰਦ ਸਿੰਘ ਨੇ ਏਥੇ ਹੀ ਪੰਥ ਖਾਲਸੇ ਦੀ ਸਾਜਨਾ ਕੀਤੀ ਤੇ ਖਾਲਸੇ ਦਾ ਜਨਮ ਅਸਥਾਨ ਬਣਿਆ।

ਗੁਰੂ ਤੇਗ ਬਹਾਦਰ ਜੀ ਸੰਸਾਰ ਦੇ ਭਲੇ ਲਈ ਸਿੱਖੀ ਪਰਚਾਰ ਦਾ ਦੌਰਾ ਮਾਲਵੇ ਤੋਂ ਸ਼ੁਰੂ ਕਰਕੇ ਢਾਕੇ ਤੱਕ ਗਏ। ਏਥੇ ਇਕ ਸਾਲ ਰਹੇ। ਕਲਕੱਤੇ, ਜਗਨਨਾਥ ਪੁਰੀ, ਪਟਨਾ ਸਾਹਿਬ, ਬਨਾਰਸ, ਅਲਾਹਾਬਾਦ, ਗਯਾ, ਆਲਮਗੰਜ, ਆਗਰਾ, ਨਾਨਕਮਤਾ, ਹਰਿਦੁਆਰ ਤੇ ਦਿੱਲੀ ਸਾਰੇ ਥਾਂ ਆਪ ਦਰਸ਼ਨ ਦੇ ਕੇ ਜਿਥੇ ਜਿਥੇ ਸਿੱਖ ਸਨ, ਉਨ੍ਹਾਂ ਤੇ ਮਿਹਰ ਕਰਕੇ ਤਾਰ ਦੇ ਰਹੇ। ਜਿਵੇਂ ਪੀਰ ਮੌਲੇਸ਼ਾਹ, ਭਾਈ ਮੀਹੋਂ ਨੂੰ ਰਾਜੇ ਬਿਸ਼ਨ ਸਿੰਘ ਵਰਗੇ ਹੋਰ ਅਨੇਕਾਂ ਦੀ ਪੁਕਾਰ ਸੁਣ ਕੇ ਜਾ ਤਾਰੇ। ਇਸੇ ਯਾਤਰਾ ਦੇ ਦਰਮਿਆਨ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ।

***

ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਪੋਹ ਸੁਦੀ ਸਤਵੀ ਸੰਮਤ ੧੭੨੩ ਬਿਕ੍ਰਮੀ ੧੬੬੬ ਈਸਵੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪਿਤਾ ਗੁਰੂ ਤੇਗ ਬਹਾਦਰ ਮਾਤਾ ਗੁਜਰੀ ਜੀ ਦੇ ਗ੍ਰਹਿ ਪਟਨਾ ਸਾਹਿਬ ਵਿਖੇ ਹੋਇਆ। ਉਸ ਵਕਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੰਗਤਾਂ ਨੂੰ ਦਰਸ਼ਨ ਦੇਣ ਢਾਕਾ-ਬੰਗਾਲ, ਅਸਾਮ ਵੱਲ ਗਏ ਹੋਏ ਸਨ।

ਔਰੰਗਜ਼ੇਬ ਦੇ ਹਿੰਦੂ ਧਰਮ ਤੇ ਜ਼ੁਲਮ

ਉਸ ਵਕਤ ਕਸ਼ਮੀਰ ਹਿੰਦੂਆਂ ਦਾ ਗੜ੍ਹ ਸੀ। ਇਸ ਲਈ ਔਰੰਗਜ਼ੇਬ ਨੇ

ਸੋਚਿਆ ਜੇਕਰ ਇਹ ਪੰਡਤ ਮੁਸਲਮਾਨ ਬਣ ਜਾਣਗੇ ਤਾਂ ਅਨਪੜ੍ਹ ਜਨਤਾ ਨੂੰ ਦੀਨ ਵਿਚ ਲਿਆਉਣਾ ਸੁਖਾਲਾ ਹੋ ਜਾਵੇਗਾ। ਇਸ ਲਈ ਉਸ ਨੇ ਸ਼ੇਰ ਅਫਗਾਨ ਖਾਨ ਨੂੰ ਅਖਤਿਆਰ ਦੇ ਕੇ ਭੇਜਿਆ ਕਿ ਉਹ ਕਿਸੇ ਵੀ ਢੰਗ ਨਾਲ ਕਸ਼ਮੀਰੀਆਂ ਨੂੰ ਇਸਲਾਮ ਦੇ ਦਾਇਰੇ ਵਿਚ ਲਿਆਵੇ। ਸ਼ੇਰ ਅਫਗਾਨ ਖਾਨ ਨੇ ਜਿਵੇਂ ਤਿਵੇਂ ਮਹੀਨਿਆਂ ਵਿਚ ਹੀ ਅੱਧ ਨਾਲੋਂ ਵੱਧ ਕਸ਼ਮੀਰੀ ਪੰਡਤਾਂ ਨੂੰ ਇਸਲਾਮ ਕਬੂਲ ਕਰਾ ਲਿਆ।

ਸੰਨ ੧੬੭੫ ਈਸਵੀ ਵਿਚ ਕਸ਼ਮੀਰੀ ਪੰਡਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਅਨੰਦਪੁਰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ। ਉਹਨਾਂ ਨੇ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਬਚਾਉਣ ਲਈ ਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕੀਤੀ, ਆਪ ਤੋਂ ਬਿਨਾਂ ਗਰੀਬ ਨਿਵਾਜ਼ ਹੋਰ ਕਿਸ ਕੋਲ ਫਰਿਆਦ ਲੈ ਕੇ ਜਾਈਏ। ਸਤਿਗੁਰਾਂ ਪੰਡਤਾਂ ਦੀ ਇਹ ਬਿਰਥਾ ਸੁਣ ਕੇ ਬਚਨ ਕੀਤਾ, ਤੁਸੀਂ ਔਰੰਗਜ਼ੇਬ ਨੂੰ ਆਖੋ ਉਹ ਮੈਨੂੰ (ਗੁਰੂ ਤੇਗ ਬਹਾਦਰ) ਬੁਲਾਵਾ ਭੇਜੇ ਇਸਲਾਮ ਕਬੂਲ ਕਰਨ ਲਈ। ਪੰਡਤਾਂ ਉਸੇ ਤਰ੍ਹਾਂ ਔਰੰਗਜ਼ੇਬ ਦੇ ਪੇਸ਼ ਹੋ ਕੇ ਆਖਿਆ, ਜੇ ਗੁਰੂ ਤੇਗ ਬਹਾਦਰ ਮੁਸਲਮਾਨ ਬਣ ਜਾਣਗੇ ਤਾਂ ਅਸੀਂ ਸਾਰੇ ਮੁਸਲਮਾਨ ਹੋ ਜਾਵਾਂਗੇ। ਜਦ ਔਰੰਗਜ਼ੇਬ ਨੇ ਇਹ ਸੁਣਿਆ ਤਾਂ ਬਹੁਤ ਖੁਸ਼ ਹੋਇਆ। ਇਹ ਬੜਾ ਸੌਖਾ ਢੰਗ ਹੈ, ਉਸ ਨਾਲ ਹਿੰਦੂ ਧਰਮ ਹੀ ਖਤਮ ਹੋ ਜਾਏਗਾ।

ਉਸ ਨੇ ਆਪਣੇ ਆਦਮੀਆਂ ਰਾਹੀਂ ਗੁਰੂ ਜੀ ਨੂੰ ਦਿੱਲੀ ਹਾਜ਼ਰ ਹੋਣ ਦਾ ਹੁਕਮ ਭੇਜਿਆ। ਸਤਿਗੁਰਾਂ ਉਹਨਾਂ ਨੂੰ ਆਖਿਆ ਤੁਸੀਂ ਚੱਲੋ, ਅਸੀਂ ਆਪੇ ਹੀ ਆਉਂਦੇ ਹਾਂ। ਗੁਰੂ ਜੀ ਪੰਜ ਸਿੱਖਾਂ ਨਾਲ ਜੁਲਾਈ ੧੬੭੫ ਈ. (ਸੰਮਤ ੧੭੫੨ ਬਿ.) ਵਿੱਚ ਚੱਲੇ। ਰਸਤੇ ਵਿਚ ਸਿੱਖੀ ਪ੍ਰਚਾਰ ਕਰਦੇ ਆਗਰੇ ਪਹੁੰਚ ਗਏ। ਉਧਰੋਂ ਜਦ ਗੁਰੂ ਜੀ ਦਿੱਲੀ ਨਾ ਪਹੁੰਚੇ ਤਾ ਸਰਕਾਰ ਨੇ ਗ੍ਰਿਫਤਾਰੀ ਲਈ ਇਨਾਮ ਰੱਖ ਦਿੱਤਾ। ਸਤਿਗੁਰਾਂ ਨੇ ਇਕ ਗਰੀਬ ਦੇ ਦਿਲ ਦੀ ਪੁਕਾਰ ਸੁਣਕੇ, ਉਸ ਨੂੰ ਆਪਣਾ ਦੁਸ਼ਾਲਾ ਦੇ ਕੇ ਦੁਕਾਨ ਤੇ ਭੇਜ ਦਿਤਾ। ਇਸ ਤਰ੍ਹਾਂ ਆਪਣੀ ਗ੍ਰਿਫਤਾਰੀ ਦੀ ਖੇਡ ਰਚਾ ਕੇ ਉਸ ਗਰੀਬ ਦੀ ਗਰੀਬੀ ਦੂਰ ਕਰ ਦਿੱਤੀ ਤੇ ਆਪ ਗ੍ਰਿਫਤਾਰ ਹੋ ਗਏ।

ਮੁਗਲ ਸਰਕਾਰ ਨੇ ਗੁਰੂ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ-(੧) ਕਰਾਮਾਤ ਦਿਖਾਉ (੨) ਇਸਲਾਮ ਕਬੂਲ ਕਰੋ (੩) ਪ੍ਰਾਣ ਦੇਣ ਲਈ ਤਿਆਰ ਹੋ ਜਾਉ। ਸਤਿਗੁਰਾਂ ਬਚਨ ਕੀਤਾ (੧) ਕਰਾਮਾਤ ਕਹਿਰ ਦਾ ਨਾਮ ਹੈ, ਰੱਬ ਦੇ ਭਗਤਾਂ ਨੂੰ ਇਹ ਨਹੀ ਸੋਭਦਾ, (੨) ਧਰਮ ਛੱਡਣ ਦਾ ਸੁਆਲ ਹੀ ਨਹੀਂ ਪੈਦਾ ਹੁੰਦਾ, (੩)

ਪ੍ਰਾਣ ਦੇਣ ਲਈ ਹੀ ਅਸੀਂ ਆਏ ਹਾਂ।

ਗੁਰੂ ਜੀ ਨਾਲ ਤਿੰਨ ਹੋਰ ਸਿੱਖ ਗ੍ਰਿਫਤਾਰ ਹੋਏ ਸਨ। ਭਾਈ ਮਤੀਦਾਸ, ਭਾਈ ਦਿਆਲ ਦਾਸ, ਭਾਈ ਸਤੀਦਾਸ। ਭਾਈ ਮਤੀਦਾਸ ਜੀ, ਭਾਈ ਸਤੀਦਾਸ ਜੀ ਦੋਵੇਂ ਹੀਰਾਨੰਦ ਜੀ ਦੇ ਪੁੱਤਰ ਸਨ। ਇਹ ਜ਼ਿਲ੍ਹਾ ਜੇਹਲਮ ਦੇ ਪਿੰਡ ਕਰਿਆਲਾ ਦੇ ਬ੍ਰਾਹਮਣ ਸਨ। ਭਾਈ ਹੀਰਾ ਨੰਦ ਜੀ ਦੇ ਚਾਰ ਪੁੱਤਰ ਸਨ। ਆਪਣੇ ਪਿਤਾ ਜੀ ਨਾਲ ਮਤੀਦਾਸ ਤੇ ਸਤੀਦਾਸ ਜੀ ਗੁਰੂ ਹਰਿਰਾਏ ਜੀ ਦੀ ਸੇਵਾ ਵਿਚ ਆਏ। ਫਿਰ ਅੱਠਵੇਂ ਪਾਤਸ਼ਾਹ ਜੀ ਦੇ ਸੇਵਕ ਰਹੇ। ਜਦ ਨੌਵੇਂ ਪਾਤਸ਼ਾਹ ਜੀ ਗੁਰਗੱਦੀ ਤੇ ਸੁਭਾਇਮਾਨ ਹੋਏ ਤਾਂ ਇਹ ਦੋਵੇਂ ਭਰਾ ਫਿਰ ਮੁਖ ਸੇਵਕਾਂ ਵਿਚ ਸ਼ਾਮਲ ਸਨ। ਇਹ ਸਿਰੜੀ ਸਿੱਖ ਹੋਣ ਦੇ ਨਾਲ ਨਾਲ ਚੰਗੇ

ਵਿਦਵਾਨ ਵੀ ਸਨ। ਭਾਈ ਮਤੀਦਾਸ ਫਾਰਸੀ ਦੇ ਚੰਗੇ ਜਾਣੂ ਸਨ। ਗੁਰਬਾਣੀ ਤੇ ਸਤਿਗੁਰਾਂ ਦੇ ਬਚਨਾਂ ਦਾ ਉਲੱਥਾ ਫਾਰਸੀ ਵਿਚ ਕਰਕੇ ਪਰਚਾਰ ਕਰਦੇ ਸਨ।

ਔਰੰਗਜ਼ੇਬ ਦੀ ਬੁੱਧ ਤੇ ਸਤਿਗੁਰਾਂ ਐਸਾ ਪੜਦਾ ਪਾਇਆ ਹੋਇਆ ਸੀ ਉਸ ਨੂੰ ਇਹ ਗੱਲ ਸਮਝ ਹੀ ਨਾ ਆਈ ਅਤੇ ਉਹ ਸਤਿਗੁਰਾਂ ਨਾਲ ਸਵਾਲ ਜਵਾਬ ਕਰਨ ਲੱਗ ਪਿਆ। ਆਖਣ ਲੱਗਾ ਮੈ ਮਜ਼ਹਬਾਂ ਦਾ ਝਗੜਾ ਹੀ ਖਤਮ ਕਰਨਾ ਚਾਹੁੰਦਾ ਹਾਂ ਇਸ ਲਈ ਇਕੋ ਇਸਲਾਮ ਕਰਨਾ ਹੈ। ਜਿਸ ਨਾਲ ਲੋਕਾਂ ਨੂੰ ਜੰਨਤ ਵਿਚ ਸੁੱਖ ਮਿਲਦਾ ਹੈ।

ਸਤਿਗੁਰਾਂ ਬਚਨ ਕੀਤਾ ਸਿੱਖਾਂ ਨੂੰ ਤਾਂ ਕਿਸੇ ਲੋਕ ਪ੍ਰਲੋਕ ਜੰਨਤ ਦੀ ਪਰਵਾਹ ਹੀ ਨਹੀਂ। ਬਾਕੀ ਜੋ ਤੂੰ ਮਜ਼ਹਬ ਦੀ ਗੱਲ ਆਖਦਾ ਹੈਂ ਇਕ ਕਰਨਾ ਜਾਂ ਤਿੰਨ ਕਰਨੇ ਇਹ ਅਕਾਲ ਪੁਰਖ ਦੀ ਮਰਜ਼ੀ ਹੈ। ਇਸ ਨੂੰ ਦੱਸਣ ਲਈ ਸਤਿਗੁਰਾਂ ਉਨ੍ਹਾਂ ਕੋਲੋਂ ਬਹੁਤ ਸਾਰੀਆਂ ਕਾਲੀਆਂ ਮਿਰਚਾਂ ਮੰਗਵਾ ਕੇ ਢੇਰ ਲਾ ਕੇ ਬਚਨ ਕੀਤਾ ਸਾੜ ਦਿਉ। ਜਦ ਉਹ ਮਿਰਚਾਂ ਦੀ ਸੁਆਹ ਫਰੋਲੀ ਤਾਂ ਵਿਚੋਂ ਤਿੰਨ ਮਿਰਚਾਂ ਸਾਬਤੀਆਂ ਨਿਕਲ ਆਈਆਂ। ਇਹ ਵੇਖ ਕੇ ਬਾਦਸ਼ਾਹ ਹੈਰਾਨ ਹੋ ਗਿਆ। ਉਸ ਨੂੰ ਵੀ ਇਹ ਅਨੁਭਵ ਹੋ ਗਿਆ ਸੀ ਕਿ ਤੀਸਰਾ ਪੰਥ ਜ਼ਰੂਰ ਬਣੇਗਾ ਪਰ ਉਸ ਦਾ ਹਠ ਸੀ ਕਿ ਮੈਂ ਇਕ ਕਰਨਾ ਹੈ। ਉਸ ਨੇ ਜੇਲ੍ਹ ਵਿਚ ਸਤਿਗੁਰਾਂ ਨੂੰ ਸਰੀਰਕ ਤਸੀਹੇ ਦੇਣੇ ਸ਼ੁਰੂ ਕਰ ਦਿਤੇ। ਜਦ ਸਤਿਗੁਰਾਂ ਨੂੰ ਪਿੰਜਰੇ ਵਿਚ ਬੰਦ ਕੀਤਾ ਗਿਆ ਤਾਂ ਮਤੀਦਾਸ ਜੀ ਬਹੁਤ ਦੁਖੀ ਹੋਏ। ਉਨ੍ਹਾਂ ਸਤਿਗੁਰਾਂ ਅੱਗੇ ਅਰਜ਼ ਕੀਤੀ, ਸੱਚੇ ਪਾਤਸ਼ਾਹ ਕੋਈ ਕਰਾਮਾਤ ਕਰੋ, ਇਨ੍ਹਾਂ ਸੰਤ ਦੋਖੀਆਂ ਦਾ ਨਾਸ ਕਰੋ ਪਰ ਸਤਿਗੁਰੂ ਜੀ ਨੇ ਅਜਰ

ਵਸਤੂ ਨੂੰ ਜਰਨ ਲਈ ਪ੍ਰੇਰਨਾ ਦਿੱਤੀ। ਜਦੋਂ ਹਕੂਮਤ ਦੀਆਂ ਗੁਰੂ ਜੀ ਨੂੰ ਦੀਨ ਮਨਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਨਾ-ਕਾਮਯਾਬ ਹੋ ਗਈਆਂ, ਤਾਂ ਉਨ੍ਹਾਂ ਪਹਿਲੇ ਸਿੱਖਾਂ ਨੂੰ ਅਤਿਅੰਤ ਤਸੀਹੇ ਦੇ ਕੇ ਜਾਨੋਂ ਮਾਰਨਾ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਸਤੀਦਾਸ ਜੀ ਨੂੰ ਜਿਉਂਦੇ ਜੀਅ ਆਰੇ ਨਾਲ ਚੀਰਨ ਦਾ ਹੁਕਮ ਦਿੱਤਾ। ਚਾਂਦਨੀ ਚੌਕ ਵਿਖੇ ੧੦ ਨਵੰਬਰ ੧੬੭੫ ਈਸਵੀ ਨੂੰ ਭਾਈ ਮਤੀਦਾਸ ਜੀ ਨੂੰ ਲੱਕੜੀ ਦੇ ਦੋ ਫੱਟਿਆਂ ਵਿਚ ਕੱਸ ਕੇ ਸ਼ਰੇਆਮ ਜਿਉਂਦੇ ਜੀਅ ਦੋਫਾੜ ਕਰ ਦਿਤਾ ਗਿਆ। ਭਾਈ ਦਿਆਲ ਜੀ, ਭਾਈ ਮੂਲ ਦੇ ਪੜਪੋਤਰੇ ਭਾਈ ਬਲੂ ਦੇ ਪੋਤਰੇ ਤੇ ਭਾਈ ਗੁਰਦਾਸ ਜੀ ਦੇ ਪੁੱਤਰ ਸਨ। ਇਹ ਗਿਆਰਾਂ ਭਰਾ ਸਨ। ਜਿਨ੍ਹਾਂ ਵਿਚੋਂ ਇਕ ਛੋਟੀ ਉਮਰ ਵਿਚ ਚੜ੍ਹਾਈ ਕਰ ਗਿਆ ਸੀ ਪਰ ਦਸ ਭਰਾ ਸਮੇਂ ਸਮੇਂ ਗੁਰੂ ਹੁਕਮ ਵਿਚ ਰਹਿੰਦੇ ਸ਼ਹੀਦ ਹੋਏ। ਇਹ ਅਲੀਪੁਰ ਦੇ ਵਸਨੀਕ ਸਨ। ਇਨ੍ਹਾਂ ਨੇ ਜਦ ਸ੍ਰੀ ਗੁਰੂ ਹਰਿ ਰਾਏ ਜੀ ਦੇ ਦਰਸ਼ਨ ਕੀਤੇ ਤਾਂ ਇਨ੍ਹਾਂ ਨੇ ਆਪਣੇ ਤਿੰਨ ਪੁੱਤਰ ਗੁਰੂ ਜੀ ਦੀ ਸੇਵਾ ਲਈ ਅਰਪਿਤ ਕੀਤੇ। ਜਿਨ੍ਹਾਂ ਵਿਚੋਂ ਇਕ ਇਹ ਦਿਆਲ ਜੀ ਸਨ। ਜਿਹਨਾਂ ਨੂੰ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਦੀ ਨਿਜੀ ਸੇਵਾ ਕਰਨ ਦਾ ਮਾਣ ਮਿਲਿਆ। ਇਹ ਸਤਿਗੁਰਾਂ ਦੇ ਬੜੇ ਪਿਆਰੇ ਸਿੱਖ ਸਨ। ਜਦ ਇਨ੍ਹਾਂ ਨੂੰ ਮਤੀਦਾਸ ਜੀ ਦੀ ਸ਼ਹੀਦੀ ਦਾ ਪਤਾ ਲੱਗਾ ਤਾਂ ਇਹਨਾਂ ਬਚਨ ਕੀਤਾ, ਮੁਗਲਾਂ ਨੇ ਮਤੀਦਾਸ ਨੂੰ ਨਹੀਂ ਆਪਣੀ ਮੁਗਲ ਹਕੂਮਤ ਨੂੰ ਚੀਰ ਸੁਟਿਆ ਹੈ। ਇਹ ਸੁਣਦਿਆਂ ਹੀ ਜ਼ਾਲਮਾਂ ਨੇ ਇਨ੍ਹਾਂ ਦੇ ਹੱਥ ਪੈਰ ਬੰਨ੍ਹਕੇ ਚਾਂਦਨੀ ਚੌਕ ਵਿਚ ਉਬਲਦੀ ਦੇਗ ਵਿਚ ਪਾ ਕੇ ਸ਼ਹੀਦ ਕੀਤਾ। ਮੁਗਲਾਂ ਦੇ ਜ਼ੁਲਮ ਦੀ ਕੋਈ ਸੀਮਾ ਹੀ ਨਹੀਂ ਸੀ। ੧੦ ਨਵੰਬਰ ੧੬੭੫ ਈਸਵੀ ਨੂੰ ਸਤਿਗੁਰਾਂ ਦੇ ਤਿੰਨ ਸ਼ਰਧਾਲੂ ਸਿੱਖਾਂ ਨੂੰ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਮੁਗਲਾਂ ਇਹ ਸੋਚਿਆ ਇਹੋ ਜਿਹੇ ਤਸੀਹੇ ਵੇਖ ਕੇ ਸਿੱਖ ਡੋਲ ਜਾਣਗੇ। ਇਕ ਜਗ੍ਹਾ ਲਿਖਿਆ ਹੈ ਕਿ ਜਿਸ ਵਕਤ ਸਿੱਖ ਸ਼ਹੀਦ ਹੁੰਦੇ ਵੇਖੇ ਤਾਂ ਗੁਰਦਿਤੇ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ਹੁਣ ਸਾਡੀ ਵੀ ਮੌਤ ਇਹੋ ਜਿਹੀ ਹੋਵੇਗੀ। ਸਤਿਗੁਰਾਂ ਬਚਨ ਕੀਤਾ ਤੁਹਾਨੂੰ ਤਾਂ ਪਹਿਲਾਂ ਹੀ ਆਖਿਆ ਸੀ ਜੇ ਕੁਰਬਾਨੀ ਦੇਣੀ ਤਾਂ ਨਾਲ ਚੱਲੋ। ਜੇ ਹੁਣ ਵੀ ਵਾਪਸ ਜਾਣਾ ਚਾਹੁੰਦੇ ਹੋ ਤਾਂ ਚਲੇ ਜਾਉ। ਗੁਰਦਿੱਤੇ ਨੇ ਬੇਨਤੀ ਕੀਤੀ ਕਿਸ ਤਰ੍ਹਾਂ, ਬੇੜੀਆਂ ਪਈਆਂ ਹੋਈਆਂ ਹਨ, ਪਹਿਰੇ ਲੱਗੇ ਹੋਏ ਹਨ। ਸਤਿਗੁਰਾਂ ਬਚਨ ਕੀਤਾ ਇਹ ਸ਼ਬਦ ਪੜ੍ਹਦੇ ਚਲੇ ਜਾਉ।

"ਕਾਟੀ ਬੇੜੀ ਪਗਹੁ ਤੇ ਗੁਰ ਕੀਨੀ ਬੰਦ ਖਲਾਸ॥"

ਜਦ ਸਿੱਖਾਂ ਇਹ ਪੜ੍ਹਿਆ ਤਾਂ ਸਾਰੇ ਰਸਤੇ ਖੁੱਲ ਗਏ ਅਤੇ ਸਿੱਖ ਤੁਰ ਚਲੇ।

ਫਿਰ ਸਤਿਗੁਰਾਂ ਇਹ ਸਲੋਕ ਉਚਾਰਨ ਕੀਤਾ।

"ਸੰਗ ਸਖਾ ਸਭ ਤਜਿ ਗਏ ਕੋਊ ਨ ਨਿਬਹੁ ਸਾਥ॥
ਕਹੁ ਨਾਨਕ ਇਹ ਬਿਪਤ ਮੈ ਟੇਕ ਏਕ ਰਘੁਨਾਥ॥"

ਇਹ ਸਲੋਕ ਸੁਣ ਕੇ ਸਿੱਖ ਆਪਣੀ ਭੁਲ ਬਖਸ਼ਾਉਣ ਲਈ ਵਾਪਸ ਆ ਗਏ। ਆਪਣੇ ਧਰਮ ਦੀ ਖਾਤਰ ਰੰਬੀਆਂ ਨਾਲ ਖੋਪਰੀਆਂ ਲੁਹਾਈਆਂ, ਆਰਿਆਂ ਨਾਲ ਤਨ ਚਿਰਾਏ, ਬੰਦ ਬੰਦ ਕਟਾਏ, ਧੰਨ ਉਹ ਸਿੱਖ ਸਨ, ਜਿਨ੍ਹਾਂ ਐਸੇ ਸਮੇਂ ਸਿੱਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭਾਇਆ।

ਅਖੀਰ ਤੰਗ ਹੋ ਕੇ ਜ਼ਾਲਿਮਾਂ ਨੇ ਸਤਿਗੁਰਾਂ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ। ੧੨ ਮੱਘਰ ਸੰਮਤ ੧੭੨੩ ਬਿਕ੍ਰਮੀ ੧੧ ਨਵੰਬਰ ੧੬੭੫ ਈਸਵੀ ਨੂੰ ਕਾਜ਼ੀ ਅਬਦੁਲ ਵਹਾਬ ਬੇਗ ਦੇ ਫਤਵੇ ਉਤੇ, ਜਲਾਲ ਦੀਨ ਨੇ ਸ਼ਰੇਆਮ ਦਿੱਲੀ ਦੇ ਚਾਂਦਨੀ ਚੌਕ ਵਿਖੇ ਤਲਵਾਰ ਕੱਢੀ, ਤਾਂ ਸਤਿਗੁਰਾਂ ਇਕ ਧਾਗਾ ਰੱਖਿਆ ਕਿ ਪਹਿਲਾਂ ਤੂੰ ਆਪਣੀ ਤਲਵਾਰ ਪਰਖ ਲੈ, ਇਹ ਧਾਗਾ ਤੋੜ ਕੇ ਵਿਖਾ। ਜਲਾਦ ਨੇ ਪੂਰੀ ਕੋਸ਼ਿਸ਼ ਕੀਤੀ ਪਰ ਉਹ ਨਾ ਕੱਟਿਆ ਗਿਆ ਫਿਰ ਸਤਿਗੁਰਾਂ ਬਚਨ ਕੀਤਾ, "ਤੇਗ ਮੇਰੇ ਤੇ ਬਹਾਦਰ ਨਹੀਂ ਮੈਂ ਇਸ ਤੇ ਬਹਾਦਰ ਹਾਂ।" ਪਰ ਹੁਣ ਤੂੰ ਆਪਣਾ ਕੰਮ ਕਰ ਲੈ। ਫਿਰ ਜਲਾਦ ਨੇ ਤਲਵਾਰ ਨਾਲ ਸਤਿਗੁਰਾਂ ਦਾ ਸੀਸ ਧੜ ਤੋਂ ਜੁਦਾ ਕਰ ਦਿੱਤਾ। ਉਸੇ ਵਕਤ ਹਨੇਰੀ ਤੂਫਾਨ ਇਤਨਾ ਆਇਆ ਕਿ ਕਿਸੇ ਨੂੰ ਕੋਈ ਸੁਧ ਬੁਧ ਨਾ ਰਹੀ, ਕੁਝ ਦਿਸਦਾ ਹੀ ਨਹੀਂ ਸੀ। ਦੁਪਹਿਰ ਕਾਲੀ ਰਾਤ ਬਣ ਗਈ। ਉਸ ਵਕਤ ਸਰਕਾਰੀ ਫੁਰਮਾਨ ਸੀ ਕਿ ਜਿਹੜਾ ਗੁਰੂ ਜੀ ਦੇ ਸਰੀਰ ਨੂੰ ਹੱਥ ਵੀ ਲਾਵੇਗਾ ਉਸ ਨੂੰ ਵੀ ਏਸੇ ਤਰ੍ਹਾਂ ਕਤਲ ਕੀਤਾ ਜਾਵੇਗਾ।

ਸਾਰੇ ਪਾਸੇ ਪਹਿਰੇ ਲੱਗੇ ਹੋਏ ਸਨ। ਇਸ ਲਈ ਆਮ ਕੋਈ ਵੀ ਸਿੱਖ ਅੱਗੇ ਆਉਣ ਦੀ ਹਿੰਮਤ ਨਹੀਂ ਸੀ ਰੱਖਦਾ ਪਰ ਤੂਫਾਨ ਹੋਣ ਕਰਕੇ ਕੁਝ ਦਿਸਦਾ ਨਹੀਂ ਸੀ। ਉਸ ਵਕਤ ਮਜ਼ਬੀ ਸਿੱਖ ਭਾਈ ਜੈਤਾ ਜੀ ਅੱਗੇ ਹੋ ਕੇ ਪਵਿੱਤਰ ਸੀਸ ਚੁੱਕ ਕੇ ਆਪਣੀ ਝੋਲੀ ਵਿਚ ਲੁਕਾ ਕੇ ਅਨੰਦਪੁਰ ਵੱਲ ਨੂੰ ਤੁਰ ਪਿਆ। ਭਾਈ ਅੱਡਾ ਤੇ ਭਾਈ ਨਨੂਆ ਨਾਲ ਮਦਦ ਲਈ ਅਨੰਦਪੁਰ ਤੱਕ ਪਹੁੰਚੇ। ਉਸੇ ਤੂਫਾਨ ਦੀ ਘੜੀ ਵਿਚ ਲੱਖੀ ਸ਼ਾਹ ਤੇ ਉਸ ਦਾ ਪੁੱਤਰ ਨਗਾਹੀਆ ਨੇ ਗੁਰੂ ਜੀ ਦਾ ਪਵਿੱਤਰ ਧੜ ਬੜੀ ਹੁਸ਼ਿਆਰੀ ਨਾਲ ਲੁਕਾ ਕੇ ਆਪਣੇ ਗੱਡੇ ਤੇ ਪਾ ਲਿਆ ਅਤੇ ਆਪਣੇ ਮਕਾਨ ਵਿਚ ਗੱਡਾ ਵਾੜ ਕੇ ਮਕਾਨ ਨੂੰ ਅੱਗ ਲਾ ਦਿਤੀ। (ਜੋ ਹੁਣ ਰਕਾਬ ਗੰਜ ਗੁਰਦੁਆਰਾ ਹੈ) ਆਪ ਉੱਚੀ ਉੱਚੀ ਧਾਹੀਂ ਮਾਰ ਮਾਰ ਕੇ ਰੋਣ ਲੱਗ ਪਿਆ।

ਸਰਕਾਰੀ ਬੰਦਿਆਂ ਨੂੰ ਸ਼ੱਕ ਪੈਣ ਤੇ ਕੋਤਵਾਲ ਲੱਖੀ ਸ਼ਾਹ ਦੇ ਘਰ ਪਹੁੰਚਿਆ ਤਾਂ ਕੀ ਵੇਖਦਾ ਹੈ, ਉਸ ਦੇ ਘਰ ਨੂੰ ਅੱਗ ਲੱਗੀ ਹੋਈ ਹੈ ਅਤੇ ਉਹ ਧਾਹੀਂ ਮਾਰ ਕੇ ਰੋਂਦਾ ਹੈ। ਇਹ ਵੇਖ ਕੇ ਉਹ ਵਾਪਸ ਆ ਗਿਆ। ਉਧਰ ਜਦ ਸਤਿਗੁਰਾਂ ਦਾ ਸੀਸ ਲੈ ਕੇ ਸਿੱਖ ਅਨੰਦਪੁਰ ਪਹੁੰਚਿਆ ਤਾਂ ਗੁਰੂ ਗੋਬਿੰਦ ਸਿੰਘ ਨੇ ਆਪਣੀ ਰੀਤ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸਸਕਾਰ ਕੀਤਾ। ਭਾਈ ਜੈਤੇ ਨੂੰ ਗਲ ਨਾਲ ਲਾ ਕੇ ਕਿਹਾ (ਰੰਘਰੇਟੇ ਗੁਰੂ ਕੇ ਬੇਟੇ) ਜੈਤੇ ਨੇ ਉਸ ਵਕਤ ਕਿਹਾ ਸੱਚੇ ਪਾਤਸ਼ਾਹ ਜੀ, ਉੱਥੇ ਇਤਨੀ ਭੀੜ ਸੀ ਪਰ ਪਤਾ ਨਹੀਂ ਸੀ ਲੱਗਦਾ ਕਿਹੜਾ ਸਿੱਖ ਹੈ। ਉਸ ਵਕਤ ਸਤਿਗੁਰਾਂ ਬਚਨ ਕੀਤਾ ਮੈਂ ਐਸਾ ਸਿੱਖ ਸਜਾਵਾਂਗਾ ਜੋ ਛੁਪਾਇਆ ਵੀ ਨਾ ਛੁਪ ਸਕੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ ਦਿੱਤੀ

ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਦਿੱਲੀ ਗਏ ਉਸ ਵਕਤ ਹੀ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਸ਼ਸ਼ਤਰ ਤੇ ਗੁਰਿਆਈ ਦਾ ਤਿਲਕ ਦੇ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪੰਥ ਦੀ ਵਾਗਡੋਰ ਸੰਭਾਲ ਦਿੱਤੀ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਪੰਜ ਵੈਸਾਖ ੧੬੭੮ ਬਿਕ੍ਰਮੀ ਨੂੰ ਅੰਮ੍ਰਿਤਸਰ ਵਿਖੇ ਹੋਇਆ ਅਤੇ ਉਹਨਾਂ ਨੇ ੨੩ ਸਾਲ ਸ੍ਰੀ ਗੁਰੂ ਹਰਗੋਬਿੰਦ ਛੇਵੇਂ ਪਾਤਸ਼ਾਹ ਦੇ ਚਰਨਾਂ ਵਿਚ ਗੁਜਾਰੇ, ੨੦ ਸਾਲ ਬਕਾਲੇ ਭੋਰੇ ਵਿਚ ਤਪ ਕੀਤਾ ਅਤੇ ਦਸ ਵਰ੍ਹੇ ਸੱਤ ਮਹੀਨੇ ਅਠਾਰਾਂ ਦਿਨ ਗੁਰਗੱਦੀ ਤੇ ਸੁਸ਼ੋਭਿਤ ਹੋ ਕੇ ਧਰਮ ਦ੍ਰਿੜ੍ਹਾਂਦੇ ਰਹੇ ਤੇ ਕੁਲ ੫੪ ਵਰ੍ਹੇ ਚਾਰ ਮਹੀਨੇ ਸੱਤ ਦਿਨ ਦੀ ਦੇਹ ਕਰਕੇ ਆਯੂ ਭੋਗ ਕੇ ਪੰਜ ਭੂਤਕ ਸਰੀਰ ਧਰਮ ਦੇ ਲੇਖੇ ਲਾ ਕੇ ਸ਼ਹੀਦ ਹੋ ਗਏ। ਇਹਨਾਂ ਦੇ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਕੁਲ ੧੧੬ ਸ਼ਬਦ ਸਲੋਕ ਹਨ। ਰਾਗਾਂ ਵਿਚ ੫੯ ਦੁਪਤੇ ਤੇ ਤਿਪਦਿਆਂ ਦੀ ਰਚਨਾ ਕੀਤੀ ੫੭ ਸਲੋਕ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਭਾਈ ਗੁਰਦਾਸ ਜੀ ਵਾਰ ਵਿਚ ਲਿਖਦੇ ਹਨ।

ਉਹ ਗੁਰੂ ਗੋਬਿੰਦ ਹੁਇ ਪ੍ਰਗਟਿਆ ਦਸਵੇ ਅਵਤਾਰਾ।
ਜਿਨ ਅਲਖ ਅਕਾਲ ਨਿਰੰਜਨਾ ਜਪਿਓ ਕਰਤਾਰਾ।
ਨਿਜ ਪੰਥ ਚਲਾਇਓ ਖਾਲਸਾ ਧਰ ਤੇਜ ਕਰਾਰਾ।
ਸਿਰ ਕੇਸ ਧਾਰ ਗਹਿ ਖੜਗ ਕਉ ਸਭ ਦੁਸਟ ਪਛਾਰਾ।

ਸੀਲ ਜਤ ਕੀ ਕਛ ਪਹਿਰ ਪਕੜਿਓ ਹਥਿਆਰਾ।
ਸਚ ਫਤੇ ਲਾਈ ਗੁਰੂ ਕੀ ਜੀਤਿਓ ਰਣਭਾਰਾ।
ਸਭ ਦੈਂਤ ਅਰਨਿ ਕੋ ਘੇਰ ਕਰ ਕੀਓ ਪਚਿਹਾਰਾ।
ਤਬ ਸਹਿਜੇ ਪ੍ਰਗਟਿਓ ਜਗਤ ਮੈ ਗੁਰੂ ਜਾਤ ਅਪਾਰਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਪਨੇ ਪ੍ਰਗਟ ਹੋਣ ਦੀ ਕਥਾ ਆਪ ਹੀ ਲਿਖਣ ਦੀ ਕ੍ਰਿਪਾ ਕੀਤੀ ਹੈ ।

{ਬਚਿਤ੍ਰ ਨਾਟਕ}

ਅਬ ਮੈ ਅਪਨੀ ਕਥਾ ਬਖਾਨੋ॥ ਤਪ ਸਾਧਤ ਜਿਹ ਬਿਧ ਮੋਹਿ ਆਨੋ॥
ਹੇਮ ਕੁੰਟ ਪਰਬਤ ਹੈ ਜਹਾਂ॥ ਸਪਤ ਸ੍ਰਿੰਗ ਸੋਭਤ ਹੈ ਤਹਾਂ॥੧॥
ਸਪਤ ਸਿੰਗ ਤਿਹ ਨਾਮ ਕਹਾਵਾ॥ ਪੰਡ ਰਾਜ ਜਹਿ ਜੋਗ ਕਮਾਵਾ॥
ਤਿਹ ਹਮ ਅਧਿਕ ਤਪਸਿਆ ਸਾਧੀ॥ ਮਹਾਂ ਕਾਲ ਕਾਲਕਾ ਅਰਾਧੀ॥੨॥
ਇਹ ਬਿਧ ਕਰਤ ਤਪਸਿਆ ਭਯੋ॥ ਦਵੈ ਤੇ ਏਕ ਰੂਪ ਹੋਵੈ ਗਯੋ॥
ਤਾਤ ਨਾਤ ਮੁਹ ਅਲਖ ਅਰਾਧਾ॥ ਬਹੁ ਬਿਧ ਜੋਗ ਸਾਧਨਾ ਸਾਧਾ॥੩॥
ਤਿਨ ਜੋ ਕਰੀ ਅਲਖ ਕੀ ਸੇਵਾ॥ ਤਾਤੇ ਭਏ ਪ੍ਰਸੰਨ ਗੁਰ ਦੇਵਾ॥
ਤਿਨ ਪ੍ਰਭ ਜਬ ਆਇਸ ਮੁਹ ਦੀਆ॥
ਤਬ ਹਮ ਜਨਮ ਕਲੂ ਮਹਿ ਲੀਆ॥੪॥
ਚਿਤ ਨਾ ਭਇਓ ਹਮਰੋ ਆਵਨ ਕਹਿ॥
ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹਿ॥
ਜਿਉ ਤਿਉ ਪ੍ਰਭ ਹਮਕੋ ਸਮਝਾਇਯੋ॥
ਇਹ ਕਹਿਕੈ ਇਹ ਲੋਕ ਪਠਾਇਯੋ॥੫॥

ਇਸ ਪ੍ਰਕਾਰ ਸਤਿਗੁਰਾਂ ਨੇ ਆਪਣੀ ਜਨਮ ਕਥਾ ਸੁਨਾਉਣ ਲਈ ਅਤੇ ਅਸਥਾਨ ਪਤਾ ਇਸ਼ਟ ਉਪਾਸਯ ਦਾ ਨਾਮ ਆਪਣਾ ਤਪ ਕਰਨਾ ਵੀ ਲਿਖ ਦਿਤਾ ਹੈ। ਫੇਰ ਆਪਣੇ ਅਵਤਾਰ ਧਾਰਨ ਲਈ ਮਾਤਾ ਪਿਤਾ ਦੇ ਧਿਆਨ ਤੇ ਅਰਾਧਨ ਕਰਕੇ ਅਕਾਲ ਪੁਰਖ ਨੇ ਪ੍ਰਸੰਨ ਹੋ ਕੇ ਜੋ ਮੈਨੂੰ ਆਗਿਆ ਦਿੱਤੀ ਉਸ ਦੇ ਕਾਰਨ ਮੈਨੂੰ ਹੁਕਮ ਮੰਨਣਾ ਪਿਆ। ਅਕਾਲ ਪੁਰਖ ਬਚਨ ਕੀਤਾ ਤੈਨੂੰ ਮੈਂ ਅਪਣਾ ਪੁੱਤਰ ਪ੍ਰਗਟ ਸੰਸਾਰ ਤੇ ਭੇਜਦਾ ਹਾਂ। ਇਸ ਤਰ੍ਹਾਂ ਅਕਾਲ ਪੁਰਖ ਦਾ ਹੁਕਮ ਹੋਇਆ "ਮੈ ਆਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚਾਰ ਕਰਬੇ ਕਹੁ ਸਾਜਾ॥ ਜਾਹਿ ਤਰਾਂ ਤੇ ਧਰਮ ਚਲਾਇ॥ ਕਬੁਧਿ ਕਰਮ ਤੇ ਲੋਕ ਹਟਾਏ॥" ਫਿਰ ਫੁਰਮਾਉਂਦੇ ਨੇ "ਤਿਨ

ਪ੍ਰਭ ਜਬ ਆਇਸ ਮੁਹਿ ਦੀਆ॥ ਤਬ ਹਮ ਜਨਮ ਕਲੂ ਮਹਿ ਲੀਆ॥" ਮਾਤਾ ਪਿਤਾ ਦੀ ਤਪੱਸਿਆ ਬਾਰੇ ਇੰਜ ਦੱਸਿਆ ਹੈ।"ਮੁਹ ਪਿਤ ਪੂਰਬ ਕੀ ਆਸ ਪਿਆਨਾ। ਭਾਂਤ ਭਾਤ ਕੇ ਤੀਰਥ ਨਾਨਾ।ਜਬ ਹੀ ਜਾਤ ਤ੍ਰਿਬੇਣੀ ਭਏ ।ਪੁੰਨ ਦਾਨ ਦਿਨ ਦਿਨ ਕਰਤ ਬਤਾਏ।ਤਹੀ ਪ੍ਰਕਾਸ਼ ਹਮਾਰਾ ਭਯੋ। ਪਟਨੇ ਸ਼ਹਿਰ ਬਿਖੇ ਭਵ ਲਯੋ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੋਹ ਸੁਦੀ ਸੱਤਵੀਂ ਸੰਮਤ ੧੭੨੩ ਬਿਕ੍ਰਮੀ ਮੁਤਾਬਿਕ ੨੨ ਦਸੰਬਰ ੧੬੬੬ ਈਸਵੀ ਨੂੰ ਪਿਤਾ ਗੁਰੂ ਤੇਗ ਬਹਾਦਰ ਮਾਤਾ ਗੁਜਰੀ ਜੀ ਦੇ ਗ੍ਰਹਿ ਵਿਖੇ ਪਟਨਾ ਸ਼ਹਿਰ ਵਿਖੇ ਹੋਇਆ। ਗੁਰੂ ਤੇਗ ਬਹਾਦਰ ਜੀ ਉਸ ਸਮੇਂ ਢਾਕੇ ਵਿਚ ਸਨ।ਉਹਨਾਂ ਨੇ ਨਵ-ਪ੍ਰਗਟੇ ਬਾਲਕ ਦਾ ਨਾਮ "ਗੋਬਿੰਦ ਦਾਸ" ਰੱਖਿਆ।

ਗੁਰੂ ਗੋਬਿੰਦ ਸਿੰਘ ਜੀ ਦਾ ਜਦ ਪ੍ਰਕਾਸ਼ ਹੋਇਆ, ਤਾਂ ਉਸ ਸਮੇਂ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ। ਸਾਰੇ ਪਾਸੇ ਇਕ ਅਜੀਬ ਰੋਸ਼ਨੀ ਹੋਈ। ਜਿਸ ਨਾਲ ਸਭ ਨੂੰ ਇੰਝ ਅਨੁਭਵ ਹੋਣ ਲੱਗਾ ਕਿ ਕੋਈ ਪੂਰਨ ਸ਼ਕਤੀਮਾਨ ਇਸ ਸੰਸਾਰ ਤੇ ਆਇਆ ਹੈ। ਉਸ ਸਮੇਂ ਦੇ ਇਕ ਸੱਯਦ ਭੀਖਮ ਸ਼ਾਹ ਨਾਮ ਦਾ ਫਕੀਰ ਜਿਸ ਨੂੰ ਮੁਸਲਮਾਨ ਬਹੁਤ ਮੰਨਦੇ ਸਨ, ਉਹ ਘੁੜਾਮ ਨਗਰ ਦਾ ਰਹਿਣ ਵਾਲਾ ਸੀ ਪਰ ਉਹ ਉਥੋਂ ਨੱਸ ਕੇ ਅਪਣੇ ਮੁਰਸ਼ਦ ਕੋਲ ਗਰਾਮ ਵਿਚ ਰਹਿੰਦਾ ਸੀ। ਜਦ ਸਤਿਗੁਰਾਂ ਦਾ ਪ੍ਰਕਾਸ਼ ਹੋਇਆ ਤਾਂ ਉੱਠ ਕੇ ਪਿਛਲੀ ਰਾਤ ਨੂੰ ਪਟਨੇ ਵੱਲ ਨੂੰ ਮੂੰਹ ਕਰਕੇ ਸਿਜਦਾ ਕਰਨ ਲੱਗਾ, ਤਾਂ ਉਸ ਦੇ ਚੇਲਿਆ ਨੇ ਪੁਛਿਆ, ਪੀਰ ਜੀ ਇਹ ਕੀ ਆਪਣੀ ਸ਼ਰ੍ਹਾ ਤੋਂ ਉਲਟ ਕੰਮ ਕੀਤਾ ਹੈ।

ਉਸ ਨੇ ਉਤਰ ਦਿੱਤਾ, ਇਸ ਵੇਲੇ ਬੜਾ ਭਾਰੀ ਬਲੀ ਪੀਰ ਖ਼ੁਦਾ ਦਾ ਭੇਜਿਆ ਇਸ ਦਿਸ਼ਾ ਆਇਆ ਹੈ। ਉਸ ਦੇ ਚਮਕ ਦੇ ਸਿਤਾਰੇ ਚੜ੍ਹੇ ਨੂੰ ਵੇਖਕੇ ਸਿਜਦਾ ਕੀਤਾ ਹੈ। ਜੇਕਰ ਤੁਸੀਂ ਵੀ ਉਸ ਦੇ ਦਿਦਾਰੇ ਕਰਨੇ ਹਨ, ਤਾਂ ਮੇਰੇ ਨਾਲ ਚੱਲੋ ਉਸ ਦੇ ਦਰਸ਼ਨਾਂ ਲਈ। ਇਹ ਇਕ ਲੰਮਾ ਪੈਂਡਾ ਕਰਕੇ ਪਟਨੇ ਪਹੁੰਚੇ ਤੇ ਉੱਥੇ ਖੁਸ਼ੀਆ ਬਹਾਰਾਂ ਵੇਖੀਆਂ। ਦਰਵਾਜੇ ਅੱਗੇ ਖਲੋ ਕੇ ਸਤਿਗੁਰਾਂ ਦੇ ਮਾਮਾ ਕ੍ਰਿਪਾਲ ਚੰਦ ਜੋ ਉਸ ਵਕਤ ਘਰ ਦੀ ਦੇਖ ਭਾਲ ਕਰਦੇ ਸਨ, ਉਹਨਾਂ ਅੱਗੇ ਅਰਜ਼ ਕੀਤੀ। ਅਸੀ ਬੜੀ ਦੂਰੋਂ ਦਰਸ਼ਨ ਕਰਨ ਆਏ ਹਾਂ, ਸਾਨੂੰ ਪਤਾ ਹੈ ਇਹ ਇਕ ਪੀਰ ਆਇਆ ਹੈ। ਜਦ ਮਾਮਾ ਜੀ ਨੇ ਮਾਤਾ ਗੁਜਰੀ ਜੀ ਨੂੰ ਦੱਸਿਆ ਤਾਂ ਉਹਨਾਂ ਬਚਨ ਕੀਤਾ ਹਾਲੇ ਇਹ ਤੇ ਬਹੁਤ ਛੋਟੇ ਹਨ। ਮੁਗਲ ਤਾਂ ਸਾਡੇ ਅੱਗੇ ਦੁਸ਼ਮਨ ਹਨ ਖਬਰੇ

ਬਾਦਸ਼ਾਹ ਨੇ ਹੀ ਕੋਈ ਬੰਦੇ ਭੇਜੇ ਹੋਣ। ਇਸ ਲਈ ਕ੍ਰਿਪਾਲ ਚੰਦ ਮਾਮਾ ਜੀ ਨੇ ਨਾਂਹ ਕਰ ਦਿੱਤੀ। ਸੱਯਦ ਭੀਖਮ ਸ਼ਾਹ ਬੂਹੇ ਅੱਗੇ ਬੈਠ ਗਿਆ। ਆਖਣ ਲੱਗਾ ਇਹਦੇ ਦਰਸ਼ਨ ਕੀਤੇ ਬਿਨਾਂ ਮੈਂ ਨਹੀਂ ਜਾਣਾ। ਜਦ ਤਿੰਨ ਦਿਨ ਬੀਤ ਗਏ ਤਾਂ ਮਾਤਾ ਜੀ ਨੂੰ ਯਕੀਨ ਹੋਇਆ ਇਹ ਤਾਂ ਗੁਰੂ ਘਰ ਦਾ ਆਸ਼ਿਕ ਹੈ। ਜਦ ਉਸ ਨੂੰ ਦਰਸ਼ਨ ਕਰਾਏ ਤਾ ਉਸ ਨੇ ਦੋ ਮਿੱਟੀ ਦੀਆਂ ਕੁੱਜੀਆਂ (ਗੜਵੀਆਂ) ਸਤਿਗੁਰਾਂ ਅੱਗੇ ਰੱਖੀਆਂ। ਇਹ ਵੇਖਣ ਲਈ ਕਿ ਇਹ ਹਿੰਦੂਆਂ ਦਾ ਪੀਰ ਹੈ ਜਾਂ ਮੁਸਲਮਾਨਾਂ ਦਾ। ਸਤਿਗੁਰਾਂ ਇਕ ਬਾਲ ਲੀਲਾ ਦਿਖਾਈ। ਇਕ ਅੰਗੜਾਈ ਲੈ ਕੇ ਉਹਨਾਂ ਦੋਹਾਂ ਤੇ ਆਪਣੇ ਕੋਮਲ ਹਸਤ ਕਮਲ ਰੱਖ ਦਿਤੇ। ਇਹ ਵੇਖ ਕੇ ਭੀਖਮ ਸ਼ਾਹ ਧੰਨ ਧੰਨ ਕਰ ਉਠਿਆ ਤੇ ਆਖਣ ਲੱਗਾ ਇਹ ਦੋਨਾਂ ਦਾ ਹੈ।

ਰਾਜਾ ਫਤਿਹ ਚੰਦ ਅਤੇ ਮੈਨਾ ਰਾਣੀ

ਪਟਨੇ ਵਿਚੇ ਰਾਜਾ ਫਤਿਹ ਚੰਦ ਅਤੇ ਰਾਣੀ ਮੈਨਾ ਖੱਤਰੀ ਦੇ ਘਰ ਉਲਾਦ ਨਹੀਂ ਸੀ। ਰਾਣੀ ਮੈਨਾ ਸਤਿਗੁਰੂ ਜੀ ਦੇ ਕੌਤਕ ਸੁਣਦੀ ਅਤੇ ਹਰ ਵਕਤ ਆਖਦੀ ਜੇਕਰ ਉਹ ਜਾਣੀਜਾਨ ਹੈ, ਤਾਂ ਮੈਨੂੰ ਆ ਕੇ ਮਹਿਲਾਂ ਵਿਚ ਦਰਸ਼ਨ ਦੇਵੇ ਅਤੇ ਮੇਰੀ ਗੋਦ ਵਿਚ ਬੈਠ ਕੇ ਮੇਰੇ ਕੋਲੋਂ ਪ੍ਰਸ਼ਾਦ ਛਕੇ। ਉਹ ਤਾਂ ਘਟ ਘਟ ਕੇ ਅੰਤਰ ਦੀ ਜਾਣਦਾ ਹੈ। ਇਕ ਦਿਨ ਸਤਿਗੁਰੂ ਜੀ ਬਾਲਕਾਂ ਨਾਲ ਖੇਡਦੇ ਖੇਡਦੇ ਰਾਣੀ ਦੇ ਮਹਿਲਾਂ ਵਿਚ ਆ ਪਹੁੰਚੇ। ਰਾਣੀ ਨੇ ਬੜੇ ਪਿਆਰ ਨਾਲ ਸਭ ਦਾ ਸੁਆਗਤ ਕੀਤਾ। ਸਤਿਗੁਰਾਂ ਬਚਨ ਕੀਤਾ ਰਾਣੀ ਸਾਨੂੰ ਸਭ ਨੂੰ ਬੜੀ ਭੁੱਖ ਲੱਗੀ ਹੈ। ਰਾਣੀ ਨੇ ਉਸੇ ਵਕਤ ਛੋਲੇ ਪੂਰੀਆਂ ਤਿਆਰ ਕਰਕੇ ਸਭ ਨੂੰ ਛਕਾਏ। ਪਰ ਬਾਲ ਗੋਪਾਲ ਆਪ ਰਾਣੀ ਦੇ ਗੋਦ ਵਿਚ ਬੈਠ ਗਏ ਆਖਣ ਲੱਗੇ ਸਾਨੂੰ ਛਕਾਉ। ਇਕ ਦਾਸੀ ਨੇ ਆ ਕੇ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਇਹਨਾਂ ਦੇ ਪੁੱਤਰ ਨਹੀਂ ਹੈ, ਆਪ ਕਿਰਪਾ ਕਰੋ। ਸਤਿਗੁਰਾਂ ਬਚਨ ਕੀਤਾ ਮੈਂ ਇਸ ਦੀ ਗੋਦ ਵਿਚ ਬੈਠਾ ਹਾਂ, ਮੈਨੂੰ ਸਮਝ ਲਵੇ ਤਾਂ ਸਦਾ ਇਸ ਦਾ ਨਾਮ ਰਹੇਗਾ। ਰਾਣੀ ਨੂੰ ਹੁਕਮ ਹੋਇਆ ਤੂੰ ਛੋਲੇ ਪੂਰੀਆਂ ਰੋਜ਼ ਬਣਾਇਆ ਕਰ ਸਾਨੂੰ ਪਿਆਰ ਦੇ ਨਾਲ ਛਕਾਇਆ ਕਰ। ਪਟਨੇ ਵਿਚ ਹੁਣ ਵੀ ਰਾਣੀ ਦਾ ਮਹਿਲ ਹੈ ਉੱਥੇ ਜਾ ਕੇ ਸਾਰੇ ਦਰਸ਼ਨ ਕਰਦੇ ਹਨ। ਇਸ ਦੀ ਮਹਿਮਾ ਅਪਰੰਪਾਰ ਹੈ। ਉੱਥੇ ਹੀ ਗੰਗਾ ਵਿਚ ਆਪਣਾ ਕੰਗਣ ਸੁੱਟਿਆ ਸੀ। ਮਾਤਾ ਜੀ ਨੇ ਜਦ ਪੁਛਿਆ ਕਿਥੇ ਸੁੱਟਿਆ ਤਾਂ ਦੂਸਰਾ ਵੀ ਉਥੇ ਸੁਟ ਕੇ ਆਖਿਆ ਏਥੇ।

ਪੀਰ ਆਰਫ ਦੀਨ ਦੀ ਸਾਖੀ

ਇਕ ਦਿਨ ਲਖਨੌਰ ਪਿੰਡ ਦੇ ਬਾਲਕਾਂ ਨਾਲ ਖੇਡਦੇ ਸਨ। ਪੀਰ ਆਰਫ ਦੀਨ ਪਾਲਕੀ ਵਿਚ ਜਾ ਰਿਹਾ ਸੀ। ਜਦ ਉਸ ਨੇ ਸਤਿਗੁਰਾਂ ਨੂੰ ਖੇਡਦੇ ਵੇਖਿਆ ਤਾਂ ਝਟ ਹੀ ਪਾਲਕੀ 'ਚੋਂ ਉਤਰ ਕੇ ਸਤਿਗੁਰਾਂ ਨੂੰ ਸਿਜਦਾ (ਭਾਵ ਨਮਸਕਾਰ) ਕੀਤੀ ਤੇ ਇਕ ਪਾਸੇ ਜਾ ਕੇ ਕੁਝ ਅਰਜ਼ਾਂ ਕੀਤੀਆ। ਉਸ ਦੇ ਸਾਥੀ ਮੁਰੀਦਾਂ ਨੇ ਆਖਿਆ ਇਹ ਤੁਸੀ ਕੀ ਕੀਤਾ, ਹਿੰਦੂ ਪੀਰ ਜਾਣਦੇ ਹੋਏ ਵੀ ਸਿਜਦਾ ਉਸ ਨੂੰ ਕੀਤਾ। ਆਰਫ ਪੀਰ ਆਖਣ ਲੱਗਾ ਤੁਹਾਨੂੰ ਨਹੀਂ ਪਤਾ ਇਹ ਪੀਰ ਕੌਣ ਹੈ। ਜਦ ਮੈਂ ਦਰਗਾਹੇ ਜਾਂਦਾ ਹਾਂ ਉਥੇ ਕਈ ਪੀਰ ਪਗੰਬਰ, ਅਵਤਾਰ, ਰਿਖੀ ਮੁਨੀ ਸਭ ਖ਼ੁਦਾ ਦੇ ਦਰਵਾਜੇ ਅੱਗੇ ਸਿਰ ਝੁਕਾਈ ਖੜੇ ਹੁੰਦੇ ਹਨ। ਉਹਨਾਂ ਦੀਆਂ ਅਰਜ਼ਾਂ ਹੋਰ ਕੋਈ ਨਹੀਂ ਅੰਦਰ ਪੁਚਾ ਸਕਦਾ ਇਸ ਤੋਂ ਬਿਨਾਂ। ਇਸ ਲਈ ਇਸ ਨੂੰ ਸਿਜਦਾ ਕੀਤਾ ਹੈ।

ਸ੍ਰੀ ਸਤਿਗੁਰੂ ਜੀ ਦਾ ਵਿਆਹ

ਗੁਰੂ ਤੇਗ ਬਹਾਦਰ ਜਦ ਦਿਲੀ ਔਰੰਗਜ਼ੇਬ ਦੇ ਬੁਲਾਣ ਤੇ ਗਏ ਤਾਂ ਉਸ ਵਕਤ ਹੀ ਬਾਲ ਗੋਪਾਲ ਗੋਬਿੰਦ ਰਾਏ ਨੂੰ ਗੁਰਗੱਦੀ ਤੇ ਸੁਭਾਇਮਾਨ ਕਰ ਗਏ ਸਨ। ਵਸਾਖੀ ਦੇ ਸਮੇਂ ਇਕ ਸਿਖ ਸਤਿਗੁਰਾਂ ਦੇ ਦਰਸ਼ਨ ਕਰਨ ਅਇਆ ਜੋ ਖਤਰੀ ਸੀ। ਉਸ ਨੇ ਅਪਣੀ ਬੇਟੀ ਜੀਤੋ ਦੇ ਵਿਆਹ ਬਾਰੇ ਸਤਿਗੁਰਾਂ ਅਗੇ ਅਰਜ਼ ਕੀਤੀ। ਮਨਜ਼ੂਰੀ ਮਿਲਣ ਤੇ ਉਸ ਨੇ ਬੇਨਤੀ ਕੀਤੀ ਕਿਰਪਾ ਕਰਕੇ ਆਪ ਜੀ ਲਾਹੌਰ ਆਉ। ਸਤਿਗੁਰਾਂ ਬਚਨ ਕੀਤਾ; ਅਸੀ ਏਥੇ ਹੀ ਲਾਹੌਰ ਸ਼ਹਿਰ ਬਣਾ ਦਿੰਦੇ ਹਾਂ। ਤੁਸੀਂ ਏਥੇ ਆ ਕੇ ਕਾਰਜ ਕਰੋ। ਸਤਿਗੁਰਾਂ ਨੇ ਅਨੰਦਪੁਰ ਤੋਂ ਸੱਤ ਕੋਹ ਉਤਰ ਵੱਲ ਇਹ ਲਾਹੌਰ ਸ਼ਹਿਰ ਵਸਾ ਦਿਤਾ। ਉਥੋਂ ਦੇ ਲੋਕਾਂ ਦੇ ਭਾਗ ਖੁੱਲ੍ਹ ਗਏ। ਉਹਨਾਂ ਨੇ ਆਪਣਾ ਵਿਉਪਾਰ ਕਰਨਾ ਸ਼ੁਰੂ ਕਰ ਦਿਤਾ ਤੇ ਰੌਣਕਾਂ ਲਗ ਗਈਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਏਥੇ ਹੀ ਹੋਇਆ। ਇਥੇ ਸਦਾ ਰੌਣਕਾਂ ਰਹਿੰਦੀਆਂ। ਗੁਰੂ ਦਰਬਾਰ ਲਗਦੇ। ਭਾਈ ਮਨੀ ਸਿੰਘ ਜੀ ਗਿਆਨੀ ਨੌਂ ਗੁਰੂਆਂ ਦੀ ਕਥਾ ਕਰਦੇ, ਸ਼ਬਦ ਕੀਰਤਨ ਹੁੰਦਾ। ਸੋਢੀ ਸੂਰਜ ਮੱਲ ਦਾ ਪੋਤਰਾਮ ਸਿਆਮ ਦਾਸ, ਗੁਲਾਬ ਰਾਏ, ਨੰਦ ਚੰਦ ਸੰਘਾ, ਦਇਆ ਰਾਮ, ਦਲਜੀਤ, ਬਲਜੀਤ, ਰਾਜਪੁਰ ਰਾਜੇ ਰਾਮ ਪ੍ਰਤਾਪ ਸਿੰਘ ਦੇ ਪੋਤਰੇ ਜੀਤ ਮਲ, ਸੰਘੋਂਮੋਗੀ, ਬੀਬੀ ਵੀਰੋ ਜੀ ਦੇ ਬੇਟੇ ਬਘੇਲਾ ਸੁਹੇਲਾ, ਰੰਧਾਵੇ ਫਾਜੂ, ਕੇਹਰ, ਸ਼ੇਰਗਿਲ, ਜੈਤੇ ਦੇ

ਬੇਟੇ ਸੁਖਾ ਨੰਦ, ਉਗਰ ਸੈਨ, ਭਾਈ ਰੂਪੇ ਦੇ ਪੋਤਰੇ ਅਲਮ, ਬਚਿਤ੍ਰ ਰਠੌਰ ਵਰਗੇ ਸਨ। ਜੇਹੜੇ ਫਿਰ ਅੰਮ੍ਰਿਤ ਛਕ ਕੇ ਸਿਖ ਬਣੇ। ਹੋਰ ਵੀ ਕਈ ਗੁਰੂ ਕੀ ਸਰਨ ਆਇ। ਕਈ ਮੁਗਲ ਪਠਾਣ ਵੀ ਆਏ। ਉਹਨਾਂ ਨੂੰ ਵੀ ਸਤਿਗੁਰਾਂ ਸਰਨ ਦਿਤੀ। ਉਸ ਵਕਤ ਵੱਡੇ ਵਡੇ ਰਾਜੇ ਮਹਾਰਾਜੇ ਹੀ ਨਗਾਰੇ ਰਖਦੇ ਸਨ। ਉਸ ਸਮੇਂ ਸਤਿਗੁਰਾਂ ਇਕ ਨਗਾਰਾ ਬਣਵਾਇਆ ਜਿਸ ਦਾ ਨਾਮ "ਰਣਜੀਤ ਨਗਾਰਾ" ਰਖਿਆ। ਇਸ ਦੀ ਆਵਾਜ ਐਸੀ ਸੀ ਜਦ ਅਨੰਦਪੁਰ ਵਿਚ ਵਜਾਉਂਦੇ ਤਾਂ ਪਰਬਤ ਵੀ ਗੂੰਜ ਉਠਦੇ। ਇਸ ਨਗਾਰੇ ਦੇ ਬਣਨ ਨਾਲ ਪਹਾੜੀ ਰਾਜਿਆਂ ਦੇ ਦਿਲ ਵਿਚ ਜਲਣ ਹੋ ਗਈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦੂਸਰਾ ਵਿ:ਆਹ ਇਸ ਤਰਾਂ ਹੋਇਆ। ਗੁਰੂ ਜੀ ਦੀ ਸਰਨ ਇਕ ਰਾਮ ਸਰਨ ਕਮਰਾਵ ਬਜਵਾੜੇ ਦਾ ਖਤਰੀ ਆਪਣੀ ਬੇਟੀ ਸੁੰਦਰੀ ਜੀ ਨੂੰ ਗੁਰਾਂ ਅਗੇ ਅਰਪਣ ਕਰਕੇ ਬੜੀ ਅਧੀਨਗੀ ਨਾਲ ਅਰਜ਼ ਕੀਤੀ ਕਿ ਇਸ ਨੂੰ ਆਪਣੀ ਸਰਨ ਦਿਉ। ਬਹੁਤ ਬੇਨਤੀਆਂ ਸੁਣ ਕੇ ਸਤਿਗੁਰਾਂ ਮਾਤਾ ਨਾਨਕੀ ਜੀ ਦਾ ਬਚਨ ਮੰਨਕੇ ਪਰਵਾਨਗੀ ਦੇ ਦਿਤੀ।ਇਹ ਉਹ ਸਮਾਂ ਸੀ ਜਦ ਪਹਾੜੀ ਰਾਜਿਆਂ ਨਾਲ ਤੇ ਮੁਗਲ ਸੈਨਾ ਨਾਲ ਯੁੱਧ ਹੁੰਦਾ ਸੀ।ਇਸ ਸਮੇ ਪਹਾੜੀ ਰਾਜੇ ਹਰੀ ਚੰਦ ਦੀ ਮੌਤ ਹੋ ਗਈ ਬਾਕੀ ਰਾਜੇ ਭਜ ਗਏ।

ਇਸੇ ਖੁਸ਼ੀ ਦੇ ਸਮੇ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਹੋਇਆ। ਸੰਮਤ ੧੭੪੪ ਵਿੱਚ ਗੁਰੂ ਜੀ ਅਨੰਦਪੁਰ ਆ ਕੇ ਫਤਹਿਗੜ੍ਹ, ਅਨੰਦਗੜ੍ਹ ਅਤੇ ਕੇਸਗੜ੍ਹ ਦਰਿਆ ਦੇ ਉਪਰ ਕੁਝ ਫਾਸਲੇ ਤੇ ਕਿਲੇ ਉਸਾਰੇ ਅਤੇ ਸਤਿਲੁਜ ਤੋਂ ਪਾਰ ਤਿੰਨ ਕਿਲੇ ਲੋਹਗੜ੍ਹ ,ਹੋਲਗੜ੍ਹ ਅਤੇ ਨਿਰਮੋਹਗੜ੍ਹ ਉਸਾਰੇ।

ਏਸੇ ਦੌਰਾਨ ਸਤਿਗੁਰਾਂ ਨੇ ਹੋਲਾ ਮਹੱਲਾ ਸ਼ੁਰੂ ਕੀਤਾ। ਸਿੱਖਾਂ ਨੂੰ ਸ਼ਸਤਰ ਵਿਦਿਆ ਅਤੇ ਜੋਧੇ ਬਨਾਣ ਦੀ ਸਿਖਿਆ ਦੇਣੀ ਸ਼ੁਰੂ ਕਰ ਦਿਤੀ। ਇਸ ਤੇ ਪਹਾੜੀ ਰਾਜਿਆਂ ਦੀ ਪਰੇਸ਼ਾਨੀ ਜ਼ਿਆਦਾ ਵੱਧ ਗਈ। ਉਹ ਮੌਕਾ ਪਾ ਕੇ ਸਰਕਾਰੀ ਹਕੂਮਤ ਨਾਲ ਰਲ ਕੇ ਯੁਧ ਕਰਦੇ ਰਹੇ।ਅਨੰਦਪੁਰ ਵਿਚ ਹੁਸੈਨ ਖਾਨ ਨਾਲ ਯੁਧ ਹੋਇਆ ਜਿਸ ਵਿਚ ਜਿੱਤ ਸਤਿਗੁਰਾਂ ਦੀ ਹੋਈ।

ਸਿਖੀ ਪ੍ਰਚਾਰ ਇਸ ਸ਼ਮੇ ਮਸੰਦ ਹੀ ਕਰਦੇ ਸਨ।ਪਰ ਉਹ ਅਵੇਸਲੇ ਹੋ ਚੁਕੇ ਸਨ। ਉਹਨਾਂ ਦੀਆਂ ਨਿਤ ਨਵੀਆਂ ਸ਼ਕੈਤਾਂ ਸਤਿਗੁਰਾਂ ਕੋਲ ਅਉਦੀਆਂ ਸਨ। ਇਸ ਲਈ ਸਤਿਗੁਰਾਂ ਨੇ ਉਹਨਾਂ ਤੋਂ ਇਹ ਸੇਵਾ ਲੈ ਲਈ ਤੇ ਜਿਹੜੇ ਸਮਝਾਉਣ ਤੇ ਵੀ ਨਾ ਮੰਨੇ ਉਹਨਾਂ ਨੂੰ ਤੇਲ ਦੇ ਕੜਾਹੇ ਵਿਚ ਪਾ ਕੇ ਸਾੜਿਆ ਅਤੇ ਆਪ ਸਿਖੀ ਨੂੰ

ਨਵੇਂ ਢੰਗ ਨਾਲ ਕੱਠੇ ਕਰ ਲਿਆ।

ਰਿਛ ਦਾ ਪ੍ਰਸੰਗ

ਇਕ ਦਿਨ ਸ੍ਰੀ ਸੀਤਗੁਰੂ ਜੀ ਸੰਗਤਾਂ ਵਿਚ ਬੈਠੇ ਹੋਏ ਸਨ। ਇਕ ਕਲੰਦਰ ਆਇਆ ਜੋ ਰਿਛ ਦਾ ਤਮਾਸ਼ਾ ਕਰਦਾ ਸੀ।ਸਤਿਗੁਰਾਂ ਨੇ ਆਪਣੇ ਚੌਰ ਕਰਨ ਵਾਲੇ ਸਿਖ ਭਾਈ ਕੀਰਤੀਏ ਨੂੰ ਪੁਛਿਆ ਤੈਨੂੰ ਪਤਾ ਹੈ ਇਹ ਰਿਛ ਕੌਣ ਹੈ?ਉਸ ਨੇ ਉਤਰ ਦਿਤਾ ਸੱਚੇ ਪਾਤਸ਼ਾਹ ਮੈ ਕੀ ਜਾਣਦਾਂ ,ਆਪ ਹੀ ਕਿਰਪਾ ਕਰੋ।ਸਤਿਗੁਰਾਂ ਬਚਨ ਕੀਤਾ ਇਹ ਤੇਰਾ ਪਿਉ ਹੈ, ਸੋਭਾ ਰਾਮ। ਇਸ ਨੂੰ ਅੱਠ ਮਹੀਨੇ ਹੋ ਗਏ ਹਨ ਕਾਸ਼ੀ ਦੇ ਪਰਬਤ ਵਿਚ ਜਾ ਕੇ ਰਿਛ ਜੂਨ ਪਾਈ ਨੂੰ। ਭਾਈ ਕੀਰਤੀਏ ਨੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਮੇਰੇ ਪਿਤਾ ਜੀ ਤਾਂ ਸੱਤਵੇਂ , ਅੱਠਵੇਂ ਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਵਿਚ ਰਹੇ।ਜੇਕਰ ਉਸ ਸੇਵਾ ਦਾ ਫਲ਼ ਇਹ ਰਿੱਛ ਜੂਨ ਹੈ ਤਾਂ ਮੈਨੂੰ ਆਪ ਜੀ ਦੀ ਸੇਵਾ ਕਰ ਕੇ ਕਿਹੜਾ ਫਲ ਪ੍ਰਾਪਤ ਹੋਣਾ ਹੈ?ਸਤਿ ਗੁਰਾਂ ਹੱਸ ਕੇ ਬਚਨ ਕੀਤਾ ਇਹ ਤਾਂ ਜਿਹੜਾ ਕੋਈ ਕਰਮ ਕਰੂਗਾ ਉਹੋ ਜਿਹਾ ਫਲ਼ ਪਾਊਗਾ। ਤੇਰੇ ਪਿਤਾ ਨੇ ਇਕ ਪੰਨੇ ਨਾਮ ਦੇ ਸਿਖ ਨੂੰ ਪ੍ਰਸ਼ਾਦ ਦੇਣ ਲਗਿਆਂ ਗਾਲ ਕੱਢ ਕੇ ਰਿਛ ਅਖਿਆ ਸੀ ਜੋ ਨਿਰਦੋਸ਼ ਸ਼ਰਧਾਲੂ ਸਿਖ ਸੀ। ਇਸ ਨੂੰ ਸੇਵਾਦਾਰ ਹੋਣ ਦਾ ਹੰਕਾਰ ਹੈ ਸੀ।ਉਸ ਸਿਖ ਨੇ ਇਸ ਨੂੰ ਇਹ ਸਰਾਪ ਦਿਤਾ ਰਿਛ ਮੈਂ ਨਹੀ ਪਰ ਤੂੰ ਜ਼ਰੂਰ ਬਣੇਂਗਾ ਇਸ ਲਈ ਇਸ ਨੂੰ ਇਹ ਜੂਨ ਮਿਲੀ ਹੈ।ਇਹ ਸਿਖ ਹੋਣ ਕਰਕੇ ਇਸ ਘਰ ਤੇ ਆ ਗਿਆ ਹੈ। ਇਥੇ ਇਸ ਦੀ ਮੁਕਤੀ ਹੋਣੀ ਹੈ। ਲੈ ਇਹ ਪਰਸ਼ਾਦ ਤੂੰ ਇਸ ਨੂੰ ਦੇ ਦੇ ਇਸ ਦੀ ਇਹ ਜੂਨ ਕੱਟੀ ਜਾਵੇਗੀ ਉਸ ਰਿਛ ਨੂੰ ਪ੍ਰਸ਼ਾਦ ਦਿਤਾ ਤਾਂ ਉਸ ਦੀ ਜੂਨ ਕੱਟੀ ਗਈ ਪਰ ਰਿਛ ਵਾਲਾ ਰੋਣ ਲੱਗਾ ਤਾਂ ਉਸ ਨੂੰ ਸਤਿਗੁਰਾਂ ਮੂੰਹ ਮੰਗੀ ਮਾਇਆ ਦੇ ਕੇ ਖੁਸ਼ ਕਰਕੇ ਤੋਰਿਆ। ਸਤਿਗੁਰਾਂ ਦੇ ਕੌਤਕਾਂ ਦਾ ਕੋਈ ਅੰਤ ਨਹੀ।

ਇਹ ਜੁਗਾਂ ਜੁਗਾਂਤਰਾਂ ਤੋਂ ਹਰ ਸਮੇ ਹੀ ਆਏ।ਸਤਿਗੁਰਾਂ ਦੇ ਬਹੁਤ ਪ੍ਰੇਮੀ ਹਰ ਵਕਤ ਗੁਰਾਂ ਦਾ ਹੁਕਮ ਮੰਨਣ ਵਾਲੇ ਉਹਨਾਂ ਵਿਚੋਂ ਇਕ ਸਿਖ ਰਿਖਰਾਉ ਖਤਰੀ ਪਿੰਡ ਰੁਹਤਾਸ ਜਿਲਾ ਜਿਹਲਮ ਦੇ ਰਹਿਣ ਵਾਲਾ ਸਮੇ ਦੀ ਚਾਲ ਨੂੰ ਸਮਝਣ ਵਾਲਾ ਆਪਣੀ ਸਪੁਤਰੀ ਸਾਹਿਬ ਕੌਰ ਨੂੰ ਲੈ ਕੇ ਸਤਿਗੁਰਾਂ ਦੀ ਸਰਨ ਅਇਆ।ਇਸ ਤਰਾਂ ਸਤਿਗੁਰਾਂ ਦੇ ਤਿੰਨ ਮਹਿਲ ਲਿਖੇ ਹਨ।ਪਹਿਲੇ ਮਾਤਾ ਜੀਤੋ ਜੀ ਬੇਟੀ ਭਾਈ ਹਰਿਜਸ ਲਾਹੌਰ ਵਾਲੇ,ਦੂਸਰੇ ਮਾਤਾ ਸੁੰਦਰੀ ਜੀ ਬਜਵਾੜੇ ਦੇ ਖਤਰੀ ਦੀ ਪੁਤਰੀ।ਮਾਤਾ ਸਹਿਬ ਦੇਵਾਂ ਜੀ ਰਿਖਰਾਉ ਖਤਰੀ ਪਿੰਡ ਰੁਹਤਾਸ

ਜਿਲਾ ਜਿਹਲਮ । ਗੁਰੂ ਗੋਬਿੰਦ ਸਿਘ ਜੀ ਦੇ ਚਾਰ ਸਾਹਿਬਜ਼ਾਦੇ-ਵਡੇ ਸਹਿਬਜ਼ਾਦਾ ਅਜੀਤ ਸਿੰਘ ਜੀ ਜਿਨ੍ਹਾਂ ਦਾ ਜਨਮ ੧੬੮੬ ਈ ਵਿਚ ਹੋਇਆ, ਦੂਸਰੇ ਸਹਿਬਜ਼ਾਦਾ ਜੁਝਾਰ ਸਿੰਘ ਜੀ ਜਿਨ੍ਹਾਂ ਦਾ ਜਨਮ ੧੬੯੦ਈ. ਵਿਚ ਹੋਇਆ, ਤੀਸਰੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਜਿਨ੍ਹਾਂ ਦਾ ਜਨਮ ੧੬੯੭ ਈ. ਵਿਚ ਹੋਇਆ ਅਤੇ ਚੋਥੇ ਸਾਹਿਬਜ਼ਾਦੇ ਫਤਹਿ ਸਿੰਘ ਜੀ ਜਿਨ੍ਹਾਂ ਦਾ ਜਨਮ ੧੬੯੯ ਈ. ਨੂੰ ਹੋਇਆ।

ਇਸੇ ਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੈਣਾ ਦੇਵੀ ਦੇ ਪਹਾੜ ਤੇ ਹਵਨ ਕੀਤਾ। ਚੇਤ ਦੇ ਨਵਰਾਤਿਆਂ ਵਿਚ ਹਵਨ ਸ਼ੁਰੂ ਕਰਵਾਇਆ । ਪੰਡਤ ਕੇਸ਼ਵ ਦਾਸ ਨੂੰ ਇਸ ਹੋਮ ਯੱਗ ਦੀ ਜ਼ਿਮੇਵਾਰੀ ਸੌਂਪੀ। ਪੰਡਤ ਕੇਸ਼ਵ ਦਾਸ ਤੇ ਕਾਲੀ ਦਾਸ ਸਤਿਗੁਰਾਂ ਦੇ ਦਰਸ਼ਨ ਕਰਨ ਆਏ। ਉਥੇ ਦੇ ਵਸਨੀਕਾਂ ਨੇ ਆਖਿਆ ਸਚੇ ਪਾਤਸ਼ਾਹ ਜੀ ਇਹ ਪੰਡਤ ਦੇਵੀ ਪ੍ਰਗਟ ਕਰਦੇ ਹਨ। ਆਪ ਜੀ ਇਸ ਵਕਤ ਦੇਵੀ ਪ੍ਰਗਟ ਕਰਾਓ ਫਿਰ ਸੰਸਾਰ ਦੇ ਸਾਰੇ ਕਸ਼ਟ ਦੂਰ। ਇਹ ਸੁਣ ਕੇ ਪੰਡਤ ਜੀ ਆਖਣ ਲਗੇ ਹੁਕਮ ਕਰੋ ਅਸੀ ਦੇਵੀ ਪ੍ਰਗਟ ਕਰ ਦਿੰਦੇ ਹਾਂ ਪਰ ਖਰਚਾ ਬੁਹਤ ਆਵੇਗਾ । ਸਤਿਗੁਰਾਂ ਬਚਨ ਕੀਤਾ ਕਿੰਨਾ ਕੁ? ਪੰਡਤ ਬੋਲੇ ਸਵਾ ਲੱਖ ਸਾਡੀ ਦਖਣਾ,ਬਾਕੀ ਸਵਾ ਲਖ ਸਮਗਰੀ ਪਵੇਗੀ ਉਹ ਵੀ ਖਰਚਾ ਹੈ।ਸਤਿਗੁਰਾਂ ਬਚਨ ਕੀਤਾ; ਦੇਵੀ ਪ੍ਰਗਟ ਕਰੋ ਖਰਚੇ ਦੀ ਕੋਈ ਗਲ ਨਹੀ। ਹੁਣ ਪੰਡਤਾਂ ਨੇ ਨੈਣਾ ਦੇਵੀ ਤੇ ਹਵਨ ਕਰਨਾ ਸ਼ੁਰੂ ਕੀਤਾ। ਸਾਰਾ ਸਾਲ ਕਰਦੇ ਰਹੇ ਪਰ ਦੇਵੀ ਪ੍ਰਗਟ ਨਾ ਹੋਈ ਤਾਂ ਆਪਣਾ ਆਪ ਬਚਾਣ ਲਈ ਅਖੀਰ ਆਖਣ ਲਗੇ, ਸੱਚੇ ਪਾਤਸਾਹ ਜੀ ਦੇਵੀ ਕਿਸੇ ਚੰਗੇ ਪੁਰਸ਼ ਦੀ ਬਲੀ ਮੰਗਦੀ ਹੈ। ਸਤਿਗੁਰਾਂ ਬਚਨ ਕੀਤਾ ਤੁਹਾਡੇ ਤੋਂ ਚੰਗਾ ਹੋਰ ਕੌਣ ਹੋ ਸਰਦਾ ਹੈ ਇਹ ਸੁਣਦੇ ਹੀ ਪੰਡਤ ਜੀ ਕੋਈ ਬਹਾਨਾ ਮਾਰ ਕੇ ਉਥੋਂ ਖਿਸਕ ਗਏ ਡਰ ਕੇ ਜਾਂ ਸਤਿਗੁਰਾਂ ਵੇਖਿਆ ਕਿ ਪੰਡਤ ਜੀ ਉਥੇ ਹੈ ਹੀ ਨਹੀ ਫਿਰ ਸਤਿਗੁਰਾਂ ਆਪ ਕਿਰਪਾ ਕਰਕੇ ਸਾਰੀ ਸਮਗਰੀ ਇਕੋ ਵਾਰ ਹਵਨ ਕੁੰਡ ਵਿਚ ਪਾ ਦਿਤੀ । ਕਈ ਥਾਂ ਲਿਖਿਆ ਹੈ ਉਸ ਵਕਤ ਸਾਰੀ ਧਰਤੀ ਹਿੱਲੀ ਅਤੇ ਬਹੁਤ ਪ੍ਰਕਾਸ਼ ਹੋਇਆ। ਫਿਰ ਉਸ ਤੇਜ ਪ੍ਰਕਾਸ਼ ਵਿਚੋਂ ਸ਼ਕਤੀ ਦੇਵੀ ਪ੍ਰਗਟ ਹੋਈ ਅਤੇ ਉਸ ਨੇ ਸਤਿਗੁਰੂ ਜੀ ਨੂੰ ਇਕ ਤਲਵਾਰ ਭੇਟਾ ਕੀਤੀ। ਕਈ ਥਾਂ ਲਿਖਿਆ ਹੈ ਖੰਡਾ ਜਾਂ ਕਰਦ ਅਰਪਿਤ ਕੀਤਾ ਜਿਸ ਨਾਲ ਸੁੰਭ ਨਿਸੁੰਭ ਰਾਖਸ਼ਾਂ ਦਾ ਬਧ ਕੀਤਾ ਸੀ।ਸਤਿਗੁਰਾਂ ਹਵਨ ਵਾਰੇ ਬਚਨ ਕੀਤਾ ਇਸ ਨਾਲ ਵਾਤਾਵਰਣ ਸ਼ੁਧ ਹੁੰਦਾ ਹੈ ਅਤੇ ਕੁਕਰਮਾਂ ਦਾ ਨਾਸ ਹੋ ਜਾਦਾ ਹੈ, ਦੇਵ ਬਿਰਤੀ ਦਾ ਪ੍ਰਕਾਸ਼ ਹੋ ਜਾਂਦਾ

ਹੈ।ਜਦ ਸਾਹਿਬਜ਼ਾਦਾ ਫਤਿਹ ਸਿੰਘ ਜੀ ਜਿਹਨਾਂ ਦਾ ਜਨਮ ੧੬੯੯ ਈ. ਵਿਚ ਹੋਇਆ।

ਇਸੇ ਸਾਲ ਸ੍ਰੀ ਸਤਿਗੁਰਾਂ ਨੇ "ਖਾਲਸੇ" ਦੀ ਸਿਰਜਣਾ ਕਰਨ ਲਈ ਸੰਗਤਾਂ ਨੂੰ ਵਸਾਖੀ ਵਾਲੇ ਦਿਨ ਅਨੰਦਪੁਰ ਬੁਲਾਇਆ।

ਜਦ ਭਈ ਜੈਤਾ ਜੀ ਨੌਂਵੇਂ ਪਾਤਸ਼ਾਹ ਜੀ ਦਾ ਸੀਸ ਲਿਆਇਆ ਅਤੇ ਆਖਿਆ ਸਚੇ ਪਾਤਸ਼ਾਹ ਜੀ ਉਥੇ ਭੀੜ ਤਾਂ ਬੜੀ ਸੀ ਪਰ ਸਿਖ ਦੀ ਪਹਿਚਾਣ ਨਹੀਂ ਸੀ।ਉਸ ਵਕਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤਾ ਸੀ ਮੈ ਐਸਾ ਖਾਲਸਾ ਪ੍ਰਗਟ ਕਰਾਂਗਾ ਜੋ ਛੁਪ ਨਹੀ ਸਕੇਗਾ, ਹਜ਼ਾਰਾਂ ਵਿਚ ਇਕ ਹੀ ਪਹਿਚਾਨਿਆ ਜਾਵੇਗਾ।ਸੱਚੇ ਪਾਤਸ਼ਾਹ ਜੀ ਨੇ ਇਹ ਤੀਸਰਾ ਪੰਥ ਸਾਜਨ ਦੇ ਮਨੋਰਥ ਨੂੰ ਲੈ ਕੇ ਸੰਗਤ ਨੂੰ ਹੁਕਮਨਾਮੇ ਭੇਜੇ ਅਤੇ ਵਸਾਖੀ ਵਾਲੇ ਦਿਨ ੧੭੫੬ ਬਿਕ੍ਰਮੀ ੧੬੯੯ ਈ. ਨੂੰ ਸੰਗਤ ਦਾ ਬਹੁਤ ਵੱਡਾ ਇਕੱਠ ਅਨੰਦਪੁਰ ਵਿਚ ਹੋਇਆ। ਜਦ ਕੇਸਗੜ੍ਹ ਸੰਗਤਾਂ ਜੁੜੀਆਂ ਤਾਂ ਸਤਿਗੁਰਾਂ ਭਰੇ ਦਿਵਾਨ ਵਿਚ ਨੰਗੀ ਤਲਵਾਰ ਲੈ ਕੇ ਹੁਕਮ ਕੀਤਾ;ਇਹ ਤਲਵਾਰ ਸੀਸ ਮੰਗਦੀ ਹੈ।ਕੋਈ ਹੈ ਜੋ ਇਸ ਦੀ ਪਿਆਸ ਬੁਝਾਵੇ। ਇਹ ਸੁਣ ਕੇ ਸੰਗਤਾਂ ਡੋਲ ਗਈਆਂ ਪਰ ਜਦ ਸਤਿਗੁਰਾਂ ਤੀਸਰੀ ਵਾਰੀ ਇਹ ਬਚਨ ਕੀਤਾ ਤਾਂ ਭਾਈ ਦਇਆ ਰਾਮ ਖੱਤਰੀ ਲਾਹੋਰ ਨਿਵਾਸੀ ਉਠ ਕੇ ਸਤਿਗੁਰਾਂ ਦੇ ਚਰਨਾਂ ਤੇ ਸੀਸ ਰਖ ਕੇ ਅਰਜ਼ ਕੀਤੀ ਮੈ ਹਾਜ਼ਰ ਹਾਂ, ਪ੍ਰਵਾਨਗੀ ਹੋਵੇ। ਸਤਿਗੁਰਾਂ ਉਸ ਦਾ ਸਿਰ ਉਥੇ ਹੀ ਧੜ ਨਾਲੋਂ ਵੱਖਰਾ ਕਰ ਦਿਤਾ।ਫਿਰ ਦੂਸਰੀ ਵਾਰੀ ਏਹੋ ਮੰਗ ਕੀਤੀ ਤਾਂ ਦਿਲੀ ਦੇ ਜਾਟ ਧਰਮ ਦਾਸ ਨੇ ਅਪਣਾ ਸੀਸ ਭੇਟ ਕੀਤਾ। ਸਤਿਗੁਰਾਂ ਉਸਨੂੰ ਵੀ ਦਇਆ ਰਾਮ ਨਾਲ ਰਲਾ ਦਿਤਾ।ਤੀਸਰੀ ਵਾਰ ਜਦ ਫਿਰ ਸਤਿਗੁਰਾਂ ਨੇ ਸੀਸ ਦੀ ਮੰਗ ਕੀਤੀ ਤਾਂ ਸੰਗਤ ਵਿਚ ਹਫਤਾ ਦਫੜੀ ਪੈ ਗਈ।ਆਖਣ ਲੱਗੇ ਸਤਿਗੁਰਾਂ ਨੂੰ ਚੰਡੀ ਪੁਠੀ ਪੈ ਗਈ ਹੈ ਪਰ ਦੁਆਰਕਾ ਨਿਵਾਸੀ ਮੋਹਕਮ ਚੰਦ ਛੀਂਬੇ ਨੇ ਅਪਣਾ ਸੀਸ ਗੁਰੂ ਨੂੰ ਅਰਪਣ ਕੀਤਾ।ਚੌਥੀ ਵਾਰ ਫਿਰ ਮੰਗ ਹੋਣ ਤੇ ਸਾਹਿਬ ਚੰਦ ਨਾਈ ਬਿਦਰ ਨਿਵਾਸੀ ਅਤੇ ਪੰਜਵੀ ਵਾਰ ਹਿੰਮਤ ਰਾਏ ਝੀਉਰ ਜਗਨ ਨਾਥ ਪੁਰੀ ਨਿਵਾਸੀ ਨੇ ਸਤਿਗੁਰਾਂ ਅਗੇ ਆ ਕੇ ਅਪਣਾ ਸੀਸ ਨਿਸ਼ਾਵਰ ਕਰ ਦਿਤਾ।ਸਤਿਗੁਰਾਂ ਬਚਨ ਕੀਤਾ ਪੰਜ ਸੀਸ ਹੀ ਚਾਹੀਏ।

ਸੰਗਤ ਸ਼ਾਂਤ ਹੋ ਬੈਠ ਗਈ । ਸਭ ਸੰਗਤ ਦੇ ਸਾਹਮਣੇ ਪੰਜ ਸੀਸ ਪੰਜ ਧੜ ਪਏ ਸਨ ਸਤਿਗੁਰਾਂ ਨੇ ਜਿਸ ਤਰ੍ਹਾਂ ਵੀ ਕਿਸੇ ਦਾ ਧੜ ਤੇ ਕੋਈ ਸੀਸ ਅਗੇ

ਅਇਆ ਜੋੜ ਕੇ ਪੰਜ ਸਿੰਘ ਤਿਆਰ ਕਰਕੇ ਖੜ੍ਹੇ ਕਰ ਲਏ। ਆਪ ਇਕ ਬਾਟੇ ਵਿਚ ਅੰਮ੍ਰਿਤ ਬਾਣੀਆਂ ਪੜ੍ਹਕੇ ਤਿਆਰ ਕੀਤਾ ਤੇ ਸਿਖਾਂ ਨੂੰ ਸ਼ਸਤਰ ਬਸਤਰ ਪਾ ਕੇ ਅੰਮ੍ਰਿਤ ਛਕਾਇਆ ਤੇ ਉਹਨਾਂ ਦੇ ਨਾਮ ਨਾਲ ਸਿੰਘ ਲਾਇਆ।ਭਾਈ ਦਇਆ ਸਿੰਘ ,ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ ,ਭਾਈ ਸਾਹਿਬ ਸਿੰਘ,ਭਾਈ ਹਿੰਮਤ ਸਿੰਘ ਆਖਦੇ ਨੇ ਗਿਦੜੋਂ ਸ਼ੇਰ ਬਣਾਏ।ਕਈਆਂ ਨੇ ਇਸ ਨੂੰ ਇਸ ਤਰ੍ਹਾਂ ਲਿਖਿਆ ਹੈ ਕਿ ਤੰਬੂ ਵਿਚ ਸਤਿਗੁਰਾਂ ਨੇ ਸਿਖ ਲਿਜਾ ਕੇ ਬੱਕਰੇ ਮਾਰੇ। ਪਰ ਇਹੋ ਜਹੇ ਪਖੰਡ ਇਨਸਾਨ ਕਰਦੇ ਹਨ ਗੁਰੂ ਨਹੀ ,ਉਹ ਸਰਬ ਕਲਾ ਸਮਰਥ ਹੈ, ਉਹ ਸ੍ਰਿਸ਼ਟੀ ਖਤਮ ਵੀ ਇਕ ਪਲ ਵਿਚ ਕਰ ਸਕਦਾ ਹੈ ਤੇ ਉਪਜ ਵੀ।ਜਿਸ ਤਰਾਂ ਇਕ ਸਾਖੀ ਹੈ ਕਿ ਸਤਿਗੁਰ ਇਕ ਦਿਨ ਸ਼ਿਕਾਰ ਖੇਡਣ ਗਏ ਤਾਂ ਕੁਝ ਜੀਵਾਂ ਦੀ ਜੂਨ ਕਟਣ ਲਈ ਉਹਨਾਂ ਨੂੰ ਮਾਰ ਲਿਆਏ।ਕੋਲ ਇਕ ਪੰਡਤ ਸੀ। ਉਸ ਨੇ ਆਖਿਆ ਸੱਚੇ ਪਾਤਸ਼ਾਹ ਇਹ ਆਪ ਜੀ ਨੇ ਕੀ ਕੀਤਾ। ਇਸ ਸਮੇ ਜਾਨਵਰ ਨਹੀ ਸੀ ਮਾਰਨੇ ਚਾਹੀਦੇ।ਸਤਿਗੁਰਾਂ ਬਚਨ ਕੀਤਾ ਚੰਗਾ ਪੰਡਤ ਜੀ ਇਹਨਾਂ ਨੂੰ ਵਾਪਸ ਭੇਜ ਦਿੰਦੇ ਹਾਂ ਹੋਰ ਕੁਝ ਦਿਨ ਜੂਨ ਭੋਗ ਲੈਣ। ਹੁਕਮ ਹੋਇਆ ਇਨਾਂ ਦੀਆ ਰੱਸੀਆ ਖੋਲ੍ਹ ਦਿਉ ਤੇ ਬਚਨ ਕੀਤਾ ਜਾਉ ਤੁਸੀ ਜਿਥੋਂ ਆਏ ਹੋ ।ਉਸੇ ਵਕਤ ਉਡਣ ਵਾਲੇ ਉਡ ਗਏ ਦੌੜਨ ਵਾਲੇ ਦੌੜ ਗਏ।ਇਥੇ ਸਤਿਗੁਰਾਂ ਸਿਰਫ ਬਚਨ ਹੀ ਕੀਤਾ ਉਹ ਜੀਂਦੇ ਹੋ ਗਏ।ਜਿਥੇ ਬਾਣੀ ਪੜ੍ਹਕੇ ਅੰਮ੍ਰਿਤ ਬਣਾਇਆ ਗਿਆ ਹੋਵੇ ਉਹ ਕਿਸ ਤਰ੍ਹਾਂ ਨਹੀਂ ਜੀਂਦਾ ਹੋ ਸਕਦਾ ਹੈ।ਉਹ ਅਕਾਲ ਪੁਰਖ ਹੈ।ਉਹ ਕਰਨ ਕਾਰਨ ਸਮਰਥ ਸਭ ਕਰਨ ਜੋਗ ਹੈ।ਜੇਕਰ ਉਹ ਅਗਲੇ ਪਿਛਲੇ ਜਨਮਾਂ ਦੀਆਂ ਜਾਣਦਾ ਹੈ ਤਾਂ ਇਹ ਤਾਂ ਉਸ ਲਈ ਇਕ ਦੁਨਿਆਵੀ ਖੇਡ ਸੀ।ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਭਾਸ਼ਨ ਵਿਚ ਇਸ ਤਰ੍ਹਾਂ ਕਿਰਪਾ ਕਰਦੇ ਹਨ। ਇਕ ਮੁਸਲਮਾਨ ਸਮਕਾਲੀ ਆਪਣੀ ਡਾਇਰੀ ਵਿਚ ਆਪਣਾ ਅੱਖੀਂ ਵੇਖਿਆ ਹਾਲ ਇਸ ਤਰਾਂ ਲਿਖਦਾ ਹੈ "ਮੈ ਅੱਖੀ ਵੇਖਿਆ ਹੈ ਉਹਥੇ ਸੰਗਤ ਸਾਰੀ ਬੈਠੀ ਹੋਈ ਸੀ ਜਦ ਸਤਿਗੁਰਾਂ ਇਹ ਐਲਾਨ ਕੀਤਾ ਸਿਖ ਵਾਰੀ ਵਾਰੀ ਅੱਗੇ ਆਏ। ਸਤਿਗੁਰਾਂ ਨੇ ਉਹਨਾਂ ਦੇ ਸਿਰ ਕਤਲ ਕੀਤੇ ਅਤੇ ਉਹ ਸਿਰ ਗੇਂਦਾਂ ਵਾਗਰ ਰੁੜ੍ਹਦੇ ਫਿਰਦੇ ਸਨ। ਵੇਖਦਿਆਂ ਵੇਖਦਿਆਂ ਸਤਿਗੁਰਾਂ ਨੇ ਸਭ ਦੇ ਸਾਹਮਣੇ ਉਹ ਜਿਸ ਤਹਾਂ ਵੀ ਅਗੇ ਆਏ ਜੋੜ ਦਿਤੇ"। ਆਖਦੇ ਨੇ ਇਹ ਇਕ ਬਾਦਸ਼ਾਹ ਵਲੋ ਜਾਸੂਸ ਗਿਆ ਹੋਇਆ ਸੀ ।ਉਸ ਨੇ ਇਹ ਰਿਪੋਟ ਲਿਆ ਕੇ ਦਿਤੀ ਕਿ ਮੈਂ ਇਹ ਅਜੀਬ ਨਜਾਰਾ ਵੇਖਿਆ ਹੈ। ਉਸ ਦੀ ਖੇਡ ਨਿਰਾਲੀ ਹੈ ।ਕੋਣ ਜਾਣੇ ਏਹਦੇ ਭੇਦ ਨੂੰ।

ਜਦ ਸਤਿਗੁਰਾਂ ਨੇ ਖਾਲਸਾ ਪੰਥ ਸਾਜਿਆ ,ਰਣਜੀਤ ਨਗਾਰਾ ਬਣਾਇਆ ਇਨਾਂ ਸਾਰੀਆ ਗੱਲਾਂ ਤੇ ਪਹਾੜੀ ਰਾਜਿਆ ਨੂੰ ਬਹੁਤ ਘਬਰਾਹਟ ਹੋਈ ।ਉਹਨਾਂ ਨੇ ਔਰੰਗਜੇਬ ਵਲ ਆਪਣੇ ਕਾਗਜ਼ ਭੇਜਣੇ ਸ਼ੁਰੂ ਕਰ ਦਿਤੇ ਕਿ ਗੋਬਿੰਦ ਸਿੰਘ ਨੇ ਹੁਣ ਖਾਲਸਾ ਪੰਥ ਸਜਾਇਆ ਹੈ ਹਿੰਦੂ ਤੇ ਮੁਸਲਮਾਨ ਨੂੰ ਖਤਮ ਕਰਨ ਲਈ।ਵਿਰੋਧੀਆ ਨੇ ਅੱਗ ਦਾ ਭਾਂਬੜ ਹੋਰ ਮਚਾ ਦਿਤਾ।ਸਿੱਟੇ ਵਜੋਂ ਸਰਹੰਦ ਦੇ ਨਵਾਬ ਦੇ ਹੁਕਮ ਨਾਲ ਦੀਨ ਬੇਗ ਤੇ ਪੈਦੇ ਖਾਂ ੧੭੦੦ ਈਸਵੀ ਵਿਚ ਪਹਾੜੀ ਰਾਜਿਆਂ ਨਾਲ ਮਿਲਕੇ ਗੁਰੂ ਜੀ ਤੇ ਹਮਲਾ ਕੀਤਾ ਤਾਂ ਪੈਦੇ ਖਾਂ ਮਾਰਿਆ ਗਿਆ ਤੇ ਬਾਕੀ ਦੀ ਫੌਜ ਭੱਜ ਗਈ ।

੧੭੦੧ ਈਸਵੀ ਵਿਚ ਫਿਰ ਦੂਸਰੀ ਲੜਾਈ ਅਨੰਦਪੁਰ ਵਿਖੇ ਹੋਈ ਜਿਸ ਵਿਚ ਭਾਈ ਬਚਿੱਤਰ ਸਿੰਘ ਨੇ ਸਤਿਗੁਰਾਂ ਦੀ ਬਖਸ਼ਿਸ ਨਾਲ ਮਸਤ ਹਾਥੀ ਨੂੰ ਨਾਗਣੀ ਬਰਛੇ ਨਾਲ ਜ਼ਖਮੀ ਕਰ ਦਿਤਾ ਤਾਂ ਪਹਾੜੀ ਫੌਜਾਂ ਹਾਥੀ ਦੇ ਪੈਰਾਂ ਹੇਠ ਲਤਾੜੀਆਂ ਗਈਆਂ।

ਇਸ ਪਿਛੋਂ ੧੭੦੨ ਈ; ਨੂੰ ਨਿਰਮੋਹੀ ਤੇ ਬਸਾਲੀ ਵਿਖੇ ਲੜਾਈਆਂ ਹੋਈਆਂ ਪਰ ਇਹਨਾਂ ਸਾਰੀਆਂ ਲੜਾਈਆਂ ਵਿਚ ਗੁਰਾਂ ਦੀ ਕਿਰਪਾ ਨਾਲ ਫਤਿਹ ਸਿੱਖਾਂ ਦੀ ਹੀ ਹੋਈ।ਅਨੰਦਪੁਰ ਦੀ ਤੀਜੀ ਲੜਾਈ ਵਿਚ ਮੁਗਲ ਤੇ ਪਹਾੜੀ ਰਾਜੇ ਹਾਰ ਗਏ।ਅਖੀਰ ਵਿਚ ਔਰੰਗਜ਼ੇਬ ਨੇ ਆਪਣੇ ਖਾਸ ਜਰਨੈਲ ਸੈਦ ਖਾਂ ਨੂੰ ਗੁਰੂ ਜੀ ਵਲ ਹਮਲੇ ਕਰਨ ਲਈ ਭੇਜਿਆ।ਇਹ ਸੈਦ ਖਾਂ ਪੀਰ ਬੁਧੂ ਸ਼ਾਹ ਦਾ ਸਾਲਾ ਵੀ ਸੀ।ਸੈਦ ਖਾਂ ਗੁਰੂ ਜੀ ਦੀ ਅਜ਼ਮਤ ਵੇਖ ਕੇ ਚਰਨੀ ਢਹਿ ਪਿਆ ਤੇ ਗੁਰੂ ਜੀ ਦਾ ਮਰੀਦ ਬਣ ਗਿਆ।ਇਸ ਤਰਾਂ ਇਸ ਲੜਾਈ ਵਿਚ ਉਨਾਂ ਦੀ ਹਾਰ ਹੋਈ ਅਤੇ ਸਿਖਾਂ ਦੀ ਜਿਤ।ਪਰ ਫਿਰ ਵੀ ਏਸੇ ਤਰਾਂ ਉਨ੍ਹਾਂ ਵਲੋਂ ਹਮਲੇ ਹੁੰਦੇ ਰਹੇ।ਅਖੀਰ ਉਹਨਾਂ ਨਵੀ ਚਾਲ ਚੱਲੀ ।੧੭੦੪ ਈਸਵੀ ਵਿਚ ਸਭ ਨੇ ਰਲਕੇ ਪਹਾੜੀ ਰਾਜੇ ਤੇ ਦਿਲੀ, ਲਾਹੌਰ, ਸਰਹੰਦ ਸਾਰੇ ਪਾਸੇ ਦੀਆਂ ਫੌਜਾਂ ਕਠੀਆਂ ਹੋਕੇ ਅਨੰਦਪੁਰ ਨੂੰ ਘੇਰਾ ਪਾ ਲਿਆ। ਫਿਰ ਵੀ ਜਦ ਹਾਰ ਹੀ ਦਿਸੀ ਤਾਂ ਆਨੰਦਪੁਰ ਦੇ ਕਿਲੇ ਵਿਚ ਸਾਰੇ ਪਾਸਿਉਂ ਰਸਦ ਪਾਣੀ ਜਾਣਾ ਬੰਦ ਕਰ ਦਿਤਾ।ਇਸ ਨਾਲ ਸਤਿਗੁਰਾਂ ਦੇ ਬਹੁਤ ਸਾਰੇ ਕੀਮਤੀ ਘੋੜੇ ਅਤੇ ਪਰਸ਼ਾਦੀ ਹਾਥੀ ਵਰਗੇ ਦਮ ਤੋੜ ਗਏ ਪਰ ਸਿਖ ਭੁਖੇ ਪਿਆਸੇ ਸਮਾਂ ਕੱਟਦੇ ਰਹੇ।

ਹੁਣ ਮੁਗਲ ਤੇ ਪਹਾੜੀ ਰਾਜਿਆਂ ਨੇ ਹੋਰ ਚਾਲ ਖੇਡੀ।ਮੁਸਲਮਾਨਾਂ ਨੇ ਕੁਰਾਨ ਦੀ ਸਹੁੰ ਖਾਧੀ ਤੇ ਹਿੰਦੂਆਂ ਨੇ ਆਟੇ ਦੀ ਗਊ ਬਣਾ ਕੇ ਉਸ ਕੋਲ ਛੁਰੀ ਰਖਕੇ

ਸਹੁੰ ਖਾਧੀ ਕਿ ਅਸੀ ਹੁਣ ਤੁਹਾਨੂੰ ਬਾਹਰ ਆਇਆਂ ਨੂੰ ਕੁਝ ਨਹੀ ਕਹਾਂਗੇ ।ਸਿਖਾਂ ਅਰਜ਼ ਕੀਤੀ ਸਚੇ ਪਾਤਸ਼ਾਹ ਇਹ ਠੀਕ ਆਖਦੇ ਹਨ ਇਹਨਾਂ ਹੁਣ ਸਹੁੰ ਖਾਧੀ ਹੈ।ਸਤਿਗੁਰਾਂ ਬਚਨ ਕੀਤਾ;ਇਹ ਸਭ ਝੂਠੇ ਹਨ । ਜਦ ਸਿਖਾਂ ਨੂੰ ਵੇਖਿਆ ਨਹੀ ਮੰਨਦੇ ਤਾਂ ਉਹਨਾਂ ਨੂੰ ਵਿਖਾਣ ਲਈ ਸਤਿਗੁਰਾਂ ਨੇ ਇਕ ਗਡੀ ਵਿਚ ਕੁਝ ਸਮਾਨ ਪਾ ਕੇ ਮੁਗਲਾਂ ਵਾਲੀ ਫੌਜ ਵਲ ਭੇਜ ਦਿਤੀ ਉਹ ਉਸ ਤੇ ਟੁਟ ਕੇ ਪੈ ਗਏ ।ਇਸ ਨਾਲ ਸਿਖਾਂ ਦੇ ਦਿਲ ਟੁਟ ਗਏ ਤੇ ਸਤਿਗੁਰਾਂ ਅਗੇ ਅਰਜ਼ ਕੀਤੀ ਕਿਲਾ ਛੱਡ ਦਿਉ। ਸਤਿਗੁਰਾਂ ਬਚਨ ਕੀਤਾ ਕੁਝ ਸਮਾਂ ਹੋਰ ਸਬਰ ਕਰੋ ਅਨੰਦਪੁਰ ਵਿਚ ਅਨੰਦ ਮਾਣਾਗੇ ਪਰ ਸਿਖ ਬਹੁਤ ਘਬਰਾਏ ਹੋਏ ਸਨ ਤੇ ਕੁਝ ਆਖਣ ਲੱਗੇ ਹੁਣ ਤੇ ਅਸੀ ਕੁਝ ਸਮਾਂ ਵੀ ਨਹੀ ਕਟ ਸਕਦੇ।ਸਤਿਗੁਰਾਂ ਬਚਨ ਕੀਤਾ ਏਥੇ ਤੁਸਾਂ ਦਾ ਵਾਲੀ ਵੀ ਤੇ ਵਾਰਿਸ ਵੀ ਮੈਂ ਹਾਂ। ਅੱਛਾ ਜੇ ਕਰ ਜਾਣਾ ਹੈ ਤਾਂ ਜਾਉ ਪਰ ਇਹ ਲਿਖ ਕੇ ਦੇ ਜਾਓ ਤੂੰ ਸਾਡਾ ਗੁਰੂ ਨਹੀ ਤੇ ਅਸੀ ਤੇਰੇ ਸਿਖ ਨਹੀ।ਇਹ ਸੁਣ ਕੇ ਕੁਝ ਸਿਖਾਂ ਇਹ ਬੇਦਾਵਾ ਲਿਖ ਦਿਤਾ।ਏਥੇ ਵੀ ਇਹ ਇਕ ਸਤਿਗੁਰਾਂ ਦੀ ਖੇਡ ਹੀ ਸੀ ਅਤੇ ਸਮੇਂ ਦਾ ਗੇੜ ਸੀ।ਇਹ ਸਮਾਂ ਵੀ ਏਡਾ ਡਾਢਾ ਸੀ ਕਿ ਮੁਗਲਾਂ ਨੂੰ ਆਨੰਦਪੁਰ ਕਿਲੇ ਨੂੰ ਘੇਰਿਆਂ ਅੱਠ ਮਹੀਨੇ ਹ`ਗਏ ਸਨ।ਇਸ ਲਈ ਜਦ ਸਤਿਗੁਰਾਂ ਕੋਲ ਕੁਰਾਨ ਦੀ ਸਹੁੰ ਤੇ ਗਊ ਦੀ ਸਹੁੰ ਆਈ ਤਾਂ ਸਤਿਗੁਰਾਂ ਬਚਨ ਕੀਤਾ ਜੇਕਰ ਇਸ ਦੀ ਕਦਰ ਅਸੀ ਨਾ ਕਰਾਂਗੇ ਤਾਂ ਹੋਰ ਕੌਣ ਕਰੇਗਾ।ਇਸ ਲਈ ਗੁਰੂ ਜੀ ਕਿਲਾ ਛਡਣ ਲਈ ਤਿਆਰ ਹੋ ਗਏ।

ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ ਚਾਰੇ ਸਾਹਿਬਜ਼ਾਦੇ ਅਤੇ ੫੦੦ ਸਿਖਾਂ ਨਾਲ ੨੦ ਦਸੰਬਰ ੧੭੦੪ ਈ; ਨੂੰ ਅਨੰਦਪੁਰ ਦਾ ਕਿਲਾ ਛੱਡ ਕੇ ਆਏ।ਝੂਠੀਆਂ ਸਹੁੰਆਂ ਵਾਲੇ ਆਪਣੀਆਂ ਫੌਜਾਂ ਨਾਲ ਮਗਰ ਲਗ ਤੁਰੇ।ਸਰਸਾ ਨਦੀ ਤੇ ਆ ਕੇ ਘੋਰ ਯੁਧ ਹੋਇਆ ਤੇ ਪਰਵਾਰ ਖੇਰੂ ਖੇਰੂ ਹੋ ਗਿਆ।ਸਤਿਗੁਰ ਜੀ ਸਰਸਾ ਪਾਰ ਕਰਕੇ ਰੋਪੜ ਆਏ ।ਉਥੇ ਆਕੇ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਜੁਝਾਰ ਸਿੰਘ ਤੇ ਕੁਝ ਸਿੰਘ ਰੋਪੜ ਇਕ ਸਿਖ ਬੁਧੀ ਚੰਦ ਦੀ ਕਚੀ ਕੋਠੀ ਠਹਿਰੇ । ਏਥੋਂ ਮਾਤਾ ਸੁੰਦਰੀ ਜੀ ਭਾਈ ਮਨੀ ਸਿੰਘ ਨਾਲ ਦਿੱਲੀ ਚਲੇ ਗਏ।ਮਾਤਾ ਗੁਜਰੀ ਜੀ ਤੇ ਦੋਵੋਂ ਛੋਟੇ ਸਾਹਿਬਜ਼ਾਦੇ ਜੋਰਾਵਰ ਸਿੰਘ ਤੇ ਫਤਿਹ ਸਿੰਘ ਕਿਤੇ ਇਕ ਗੰਗੂ ਬ੍ਰਾਹਮਣ ਜੋ {ਰਸੋਈਆ} ਸੀ , ਕਿਤੇ ਇਹ ਮਸੰਦ ਲਿਖਿਆ ਹੈ ਉਸ ਨਾਲ ਚਲੇ ਗਏ।ਮਾਤਾ ਜੀ ਕੋਲ ਜੋ ਧਨ ਸੀ ਉਸ ਨੂੰ ਵੇਖ ਕੇ ਉਸ ਦਾ ਮਨ ਬੇਈਮਾਨ ਹੋ ਗਿਆ ਤੇ ਰਾਤ ਨੂੰ

ਧਨ ਚੋਰੀ ਕਰ ਲਿਆ । ਉਸ ਨੇ ਇਹ ਸੋਚਿਆ ਕਿ ਮਾਤਾ ਜੀ ਮੈਨੂੰ ਪੁਛਣ ਨਾ ਇਸ ਲਈ ਆਪ ਹੀ ਉਚੀ ਉਚੀ ਰੌਲਾ ਪਾ ਦਿਤਾ ਅਤੇ ਜਾ ਕੇ ਮੁਰਿੰਡੇ ਖਬਰ ਦੇ ਦਿਤੀ। ਉਸ ਨੇ ਸੋਚਿਆ ਇਕ ਇਹ ਧਨ ਮਿਲ ਗਿਆ ਦੂਜੇ ਸਰਕਾਰ ਕੋਲੋਂ ਇਨਾਮ ਮਿਲੇਗਾ।ਜਾਨੀ ਖਾਨ ਤੇ ਮਾਨੀ ਖਾਂਨ ਨੇ ਆ ਕੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰ ਕੇ ਸਰਹੰਦ ਪਹੁੰਚਾ ਦਿਤਾ ।ਮਾਤਾ ਜੀ ਤੇ ਸਹਿਬਜ਼ਾਦੇ ਇਨ੍ਹਾਂ ਨੂੰ ਠੰਡੇ ਬੁਰਜ ਵਿਚ ਕੈਦ ਕਰ ਦਿਤਾ ਗਿਆ ।ਵਜੀਰ ਖਾਨ ਸਰਹੰਦ ਦਾ ਸੂਬੇਦਾਰ ਸੀ। ਉਸ ਨੇ ਸਲਾਹ ਮਸ਼ਵਰਾ ਕਰਨ ਉਪਰੰਤ ਸਹਿਬਜ਼ਾਦਿਆਂ ਨੂੰ ਦਰਬਾਰ ਵਿਚ ਬੁਲਾ ਲਿਆ ਅਤੇ ਵਡਾ ਦਰਵਾਜਾ ਬੰਦ ਕਰ ਦਿੱਤਾ ਗਿਆ ਤੇ ਛੋਟਾ ਖੁਲਾ ਰੱਖਿਆ ਗਿਆ । ਵਿਉਂਤ ਇਹ ਸੀ ਕਿ ਜਦੋਂ ਬੱਚੇ ਛੋਟੇ ਦਰਵਾਜੇ ਰਾਹੀਂ ਅੰਦਰ ਆਉਣ ਲਈ ਪਹਿਲਾਂ ਸਿਰ ਅੰਦਰ ਪਾਣਗੇ ਤਾਂ ਸਿਰ ਝੁਕ ਜਾਵੇਗਾ।ਫਿਰ ਅਸੀ ਆਖਾਂਗੇ ਕਿ ਗੁਰੂ ਗੋਬਿੰਦ ਸਿੰਘ ਦੇ ਪੁੱਤਰਾਂ ਨੇ ਝੁਕ ਕੇ ਸਲਾਮ ਕੀਤੀ ਪਰ ਉਹ ਸਾਹਿਬਜ਼ਾਦੇ ਗੁਰੂ ਗੋਬਿੰਦ ਸਿੰਘ ਦੇ ਉਹਨਾਂ ਪਹਿਲਾਂ ਚਰਨ ਅੱਗੇ ਕੀਤੇ ਤੇ ਫਿਰ ਸੀਸ ਅੰਦਰ ਲੈ ਗਏ।ਕਚਹਿਰੀ ਪਹੁੰਚ ਕੇ ਫਤਿਹ ਬੁਲਾਈ।ਵਜੀਰ ਖਾਂ ਨੇ ਫਿਰ ਵੀ ਬੜੇ ਪਿਆਰ ਨਾਲ ਸਮਝਾਇਆ ਤੁਹਾਨੂੰ ਦੁਨੀਆਂ ਦੇ ਸਾਰੇ ਸੁਖ ਪੇਸ਼ ਕੀਤੇ ਜਾਣਗੇ ਸ਼ਰਤ ਕੇਵਲ ਇਕੋ ਹੈ ਮੁਸਲਮਾਨ ਬਣੋ ।ਵਜੀਰ ਖਾਨ ਇਸ ਸੋਚ ਵਿਚ ਬੈਠਾ ਸੀ ਕਿ ਛੋਟੀ ਉਮਰ ਤੇ ਡਰ ਕਾਰਨ ਅਤੇ ਲਾਲਚ ਵਿਚ ਆ ਕੇ ਸਹਿਬਜ਼ਾਦੇ ਦੀਨ ਮੰਨ ਲੈਣਗੇ ਪਰ ਉਸ ਦਾ ਇਹ ਅੰਦਾਜ਼ਾ ਗਲਤ ਸਾਬਤ ਹੋਇਆ। ਇਕ ਵਾਰ ਉਨ੍ਹਾਂ ਫੇਰ ਦੂਸਰੇ ਦਿਨ ਇਹੋ ਆਖਿਆ ਪਰ ਸਾਹਿਬਜ਼ਾਦਿਆਂ ਨੇ ਇਸਲਾਮ ਕਬੂਲ ਕਰਨ ਤੋਂ ਸ਼ਰੇਆਮ ਇਨਕਾਰ ਕਰ ਦਿੱਤਾ ।ਵਜੀਰ ਖਾਂ ਨੇ ਕਾਜ਼ੀ ਨੂੰ ਫਤਵਾ ਦੇਣ ਲਈ ਅਖਿਆ । ਕਾਜ਼ੀ ਨੇ ਉਤਰ ਦਿਤਾ ਇਹ ਅਜੇ ਛੋਟੇ ਬੱਚੇ ਹਨ ।ਕੁਰਾਨ ਵਿਚ ਛੋਟੇ ਬੱਚਿਆਂ ਨੂੰ ਮਾਰਨਾ ਨਹੀ ਲਿਖਿਆ ਸੋ ਇਨ੍ਹਾਂ ਨੂੰ ਛੱਡ ਦਿਤਾ ਜਾਵੇ । ਵਜੀਰ ਖਾਂ ਛਡਣ ਲਈ ਤਿਆਰ ਹੋ ਗਿਆ ਤਾਂ ਕੋਲੋਂ ਸੁੱਚਾ ਨੰਦ ਬੋਲ ਉਠਿਆ।ਛੋਟੇ ਮਤ ਜਾਨੋ ਨਾਗਾਂ ਦੇ ਪੁਤ ਬਖਾਨਉ।ਤੁਮਰੇ ਹਾਥ ਆਏ ਹੈ ਕਰਹੁ ਅਬੈ ਅਪਨੇ ਮਨ ਭਾਨਉ।ਵਜੀਰ ਖਾਂ ਫਿਰ ਬਦਲ ਗਿਆ । ਉਹ ਕੋਲ ਬੈਠੇ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੂੰ ਕਹਿਣ ਲੱਗਾ "ਹੁਣ ਮੌਕਾ ਹੈ ਤੂੰ ਇਨ੍ਹਾਂ ਨੂੰ ਕਤਲ ਕਰ ਕੇ ,ਆਪਣੇ ਭਰਾ ਨਾਹਰ ਖਾਂ ਤੇ ਭਤੀਜੇ ਖਿਜ਼ਰ ਖਾਂਨ ਦੀ ਮੌਤ ਦਾ ਬਦਲਾ ਲੈ ਲਾ। ਇ੍ਹਨਾਂ ਦੇ ਪਿਉ ਨੇ ਉਹਨਾਂ ਨੂੰ ਮਾਰਿਆ ਸੀ "ਪਰ ਸ਼ੇਖ ਮੁਹੰਮਦ ਨੇ ਉਤਰ ਦਿਤਾ; ਮੇਰੇ ਭਰਾ ਤੇ

ਭਤੀਜੇ ਦੀ ਮੌਤ ਜੰਗੇ ਮੈਦਾਨ ਵਿਚ ਲੜਦਿਆਂ ਹੋਈ ਸੀ।ਇਹਨਾਂ ਬੱਚਿਆਂ ਨੇ ਕੀ ਵਿਗਾੜਿਆ ਹੈ ਇਹਨਾਂ ਨੂੰ ਮਾਰਨਾ ਸੂਰਮਤਾਈ ਨਹੀ ਸਾਡੀ ਲੜਾਈ ਗੁਰੂ ਗੋਬਿੰਦ ਸਿੰਘ ਨਾਲ ਹੈ ਇਹ ਸ਼ੋਭਦਾ ਨਹੀ ਹੈਂ।ਅਖੀਰ ਸਾਰੇ ਤਰੀਕੇ ਨਾ ਕਾਮਯਾਬ ਹੋਣ ਤੇ ੧੨ /੧੩ ਪੋਹ ਸੰਮਤ ੧੭੬੧ ਬਿ; ੨੭/ ੨੮ ਦਸੰਬਰ ੧੭੦੪ ਈ. ਸ਼ਹੀਦ ਕਰ ਦਿਤਾ । ਜਦ ਇਹ ਖਬਰ ਮਾਤਾ ਗੁਜਰੀ ਜੀ ਨੂੰ ਠੰਡੇ ਬੁਰਜ ਵਿਚ ਦੇਣ ਗਏ ਤਾਂ ਕੀ ਵੇਖਦੇ ਹਨ ਕਿ ਮਾਤਾ ਜੀ ਪਹਿਲਾਂ ਹੀ ਸਰੀਰ ਤਿਆਗ ਗਏ ਹਨ।ਇਹ ਸਤਿਗੁਰਾਂ ਦੀ ਖੇਡ ਏਦਾਂ ਹੀ ਸੀ। ਸਤਿਗੁਰ ਆਪ ਵੀ ਉਹੋ ਜਿਹੀ ਬੁਧ ਬਣਾ ਦਿੰਦਾ ਹੈ ਜੇਹੋ ਜਹੇ ਕਰਮ ਹੋਣ।ਜਦ ਇਹ ਖਬਰ ਉਥੇ ਦੇ ਰਹਿਣ ਵਾਲੇ ਲਾਲਾ ਟੋਡਰਮਲ ਨੂੰ ਮਿਲੀ ਤਾਂ ਗੁਰੂ ਕੇ ਸਿਖ ਨੇ ਮੂੰਹ ਮੰਗੀ ਰਕਮ ਦੇ ਕੇ ਮਾਤਾ ਜੀ ਅਤੇ

ਸਹਿਬਜ਼ਾਦਿਆਂ ਦਾ ਸਸਕਾਰ ਕਰਕੇ ਆਪਣਾ ਸਿਖੀ ਫਰਜ ਨਿਭਾਇਆ। ਭਾਵੇਂ ਟੋਡਰ ਮੱਲ ਦੇ ਕੇਸ ਨਹੀ ਸੀ ਰਖੇ ਪਰ ਗੁਰ ਚਰਨਾਂ ਨਾਲ ਪ੍ਰੀਤ ਰਖੀ ਸੀ।ਜਿਸ ਤਰਾਂ ਗੁਰੂ ਗੋਬਿੰਦ ਸਿੰਘ ਜੀ ਕੋਲ ਜਦ ਡੱਲਾ ਅਇਆ ਤਾਂ ਸਤਿਗੁਰਾਂ ਨੇ ਅਖਿਆ ਮੈ ਬੰਦੂਕ ਦਾ ਨਿਸ਼ਾਨਾ ਕਰਨਾ ਹੈ, ਡੱਲਿਆ ਤੂੰ ਆਪਣੀ ਫੌਜ ਵਿਚੋਂ ਇਕ ਨੂੰ ਅਗੇ ਲਿਆ ।ਉਸ ਦੀ ਫੌਜ ਵਿਚੋਂ ਕੋਈ ਨਾ ਅਗੇ ਅਇਆ। ਸਤਿਗੁਰਾਂ ਜਦ ਸਿਖਾਂ ਨੂੰ ਇਸ਼ਾਰਾ ਕੀਤਾ ਤਾਂ ਇਕ ਨਹੀ ਦੋ ਦੋ ਦੌੜ ਕੇ ਆਏ ਅਤੇ ਆਖਣ ਪਹਿਲਾਂ ਮੇਰਾ ਨਿਸ਼ਾਨਾ ਕਰੋ ਦੂਸਰਾ ਆਖੇ ਮੈਂ ਪਹਿਲਾਂ ਆਇਆ ਹਾਂ।ਇਹ ਵੇਖ ਕੇ ਡੱਲਾ ਹੈਰਾਨ ਹੋ ਗਿਆ । ਸਤਿਗੁਰਾਂ ਬਚਨ ਕੀਤਾ ਇਹ ਮੇਰੇ ਸ਼ਿਖ ਹਨ । ਇਸ ਸਮੇ ਪਰਿਵਾਰ ਸਾਰਾ ਵਿਛੜ ਗਿਆ। ਉਧਰ ਜਿਹੜੇ ਸਿਖ ਬੇਦਾਵਾ ਲਿਖਕੇ ਗਏ ਸਨ ਉਹ ਜਦ ਘਰ ਪਹੁੰਚੇ ਤਾਂ ਉਹਨਾ ਦੇ ਘਰ ਦੀਆ ਮਾਈਆਂ ਨੇ ਲਾਹਨਤਾਂ ਪਾਈਆਂ। ਕਈ ਥਾਂ ਇੰਞ ਵੀ ਲਿਖਿਆ ਹੈ ਕਿ ਉਹ ਆਖਣ ਲਗੀਆਂ ਤੁਸੀਂ ਘਰ ਬੈਠੋ ਅਸੀਂ ਯੁਧ ਕਰਨ ਚਲੀਆਂ ਤਾਂ ਸਿਖ ਆਪਣੀ ਭੁਲ ਬਖਸ਼ੌਣ ਲਈ ਤੁਰ ਪਏ ਅਤੇ ਮੁਕਤਸਰ ਆ ਕੇ ਮੁਗਲਾਂ ਦੀ ਫੌਜ ਨਾਲ ਲੜਾਈ ਕੀਤੀ। ਉਥੇ ਸਤਿਗੁਰਾਂ ਨੇ ਉਹ ਬੇਦਾਵਾ ਪਾੜਿਆ, ਜਦ ਕਿ ਮਹਾਂ ਸਿੰਘ ਸਹਿਕਦਾ ਸੀ ਸਤਿਗੁਰਾਂ ਨੇ ਉਸ ਨੂੰ ਪੁਛਿਆ ਮੰਗ ਕੀ ਚਾਹੀਦਾ ਹੈ। ਉਸ ਨੇ ਕਿਹਾ ਸੱਚੇ ਪਾਤਸ਼ਾਹ ਉਹ ਬੇਦਾਵਾ ਪਾੜ ਦਿਉ ਤੇ ਆਪਣੇ ਬਣਾ ਲਉ।ਸਤਿਗੁਰਾਂ ਬਚਨ ਕੀਤਾ ਮੈ ਵੀ ਉਹ ਨਾਲ ਹੀ ਰਖਿਆ ਹੈ ਅਤੇ ਕੱਢ ਕੇ ਪਾੜ ਦਿਤਾ। ਸਿਖਾਂ ਦੀ ਭੁੱਲ ਬਖਸ਼ੀ । ਇਹ ੪੦ ਮੁਕਤੇ ਉਥੇ ਸ਼ਹੀਦ ਹੋਏ ਹਨ।

ਚਮਕੌਰ ਸਾਹਿਬ ਦੀ ਲੜਾਈ

ਚਮਕੌਰ ਸਹਿਬ ਪੁਜਣ ਤੇ ਸਤਿਗੁਰਾਂ ਨਾਲ ੪੦ ਸਿਖ ਸਨ। ਉਹ ਵੀ ਭੁਖੇ ਪਿਆਸੇ ਤੇ ਖੁੰਢੇ ਹਥਿਆਰਾਂ ਨਾਲ । ਦੂਜੇ ਪਾਸੇ ਜਿਥੇ ਮੁਗਲਾਂ ਦੀ ਪੂਰੀ ਫੌਜ ਮਗਰ ਸੀ ।ਇੁਨਾਂ ਨੇ ਗੜ੍ਹੀ ਦੇ ਦਰਵਾਜੇ ਤੇ ਹਮਲਾ ਕੀਤਾ । ਗੁਰੂ ਜੀ ਦੇ ਹੁਕਮ ਅਨੁਸਾਰ ਪੰਜ ਪੰਜ ਦੀ ਗਿਣਤੀ ਵਿਚ ਸਿੱਖਾਂ ਨੇ ਗੜ੍ਹੀ ਤੋਂ ਬਾਹਰ ਨਿਕਲ ਕੇ ਲੜਨਾ ਸ਼ੁਰੂ ਕੀਤਾ ਪਰ ਏਥੇ ਪੰਜਾਂ ਦੀ ਕੀ ਵਾਹ ਸੀ। ਏਥੇ ਸਾਹਿਬਜ਼ਾਦੇ ਅਜੀਤ ਸਿੰਘ ਜੀ ਪੰਜਾਂ ਸਿਖਾਂ ਨਾਲ ਬਾਹਰ ਆਏ, ਡੱਟ ਕੇ ਮੁਗਲਾਂ ਦਾ ਮੁਕਾਬਲਾ ਕੀਤਾ ਤੇ ਪਹਿਲਾਂ ਤੀਰ ਦੇ ਜੌਹਰ ਦਿਖਾਏ ਫੇਰ ਨੇਜੇ ਤੇ ਤਲਵਾਰ ਨਾਲ ਲੜੇ ਜਿਸ ਨੂੰ ਵੇਖ ਕੇ ਸਭ ਦੰਗ ਰਹਿ ਗਏ ਪਰ ਫਿਰ ਲੜਾਈ ਵਿਚ ਘੋੜਾ ਜਖਮੀ ਹੋ ਕੇ ਡਿਗ ਪਿਆ। ਪੰਜ ਸਿਖ ਸ਼ਹੀਦ ਹੋ ਚੁਕੇ ਸਨ । ਇਹ ਫਿਰ ਪੈਦਲ ਲੜਨ ਲਗੇ । ਮੁਗਲਾਂ ਦੀ ਫੌਜ ਬੇਸ਼ੁਮਾਰ ਸੀ ਅੰਤ ਸਹਿਬਜ਼ਾਦਾ ਅਜੀਤ ਸਿੰਘ ਜੀ ਸ਼ਹੀਦ ਹੋ ਗਏ । ਉਸ ਤੋਂ ਬਾਦ ਜੁਝਾਰ ਸਿੰਘ ਜੀ ਨੇ ਵੀ ਡਟ ਕੇ ਯੁਧ ਕੀਤਾ। ਤੀਰਾਂ ਨਾਲ ਫਿਰ ਨੇਜ਼ੇ ਅਤੇ ਫਿਰ ਤਲਵਾਰ ਨਾਲ ਮੁਕਾਬਲਾ ਬੜੇ ਜੋਸ਼ ਨਾਲ ਕਰਕੇ ਦੋਵੇ ਗੁਰੂ ਕੇ ਲਾਲ ਸ਼ਹੀਦੀਆਂ ਪਾ ਗਏ। ਏਥੇ ਰਾਤ ਨੂੰ ਜੰਗ ਸਮਾਪਤ ਹੋਣ ਤੇ ਸਿਖਾਂ ਨੇ ਸਤਿਗੁਰਾਂ ਅੱਗੇ ਅਰਜ਼ ਕੀਤੀ ਕਿਰਪਾ ਕਰਕੇ ਆਪ ਜੀ ਗੜ੍ਹੀ ਵਿਚੋਂ ਨਿਕਲ ਜਾਓ ਸਤਿਗੁਰਾਂ ਨਾਂਹ ਕਰ ਦਿਤੀ।ਸਿੱਖਾਂ ਨੇ ਫਿਰ ਅਰਜ਼ ਕੀਤੀ ਗ਼ਰੀਬ ਨਿਵਾਜ ਜੇ ਆਪ ਹੋਵੋਗੇ ਤਾ ਸੰਗਤ ਫਿਰ ਬਣਾ ਲਵਾਂਗੇ।ਅਸੀ ਗੁਰੂ ਨਹੀ ਬਣਾ ਸਕਦੇ। ਅਖੀਰ ਸਤਿਗੁਰਾਂ ਨੇ ਸਿਖਾਂ ਦੀ ਅਰਜੋਈ ਪ੍ਰਵਾਨ ਕਰ ਲਈ।ਰਾਤ ਨੂੰ ਨਰਸਿੰਙਾ ਵਜਾਇਆ; ਬਾਹਰ ਨਿਕਲਕੇ ਤਿੰਨ ਵਾਰ ਬੋਲੇ ਕਿ "ਹਿੰਦ ਦਾ ਪੀਰ ਚਲਿਆ"ਭਾਈ ਦਯਾ ਸਿੰਘ ;ਭਾਈ ਧਰਮ ਸਿੰਘ; ਮਾਨ ਸਿੰਘ ਗੁਰੂ ਜੀ ਨਾਲ ਬਾਹਰ ਨਿਕਲੇ।ਪਿਛੇ ਗੜ੍ਹੀ ਵਿਚ ਸੱਤ ਸਿੰਘ ਬਚੇ ਜੋ ਬਾਦ ਵਿਚ ਸ਼ਹੀਦ ਹੋਇ।

ਸਤਿਗੁਰੂ ਜੀ ਚਮਕੌਰ ਦੀ ਗੜ੍ਹੀ ਤੋਂ ਨਿਕਲ ਕੇ ਮਾਛੀਵਾੜੇ ਪਹੁੰਚੇ। ਏਥੇ ਆਪ ਜੀ ਨੂੰ ਧਰਮ ਸਿੰਘ, ਦਯਾ ਸਿੰਘ ਤੇ ਮਾਨ ਸਿੰਘ ਵੀ ਆ ਮਿਲੇ।ਏਥੇ ਹੀ ਸਤਿਗੁਰਾਂ ਦੇ ਸੇਵਕ ਨਬੀ ਖਾਂ ਤੇ ਗਨੀ ਖਾਂ ਰਹਿੰਦੇ ਸਨ।ਉਹਨਾਂ ਨੂੰ ਪਤਾ ਲੱਗਾ ਕਿ ਸਤਿਗੁਰਾਂ ਮਗਰ ਮੁਗਲ ਫੌਜ ਲੱਗੀ ਹੈ।ਉਹਨਾਂ ਨੇ ਸਤਿਗੁਰਾਂ ਨੂੰ ਮਾਛੀਵਾੜੇ ਨੀਲਾ ਬਾਣਾ ਪਹਿਨਾਇਆ;ਉੱਚ ਦੇ ਪੀਰ ਬਣਾ ਕੇ ਦੋਵੋਂ ਭਰਾ ਗੁਰੂ ਜੀ ਨੂੰ ਲੈ ਕੇ ਤੁਰ ਪਏ। ਗੁਰੂ ਜੀ ਉਸੇ ਬਸਤਰਾਂ ਵਿਚ ਦਿਲਵੀਂ ਸੋਢੀ ਕੌਲ ਰਾਏ ਜੀ ਕੋਲ ਪਹੁੰਚੇ।ਸੋਢੀ ਕੌਲ ਰਾਏ ਜੀ ਨੇ ਆਖਿਆ ਇਹ ਆਪ ਜੀ ਨੇ ਤੁਰਕਾਂ ਦਾ ਬਾਣਾ

ਪਇਆ ਹੈ। ਉਸ ਨੇ ਸਫੈਦ ਬਸਤਰ ਲਿਆ ਕੇ ਭੇਟ ਕੀਤੇ ਅਤੇ ਅਰਜ਼ ਕੀਤੀ ਇਹ ਨੀਲੇ ਬਸਤਰ ਉਤਾਰ ਦੇਵੋ।ਗੁਰੂ ਜੀ ਨੇ ਨੀਲੇ ਕਪੜੇ ਉਤਾਰੇ ਤੇ ਸਫੈਦ ਬਸਤਰ ਪਹਿਨ ਲਏ ।ਨੀਲੇ ਕਪੜਿਆਂ ਨੂੰ ਪਾੜ ਪਾੜ ਅੰਗੀਠੇ ਵਿਚ ਫੂਕ ਦਿਤਾ ਤੇ ਨਾਲ ਹੀ ਆਸਾ ਦੀ ਵਾਰ ਵਿਚ ਲਿਖੀ ਹੋਈ ਤੁਕ (ਨੀਲ ਬਸਤਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ। ਇਸ ਤਰ੍ਹਾਂ ਉਚਾਰੀ ਹੋਈ ਤੁਕ ਨੂੰ ਉਲਟਾ ਕੇ ਇਸ ਤਰਾ ਉਚਾਰਿਆ "ਨੀਲ ਬਸਤਰ ਲੇ ਕਪੜੇ ਫਾੜੇ ਤੁਰਕ ਪਠਾਣੀ ਅਮਲੁ ਗਇਆ" ਮਹਾਨ ਕੋਸ਼

ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ,ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਕਾਵਿ ਰਚਨਾ ਵਿਚ ਇਸ ਬਾਰੇ ਲਿਖਿਆ ਹੈ।-

ਕੇਸ ਹਰੇ ਕਰ ਕੇ ਚੋਜੀ ਸਤਿਗੁਰ ਜੀ ਚਲ ਪਾਸ ਅੰਗੀਠੇ ਦੇ ਜਾਂਵਦੇ ਨੇ।
ਲੀਰਾਂ ਕਰਕੇ ਨੀਲੀ ਪੁਸ਼ਾਕ ਦੀਆਂ ਵਿੱਚ ਅੱਗ ਦੇ ਪਾ ਜਲਾਂਦੇ ਨੇ।
ਨਾਲੇ ਫੂਕਦੇ ਜਾਂਦੇ ਪੁਸ਼ਾਕ ਤਾਂਈ ,ਨਾਲੇ ਤੁਕ ਇਹ ਸੁਣਾਂਦੇ ਨੇ।
ਯਥਾ ਨੀਲ ਬਸਤਰ ਲੈ ਕਪੜੇ ਫਾੜੇ ਤੁਰਕ ਪਠਾਣੀ ਅਮਲ ਗਿਆ।
ਸੁਣ ਕਉਲ ਜੀ ਨੇ ਪਾਸੋਂ ਟੋਕ ਕੀਤੀ,
ਸ਼ਬਦ ਉਲਟਨੇ ਕਿਸ ਤਰਾਂ ਭਾਂਵਦੇ ਨੇ।
ਰਾਮ ਰਾਇ ਨੇ ਤੁਕ ਉਲਟਾਈ ਹੈ ਸੀ ਗੁਰੂ ਉਸਨੂੰ ਮੁਖ ਨ ਲਾਂਵਦੇ ਨੇ।
ਤੁਸਾਂ ਪਹਿਰੇ ਦੇ ਥਾਂ ਫਾੜੇ ਅਖਯਾ ਏ ਗਯਾ
ਕੀਆ ਵੀ ਉਲਟ ਦਿਸਾਂਵਦੇ ਨੇ।
ਸ਼ਬਦ ਉਲਟਿਆ ਵਾਰ ਪਰਵਾਰ ਸਾਰਾ ਸ੍ਰੀ ਕਲਗੀਧਰ ਬਤਾਂਵਦੇ ਨੇ।
ਸ਼ਬਦ ਉਲਟੇ ਬਿਨਾਂ ਕਰਤਾਰ ਸਿੰਘਾ ਕਾਬੂ ਤੁਰਕ ਨਾ ਆਂਵਦੇ ਨੇ।

ਭਾਵ ਨੀਲੇ ਬਸਤਰ ਮੁਸਲਮਾਨਾਂ ਦਾ ਪਹਿਰਾਵਾ ਸੀ ਜੋ ਗੁਰੂ ਜੀ ਨੇ ਲਾਹ ਦਿਤਾ।

ਸੋਢੀ ਕੌਲ ਰਾਇ ਜੀ ਨੇ ਅਰਜ਼ ਕੀਤੀ ਕਿ ਸ੍ਰੀ ਗੁਰੂ ਹਰਿਰਾਇ ਜੀ ਦੇ ਪੁਤਰ ਰਾਮਰਾਇ ਜੀ ਨੇ ਕੇਵਲ ਇਕ ਸ਼ਬਦ ਦੀ ਬਦਲੀ ਕੀਤੀ ਸੀ ਤਾਂ ਉਹਨਾਂ ਨੂੰ ਗੁਰੂ ਜੀ ਨੇ ਸਾਰੀ ਉਮਰ ਮੱਥੇ ਨਹੀ ਸੀ ਲਾਇਆ ਤੇ ਗੁਰਗਦੀ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਦੇ ਦਿਤੀ ਸੀ ।ਤੁਸੀ ਤਾਂ ਸਾਰੀ ਤੁਕ ਹੀ ਪਲਟਾ ਦਿਤੀ ਹੈ । ਇਹ ਸੁਣ ਕੇ ਸਤਿਗੁਰਾਂ ਬਚਨ ਕੀਤਾ ਮੈ ਇਹ ਤੁਕ ਪਲਟਾਉਣ ਲਈ ਸਾਰਾ ਸਰਬੰਸ ਸੱਤ ਸਿਰਾਂ ਦੀ ਕੁਰਬਾਨੀ ਦਿਤੀ ਹੈ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੀਸ ਸ੍ਰੀ ਗੁਰੂ;ਤੇਗ

ਬਹਾਦਰਜੀ ਦਾ ਸੀਸ,ਮਾਤਾ ਗੁਜਰੀ ਜੀ ਅਤੇ ਚਾਰੇ ਸਾਹਿਬਜ਼ਾਦੇ।

ਗੁਰੂ ਜੀ ਦਾ ਦੱਖਣ ਵਲ ਜਾਣਾ

ਸਤਿਗੁਰਾਂ ਨੇ ਜ਼ੁਲਮ ਦੀ ਜੜ੍ਹ ਪੁਟਣ ਲਈ ਇਕ ਅਨੋਖੀ ਖੇਡ ਰਚਾਈ। ਦਮਦਮੇ ਸਾਹਿਬ ਤੋਂ ਸਤਿਗੁਰੂ ਜੀ ਦੱਖਣ ਵਲ ਜਾਂਦੇ ਕਈ ਕੌਤਕ ਕਰਦੇ ਗਏ।ਇਸ ਸਮੇਂ ਇਹਨਾਂ ਨਾਲ ਭਗਤੂ ਦਾ ਪੋਤਰਾ ਰਾਇ ਡੱਲਾ ਅਤੇ ਹੋਰ ਵੀ ਸਿਖ ਸਨ।ਸਤਿਗੁਰਾਂ ਨੇ ਇਹਨਾਂ ਦੇ ਵੀ ਮਨ ਬਦਲ ਦਿਤੇ। ਉਹਨਾਂ ਸੋਚਿਆ ਅਸੀ ਪੰਜਾਬ ਛੱਡ ਕੇ ਨਹੀ ਜਾਣਾ ।ਸਤਿਗੁਰੂ ਜੀ ਤਾਂ ਏਥੋਂ ਦੂਰ ਚੱਲੇ ਹਨ ਸੋ ਰਾਤ ਨੂੰ ਹੀ ਚਲੇ ਗਏ।ਸਵੇਰੇ ਸਤਿਗੁਰਾਂ ਇਸ਼ਨਾਨ ਕਰਨ ਸਮੇਂ ਵਾਜ ਮਾਰੀ ਤਾ ਇਕ ਮੁਸਲਮਾਨ ਫਕੀਰ ਜੋ ਸਤਿਗੁਰਾਂ ਦਾ ਸੇਵਕ ਸੀ ਬੋਲਿਆ, "ਸਤਿਗੁਰੂ ਜੀ ਨਾ ਡਲਾ ਤੇ ਨਾ ਭੱਲਾ, ਮੈ ਆਪ ਜੀ ਦੀ ਸੇਵਾ ਵਿਚ ਹਾਂ ਫਕੀਰ ਕੱਲਾ ਅੱਲਾ ਹੀ ਅੱਲਾ।" ਸਤਿਗੁਰਾਂ ਬਚਨ ਕੀਤਾ ਪਹਿਰੇ ਤੇ ਕੌਣ ਸੀ? ਤਾਂ ਇਕ ਮਰੈਲ ਬੋਲਿਆ; ਜੀ ਮੈ ਮਾਤਾ;ਉਸਦਾ ਨਾਮ ਹੀ ਮਾੜਾ ਸੀ।

ਫਿਰ ਸਤਿਗੁਰੂ ਜੀ ਜੈਪੁਰ ਦੇ ਰਾਜੇ ਨੂੰ ਦਰਸ਼ਨ ਦਿੰਦੇ ਹੋਏ ਅਗਾਂਹ ਗਏ ।

ਔਰੰਗਜ਼ੇਬ ਨੇ ਇਕ ਚਿੱਠੀ ਸਤਿਗੁਰਾਂ ਨੂੰ ਲਿਖੀ। ਸਤਿਗੁਰਾਂ ਨੇ ਉਸ ਦਾ ਉਤਰ ਲਿਖਿਆ (ਜ਼ਫਰਨਾਮਾ) ਕਿ ਤੂੰ ਝੂਠੀ ਕਸਮ ਖਾਧੀ ਹੈ ਤੇਰੀ ਕਸਮ ਤੇ ਕਦੀ ਕੋਈ ਇਤਬਾਰ ਨਹੀ ਤੂੰ ਜੋ ਕੁਝ ਕਰਨਾ ਸੀ ਕਰ ਲਿਆ ਹੁਣ ਤੇਰਾ ਸਮਾਂ ਖਤਮ ਹੋਣ ਤੇ ਹੈ ਤੇਰੇ ਪਾਪਾਂ ਦਾ ਫ਼ਲ ਦਰਗਾਹ ਵਿਚ ਮਿਲੇਗਾ।ਉਸੇ ਸਮੇ ਔਰੰਗਜ਼ੇਬ ਦੀ ਮੌਤ ਹੋ ਜਾਂਦੀ ਹੈ ਤੇ ਬਹਾਦਰ ਸ਼ਾਹ ਗੱਦੀ ਤੇ ਬੈਠਦਾ ਹੈ।ਸਤਿਗੁਰਾਂ ਨੇ ਇਸ ਵਿਚ ਬਹਾਦਰ ਸ਼ਾਹ ਦੀ ਮੰਗ ਪੂਰੀ ਕੀਤੀ; ਭਾਈ ਨੰਦ ਲਾਲ ਜੀ ਨੂੰ ਸਿਖਾਂ ਨਾਲ ਉਸ ਦੀ ਮਦਦ ਲਈ ਭੇਜਿਆ ਤੇ ਉਸ ਵਿਚ ਬਹਾਦਰ ਸ਼ਾਹ ਦੀ ਜਿੱਤ ਹੋਈ।ਉਹ ਸਤਿਗੁਰਾਂ ਦਾ ਧੰਨਬਾਦ ਕਰਨ ਆਇਆ।

ਏਥੇ ਹੀ ਇਕ ਦਿਨ ਮਹੰਤ ਚੇਤ ਰਾਮ ਗੁਰੂ ਜੀ ਨੂੰ ਮਿਲਣ ਅਇਆ। ਉਸ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀ ਆਪ ਜੀ ਦਖਣ ਵਲ ਬੇਸ਼ੱਕ ਜਾਓ ਪਰ ਨਾਂਦੇੜ ਸ਼ਹਿਰ ਗੁਦਾਵਰੀ ਦੇ ਕੰਢੇ ਇਕ ਮਾਧੋ ਦਾਸ ਬੈਰਾਗੀ ਸਾਧ ਹੈ ਉਸ ਦੇ ਡੇਰੇ ਨਾ ਜਾਣਾ ਕਿਉਂਕਿ ਉਹ ਬਹੁਤ ਕਰਾਮਾਤੀ ਫਕੀਰ ਹੈ। ਜੋ ਕੋਈ ਉਸ ਦੇ ਡੇਰੇ ਜਾਂਦਾ ਹੈ ਤਾਂ ਉਹ ਪਹਿਲਾਂ ਆਦਰ ਨਾਲ ਅੰਦਰ ਪਲੰਗ ਤੇ ਬਿਠਾ ਦੇਂਦਾ। ਫਿਰ ਪੀਰਾਂ ਨੂੰ ਬੁਲਾ ਕੇ ਜੋ ਉਸ ਨੇ ਕੈਦ ਕੀਤੇ ਹੋਏ ਹਨ, ਉਹਨਾਂ ਨੂੰ ਆਖ ਕੇ ਥਲੇ ਸੁਟਕੇ ਬੇਇਜ਼ਤੀ ਕਰਦਾ ਹੈ।" ਸਤਿਗੁਰਾਂ ਬਚਨ ਕੀਤਾ "ਅੱਛਾ ,ਇਹੋ ਜਿਹੇ ਤਾਂ

ਹੁਣ ਸਿਖ ਚਾਹੀਦੇ ਹਨ। ਉਸ ਕੋਲ ਤਾਂ ਜਰੂਰ ਜਾਵਾਂਗੇ"।ਉਥੋਂ ਸਤਿਗੁਰੂ ਜੀ ਮਾਧੋ ਦਾਸ (ਬੰਦਾ ਬਹਾਦਰ) ਕੋਲ ਪਹੁੰਚੇ ਤਾਂ ਉਹ ਉਥੇ ਡੇਰੇ ਨਹੀ ਸੀ।ਸਤਿਗੁਰੂ ਜੀ ਉਸ ਦੇ ਮੰਜੇ (ਪਲੰਗ) ਤੇ ਬੈਠ ਗਏ।ਜਦ ਉਹ ਬਾਹਰੋਂ ਅਇਆ ਤਾਂ ਸਤਿਗੁਰਾਂ ਨੂੰ ਪਲੰਗ ਤੇ ਵੇਖ ਕੇ ਹੈਰਾਨ ਹੋ ਗਿਆ ਅਤੇ ਆਪਣੀਆਂ ਕਰਾਮਾਤਾਂ ਲੱਗਾ ਦਿਖਾਣ, ਜਦ ਉਹਨਾਂ ਦਾਂ ਕੋਈ ਅਸਰ ਨਾ ਹੁੰਦਾ ਵੇਖ ਕੇ ਸਤਿਗੁਰਾਂ ਦੇ ਚਰਨੀ ਢਹਿ ਪਿਆ। ਸਤਿਗੁਰਾਂ ਬਚਨ ਕੀਤਾ ਤੂੰ ਕੌਣ ਹੈ ?ਉਸ ਨੇ ਉਤਰ ਦਿਤਾ ਮੈਂ ਬੰਦਾ ਹਾਂ ।ਸਤਿਗੁਰਾਂ ਬਚਨ ਕੀਤਾ ਬੰਦੇ ਨੂੰ ਤਾਂ ਜੋ ਆਖੋ ਉਹ ਕਰਦਾ ਹੈ ।ਬੰਦੇ ਨੇ ਹਥ ਜੋੜ ਕੇ ਬੇਨਤੀ ਕੀਤੀ ਮੈ ਆਪ ਜੀ ਦਾ ਸੇਵਕ ਹਾਂ ਜੋ ਕਰਾਓਗੇ ਉਹ ਕਰਾਂਗਾ।ਸਤਿਗੁਰਾਂ ਉਸ ਤੇ ਕਿਰਪਾ ਕਰ ਦਿਤੀ ਅਤੇ ਪੰਜਾਬ ਵਲ ਨੂੰ ਤੋਰਿਆ ਜ਼ਾਲਮਾਂ ਨੂੰ ਸੋਧਣ ਲਈ। ਉਸ ਨੇ ਸਿਖਾਂ ਨਾਲ ਹੋਏ ਜ਼ੁਲਮਾਂ ਦੀਆਂ ਤਸਵੀਰਾਂ ਅਗੇ ਰਖਕੇ ਬਦਲੇ ਲੈਣੇ ਸ਼ੁਰੂ ਕੀਤੇ।ਸਰਹੰਦ ਦੇ ਸੂਬੇ ਨੂੰ ਮਾਰ ਕੇ ਸਾਹਿਬਜ਼ਾਦਿਆਂ ਦਾ ਬਦਲਾ ਲਿਆ; ਸਤਿਗੁਰਾਂ ਦਾ ਹੁਕਮ ਸੀ ਸਿਖਾਂ ਨੂੰ; ਕਿ ਬੰਦਾ ਆ ਰਿਹਾ ਹੈ ਤੁਸੀ ਇਸ ਦੀ ਮਦਦ ਕਰਨੀ ਮੈ ਵੀ ਪੰਜਾਬ ਆਵਾਂਗਾ।

ਸਤਿਗੁਰੂ ਜੀ ਦਾ ਨਾਂਦੇੜ ਵਿਖੇ ਖੇਡ ਵਰਤਾਣਾ

ਸਤਿਗੁਰੂ ਜੀ ਏਥੇ ਦੀ ਧਰਤੀ ਨੂੰ ਭਾਗ ਲਾਉਂਦੇ ਸਿਖ ਸੰਗਤਾਂ ਵੀ ਬਹੁਤ ਇਕੱਠੀਆਂ ਹੁੰਦੀਆਂ । ਸੰਮਤ ੧੭੬੫ ਬਿਕ੍ਰਮੀ ਸੰਨ ੧੭੦੮ਈ; ਨੂੰ ਸਤਿਗੁਰਾਂ ਹੁਕਮ ਕੀਤਾ ਕਿ ਘੋੜਿਆਂ ਤੇ ਸਾਜ ਪਾ ਕੇ ਤਿਆਰ ਕਰੋ। ਸਿਖਾਂ ਸੋਚਿਆ ਯੁਧ ਦੀ ਤਿਆਰੀ ਕਰਦੇ ਹਨ।ਹੁਕਮ ਮੰਨਕੇ ਸਿਖਾਂ ਤਿਆਰੀ ਸ਼ੁਰੂ ਕਰ ਦਿਤੀ। ਫਿਰ ਹੁਕਮ ਹੋਇਆ ਇਕ ਚਿਖਾ ਤਿਆਰ ਕਰੋ, ਦਵਾਲੇ ਕਨਾਤ ਲਾਓ ਅਤੇ ਕੜਾਹ ਪ੍ਰਸਾਦ ਬਣਾਓ। ਸਿਖ ਹੁਕਮ ਮੰਨ ਕੇ ਕੜਾਹ ਪ੍ਰਸਾਦ ਵੀ ਤਿਆਰ ਕਰਨ ਲਗਾ। ਚਿਖਾ ਤਿਆਰ ਕਰਨ ਉਪਰੰਤ ਚਿਖਾ ਦੀ ਪ੍ਰਦਖਣਾ ਕੀਤੀ।ਸਤਿਗੁਰਾਂ ਸਿਖਾਂ ਨੂੰ ਬਾਹਰ ਜਾਣ ਦਾ ਹੁਕਮ ਦਿਤਾ।ਚਿਖਾ ਬਲਣ ਲੱਗੀ ਤੇ ਲਾਟਾਂ ਕਨਾਤ ਤੋਂ ਬਾਹਰ ਨਜ਼ਰ ਆਉਣ ਲਗੀਆਂ।ਇਹ ਘਟਨਾ ਰਾਤ ਨੂੰ ਵਾਪਰੀ।ਸਿਖਾਂ ਸੋਚਿਆ ਇਹ ਸਭ ਕੁਝ ਗੁਰੂ ਜੀ ਨੇ ਜੋਤੀ ਜੋਤ ਸਮਾਉਣ ਲਈ ਕੀਤਾ ਸੀ।ਸਭ ਪਾਸੇ ਵਿਆਕੁਲਤਾ ਛਾ ਗਈ। ਏਸੇ ਦੁਖੀ ਵਾਤਾਵਰਨ ਵਿਚ ਰਾਤ ਗੁਜ਼ਰੀ ।ਸਵੇਰ ਹੋਈ ਤਾਂ ਇਕ ਸਿਖ ਨੇ ਘੋੜਿਆਂ ਦੇ ਤਬੇਲੇ ਵਿਚੋਂ ਆ ਕੇ ਦਸਿਆ ਕਿ ਬਾਕੀ ਤਾਂ ਸਭ ਠੀਕ ਹੈ ਪਰ ਕੁਮੈਤ ਘੋੜਾ ਉਥੇ ਮੌਜੂਦ ਨਹੀਂ ਹੈ। ਇੰਜ ਲਗਦਾ ਜਿਵੇਂ ਸਤਿਗੁਰੂ ਜੀ ਚਿਖਾ ਵਿਚ ਨਹੀ

ਸਗੋਂ ਕੁਮੈਤ ਘੋੜੇ ਤੇ ਸਵਾਰ ਹੋ ਚਲੇ ਗਏ। (ਸੂਰਜ ਪ੍ਰਕਾਸ਼, ਨਾਂਦੇੜ ਕਾਂਡ ਕਰਤਾ ਭਾਈ ਸੰਤੋਖ ਸਿੰਘ ਜੀ) ਅਜੇ ਸਿਖਾਂ ਇਹ ਸੋਚ ਵਿਚਾਰ ਸ਼ੁਰੂ ਹੀ ਕੀਤੀ ਸੀ ਕਿ ਜੰਗਲ ਤੋਂ ਇਕ ਸਿਖ ਨੇ ਆਣ ਕੇ ਦਸਿਆ ਕਿ ਸਤਿਗੁਰੂ ਜੀ ਉਸ ਨੂੰ ਰਸਤੇ ਵਿਚ ਮਿਲੇ ਹਨ ਉਹ ਕੁਮੈਤ ਘੋੜੇ ਤੇ ਸਵਾਰ ਸਨ।ਸਤਿਗੁਰਾਂ ਹੁਕਮ ਕੀਤਾ ਸੀ ਕਿ ਸਿਖਾਂ ਨੂੰ ਦਸ ਦੇਣਾ ਕੁਮੈਤ ਘੋੜਾ ਮੇਰੇ ਪਾਸ ਹੈ ਫਿਕਰ ਨਾ ਕਰਨਾ।ਇਸ ਤਰਾਂ ਲਿਖਿਆ ਹੈ;

ਮੋਹੇ ਮਿਲੇ ਗੁਰ ਦੂਰ ਸਧਾਏ। ਸ੍ਰੀ ਮੁਖ ਤੇ ਫੁਰਮਾਵਨ।
ਕੀਨ ਕੋਹ ਸਭ ਸਿੰਘਨ ਕੋ ਸਮਝਾਆਇ। ਤੁਰੰਗਮਤਰ ਗਯੋ ਹਮ।
ਵਾਹਿਨ ਬੇਗ ਬਲੀ ਚਪਲਾਏ। ਸ਼ੋਕ ਨਾ ਚਿੰਤ ਕਰੇ ਮਹਿੰ।
ਸਤਿਨਾਮ ਜਪਹੁ ਸੁਇ ਅੰਤ ਸਹਾਏ। ਯੋ ਕਹਿ ਸ੍ਰੀ ਪ੍ਰਭੁ ਜਾਤਿ ਭਏ।
ਸੁਨਿ ਕੋ ਗੁਰ ਬਾਤ ਸਬੇ ਬਿਸਮਾਏ ।

ਇਸ ਤੋਂ ਸਿਖਾਂ ਨੂੰ ਇਸ ਤਰਾਂ ਸਮਝ ਲਗੀ ਕਿ ਇਹ ਇਕ ਚਰਿਤਰ ਕੀਤਾ ਹੈ। ਇਕ ਸਾਧੂ ਨੇ ਸਤਿਗੁਰਾਂ ਬਾਰੇ ਦਸਿਆ ਕਿ ਗੁਰੂ ਜੀ ਹੁਣੇ ਹੁਣੇ ਜੰਗਲ ਵਿਚ ਮਿਲੇ ਹਨ।ਕੁਮੈਤ ਘੋੜੇ ਤੇ ਸ਼ਸਤਰ ਪਾਈ ਹਥ ਵਿਚ ਬਾਜ ਸੀ।ਮੈਂ ਅਰਜ਼ ਕੀਤੀ ਸਤਿਗੁਰੂ ਜੀ ਕਿਧਰ ਚਾਲੇ ਪਾਏ ਤਾਂ ਸਤਿਗੁਰਾਂ ਫੁਰਮਾਇਆ ਜੰਗਲ ਵਲ ਜਾ ਰਹੇ ਹਾਂ। ਸਾਧੂ ਨੇ ਆਖਿਆ ਇਹ ਝੂਠ ਹੈ ਕਿ ਤੁਸੀ ਆਖਦੇ ਹੋ ਸਤਿਗੁਰੂ ਜੀ ਜੋਤੀ ਜੋਤ ਸਮਾ ਗਏ।

ਪੰਨਾ ੩੫੬ ਪੰਥ ਪ੍ਰਕਾਸ਼ ਵਿਚੋਂ;

"ਤਬਲੇ ਪਹੁੰਚ ਸਾਧੁ ਤਹਿ ਨਾ ਚਲ ਪੰਜਾਬੇ ਚਾਰ ਹੈ।
ਤਿਨ ਦਈ ਪਾਚਕ ਕੇਸ ਪੈ ਗੁਰੂ ਮਿਲੇ ਕਰਤ ਸ਼ਿਕਾਰ ਹੈ।
ਉਨ ਪੇਖ ਅਵਚਲ ਨਗਰ ਵਯਾਕੁਲ ਸਗਰ ਸਿੰਘਹਿ ਬੁਝਸ;
ਤਬ ਕਹਯ ਸਿੰਘਨ ਗੁਰੂ ਜੀ ਪ੍ਰਲੋਕ ਗਮਨ ਗੁਯਯੋ।
ਫਿਰ ਕਹਿਯੋ ਸੰਤਹਿਕੂਹ ਕਹਿ ਹੇ ਮਿਲੇ ਹਮਕੋ ਸੋ ਅਬੈ
ਅਸਵਾਰ ਬਾਜ ਕਬੈਦ ਪੈ ਮਤਿ ਬਾਜਕੁਰ ਪਰ ਥਾਂ ਫਬੈ।
ਸ਼ੁਨ ਸਿਖਨ ਅਚਰਜ ਮਾਨ ਹੋ ਹਯੋ ਜੇ ਤਬਲਾ ਜਾਇ ਹੈ ।
ਇਹ ਅਸਵ ਕਾਠੀ ਸਵਾਨ ਬਗੁਲਾ ਬਾਗ ਸਿਰ ਤਿਸ ਬਾਇਹੈ।
(ਪੰਥ ਪ੍ਰਕਾਸ਼ (ਪੰਨਾ ਨੰਬਰ੯੩੩੬)

ਏਸੇ ਕੌਤਕ ਨੂੰ ਸਿਧ ਕਰਨ ਲਈ ਸਤਿਗੁਰਾਂ ਉਹਨੀਂ ਦਿਨੀ ਇਹ ਖੇਡ

ਵਰਤਾਈ। ਉਸੇ ਇਲਾਕੇ ਵਿਚ ਸਥਿਤ "ਪੂਨਾ ਸਤਾਰਾ" ਦੇ ਕਿਲੇ ਵਿਚੋਂ ਸਤਿਗੁਰਾਂ ਨੇ ਰੁਸਤਮ ਰਾਏ ਅਤੇ ਬਾਲਾ ਰਾਏ ਜੋ ਕੇ ਜਨਵਾੜੇ ਦੇ ਰਹਿਣ ਵਾਲੇ ਸਨ, ਨੂੰ ਕੈਦ ਵਿਚੋਂ ਛੁਡਵਾ ਕੇ ਲੈ ਗਏ। ਜਨਵਾੜਾ ਬਿਦਰ ਦੇ ਪਾਸ ਇਕ ਨਗਰ ਹੈ। ਅਜ ਕਲ ਇਸ ਜਗ੍ਹਾ ਗੁਰਦਵਾਰਾ ਸਾਹਿਬ ਬਣਿਆ ਹੋਇਆ ਹੈ ।ਉਹਦੇ ਵਿੱਚ ਇਹ ਤਸਵੀਰ ਵੀ ਹੈ ਗੁਰੂ ਗੋਬਿੰਦ ਸਿੰਘ ਘੋੜੇ ਤੇ ਹਨ ਤੇ ਰੁਸਤਮ ਰਾਏ ਤੇ ਬਾਲਾ ਰਾਏ ਘੋੜੇ ਦੇ ਦੋਨੋ ਪਾਸੇ ਰਕਾਬਾਂ ਫੜ ਕੇ ਉਡੇ ਜਾਂਦੇ ਹਨ ਕਿਲੇ ਦੇ ਉਪਰੋਂ।ਇਸ ਤੋਂ ਪਤਾ ਲਗ ਜਾਂਦਾ ਹੈ ਹੋਰ ਕੀ ਸਬੂਤ ਚਾਹੀਦਾ ਹੈ।ਕਿਉਂਕਿ ਇਸ ਅਸਥਾਨ ਦੇ ਦਰਸ਼ਨ ਕਰਨ ਦਾ ਮੌਕਾ ਸਾਨੂੰ ਮਿਲਿਆ ਸੀ ।ਅਸੀ ਇਹ ਆਪ ਵੇਖੀ ਤਸਵੀਰ ਦੀ ਗੱਲ ਕਰਦੇ ਹਾ।ਉਥੋਂ ਦੇ ਸੇਵਕਾਂ ਨੇ ਦਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਨੂੰ ਇਸ ਤਰ੍ਹਾਂ ਕਿਲੇ ਚੋਂ ਬਾਹਰ ਕਢਿਆ। ਫਿਰ ਗੁਰੂ ਤਾਂ ਕਰਨ ਕਾਰਨ ਸਮਰੱਥ ਉਸ ਦੇ ਹੁਕਮ ਵਿਚ ਪੌਣ ਪਾਣੀ ਅਗਨੀ ਸਭ ਹਨ ।ਉਹ ਜਦ ਚਾਹੇ ਸੰਸਾਰ ਦੀ ਸਾਜਨਾ ਕਰ ਸਕਦਾ ਹੈ ਜਦ ਚਾਹੇ ਖਤਮ।ਸਤਿਗੁਰਾਂ ਦੇ ਹੁਕਮ ਅਨੁਸਾਰ ਭਾਵੇ ਸਿਖਾਂ ਨੇ ਬਹਾਦਰ ਸ਼ਾਹ ਦੀ ਮਦਦ ਕਰ ਕੇ ਉਸ ਨੂੰ ਰਾਜ ਦੁਆਇਆ ਪਰ ਉਹ ਲੂਣ ਹਰਾਮੀ ਹੀ ਨਿਕਲਿਆ ।ਉਂਜ ਗੁਰੂ ਜੀ ਜਾਣਦੇ ਸਨ ਕਿ ਇਹ ਕਿਸੇ ਦੇ ਮਿਤ ਨਹੀ ਹੋ ਸਕਦੇ।ਗੁਰੂ ਘਰ ਅਇਆ ਕੋਈ ਸਵਾਲੀ ਖਾਲੀ ਨਹੀਂ ਜਾਂਦਾ ਭਾਵੇ ਉਹ ਸੁਆਰਥੀ ਹੀ ਕਿਉ ਨਾ ਹੋਵੇ। ਇਹੋ ਗੁਰਾਂ ਦੀ ਵਿਸ਼ੇਸ਼ਤਾ ਹੈ।

ਬਹਾਦਰ ਸ਼ਾਹ ਨੇ ਗੱਦੀ ਤੇ ਬੈਠਦਿਆਂ ਹੀ ਅਪਣਾ ਰੰਗ ਬਦਲ ਲਿਆ।ਪਹਿਲਾਂ ਦੇ ਰਾਜਿਆਂ ਵਾਗ ਸਤਿਗੁਰਾਂ ਨਾਲ ਵਿਰੋਧ ਸ਼ੁਰੂ ਕਰ ਦਿਤਾ।ਇਥੋਂ ਤੱਕ ਕਿ ਉਸ ਨੇ ਦੋ ਪਠਾਣ ਸਤਿਗੁਰਾਂ ਨੂੰ ਮਾਰਨ ਵਾਸਤੇ ਭੇਜੇ।ਗੁਰੂ ਜੀ ਆਪਣੀਆਂ ਖੇਡਾਂ ਗੁਪਤ ਹੀ ਰਖਦਾ ਹੈ ਸੋ ਗੁਰੂ ਜੀ ਪੰਜਾਬ ਆ ਕੇ ਵੀ ਸੰਸਾਰੀਆਂ ਵਾਸਤੇ ਗੁਪਤ ਹੀ ਰਹੇ।ਬੰਦੇ ਬਹਾਦਰ ਦੀ ਅਗਵਾਈ ਹੇਠ ਸਿਖਾਂ ਨੂੰ ਬਹੁਤ ਜਿਤਾਂ ਪ੍ਰਾਪਤ ਹੋਈਆਂ। ਇਸ ਵਿਚ ਸਤਿਗੁਰ ਜੀ ਆਪ ਵੀ ਕਿਰਪਾ ਕਰਦੇ ਰਹੇ।ਹੁਣ ਬੰਦੇ ਬਹਾਦਰ ਦੇ ਦਿਲ ਵਿਚ ਹੰਕਾਰ ਫੁਟ ਪਿਆ। ਉਹ ਸਮਝਣ ਲੱਗਾ ਮੇਰੇ ਕਾਰਣ ਹੈ । ਉਹ ਇਹ ਭੁਲ ਗਿਆ ਕਰਨ ਕਾਰਨ ਸਮਰਥ ਗੁਰੂ ਦਾ ਸਿਰ ਹਥ ਹੈ, ਇਹ ਬਣਤ ਵੀ ਗੁਰੂ ਆਪੇ ਬਣਾਂਦਾ ਹੈ। ਜਦ ਚਾਹੇ ਇਨਸਾਨ ਦਾ ਮਨ ਬਦਲ ਦਿੰਦਾ ਹੈ।ਇਸ ਕਾਰਣ ਸਿਖਾਂ ਵਿਚ ਫੁਟ ਪੈ ਗਈ।ਫਿਰ ਦੋ ਦਲ ਬਣ ਗਏ।ਇਕ ਤੱਤ ਖਾਲਸਾ ਜੋ ਸਤਿਗੁਰਾਂ ਤੇ ਭਰੋਸਾ ਰਖਦਾ ਸੀ ।ਦੂਸਰਾ ਬੰਦਈ ਖਾਲਸਾ ਭਾਵ ਬੰਦੇ ਨੂੰ

ਕਰਤਾ ਧਰਤਾ ਮੰਨਦੇ ਸਨ।ਬੰਦਾ ਗੁਰੂ ਜੀ ਵਲੋ ਹੋਏ ਹੁਕਮਾਂ ਦੀ ਉਲੰਘਣਾ ਕਰਨ ਲਗਾ।ਉਹ ਕਮਜ਼ੋਰ ਹੁੰਦਾ ਗਿਆ ਤੇ ਅੰਤ ਮੁਗਲਾਂ ਨੇ ਉਸ ਨੂੰ ੭੦੦ ਤੋਂ ਵੱਧ ਸਿੰਘਾਂ ਸਹਿਤ ਕੈਦ ਕਰ ਲਿਆ ਅਤੇ ੯ ਜੂਨ ੧੭੧੬ ਈ; ਨੂੰ ਦਿਲੀ ਵਿਖੇ ਸ਼ਹੀਦ ਕਰ ਦਿਤਾ ਇਹ ਕੁਰਬਾਨੀ ਦੇ ਗਿਆ।

{ਸ੍ਰੀ ਦਸਮੇਸ਼ ਨੰਦੇੜ ਪਿੱਛੋ}

ਨੰਦੇੜ ਤੋ ਪਿੱਛੋਂ ਇਸ ਕਿਤਾਬ ਵਿਚ ਅਮਰ ਭਾਰਤੀ ਜੀ ਭਾਈ ਕਾਨ੍ਹ ਸਿੰਘ ਨਾਭਾ ਦਾ ਹਵਾਲਾ ਦੇ ਕੇ ਲਿਖਦੇ ਹਨ। ਮਹਾਂ ਪ੍ਰਤਾਪੀ ਤੇਜ ਦੇ ਪੁੰਜ ਬਾਬਾ ਅਜਾਪਾਲ ਸਿੰਘ ਕੌਣ ਸਨ। ਕਿਸ ਵੰਸ ਅਤੇ ਨਗਰ ਵਿਚ ਜਨਮੇ ਇਸ ਦਾ ਕੁਝ ਪਤਾ ਨਹੀ। ਉਹਨਾਂ ਦੀ ਜੋ ਕਥਾ ਮੇਰੇ ਮਾਨ ਯੋਗ ਪਿਤਾ (ਬਾਬਾ ਨਰਾਇਣ ਸਿੰਘ ਜੀ ਸਹਿਬ) ਨੇ ਬਹੁਤ ਵਰ੍ਹੇ ਹੋਏ ਨੋਟ ਕਰਾਈ ਸੀ ਉਹ ਗਿਆਨੀ ਹੀਰਾ ਸਿੰਘ ਜੀ ਦਰਦ ਦੀ ਦਰਖਾਸਤ ਪਰ ਪਾਠਕਾਂ ਦੀ ਭੇਟ ਕਰਦਾ ਹਾਂ। ਨੰਦੇੜ ਤੇ ਬਾਦ ਦੇ ੩੫ ਜਾ ੩੬ ਸਾਲ ਸਤਿਗੁਰੂ ਜੀ ਕਿਸ ਤਰਾਂ ਅਲੋਪ ਰਹੇ ਇਸ ਬਾਰੇ ਇਤਿਹਾਸਕ ਗਰੰਥਾਂ ਚੋ ਕੁਝ ਨਹੀ ਪਤਾ ਚਲਦਾ ਪਰ ਜਦ ਗੁਰੂ ਜੀ ਭਾਦਰੇ ਪਹੁੰਚੇ,ਇਹ "ਭਾਦਰਾ"ਬੀਕਾਨੇਰ ਤੋਂ ਉਤਰ ਪੂਰਬ ਅਤੇ ਹਿਸਾਰ ਤੋਂ ਦਖਣ ਪੂਰਬ ਵਲ ਸਥਿਤ ਹੈ।ਇਥੇ ਆਪ ਜੀ ਨੇ ਗੁਪਤ ਰਹਿਣ ਦੀ ਇਕ ਹੋਰ ਲੀਲਾ ਰਚਾਈ।ਆਪਣਾ ਨਾਮ ਅਜਾਪਾਲ ਸਿੰਘ ਰਖ ਲਿਆ ਸੀ ।ਏਥੇ ੧੮੧੨ ਬਿਕ੍ਰਮੀ ਵਿਚ ਕਿਸੇ ਰਾਜਪੂਤ ਰਈਸ ਦੀ ਸਹਾਇਤਾ ਕੀਤੀ।ਫਿਰ ਛੇ ਸਾਲ ਸੰਘਣੇ ਜੰਗਲਾਂ ਵਿਚ ਹੀ ਵਿਚਰਦੇ ਰਹੇ।੧੮੧੮ ਬਿਕ੍ਰਮੀ ਵਿਚ ਪਟਿਆਲੇ ਠਹਿਰੇ । ਏਥੇ ਕੁਝ ਚਿਰ ਤਕ ਰਹੇ। ਉਸ ਤੋਂ ਉਪਰੰਤ ਨਾਭੇ ਦੀ ਝਿੜੀ ਵਿਚ ਰਹਿਣ ਲਗੇ। ਇਥੇ ਸਤਿਗੁਰਾਂ ਦੇ ਖਾਸ ਸਿਖ ਵੀ ਦਰਸ਼ਨ ਕਰਨ ਆਉਂਦੇ ਲੋੜ ਅਨੁਸਾਰ ਕਈ ਵਾਰ ਸ਼ਸਤਰ ਵੀ ਲੈ ਜਾਂਦੇ।ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਆਪਣੇ "ਇਤਹਾਸ ਦੇ ਅਣਲਿਖੇ ਪੱਤਰੇ" ਜੋ ਮਾਸਕ ਫੁਲਵਾੜੀ ਵਿਚ ਮਾਰਚ ੧੯੨੭ ਈ; ਵਿਚ ਛਪਿਆ ਉਸ ਵਿਚ ਬਾਬਾ ਅਜਾਪਾਲ ਸਿੰਘ ਉਰਫ ਗੁਰੂ ਗੋਬਿੰਦ ਸਿੰਘ ਦੇ ਲਿਬਾਸ ਬਾਰੇ ਲਿਖਦੇ ਹਨ- ਗੋਡੇ ਤੋਂ ਦੋ ਉਂਗਲ ਉਚਾ ਕਛੈਹਿਰਾ;ਕਛ ਤੋਂ ਚਾਰ ਉਂਗਲ ਉਚੀ ਕੁੜਤੀ, ਸੀਸ ਉਤੇ ਸਫੈਦ ਗੁਰਮੁਖੀ ਦਸਤਾਰਾ; ਗਾਤਰੇ ਸ੍ਰੀ ਸਾਹਿਬ, ਹਥ ਵਿਚ ਸਰਬ ਲੋਹ ਦਾ ਤੀਰ; ਕਦੇ ਗੁਲੇਲ ਰਖਦੇ ਸਨ ।ਇਕ ਚਿਟਾ ਰੁਮਾਲ ਆਪਦੇ ਹਰ ਵੇਲੇ ਮੁਖ ਉਪਰ ਠਾਠੇ ਦੀ ਤਰਾ ਬੱਧਾ ਰਹਿੰਦਾ ਸੀ। ਮੁਛਹਿਰਿਆ ਸਮੇਤ ਮੁਖ ਅਤੇ ਅੱਧਾ ਦਾਹੜਾ ਢਕਿਆ ਰਹਿੰਦਾ ਸੀ।ਸਤਿਗੁਰ ਜੀ ਜਿਸ ਨੂੰ ਵੀ ਮਦਦ ਦੀ ਲੋੜ ਹੁੰਦੇ ਉਹ ਆ ਕੇ

ਅਰਜ਼ ਕਰਦਾ ਉਸੇ ਦੀ ਮਦਦ ਕਰ ਦਿੰਦੇ। ਸੰਨ ੧੯੩੨ ਵਿਚ ਜਦ ਨਧਾ ਸਿੰਘ ਤੇ ਦਿਆਲ ਸਿੰਘ ਸ਼ਹੀਦ ਬਾਬੇ ਦੀ ਬੇਰ ਸਿਆਲ ਕੋਟ ਵਾਲਿਆਂ ਦੀ ਸਹਾਇਤਾ ਕੀਤੀ। ੧੯੩੩ ਬਿਕ੍ਰਮੀ ਵਿਚ ਜਦੋਂ ਸਿੱਖਾ ਦਾ ਸਹਚੀ ਖਾਂ ਨਾਲ ਯੁਧ ਹੋਇਆ ਜਿਸ ਵਿਚ ਬਾਬਾ ਰਾਮ ਸਿੰਘ ਜੀ ਬੇਦੀ ਕੋਟਲੀ ਵਾਲੇ ਵੀ ਸ਼ਹੀਦ ਹੋਏ। ਸਤਿਗੁਰੂ ਜੀ ਉਥੇ ਮਦਦ ਲਈ ਪਹੁੰਚੇ। ੧੯੫੭ ਬਿਕ੍ਰਮੀ ਵਿਚ ਪਟਲੇਸ਼ਵਰ ਰਾਜਾ ਸਹਿਬ ਦੀ ਅਰਜ਼ ਕਰਨ ਤੇ ਸਤਿਗੁਰੂ ਜੀ ਨੇ ਸਨੋਰ ਦੇ ਜੰਗ ਵਿਚ ਮਦਦ ਕਰਕੇ ਉਸ ਦੀ ਜਿਤ ਕਰਵਾਈ।ਇਹੋ ਜਹੇ ਸਮੇਂ ਵਿਚ ਸਤਿਗੁਰੂ ਜੀ ਪਹਾੜੀਂ ਬੈਠ ਕੇ ਬਾਣੀ ਉਚਾਰਦੇ ਅਤੇ ਤਬਲਾ ਤੇ ਤਾਊਸ ਵਜਾ ਕੇ ਕੀਰਤਨ ਹੁੰਦਾ ਸੀ ਇਹਨਾਂ ਦੇ ਦਰਬਾਰ ਵਿਚ ੫੨ ਕਵੀ ਹੁੰਦੇ ਸਨ। ਜੋ ਸਤਿਗੁਰੂ ਜੀ ਉਚਾਰਦੇ, ਲਿਖਦੇ ਰਹਿੰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਜੋ ਉਹਨਾਂ ਉਚਾਰਨ ਕੀਤੀ ਅਸੀ ਨਿਤਨੇਮ ਵਿਚ ਪੜ੍ਹਦੇ ਹਾਂ -ਜਾਪ ਸਾਹਿਬ, ਅਕਾਲ ਉਸਤਤਿ ,ਚੌਪਈ, ਸਵੈਯੇ, ਸ਼ਬਦ ਹਜਾਰੇ ਤੇ ਹੋਰ ਵੀ ਬਹੁਤ ਸਾਰੀ ਕਿਰਪਾ ਕੀਤੀ ਹੈ । ਬਚਿਤ੍ਰ ਨਾਟਕ ਜਿਸ ਵਿਚ ਆਪਣੀ ਆਣ ਸਮੇ ਦੀ ਕਥਾ ਆਪ ਹੀ ਦਸਦੇ ਹਨ ।ਦਸਮ ਗਰੰਥ ਆਪ ਜੀ ਦੀ ਬਾਣੀ ਅੰਮ੍ਰਿਤ ਭਰਪੂਰ ਹੈ।ਬਾਬਾ ਅਜਾਪਾਲ ਜੀ ਦੇ ਡੇਰੇ ਬਾਬਾ ਸਰੂਪ ਸਿੰਘ ਜੀ ਬੜੇ ਪ੍ਰੇਮ ਨਾਲ ਸੇਵਾ ਕਰਦੇ ਸਨ।ਸਵਾ ਪਹਿਰ ਦੇ ਅੰਮ੍ਰਿਤ ਵੇਲੇ ਉਠ ਕੇ ਸਾਰੇ ਝਾੜੂ ਦੇਣਾ, ਘੋੜਿਆਂ ਦੀ ਮਾਲਿਸ਼ ਕਰਨੀ , ਸੇਵਾ ਕਰਦੇ ਥਕਣਾ ਨਾ ਬਾਬਾ ਸਰੂਪ ਸਿੰਘ ਜੀ ਦੇ ਦਿਲ ਵਿਚ ਇਹ ਫੁਰਨਾ ਫੁਰਿਆ ਕਿ ਅਜਾਪਾਲ ਸਿੰਘ ਜੀ ਦਸਮੇ ਪਾਤਸ਼ਾਹ ਹਨ ਜਾਂ ਉਹਨਾਂ ਦੇ ਸਹਿਬਜ਼ਾਦੇ ਹਨ। ਬਾਬਾ ਸਰੂਪ ਸਿੰਘ ਜੀ ਨੂੰ ਇਹ ਹਰ ਵੇਲੇ ਸਤਾਂਦਾ ਪਰ ਅਗੇ ਹੋ ਕੇ ਪੁਛਣ ਦੀ ਹਿਮਤ ਨਾ ਹੁੰਦੀ।ਅਜ ਸਤਿਗੁਰਾਂ ਨੇ ਉਸ ਦੀ ਇਹ ਚਿੰਤਾ ਦੂਰ ਕਰਨ ਲਈ ਚੁਬਾਰੇ ਤੋਂ ਆਵਾਜ ਮਾਰੀ "ਸੇਵਾ" ਇਹ ਮਾਈ ਸਤਿਗੁਰਾਂ ਦੀ ਲੰਗਰ ਦੀ ਤੇ ਹੋਰ ਸਾਰੀ ਸੇਵਾ ਕਰਦੀ ਅਤੇ ਹਰ ਸਮੇ ਪਹਿਰੇ ਤੇ ਰਹਿੰਦੀ ਸੀ। ਸੇਵਾ ਨੇ ਸਰੂਪ ਸਿੰਘ ਨੂੰ ਅਖਿਆ ਮਹਾਰਾਜ ਜੀ ਤੈਨੂੰ ਉਪਰ ਬੁਲਾਂਦੇ ਨੇ। ਬਾਬਾ ਸਰੂਪ ਸਿੰਘ ਜੀ ਉਪਰ ਗਏ । ਸੱਚੇ ਪਾਤਸ਼ਾਹ ਜੀ ਇਕ ਚੁਬਾਰੇ ਵਿਚ ਰਹਿੰਦੇ ਸਨ; ਚਰਨਾਂ ਤੇ ਨਮਸਕਾਰ ਕੀਤੀ।ਉਸ ਸਮੇ ਬਾਬਾ ਅਜਾਪਾਲ ਸਿੰਘ ਜੀ ਪਲੰਘ ਤੇ ਬਰਾਜ ਰਹੇ ਸੀ ।ਬੇਨਤੀ ਕੀਤੀ ਦਾਸ ਨੂੰ ਕੀ ਹੁਕਮ ਹੈ ।ਆਪ ਨੇ ਫੁਰਮਾਇਆ "ਵੇਖੀਂ ਸਾਡੇ ਏਥੇ ਖੁਰਕ ਹੁੰਦੀ ਹੈ ਕੋਈ ਜੀਵ ਤਾਂ ਨਹੀ?"ਸਰੂਪ ਸਿੰਘ ਜੀ ਪਲੰਗ ਦੇ ਕੋਲ ਬੈਠ ਕੇ ਵੇਖਣ ਲੱਗੇ ਤਾਂ ਕੀ ਵੇਖਦੇ ਹਨ ਸਹਿਬਾਂ ਦੇ ਸ੍ਰੀਰ ਪਰ ਬੜੇ ਬੜੇ ਕੇਸ ਹਨ ;ਜੀਵ ਤਾ ਕੋਈ ਨਹੀ ਪਰ ਵੱਖੀ ਤੇ ਬਹੁਤ ਵੱਡਾ

ਘਾਓ ਹੈ ,ਇਹ ਵੇਖਕੇ ਸਰੂਪ ਸਿੰਘ ਜੀ ਨੇ ਬੇਨਤੀ ਕੀਤੀ ਮਹਾਰਾਜ ਇਹ ਸਸ਼ਤਰ ਦਾ ਘਾਓ ਕਿਥੇ ਲਗਿਆ ; ਇਹ ਸੁਣ ਕੇ ਸਤਿਗੁਰਾਂ ਫੁਰਮਾਇਆ ਇਹ ਉਹੀ ਘਾਓ ਹੈ ਜੋ ਦਖਣ ਵਿਚ ਪਠਾਣ ਨੇ ਮਾਰਿਆ ਸੀ । ਇਹ ਸੁਣ ਕੇ ਸਰੂਪ ਸਿੰਘ ਦੇ ਮਨ ਦੀ ਸੋਚ ਦੂਰ ਹੋ ਗਈ ਇਹ ਸਮਝ ਗਿਆ ਇਹ ਗੁਰੂ ਗੋਬਿੰਦ ਸਿੰਘ ਹੀ ਹੈਨ। ਨਮਸਕਾਰ ਕਰ ਕੇ ਨੀਚੇ ਆ ਗਿਆ। ਏਥੇ ਡੇਰੇ ਤੇ ਕੁਝ ਖਾਸ ਸਿੰਘ ਹੀ ਰਹਿੰਦੇ ਸਨ ਜੋ ਸਤਿਗੁਰਾਂ ਨੂੰ ਸਿੰਘ ਸਹਿਬ ਵੀ ਆਖਦੇ ਸਨ। ਇਹ ਖਾਸ ਸਿੰਘ ਸਨ । ਬਾਬਾ ਸਰੂਪ ਸਿੰਘ ਜੀ, ਭਾਈ ਰਤਨ ਸਿੰਘ;ਭਾਈ ਸੁਖਾ ਸਿੰਘ, ਫੂਲਵੰਸ ਦੇ ਪਰੋਹਿਤ ਸਿੰਘ;ਬਾਗ ਸਿੰਘ;ਭਾਈ ਕੇਸਰਾ ਸਿੰਘ ; ਇਨਾਂ ਨੂੰ ਡੇਰੇ ਰਹਿਣ ਦੀ ਅਗਿਆ ਸੀ ਬਾਕੀ ਦੇ ਸਿੰਘ ਦੂਰ ਕੁਟੀਆ ਵਿਚ ਰਹਿੰਦੇ ਸਨ।ਸਿਖਾਂ ਦਾ ਕੋਈ ਵੀ ਸੁਨੇਹਾ ਹੁੰਦਾ ਤਾਂ ਮਾਈ ਸੇਵਾ ਹੀ ਪਹਿਰਾ ਦਿੰਦੀ ਅਤੇ ਜੋ ਹੁਕਮ ਉਪਰੋਂ ਹੁੰਦਾ ਉਹ ਸਿਖਾਂ ਨੂੰ ਦਸਦੀ।

ਸਿਖਾਂ ਨੇ ਬਹੁਤ ਸਾਰੇ ਦੁਖ ਸਹੇ। ੧੯੫੬ ਬਿਕ੍ਰਮੀ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਲਾਹੌਰ ਤੇ ਹੋ ਗਿਆ। ੧੯੫੬ ਬਿਕ੍ਰਮੀ ਨੂੰ ਅੰਮ੍ਰਿਤਸਰ ਖਾਲਸਾ ਰਾਜ ਵਿਚ ਮਿਲਾ ਲਿਆ ਗਿਆ, ਅਖੀਰ ਉਸ ਦਾ ਰਾਜ ਕਾਬੁਲ ਕੰਧਾਰ ਤਕ ਫੈਲ ਗਿਆ।

ਮਹੰਤ ਸੁਮੇਰ ਸਿੰਘ ਜੀ ਪੋਥੀ ਗੁਰ ਬਿਲਾਸ ਵਿਚ ਲਿਖਦੇ ਹਨ ਪਸ਼ੌਰ ਵਿਚ ਰਹਿੰਦੇ ਇਕ ਪ੍ਰੇਮੀ ਜਨ ਦੀ ਅਰਜ਼ ਪ੍ਰਵਾਨ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਦਰਸ਼ਨ ਦਿਤੇ । ਪ੍ਰਸ਼ਾਦਾ ਛਕ, ਪੁਸ਼ਾਕ ਤੇ ਭਗੌਤੀ ਧਾਰਨ ਕੀਤੀ। ਫਿਰ ਕਾਬੁਲ ਵੱਲ ਕੁਝ ਕੋਹਾਂ ਤੇ ਲੰਡੇ ਦਰਿਆ ਦੇ ਕੰਢੇ ਦਿਵਾਨ ਲਾਇਆ ਅਤੇ ਤੁਰਕਾਂ ਦੇ ਲਤਨ ਆਉਣ ਤੇ ਸ਼ਹੀਦ ਸਿੰਘਾਂ ਪਾਸੋ ਪੱਥਰ ਮਰਵਾ ਕੇ ਉਹਨਾਂ ਨੂੰ ਹਟਾਇਆ।

ਹੁਣ ਤਕ ਗੁਰੂ ਜੀ ਦਾ ਇਕ ਸੁਪਨਾ ਤਾਂ ਸਾਕਾਰ ਹੋ ਗਿਆ ਕਿ ਪੰਜਾਬ ਵਿਚ ਖਾਲਸੇ ਦਾ ਰਾਜ ਸਥਾਪਿਤ ਹੋ ਗਿਆ।ਪਰ ਨਾਮ ਬਾਣੀ ਦੇ ਪ੍ਰਵਾਹ ਲਈ ਗੁਰੂ ਨਾਨਕ ਦੀ ਗੱਦੀ ਲਈ ਜਾਨਸ਼ੀਨ ਦੀ ਚੋਣ ਬਾਕੀ ਸੀ।ਸਚਾਈ ਕਿਤੇ ਨਾ ਕਿਤੇ ਅੱਗੇ ਆ ਹੀ ਜਾਂਦੀ ਹੈ।ਇਸ ਦੀ ਖੋਜ ਕਰਦੇ ਹੋਏ ਅਮਰ ਭਾਰਤੀ ਜੀ ਸ੍ਰੀ ਦਸਮੇਸ਼ ਨੰਦੇੜ ਤੋ ਪਿਛੋਂ ਵਿਚ ਲਿਖਦੇ ਹਨ ਕਿ ਉਸ ਇਤਿਹਾਸ ਦੇ ਬਚੇ ਕੁੱਝ ਸੱਚੇ ਪੰਨਿਆਂ ਤੋਂ ਸਾਡੇ ਸਾਹਮਣੇ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਲੰਮੇ ਸਮੇ ਬਆਦ ਗੁਰੂ ਬਾਲਕ ਸਿੰਘ ਜੀ ਨੂੰ ਗੁਰਗੱਦੀ ਅਰਪਣ ਕੀਤੀ। ਇਸ ਸਿਲਸਿਲੇ ਵਿਚ ਸਾਡੇ ਸਾਹਮਣੇ ਦੋ ਇਤਿਹਾਸਕਾਰਾਂ ਦੀਆਂ ਲਿਖਤਾਂ

ਹੈਨ।(੧)ਤਖਤ ਪਟਨਾ ਸਾਹਿਬ ਦੇ ਮਹੰਤ ਸੁਮੇਰ ਸਿੰਘ ਜੀ ਦਾ "ਗ੍ਰੰਥ ਗੁਰੂ ਬਿਲਾਸ ਅਤੇ (੨)ਗਿਆਨੀ ਗਿਆਨ ਸਿੰਘ ਜੀ ਕ੍ਰਿਤ "ਪੰਥ ਪ੍ਰਕਾਸ਼ "।

ਮਹੰਥ ਸੁਮੇਰ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਿਸ਼ੌਰ ਜਾਣ ਦਾ ਵਿਰਤਾਂਤ ਲਿਖਦੇ ਹਨ ਜੋ ਕਿ ਨੰਦੇੜ ਕਾਂਡ ਤੋਂ ਬਾਦ ਦਾ ਹੈ।

"ਨਗਰ ਬਿਰਾਟ ਪਿਸ਼ੌਰ ਮੱਧ ਇਕ ਭਗਤ ਭਗੌਤੀ ਪ੍ਰੇਮੀ ।
ਸ੍ਰੀ ਗੁਰੂ ਗੋਬਿੰਦ ਸਿੰਘ ਚਰਨ ਰਾਤ ਚਾਹਤ ਦਰਸਨ ਨੇਮੀ।
ਏਕ ਬਾਰ ਸ੍ਰੀ ਗੁਰ ਚਰਨਨ ਸੋ ਅਧਿਕ ਧਿਆਨ ਤਿਨ ਕੀਨਾ ।
ਪ੍ਰਗਟ ਗੋਬਿੰਦ ਸਿੰਘ ਸਤਿਗੁਰੂ ਨੇ ਤਾ ਕੋ ਦਰਸਨ ਦੀਨਾ
ਪਹਿਰਾਈ ਤੇ ਪੁਸ਼ਾਕ ਭਗੌਤੀ ਸ੍ਰੀ ਗੁਰ ਅਧਿਕ ਰਝਾਏ ।
ਚਰਨ ਧੋਏ ਚਰਨਾਮ੍ਰਿਤ ਲੀਨੋ ਭੋਜਨ ਭਲੇ ਛਕਾਏ।
ਅਜਹੋ ਤਹਾਬ ਨਿਉ ਗੁਰ ਦੁਆਰਾ ਪੂਜਤ ਨਰ ਨਾਰੀ।
ਪੁਨ ਤਹਿ ਤੇ ਉਠ ਕਾਬੁਲ ਅਗੇ ਅਸਟ ਕੋਸ ਪਰ ਭਾਰੀ ;
ਲਾਏ ਦਿਵਾਨ ਕਹੀ ਸਿੰਘਨ ਸੋਂ ਲੰਡਾ ਤਹਿ ਦਰਿਆਵਾ ।
ਮਾਰਹੁ ਪਾਥਰ ਯਾ ਸਰਤਾ ਮੇ ਮਾਰਿਉ ਬਚਨ ਪ੍ਰਭਾਵਾ ।
ਤਬ ਪੁਛੀ ਯਾ ਕਰ ਕਾ ਕਾਰਨ ਸ੍ਰੀ ਗੁਰ ਸਭਨ ਸੁਨਾਈ ।
ਤੁਰਕ ਸ਼ਹੀਦ ਲਰਨ ਹਿਤ ਆਏ ਦੀਏ ਸੋ ਮਾਰ ਹਟਾਈ।"

ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਦੇ ਪੰਨਾ ੭੧੫ ਉਤੇ ਇਕ ਜੰਗ ਦਾ ਹਾਲ ਲਿਖਦੇ ਹਨ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਤਖ ਰੂਪ ਵਿਚ ਸਿੰਘਾਂ ਦੀ ਮਦਦ ਕੀਤੀ;-

"ਅਠਾਰਾ ਸੌ ਚੌਥੀ ਮਾਹੀ । ਅਹਿਮਦ ਸ਼ਾਹ ਪੰਜਾਬੇ ਅਹੀ ਪਹੁੰਚਿਉ ਲੋਟ ਕਾਬਲੈ ਜਬੈ।ਮਿਲਿਉ ਮੌਤ ਨੇ ਤਾਕੇ ਤਬੈ। ਸੁਤ ਤਾਕਾ ਤਹਿਮੂਰ ਸਾਹਿ ਬਡ। ਬਾਦਸਾਹਿ ਹੋ ਯੋ ਤਿਸ ਸਮੇ ਤਬੈ ।ਇਤ ਦਿਸ ਸਿੰਘਨ ਮੁਲਕ ਪੰਜਾਬੇ ਹਤੇ ਕਾਬੁਲੀ ਮਲ ਜੋ ਸੂਬਾ।ਬੀਚ ਲਹੌਰ ਤੰਗ ਕੀਯੋ ਖੂਬਾ।ਤਿਨ ਤਿਹ ਸਾਹਿ ਤਹਿਮੂਰ ਬੁਲਾਇਉ।ਸੋ ਭੀ ਚੜ ਪੰਜਾਬ ਦਿਸ ਆਯੋ।

ਸਤ ਹਜਾਰ ਸੰਗ ਸਵਾਰੇ । ਲਿਆਯੋ ਬਰਿ ਲੜਾਕੇ ਭਾਰੇ।

ਅਠਾਰਾਂ ਸੌ ਬੱਤੀ ਮਾਹੈ।ਅਠਕ ਛਟਕ ਜਬ ਲਖਿਯੋ ਵਾਹੈ।ਤਰਘਲ ਪਰਿਉ ਮੁਲਕ ਮੁਝਾਰੇ ।ਪਰੀ ਭਾਜੜੇ ਫੇਰ ਆਪਰੈ। {ਦੋਹਰਾ}

ਨਥਾ ਸਿੰਘ, ਦਿਆਲ ਸਿੰਘ, ਮੋਹਨ ਸਿੰਘ, ਜੀਤ ਜੀਵਨ ਸਿੰਘ, ਨਾਹਰ, ਹਰੀ, ਮਹਾ ਸਿੰਘ, ਰਣਜੀਤ।

ਚੌਪਈ

ਸਿੰਘ ਸਰਦਾਰ ਇਤ ਆਇ ਉਦਾਰੇ ਸਿਆਲ ਕੋਟ ਥਿਰ ਰਹੇ ਅਪਾਰੇ ।ਦਿਆਲ ਸਿੰਘ ਸਭ ਪ੍ਰਤਿ ਇਮ ਪ੍ਰੀਹਾ। ਦੇ ਨਾ ਹਵੈ ਸਿਰ ਜਿਸ ਨੇ ਈਹਾ।ਸੋਊ ਰਹੇ ਔਰੇ ਭਸ ਜਾਈ । ਹਮ ਤੇ ਬਾਜੀ ਸਿਰ ਲੈ ਲਾਈ । ਦੁਨ ਕੈ ਸਿੰਘ ਪਗ ਭਏ ਮਹਾਨੀ। ਰਹੇ ਤਰਾ ਹੀ ਥਿਰੇ ਅਪਾਰੇ।ਕਸਮੈਂ ਕੀਨੀ ਥਲ ਗੁਰ ਦੁਵਾਰੇ। ਚਾਰ ਹਜਾਰ ਕੁ ਜੁਰਿਊ ਬਹਾਦਰ । ਲਰਨ ਮਰਨ ਜੋ ਚਹੈ ਹੈ ਸਦਰ।ਦਿਆਲ ਸਿੰਘ ਨਥਾ ਸਿੰਘ ਭਾਈ।ਖਾਨ ਪਾਨ ਦੇ ਹੈ ਸਭ ਤਾਈ। ਤਾਹੀ ਸਮੇ ਲਾਗਿਊ ਦੁਗਾੜਾ ਆਏ ਸਾਥ ਬੀਚ ਨਿਕਲਿਊ ਕਪਾਰ ਫੋਰ ਦੁਤੀ ਉਰ ਬਹਾਰੇ।ਤੋ ਭੀ ਸਿੰਘ ਦੋਰਕੇ ਅਗਾਹਿ ਪਾਚ ਸਾਤ ਵਾਹਿ। ਵਾਹਿਗੁਰੂ ਬੋਲ ਚਾਹਿ ਗਿਰਯੋ ਮੂੰਹ ਭਾਹਰੋ।ਨੱਥਾਂ ਸਿੰਘ ਨਹਾਰ ਉਠ ਕੇ ਲਿਆਏ ਝਟ ਪਟ ਕਿਲੇ ਮੇ ਪਠਾਏ ਦੀਨ;ਜੰਗ ਕੀਨ ਠਾਹਰੇ"।

ਜਦ ਵੈਰੀ ਦਲ ਸਿਰ ਤੇ ਹੀ ਚੜ੍ਹ ਆਇਆ ਤੇ ਉਸ ਦੀ ਮਾਰ ਨਾਲ ਸਿੰਘ ਸ਼ਹੀਦ ਹੋ ਹੋ ਡਿਗਣ ਲਗੇ ਤਦ ਨੱਥਾ ਸਿੰਘ ਨੇ ਅਰਦਾਸ ਕਰਕੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੂੰ ਮਦਦ ਲਈ ਪੁਕਾਰਿਆ। ਗੁਰੂ ਜੀ ਭਾਰੀ ਫੌਜ ਲੈਕੇ ਮਦਦ ਲਈ ਆਣ ਪਹੁੰਚੇ ਤੇ ਸਿਖਾਂ ਦੀ ਜਿਤ ਹੋਈ।ਸਤਿਗੁਰਾਂ ਵਲੋਂ ਆਕੇ ਪਰਤਖ ਮਦਦ ਕਰਨ ਦੇ ਬਿਰਤਾਂਤ ਸਾਨੂੰ ਉਸ ਸਮੇ ਤਕ ਮਿਲਦੇ ਹਨ ਜਿਸ ਨੂੰ ਅਸੀ ਆਪ ਜੀ ਦੀ ਦੇਹ ਰੂਪੀ ਹੱਦ ੧੯੬੯ ਤਕ ਦਾ ਸਮਾਂ ਮੰਨਦੇ ਹਾਂ। ੧੭੬੫ ਤੋਂ ਆਪ ਗੁਰੂ ਜੀ ਗੁਪਤ ਪ੍ਰਗਟ ਰੂਪਾਂ ਵਿਚ ਵਿਚਰਦੇ ਤੇ ਸੰਗ੍ਰਾਮ ਚਲਾਉਂਦੇ ਹਨ।

ਅਗੇ ਚਲ ਕੇ ਪੰਥ ਪ੍ਰਕਾਸ਼ ਦੇ ਕਥਾ ਕੂਕਿਉ ਕੀ ਵਾਲੇ ਪ੍ਰਸੰਗ ਵਿਚ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ।-

"ਖਾਲਸੇ ਮੈ ਏਕ ਸਾਖ ਕੂਕੇ ਸਿੰਘ ਕੀ।ਤੀਸਕ ਬਰਸ ਤੋ ਜੋ ਥਿਤੇ ਮਹਾਨ ਹੈ। ਸਬਦ ਕੀ ਮਸਤੀ ਮੈ ਹਾਲ ਤੇ ਬਿਹਾਲ ਹੋਇ ।

ਸਿਰ ਤੇ ਉਤਰ ਜਾਤ ਦਸਤਾਰ ਤਾਨ ਹੈ।ਸਹੀ ਨਾਮ ਨਾਮਧਾਰੀ ਆਹਿ ਤਿਨਕਾ ਉਚਾਰੀ।ਕੂਕ ਮਾਰਨੇ ਤੇ ਕੂਕੇ ਜਗਤ ਬਖਾਨ ਹੈ।ਏਕ ਦਸਤਾਰ ਕੇ ਉਤਾਰ ਬਿਨ ਔਰ ਰੀਤ;ਚਾਹੀਯਤ ਜੈਸੀ ਤੈਸੀ ਤਿਨ ਮੈ

ਪ੍ਰਧਾਨ ਹੈ।ਭਏ ਕੂਕੇ ਜੈਸ ਅਥਿ ਸੁਨਲੈਹੁ ਤੈਸ ਸਭਿ। ਰਾਮ ਸਿੰਘ ਬੈਸ ਜਬ ਦੇਸ ਏਸ ਸਾਵਤੇ। ਅਟਕ ਦਰਯਾਉ ਤਟ ਫੋਹੀ ਨਾਮ ਗਾਮ ਮਹਿ;ਪੋਠੋਹਾਰ ਦੇਸ ਮਾਹਿ ਸਮ ਅਮਰਾਵ ਤੇ।ਸੰਮਤ ਅਠਾਰਾ ਸੌ ਛਿਪੰਜਾ ਮੈ ਬਾਲਕ ਸਿੰਘ ਭਇਓ ਅਵਤਾਰ ਤਹਿਈਸ ਅੰਸ ਭਾਵਤੇ।ਜਾਤ ਕਾ ਅਰੋੜਾ ਭਯੋ ਭਗਤ ਅਮੋੜਾ;ਨਾਮ ਜਪਯੋ ਨਾ ਥੋੜਾ ਛੋੜਾ;ਵਿਸ਼ੇ ਰਸ ਯਾਵਤੇ।ਨਾਮ ਸਿੰਘ ਬਾਲਕ ਪੈ ਪਾਲਕ ਪਿਰਬਿਰੋ ਕੇ।ਅਬਿਰੌ ਕੇ ਮਾਲਿਕ ਅਡੰਬਰੋ ਕੇ ਤਿਆਗੀ।ਤਾਲਕ ਰਕੈ ਹੈ ਏਕ ਖਾਲਕ ਸਲਕ ਸੇ। ਗਾਲਕ ਬਿਕਾਰਨ ਚਾਲਕ ਵਿਰਾਗੀ ਹੈ।ਗਇ ਰਾਖੀ ਘਟ ਦੀਪ ਜਿਸ ਨਿਜ ਅਜਮਤ ;ਸਜਮਤ ਭਗਤਿ ਵਿਰਕਤਿ ਅਦਾਗੀ ਹੈ। ਕੀਰਤਨ ਕਥਾ ਸਤਸੰਗ ਜਥਾ ਜੋਗ ਤਥਾ;ਰਾਖ ਤਥਾ ਭਾਖ ਤਥਾ ਭਜਨ ਸਜਾਗੀ ਹੈ।ਸੰਮਤ ਪਚਾਸੀਏ ਹਜਰੋ ਗਰਾਮ ਮਾਹਿ; ਭਤਈ ਤਾਹਿ ਕੇ ਦੁਕਾਨ ਆਇ ਤਹਾਜੋ ਕੋਈ ।ਯਾਹੇ ਤ ਬਾਲਿਕ ਮ੍ਰਿਗੇਸ ਭੀ ਬਸੇ ਤਹਾ;ਆਇ ਕੇ ਨਿਵਾਸ ਕੀਨ ਕ੍ਰਿਤ ਕਰਕੇ ਖਾਈ।ਤਾਜਿਕੇ ਪ੍ਰਤਾਪ ਕਰ ਹਜਰੌ ਅਮਾਪ ਵਰ;ਭਯੋਸਮ ਔਧਤਰ ਮੰਦਰਾ ਬਿਲੇ ਗਈ।ਭਏ ਲੋਗ ਵਡਭਾਗੀ ਭਗਤੀ ਮੈ ਮਤਿ ਪਾਗੀ।ਸੰਤ ਸੰਗਤ ਮਾਹਿ ਜਾਗੀ ਸੰਤ ਸੇਵ ਹੂੰ ਠਾਈ।ਬਾਲਿਕ ਮ੍ਰਿਗੇਸ ਤੇ ਵਸੇਸ ਉਪਦੇਸ ਨਾਮ ; ਯਾਦੀ ਨਰ ਨਾਰੀ ਲੈ ਅਪਾਰੀ ਭਵ ਤੈ ਤਰੇ।ਔਰ ਇਲਹਾਮ ਕਰਤਾਰ ਕਈ ਬਤਰ ਦਯੋ; ਨਾਮ ਦੇ ਉਧਾਰ ਕਰ ਜੀਵਨ ਕਾ ਤੂੰ ਖਰੇ।ਐਪੈ ਗੁਰ ਦਸਮ ਦਰਸ ਦੇ ਜੈ ਕਹਿਯੋ ਤਾਹਿ;ਮੇਰੋ ਅਵਤਾਰ ਅੰਸ ਰਾਮ ਸਿੰਘ ਹਵੈ ਭਰੇ। ਯਾਹਿ ਹੇਤ ਤਾਹਿ ਨਾਹਿ ਔਰ ਕਤਹਿ ਮਾਹਿ;ਨਿਜ ਸਕਤਿ ਰਖਾਈ ਗੁਰ ਵਾਕ ਦਿਢ ਥੇ ਧਰੇ।ਸੋਈ ਨੇਤ ਫੁਰੀਆਇ ਸੰਮਤ ਬਹੁਤੇ ਮੈ;ਮਾਘ ਸੁਦੀ ਪੰਚਮੀ ਸਵੇਰ ਗੁਰਵਾਰ ਕੈ ।ਜਿਲੇ ਲੁਧਿਆਨਾ ਗਾਮ ਭੈਣੀ ਨਾਮ ਜਾਣੇ ਆਮ;ਅਵਤਰੇ ਸਿੰਘ ਰਾਮ ਕਲਮ ਲੈ ਵਾਰ ਕੈ।ਜਾਤਿ ਤਰਖਾਨ ਜਸੇ ਨਾਮ ਕੇ ਆਵਸੇ ਘਰ; ਸਦਾ ਮਾਤਾ ਕੇ ਪ੍ਰਕਾਸੇ ਨਾਮ ਪਰਚਾਰ ਕੈ।

ਸੋ ਇਹਨਾ ਪੰਕਤੀਆਂ ਤੋ ਬਾਦ ਹੋਰ ਤਾਂ ਕੋਈ ਗਲ ਰਹਿ ਨਹੀ ਜਾਂਦੀ ਜੋ ਸਮਝਣ ਜਾ ਸਮਝਾਣ ਵਾਲੀ ਕਿ ਨੰਦੇੜ ਪਿਛੋਂ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਕਿਸ ਤਰਾਂ ਸਿਖਾਂ ਦੀ ਮਦਦ ਪ੍ਰਤਖ ਦਰਸ਼ਨ ਦੇ ਕੇ ਕਰਦੇ ਰਹੇ ਅਤੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੂੰ ਕਦੋਂ ਤੇ ਕਿਥੇ ਜਾਕੇ ਦਰਸ਼ਨ ਦਿਤੇ; ਇਹ ਸਭ ਗੁਰੂ ਦੀਆਂ

ਖੇਡਾਂ ਹਨ; ਉਹ ਜੋ ਚਾਹੇ ਜਦੋ ਚਾਹੇ ਕਰਦਾ ਹੈ । ਸੰਸਾਰੀ ਬੰਦੇ ਨਹੀ ਸਮਝ ਸਕਦੇ ; ਜੇ ਪਤਾ ਵੀ ਲਗ ਜਾਵੇ ਤਾਂ ਉਹ ਆਪਣੀ ਮਾਇਆ ਪਾਕੇ ਭੁਲਾ ਦਿੰਦਾ ਹੈ। ਸੋ ਹੁਣ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਦੇ ਹਾਂ ਅਤੇ ਉਹਨਾਂ ਦੇ ਉਪਕਾਰਾਂ ਦਾ ਜਸ ਪੜ੍ਹੀਏ-ਸੁਣੀਏ।

***

ਸ੍ਰੀ ਸਤਿਗੁਰੂ ਬਾਲਕ ਸਿੰਘ ਜੀ



ਸ੍ਰੀ ਸਤਿਗੁਰੂ ਬਾਲਿਕ ਸਿੰਘ ਜੀ ਦਾ ਪ੍ਰਕਾਸ਼ ਫਗੱਣ ਸੁਦੀ ੧੫ ਪੂਰਨਮਾਸੀ ਸੰਮਤ ੧੮੪੧ ਬਿਕਰਮੀ (੧੭੮੫ ਈ.) ▯▯ਨੂੰ ਪਿੰਡ ਸਰਵਾਲੇ ਜਿਲਾ ਅਟਕ ਵਿਖੇ ਬਤਰੇ ਜਾਤੀ ਦੇ ਅਰੋੜੇ ਸਿਖ ਬਾਬਾ ਦਯਾਲ ਸਿੰਘ ਜੀ ਤੇ ਮਾਤਾ ਭਾਗ ਭਰੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦੇ ਬਾਬਾ ਜੀ(ਦਾਦਾ ਜੀ) ਦਾ ਨਾਮ ਸੋਭਾ ਸਿੰਘ ਤੇ ਚਾਚਾ ਜੀ ਦਾ ਨਾਮ ਸ਼ਾਮ ਸਿੰਘ ਜੀ ਸੀ ਅਤੇ ਵਡੇ ਭਾਈ ਮੰਨਾ ਸਿੰਘ ;ਭੈਣ ਦਾਤੋ ਜੀ ਸਨ। ਮਾਤਾ ਜੀ ਨੂੰ ਇਹਨਾਂ ਦੇ ਪ੍ਰਕਾਸ਼ ਸਮੇ ਸ੍ਰੀ ਗੁਰੂ ਨਾਨਕ ਦੇਵ ਜੀ

ਦੇ ਦਰਸ਼ਨ ਹੋਏ। ਇਹਨਾਂ ਦੇ ਬਾਲਪਨ ਦੇ ਸਾਰੇ ਕੌਤਕ ਵੀ ਉਹੋ ਜਿਹੇ ਸਨ, ਸਾਧਾਂ ਦੀ ਸੇਵਾ ਕਰਨੀ ਗਰੀਬਾਂ ਨੂੰ ਖੁਲ੍ਹਾ ਗੱਫਾ ਦੇਣਾ।ਇਹਨਾਂ ਦਾ ਨਾਮ ਗੁਰੂ ਬਾਣੀ ਦੇ ਉਚਾਰੇ ਸ਼ਬਦ ਤੋਂ ਹੀ ਰਖਿਆ ਸੀ "ਬਿਸਰ ਗਈ ਸਭ ਤਾਤ ਪਰਾਈ"।ਇਸ ਸਬਦ ਦਾ ਪਹਿਲਾ ਅਖਰ "ਬ" ਤੋਂ ਬਾਲਕ ਸਿੰਘ ਜੀ ਰਖਿਆ ਗਿਆ।ਆਪ ਜੀ ਸਰੀਰ ਕਰਕੇ ਅੱਠ ਸਾਲਾਂ ਦੀ ਆਰਜੂ ਵਿਚ ਹੀ ਗੁਰਮੁਖੀ ਅਤੇ ਦੂਸਰੀ ਭਾਸ਼ਾ, ਲੰਡੇ ਸਭ ਪੜ੍ਹ ਲਏ ਸਨ।

ਆਪ ਜੀ ਦਾ ਅਨੰਦ ਕਾਰਜ ਪੁਰਾਤਨ ਮਰਯਾਦਾ (ਬ੍ਰਾਹਮਣੀ ਰੀਤ) ਅਨੁਸਾਰ ਨਾਲ ਮਾਤਾ ਤੋਤੀ ਜੀ ਨਾਲ ਹੋਇਆ।ਸ੍ਰੀ ਗੁਰੂ ਬਾਲਕ ਸਿੰਘ ਜੀ ਆਪਣੀ ਕਿਰਤ ਕਰਨ ਲਈ ਸਰਵਾਲੇ ਦੁਕਾਨ ਪਾਈ ਹੋਈ ਸੀ।ਆਪ ਜੀ ਨੂੰ ਦੁਕਾਨ ਦਾ ਸਮਾਨ ਲੈਣ ਛੋਈ ਜਾਣਾ ਪੈਂਦਾ ਸੀ । ਰਸਤੇ ਵਿਚ ਹਰੋ ਨਦੀ ਤੇ ਸਿੰਧ ਦਰਿਆ ਦਾ ਸੰਗਮ ਪੈਂਦਾ ਸੀ। ਸਤਿਗੁਰੂ ਜੀ ਆਲੇ ਦੁਆਲੇ ਪਹਾੜੀਆਂ ਅਤੇ ਹਰੋ ਨਦੀ ਤੇ ਸਿੰਧ ਦਾ ਸੰਗਮ ਦਾ ਕੁਦਰਤੀ ਨਜ਼ਾਰਾ, ਹਰਿਆਵਲ ਵੇਖ ਕੇ ਏਥੇ ਹੀ ਠਹਿਰ ਜਾਂਦੇ ਅਤੇ ਆਸਣ ਵਿਛਾ ਕੇ ਭਗਤੀ ਵਿਚ ਲੀਨ ਹੋ ਜਾਂਦੇ।

ਵੈਸਾਖ ਸੁਦੀ ੧੦ਵੀ ਸੰਮਤ ੧੮੬੯ ਬਿਕ੍ਰਮੀ ਸੰਨ ੧੮੧੨ ਈ; ਵਾਲੇ ਦਿਨ ਆਪ ਜੀ ਏਸੇ ਸੁੰਦਰ ਅਸਥਾਨ ਤੇ ਭਗਤੀ ਕਰਦੇ ਸਨ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆ ਦਰਸ਼ਨ ਦਿਤੇ ਅਤੇ ਗੁਰਤਾ ਬਖਸ਼ ਦਿਤੀ ।ਭਾਵ ਗੁਰਗੱਦੀ ਦੀ ਜੋ ਰੀਤ ਮਰਯਾਦਾ ਅਰਪਣ ਕਰ ਦਿਤੀ ਅਤੇ ਬਚਨ ਕੀਤਾ, "ਤੂੰ ਇਹ ਅਮਾਨਤ ਸਾਂਭ ਕੇ ਰਖੀ ਮੈਂ ਬਾਰਵ੍ਹੋਂ ਜਾਮੇ ਵਿਚ ਆ ਕੇ ਲਵਾਂਗਾ।"

ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਉਸ ਵਕਤ ਆਯੂ ਕਰਕੇ ੨੯ਵੇਂ ਸਾਲ ਵਿਚ ਸਨ । "ਜਨਮ ਸਾਖੀ ਭਾਈ ਬਾਲੇ ਵਾਲੀ" ਵਿਚ ਅਜਿਤੇ ਰੰਧਾਵੇ ਦੀ ਗੋਸਟਿ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੁਕਮ ਕੀਤਾ ਸੀ।"ਜਦ ਦਸਮਾ ਜਾਮਾ ਹੋਵੇਗਾ ਤਾ ਗਿਆਰਵਾਂ ਗੁਪਤ ਵਰਤੇਗਾ" ਤਥਾ ਬੇਰ ਗਿਆਰਵੀ ਹਮ ਚਲ ਆਵਹਿ । ਇਸ ਤੇ ਕੋਇਕ ਹਮ ਲਖ ਪਾਵਇ।ਪੰਥ ਖਾਲਸਾ ਖੇਤੀ ਮੇਰੀ ਕਰੋ ਸੰਭਾਲਨ ਮੈਂ ਤਿਸ ਬੇਰੀ "ਸ੍ਰੀ ਗੁਰੂ ਪ੍ਰਤਾਪ ਸੂਰਜ। ਇਸੇ ਤਰ੍ਹਾਂ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਗੁਰਗੱਦੀ ਦਿਤੀ ਨਾਲ ਹੀ ਇਹ ਗਿਆਨ ਕਰ ਦਿਤਾ ਕਿ ਮੈਂ ਇਹ ਬਾਹਰਵੇਂ ਜਾਮੇ ਵਿਚ ਆਕੇ ਲਵਾਂਗਾ।"ਮੇਰੋ ਅਵਤਾਰ ਰਾਮ ਸਿੰਘ ਹਵੈ ਭਰੇ"।

"ਤਿਸ ਮਹਿ ਰਾਮ ਸਿੰਘ ਮਮਸਾਰਾ ਦੇਸ ਮਾਲਵੇ ਮਹਿ ਅਵਤਾਰਾ।" ਅਤੇ

ਨਾਲ ਹੀ ਸਾਰਾ ਵਿਰਤਾਂਤ ਦਸ ਦਿਤਾ ।ਭੈਣੀ ਪਿੰਡ ਹੋਵੇਗਾ ਤੇ ਬਾਵੀਆਂ ਦੀ ਕੁਲ (ਰਾਮਗੁੜੀਆ)ਬਾਵੀ ਸੁਤ ਭੈਣੀ ਕੋ ਧਾਮਾ। ਵੇਖੋ ਸੌ ਸਾਖੀ । ਇਸ ਕਰਕੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਆਪਣੇ ਠਾਕੁਰ ਜੀ ਦੀ ਉਡੀਕ ਵਿਚ ਹੀ ਰਹਿੰਦੇ ਅਤੇ ਭਜਨ ਬੰਦਗੀ ਵਿਚ ਲੀਨ ਸਨ । ਜਿਸ ਤਰਾਂ ਇੰਦਰ ਸਿੰਘ ਚਕ੍ਰਵਰਤੀ ਨੇ ਲਿਖਿਆ ਹੈ ਸ੍ਰੀ ਗੁਰੂ ਬਾਲਕ ਸਿੰਘ ਜੀ ਦੀ ਜੀਵਨੀ ਵਿਚ ਕਿ ਸਤਿਗੁਰੂ ਜੀ ਨੂੰ ਜਦੋਂ ਹੁਕਮ ਹੋਇਆ ਕਿ ਤੂੰ ਸਭ ਨੂੰ ਭਜਨ ਦੇ ਤਾਂ ਇਹਨਾਂ ਅਰਜ਼ ਕੀਤੀ ਇਹ ਭਾਰ ਮੈਥੋਂ ਨਹੀ ਚੁਕਿਆ ਜਾਣਾ।ਫਿਰ ਹੁਕਮ ਹੋਣ ਤੇ ਇਹਨਾਂ ਨੂੰ ਕਈ ਵਾਰ ਅਕਾਲ ਪੁਰਖ ਦੇ ਦਰਸਨ ਵਿਸ਼ਨੂੰ ਸਰੂਪ ਵਿਚ ਹੁੰਦੇ ਸਨ ਅਤੇ ਇਹ ਭਜਨ ਤਿੰਨ ਜੁਗਤੀ ਰਾਹੀ ਸਿਖ ਨੂੰ ਦਸਦੇ ਸਨ।(੧)ਕੰਨ ਵਿਚ (੨) ਬਾਹਰ ਕਲਿਆਂ ਲਿਜਾ ਕੇ (੩) ਅਕਾਸ਼ਬਾਣੀ ਦੁਆਰਾ । ਜੇਹੜੇ ਸੰਗਤ ਵਿਚ ਪੁਛਦੇ ਉਹਨਾਂ ਨੂੰ ਕੰਨ ਵਿਚ ਵਾਰੀ ਵਾਰੀ ਗੁਪਤ ਸੁਣਾਂਦੇ।ਕਈ ਵਾਰੀ ਬਹੁਤ ਸਾਰੇ ਨਾਮ ਅਭਿਲਾਖੀਆਂ ਨੂੰ ਇਕਾਂਤ ਸਥਾਨ ਇਕੋ ਵਾਰ ਭੀ ਸੁਣਾ ਦਿੰਦੇ ਸਨ।ਇਸ ਸੰਗਤ ਵਿਚ ਕੋਈ ਐਸਾ ਪੁਰਸ਼ ਨਹੀ ਸੀ ਬੈਠ ਸਕਦਾ ਜੇਹੜਾ ਨਾਮ ਦਾ ਅਭਿਲਾਖੀ ਅਤੇ ਸ਼ਰਧਾਲੂ ਨਾ ਹੋਵੇ।ਤੀਜੀ ਯੁਕਤੀ ਮੁਸਲਮਾਨਾਂ ਵਾਸਤੇ ਸੀ ਜੋ ਇਹਨਾਂ ਦੇ ਸਿਖ ਬਣੇ।ਜਦ ਕੋਈ ਮੁਸਲਮਾਨ ਭਜਨ ਲਈ ਬੇਨਤੀ ਕਰਦਾ ਤਾਂ ਸਤਿਗੁਰੂ ਜੀ ਬਚਨ ਕਰਦੇ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਬਾਹਰ ਜੰਗਲ ਵਿਚ ਚਲਾ ਜਾਵੀਂ ਉਥੇ ਜਾ ਕੇ ਇਕ ਮਨ ਹੋ ਕੇ ਖੁਦਾ ਦੇ ਚਰਨਾਂ ਵਿਚ ਬੇਨਤੀ ਕਰੀਂ ਕਿ ਹੇ ਖੁਦਾ ਮੈਨੂੰ ਇਸ ਸਮੇ ਦੀ ਬੰਦਗੀ ਪ੍ਰਾਪਤ ਹੋ ਜਾਵੇ।ਜਿਸ ਸ਼ਰਧਾਲੂ ਨੇ ਬਚਨ ਮੰਨ ਕੇ ਏਸੇ ਤਰਾਂ ਅਰਜ਼ ਕਰਨੀ ਤਾਂ ਅਕਾਸ਼ਬਾਣੀ ਦੁਆਰਾ ਉਸ ਨੂੰ ਚੁਅਖਰਾ ਮੰਤ੍ਰ ਉਸ ਦੇ ਕੰਨ ਵਿਚ ਸੁਣਾਈ ਦਿੰਦਾ ਸੀ।ਇਸ ਨੂੰ ਮੁਸਲਮਾਨ ਕਰਾਮਾਤ ਸਮਝਦੇ ਸਨ ਅਤੇ ਉਸ ਵਕਤ ਬਹੁਤ ਸਾਰੇ ਮੁਸਲਮਾਨ ਇਹਨਾਂ ਦੇ ਸਿਖ ਬਣੇ ਸਨ।

ਇਸ ਵਿਚ ਕੋਈ ਸ਼ਕ ਨਹੀ ਕਿ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਗੁਪਤ ਰਹਿੰਦੇ ਪਰ ਕਰਾਮਾਤ ਬਹੁਤ ਸੀ। ਜੋ ਵੀ ਬਚਨ ਕਰਦੇ ਉਹ ਅਟਲ ਸਨ। ਇਹਨਾਂ ਹੰਕਾਰੀਆਂ ਦੇ ਦਿਲ ਦੀਆਂ ਜਾਣ ਕੇ ਉਹਨਾਂ ਦੇ ਹੰਕਾਰ ਤੋੜੇ। ਇਸ ਤਰ੍ਹਾਂ ਦੀਆਂ ਕਿੰਨੀਆਂ ਸਾਖੀਆਂ ਹਨ।ਸਾਰੀਆਂ ਤਾਂ ਵਰਨਣ ਨਹੀ ਕਰ ਸਕਦੇ ਪਰ ਇਕ ਧਨੀ ਨਾਮ ਜੋ ਠਾਕੁਰ ਪੂਜਾ ਕਰਦਾ ਸੀ।ਭਾਈ ਰਾਮ ਸਹਾਏ ਜਿਸ ਨੂੰ ਗੁਰਾਂ ਨੇ ਮੋਮਣਾ ਬਣ ਦਰਸ਼ਨ ਦਿਤੇ। ਭਾਈ ਸੰਤ ਸਿੰਘ ਜੀ ਮਰਦਾਨ ਵਾਲੇ ਜਿਹਨਾਂ ਨੂੰ ਗੁਰਬਾਣੀ ਪੜ੍ਹਨ ਲਈ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਦਾ ਹੁਕਮ ਹੋਇਆ;ਬਾਬਾ ਹੁਕਮ

ਸਿੰਘ ਜੀ ਸੋਢੀ ਦਾ ਹੰਕਾਰ ਇਹ ਬਚਨ ਕਰਕੇ ਦਸਿਆ ਕਿ ਤੈਨੂੰ ਇਹ ਨਹੀ ਸ਼ੋਭਦਾ ਤੂੰ ਤਾਂ ਸੋਢੀਆਂ ਵਿਚੋਂ ਹੈ।ਕਿਸੇ ਮਾਈ ਨੇ ਬੇਨਤੀ ਕੀਤੀ ਪੋਤਰੇ ਚਾਹੀਦੇ ਹਨ; ਉਸ ਨੂੰ ਬਚਨ ਕਰ ਕੇ ਪੰਜ ਬਖਸ਼ ਦਿਤੇ।ਇਸ ਤਰਾਂ ਸ੍ਰੀ ਸਤਿਗੁਰੂ ਜੀ ਦੇ ਨਿਜੀ ਸੇਵਕ, ਭਾਈ ਦੇਵਾ, ਭਾਈ ਸੁਖਾ, ਭਾਈ ਮੰਗਲ ਸਿੰਘ, ਭਾਈ ਸੰਗਤੀਆ, ਭਾਈ ਹਿੰਮਤੂ ਅਤੇ ਭਾਈ ਸੰਤ ਸਿੰਘ ਜੀ ਇਹ ਸਾਰੇ ਸਤਿਗੁਰਾਂ ਦੀ ਆਗਿਆ ਅਨੁਸਾਰ ਸੇਵਾ ਵਿਚ ਮਗਨ ਰਹਿੰਦੇ ਪਰ ਸੰਤਾ ਸਿੰਘ ਜੀ ਸਤਿਗੁਰੂ ਜੀ ਨੂੰ ਮੁਠੀਆਂ ਭਰਦਾ(ਭਾਵ ਚਰਨ ਦਬਾਂਦਾ ਹੁੰਦਾ ਸੀ) ਇਕ ਦਿਨ ਸੇਵਾ ਕਰਦਿਆਂ ਕਰਦਿਆਂ ਚਿਤ ਵਿਚ ਆਈ ।ਇਹ ਸੇਵਾ ਸਦਾ ਮੈਂ ਹੀ ਕਰਦਾ ਹਾਂ ਹੋਰ ਕੋਈ ਨਹੀ, ਜਾਣੀ ਜਾਣ ਦਿਲਾਂ ਦੀਆਂ ਜਾਣਦਾ ਹੈ।ਸਤਿਗੁਰਾਂ ਨੇ ਉਸੇ ਵਕਤ ਦਿਲ ਦੀ ਜਾਣ ਕੇ ਬਚਨ ਕੀਤਾ ਚੰਗੀ ਤਰਾਂ ਵੇਖ, ਇਹ ਬਚਨ ਕਰਨ ਦੀ ਦੇਰ ਸੀ।ਸੰਤ ਸਿੰਘ ਮਰਦਾਨ ਜੀ ਕੀ ਵੇਖਦਾ ਹੈ ਕਿ ਅਨੇਕਾਂ ਇਸਤਰੀਆਂ ਤੇ ਪੁਰਸ਼ ਗੁਰੂ ਜੀ ਦੇ ਦੁਆਲੇ ਹਥ ਜੋੜੀ ਖਲੋਤੇ ਹਨ। ਕੋਈ ਮੁਠੀਆਂ ਭਰ ਰਿਹਾ ਹੈ ਤੇ ਕੋਈ ਚਰਨ ਝੱਸ ਰਿਹਾ ਹੈ ਅਤੇ ਜੇਹੜੇ ਕੋਲ ਖਲੋਤੇ ਹਨ ਉਹ ਉਤਾਵਲੇ ਹੋ ਰਹੇ ਹਨ ਕਿ ਸਾਡੀ ਵਾਰੀ ਕਦ ਆਵੇ ਤਾਂ ਅਸੀ ਇਹ ਸੇਵਾ ਕਰੀਏ। ਸੰਤ ਸਿੰਘ ਮਰਦਾਨ ਇਹ ਕੌਤਕ ਵੇਖ ਕੇ ਸਤਿਗੁਰਾਂ ਅਗੇ ਅਰਜ ਕੀਤੀ ਸਤਿਗੁਰੂ ਜੀ ਇਹ ਕੌਣ ਹਨ ? ਸਤਿਗੁਰਾਂ ਬਚਨ ਕੀਤਾ ਭਾਈ ਇਹ ਦੇਵ ਲੋਕ ਦੇ ਦੇਵਤੇ ਤੇ ਅਪਸਰਾਂ ਹਨ ਜੋ ਰਾਤ ਦਿਨ ਸੇਵਾ ਵਿਚ ਹਾਜ਼ਰ ਰਹਿੰਦੇ ਹਨ।ਇਹ ਸੁਣ ਕੇ ਸੰਤ ਸਿੰਘ ਜੀ ਸਤਿਗੁਰਾਂ ਦੇ ਚਰਨੀ ਢਹਿ ਪਿਆ ਅਤੇ ਆਖਣ ਲੱਗਾ ਮੈਨੂੰ ਬਖਸ਼ੋ ਮੈਥੋਂ ਭੁਲ ਹੋ ਗਈ।

ਠਾਕੁਰਾਂ ਦੀ ਮਹਿਮਾ

ਆਖਦੇ ਨੇ ਕਿ ਜਦ ਸ੍ਰੀ ਸਤਿਗੁਰੂ ਬਾਲਿਕ ਸਿੰਘ ਜੀ ਨੇ ਖੁਸ਼ੀ ਵਿਚ ਆਉਣਾ ਤਾਂ ਆਪਣੇ ਠਾਕੁਰਾਂ ਦੀ ਮਹਿਮਾ ਹੀ ਕਰਨੀ।ਸਿਖਾਂ ਨੂੰ ਇੰਜ ਦਸਣਾ, "ਭਾਈ ਅਸੀ ਤਾਂ ਸਿਖੀ ਰੂਪ ਖੇਤੀ ਦੇ ਰਾਖੇ ਬੈਠੇ ਹਾਂ"।ਸ੍ਰੀ ਗੁਰੂ ਗੋਬਿੰਦ ਸਿੰਘ ਸਾਨੂੰ ਇਹ ਹੁਕਮ ਕੀਤਾ ਸੀ, ਅਸੀਂ ਤਾਂ ਉਸ ਸਾਹਿਬਾਂ ਦੇ ਹੁਕਮ ਅਨੁਸਾਰ ਠਾਕੁਰ ਜੀ ਨੂੰ ਉਡੀਕ ਰਹੇ ਹਾਂ ਜੋ ਪੰਜਾਬ ਦੀ ਧਰਤੀ ਵਿਚੋਂ ਆਵਣਗੇ ਤੇ ਸਾਨੂੰ ਦਰਸ਼ਨ ਦੇਣਗੇ ਅਤੇ ਆਪਣੀ ਅਮਾਨਤ ਜੋ ਦਸਮ ਰੂਪ ਵਿਚ ਸਾਡੇ ਕੋਲ ਰਖੀ ਹੈ, ਉਹ ਲੈ ਜਾਣਗੇ ਅਤੇ ਨਾਮ ਖਜਾਨਾ ਭਲੀ ਭਾਂਤ ਵਰਤਾਵਣਗੇ।ਉਹਨਾਂ ਦੇ ਦਰਸ਼ਨ ਨਾਲ ਹੀ ਸੰਸਾਰ ਦਾ ਉਧਾਰ ਹੋ ਜਾਵੇਗਾ।ਉਹ ਅਨੰਤ ਕਲਾ ਵਾਲਾ ਠਾਕੁਰ ਸੰਸਾਰ ਨੂੰ ਤਾਰਨ

ਆਵੇਗਾ।ਉਹਨਾਂ ਨੂੰ ਤਾਂ ਸੁਕਦੇਵ ਆਦਿ ਮਹਾਂਰਿਖੀਆਂ ਨੇ ਵੀ ਪ੍ਰੀਛਤ ਪ੍ਰਤੀ ਸੰਬੋਧਨ ਕਰਦਿਆਂ ਹੋਇਆਂ ਪੂਰਬ ਕਾਲ ਵਿਚ ਪ੍ਰਨਾਮ ਕੀਤੀ ਹੈ।ਉਸ ਕਾਵਿ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਭਾਸ਼ਾ ਕਾਵਯ ਵਿਚ ਅਨੁਵਾਦ ਕਰਕੇ ਇੰਜ ਲਿਖਿਆ ਹੈ ਕਿ "ਜਾਹੀ ਕੁਲ ਤੇ ਉਪਜੈ ਤਾਹੀ ਕੁਲ ਕੋ ਨਾਮ, ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ"। ਸੁਕਦੇਵ ਆਖਦੇ ਹਨ ਕਿ ਇਹ ਕਲਜੁਗ ਵਿਚ ਬਾਰਵਾਂ ਗੁਰੂ ਹੋਵੇਗਾ ਉਸ ਦੀ ਕੁਲ ਨੂੰ ਅਤੇ ਉਸ ਨੂੰ ਮੇਰੀ ਨਮਸਕਾਰਹੈ। ਯਥਾ ਦੁਆਦਸ ਪੁਰਖ ਹੈ ਆਦ ਸੇ ਸਭਹਨ ਕੇ ਸਿਰਮੌਰ। ਸ਼ਕਤ ਅਨੰਤੀ ਆਇ ਹੈ ਆਦਿ ਇਹੈ ਨਹੀ ਔਰ ।

ਭਾਵ ਇਹ ਸਭਨਾਂ ਤੋਂ ਸ਼ਕਤੀਵਾਨ ਹੋਵੇਗਾ।ਇਸ ਤਰਾਂ ਸਤਿਗੁਰੁ ਜੀ ਆਪਣੇ ਸਤਿਗੁਰ ਠਾਕੁਰ ਜੀ ਦੀਆਂ ਸਿਫਤਾਂ ਕਰਦੇ ਸਨ ਕਿ ਇਕ ਧਨੀਰਾਮ ਸਤਿਗੁਰਾਂ ਦੇ ਦਰਸ਼ਨ ਕਰਨ ਆਇਆ। ਸਤਿਗੁਰਾਂ ਥਾਪੀ ਦੇ ਕੇ ਕੋਲ ਬਿਠਾ ਲਿਆ। ਕੋਲ ਬੈਠੇ ਸਤਿਗੁਰਾਂ ਦੇ ਸੇਵਕ ਸਾਈ ਸਾਹਿਬ ਨੇ ਬੇਨਤੀ ਕੀਤੀ ਮਹਾਰਾਜ ਆਪ ਜੀ ਦੇ ਸਮਾਨ ਭਗਤੀ ਕਰਨ ਵਾਲਾ ਕੋਈ ਹੋਰ ਵੀ ਇਸ ਧਰਤੀ ਤੇ ਹੈ ਕਿ ਨਹੀ? ਗੁਰੂ ਜੀ ਬਚਨ ਕੀਤਾ ਇਹ ਗੱਲ ਧਨੀ ਰਾਮ ਜੀ ਦੱਸਣਗੇ।ਧਨੀ ਰਾਮ ਜੀ ਬੇਨਤੀ ਕੀਤੀ ਮੈਂ ਕੌਣ ਹਾਂ ਦੱਸਣ ਵਾਲਾ ।ਸਤਿਗੁਰਾਂ ਬਚਨ ਕੀਤਾ ਇਹ ਗਲ ਤੈਥੋਂ ਹੀ ਪੁਛਣੀ ਹੈ।ਧਨੀ ਰਾਮ ਇਹ ਸੁਣਕੇ ਸਮਾਧੀ ਲੀਨ ਹੋਇਆ ਤਾਂ ਸਤਿਗੁਰਾਂ ਉਸ ਨੂੰ ਦਰਸਾਇਆ ਕਿ ਜੱਸਾ ਸਿੰਘ ਦੇ ਘਰ ਭੈਣੀ ਪਿੰਡ ਰਾਈਆਂ ਵਿਖੇ ਹੋਵੇਗਾ ਜਿਸ ਦਾ ਨਾਮ ਰਾਮ ਸਿੰਘ ਹੋਵੇਂਗਾ। ਧਨੀ ਰਾਮ ਨੇ ਸਮਾਧੀ ਖੋਹਲੀ ਤੇ ਸਾਰਾ ਹਾਲ ਦੱਸਿਆ ਤਾਂ ਗੁਰੂ ਬਾਲਕ ਸਿੰਘ ਜੀ ਬਚਨ ਕੀਤਾ ਅਸੀ ਵੀ ਉਸੇ ਠਾਕੁਰ ਦੀ ਉਡੀਕ ਵਿਚ ਹਾਂ ।ਉਹ ਕਦ ਆਣ ਤੇ ਆਪਣੀ ਅਮਾਨਤ ਸਾਂਭਣ ਇਹ ਬਚਨ ਕਰਦੇ ਕਰਦੇ ਵੈਰਾਗੀ ਹੋ ਗਏ।

ਸ੍ਰੀ ਗੁਰੂ ਬਾਲਕ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਮਿਲਾਪ-

ਜਿਸ ਤਰਾਂ ਕਿ ਪਿਛਲੇ ਪ੍ਰਸੰਗ ਵਿਚ ਵਰਨਣ ਕੀਤਾ ਜਾ ਚੁਕਾ ਹੈ ਜੋ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਕਈ ਵਾਰ ਇਹ ਕਿਹਾ ਕਰਦੇ ਸਨ ਕਿ ਅਸੀ ਠਾਕੁਰ ਜੀ ਦੀ ਉਡੀਕ ਵਿਚ ਰਾਹ ਤਕ ਰਹੇ ਹਾਂ। ਉਹ ਆਣ ਤੇ ਆਪਣੀ ਭਜਨ ਤੇ ਗੁਰਿਆਈ ਦੀ ਰਾਸ ਸੰਭਾਲਣ।ਇਹ ਪਹਿਲਾਂ ਦਸ ਚੁਕੇ ਹਾਂ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਆਣ ਦਾ ਸਾਰਾ ਵਿਰਤਾਂਤ ਉਹਨਾਂ ਦਾ ਪਤਾ ਪਿੰਡ ਅਤੇ ਨਾਮ ਸਭ

ਕੁਝ ਦਸ ਗਏ ਸਨ।ਉਸੇ ਅਨੁਸਾਰ ਭੈਣੀ ਜਿਲਾ ਲੁਧਿਆਨਾ ਦਾ ਰਾਮਗੜ੍ਹੀਆ ਘਰਾਣੇ ਵਿਖੇ ਸੰਮਤ ੧੮੭੨ ਬਿਕ੍ਰਮੀ ੧੮੧੬ ਈ;ਨੂੰ ਅਵਤਾਰ ਧਾਰਿਆ । ਮਾਤਾ ਸਦਾ ਕੌਰ ਪਿਤਾ ਜੱਸਾ ਸਿੰਘ ਜੀ ਦੇ ਘਰ ਜਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਵਾਨ ਹੋ ਗਏ ਤਾਂ ਮਹਾਰਾਜਾ ਨੌਨਿਹਾਲ ਸਿੰਘ ਦੀ ਪਲਟਨ ਵਿਚ ਭਰਤੀ ਹੋ ਗਏ।ਜਿਥੇ ਉਹਨਾਂ ਦੀ ਨਿਰਾਲੀ ਲੀਲਾ ਦੇ ਕਾਰਣ ਚੰਗਾ ਅਸਰ ਤੇ ਭਗਤੀ ਭਾਉ ਪੈਦਾ ਹੋ ਗਿਆ ਸੀ ।ਹਜਰੋ ਸ੍ਰੀ ਸਤਿਗੁਰੂ ਜੀ ਉਹਨਾਂ ਨੂੰ ਯਾਦ ਕਰਦੇ ਸਨ ਤੇ ਇਧਰ ਮਹਾਰਾਜ ਨੌਨਿਹਾਲ ਸਿੰਘ ਜੀ ਦੀ ਪਲਟਨ ਨੂੰ ਸਰਕਾਰ ਨੇ ਹੁਕਮ ਕਰ ਦਿਤਾ ਕਿ ਖਜ਼ਾਨਾ ਪਸ਼ੌਰ ਤੋਂ ਲਿਆਉਣ ਲਈ ਤਿਆਰ ਹੋ ਜਾਵੋ।ਜਿਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਨ।ਜਦ ਇਹ ਫੌਜ ਅਟਕ ਦੇ ਉਰਾਰ ਇਕ ਬਉਲੀ ਹੈ ਉਥੇ ਪਹੁੰਚੀ, ਤਾਂ ਅਗੋਂ ਪਸ਼ੌਰ ਦੀ ਫੌਜ ਖਜ਼ਾਨਾ ਲੈ ਕੇ ਪਹੁੰਚੀ ਸੀ, ਦੇ ਕੇ ਵਾਪਸ ਮੁੜੀ। ਲਹੌਰ ਦੀ ਫੌਜ ਹਜਰੋ ਵਾਲੇ ਕਿਲੇ ਵਿਚ ਆ ਕੇ ਰਹੀ।

ਏਥੇ ਫੌਜੀ ਸਿੱਖਾਂ ਨੇ ਸਤਿਗੁਰੂ ਬਾਲਕ ਸਿੰਘ ਜੀ ਦੀ ਮਹਿਮਾ ਸੁਣੀ। ਕਈਆਂ ਦੇ ਦਿਲ ਵਿਚ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਦੀ ਉਮੰਗ ਪੈਦਾ ਹੋਈ।ਸਭ ਤੋਂ ਪਹਿਲਾ ਬਾਬਾ ਜਮੀਤ ਸਿੰਘ ਜੀ ਨਗਰ ਗਿਲ ਜ਼ਿਲ੍ਹਾ ਸਿਆਲਕੋਟ ਨੇ ਜਾ ਕੇ ਦਰਸ਼ਨ ਕੀਤੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਸਾਥੀਆਂ ਸਮੇਤ ਦਰਸ਼ਨ ਕਰਨ ਗਏ।ਅਗੋਂ ਗੁਰੂ ਬਾਲਕ ਸਿੰਘ ਜੀ ਇਸ ਤੁਕ ਦੀ ਕਥਾ ਕਰ ਰਹੇ ਸਨ।

"ਠਾਕੁਰ ਤੁਮ ਸਰਣਾਈ ਅਇਆ॥
ਉਤਰ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ॥"

ਜਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਾ ਕੇ ਮੱਥਾ ਟੇਕਿਆ ਅਤੇ ਨਮਸਕਾਰ ਕਰਕੇ ਬੈਠਣ ਲਗੇ ਤਾਂ ਸਤਿਗੁਰੂ ਬਾਲਕ ਸਿੰਘ ਜੀ ਨੇ ਆਪਣੀ ਰਸਨਾ ਥੀ ਉਚਾਰਨ ਕੀਤਾ ਕਿ "ਆਉ ਠਾਕੁਰ ਜੀ ਮਹਾਰਾਜ ਅਸੀ ਬੜੇ ਚਿਰਾਂ ਤੋਂ ਆਪ ਜੀ ਨੂੰ ਉਡੀਕਦੇ ਸੀ। ਆਪ ਜੀ ਨੇ ਬੜੀ ਕ੍ਰਿਪਾਲਤਾ ਕੀਤੀ ਹੈ ਜੋ ਅਜ ਦਰਸ਼ਨ ਦੇ ਕੇ ਨਿਹਾਲ ਕੀਤਾ ਹੈ।ਇਹ ਬਚਨ ਕਰਦੇ ਹੋਏ ਗੁਰੂ ਬਾਲਕ ਸਿੰਘ ਜੀ ਪ੍ਰੇਮ ਵਿਚ ਗਦ ਗਦ ਹੋਏ ਆਪਣੇ ਆਸਣ ਤੋਂ ਉਠ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜੱਫੀ ਪਾ ਕੇ ਮਿਲੇ ਫਿਰ ਆਦਰ ਅਤੇ ਸਨਮਾਨ ਪੂਰਬਕ ਇਕ ਥਾਉਂ ਤੇ ਬੈਠ ਕੇ ਗੁਰ ਸੰਗਤਾਂ ਨੂੰ ਸੁਣਾਇਆ ਕਿ "ਭਾਈ ਇਹੋ ਹੀ ਠਾਕੁਰ ਜੀ ਹਨ, ਜਿਹਨਾਂ ਨੂੰ ਅਸੀ ਰੋਜ ਉਡੀਕਦੇ ਰਹਿੰਦੇ ਸੀ।ਅਜ ਇਨ੍ਹਾਂ ਦਰਸ਼ਨ ਦੇ ਕੇ ਕ੍ਰਿਤਾਰਥ ਕੀਤਾ ਹੈ ।ਇਸ

ਤਰਾਂ ਦੇ ਹੋਰ ਬਹੁਤ ਸ਼ਬਦ ਉਚਾਰੇ । ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਗੋਂ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਹੇ ਦੀਨ ਦਿਆਲ ਮੈਂ ਕੌਣ ਵਿਚਾਰਾ ਹਾਂ ਜਿਸ ਦੀ ਆਪ ਉਪਮਾ ਕਰ ਰਹੇ ਹੋ। ਇਨ੍ਹਾਂ ਸਭ ਗੁਣਾਂ ਦੇ ਭੰਡਾਰ ਤਾਂ ਆਪ ਹੀ ਹੋ।ਮੈਂ ਤਾ ਇਕ ਗੁਣਹੀਣ ਆਪ ਦਾ ਬੰਦਾ ਹਾਂ। ਆਪ ਜੀ ਤਾਂ ਨਿਮਾਣਿਆਂ ਨੂੰ ਮਾਣ ਬਖਸ਼ਦੇ ਹੋ।ਇਹ ਬਚਨ ਸੁਣਕੇ ਸਤਿਗੁਰੂ ਬਾਲਕ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਮਸਤਕ ਤੇ ਹਥ ਰਖਕੇ ਕੰਨਾਂ ਵਿਚ ਗੁਰਮੰਤਰ ਸੁਣਾ ਦਿਤਾ ਤੇ ਬਚਨ ਕੀਤਾ ਕਿ ਠਾਕੁਰ ਜੀ ਭਾਂਵੇ ਆਪ ਸਭ ਕੁਝ ਜਾਣਦੇ ਹੀ ਹੋ ਪਰ ਪੁਰਾਤਨ ਮਰਯਾਦਾ ਅਨੁਸਾਰ ਅਤੇ ਆਪ ਜੀ ਨੇ ਜੋ ਦਸਮੇ ਜਾਮੇ ਵਿਚ ਹਰੋ ਨਦੀ ਦੇ ਕੰਢੇ ਗੁਰਮੰਤਰ ਗੁਪਤ ਜਪਣ ਦੀ ਮਰਯਾਦਾ ਦਸੀ ਸੀ ਅਤੇ ਨਾਲ ਹੀ ਆਪਣੀ ਅਮਾਨਤ ਦੇ ਰਾਖੇ ਰਖਿਆ ਸੀ; ਉਹਦੇ ਗੱਫੇ ਤੁਸੀਂ ਹੀ ਆਪ ਕਿਰਪਾ ਕਰਕੇ ਵਰਤਾਵੋ।ਤੁਸੀ ਅਗਰ ਪੱਥਰ ਵਿਚ ਵੀ ਇਹ ਬੀ ਬੀਜੋਗੇ ਤਾਂ ਵੀ ਜੰਮੇਗਾ।ਹੇ ਠਾਕੁਰ ਜੀ ,ਇਹ ਅਗਿਆਨ ਤੇ ਭਰਮ ਦੇ ਜਿੰਦਰੇ ਖੋਲਣ ਲਈ ਗੁਰਮੰਤਰ ਇਕ ਕੁੰਜੀ ਹੈ।ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਇਸ ਤਰਾਂ ਦੇ ਬਹੁਤ ਸਾਰੇ ਬਚਨ ਕੀਤੇ ਕਿ ਅਜ ਤੋਂ ਤੁਸੀ ਨਾਮ ਜਪੋ ਤੇ ਜਪਾਉ ਆਪਣੀ ਅਮਾਨਤ ਸੰਭਾਲੋ । ਇਹ ਸੁਣ ਕੇ ਸਤਿਗੁਰੂ ਰਾਮ ਸਿੰਘ ਜੀ ਬੇਨਤੀ ਕੀਤੀ ਕਿ "ਸਚੇ ਪਾਤਸ਼ਾਹ ਜੀ, ਜੋ ਆਪ ਦੀ ਰਜ਼ਾ ਹੈ, ਸੋਈ ਹੋਸੀ"

ਸ੍ਰੀ ਮਾਨ ਪ੍ਰਸਿਧ ਇਤਹਾਸਕਾਰ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇਸ ਪ੍ਰਸੰਗ ਨੂੰ ਇੰਝ ਵਰਨਣ ਕੀਤਾ ਹੈ।

"ਬਾਲਿਕ ਮ੍ਰਿਗੇਸ਼ ਕਾ ਵਿਸ਼ੇਸ਼ ਯਸ ਸੁਨ ਸੋਊ ਕੋਕਲ ਬਤਕ ਸੁਤ ਸਮ ਹੁਲਸਾਇ ਕੈ। ਪੂਰਾ ਪੰਨਯ ਪੁੰਜ ਜਾਗਿਯੋ; ਰੰਗਨ ਮੈਂ ਖੂਬ ਰਾਗਯੋ ਬਢ ਭਾਂਗੀ ਪ੍ਰੇਮ ਜਗਯੋ ਗਹੇ ਪਗ ਜਾਇ ਕੈ।

ਪੇਖ ਅਧਿਕਾਰੀ ਈਸ ਅੰਸ ਅਵਿਤਰੀ ਤਹ ਬਾਲਕ ਮ੍ਰਿਗਰੀ ਦੀਓ ਨਾਮ ਮੁਦਖਾਇ ਕੈ।ਸਾਰ ਚਾਹ ਵੇਦਨ ਕੋ ਭ੍ਰਮ ਭੇਦ ਛੇਦਨ ਕੋ ਦਾਇ ਨਿਰ ਵੇਦਨ ਕੋ ਦੁਖ ਦੋਖ ਘਾਇਕੈ।ਦੀਉ ਮੰਤਰ ਰਾਜ ਸ੍ਰੀ ਵਾਹਿਗੁਰੂ ਕਾਰ ਸਾਜ ਜਾਂਹ ਸਮ ਔਰ ਨਾ ਦਰਾਜ ਫਲ ਦਾਇਕੈ।ਕੋਊ ਜੋ ਕਹਿਾ ਥੇ ਕਲਾਮ ਦੀਨੀ ਸਯਦਾਨੀ ਸੋਊ ਸਭ ਕੂਰ ਹਮ ਪੇਖਿਓ ਅਜਮਾਇਕੈ। ਇਹੀ ਕਲੀਕਾਲ ਕੀ ਕਰਾਲਤਾ ਕੁਚਾਲਤਾ ਕੋ ਗਾਲਤਾ ਹੈ ਟਾਲਤਾ ਚੁਰਾਸੀ ਜੋਨ ਪਾਇਕੈ।ਏਸ ਹੀ ਭਜਨ ਮਾਹਿ ਰਾਮ ਸਿੰਘ ਸਉ ਛਾਹਿ ਲਾਈ ਲਿਵ ਅਧਿਕਾਇ ਰਸਨਾ

ਹਿਲਾਇਕੈ"।(ਪੰਥ ਪ੍ਰਕਾਸ਼)

ਉਸ ਸਮੇ ਜੇਹੜੇ ਸਤਿਗੁਰਾਂ ਨਾਲ ਸਿਖ ਸਨ, ਉਹਨਾਂ ਵਿਚੋ ਬਾਬਾ ਕਾਹਨ ਸਿੰਘ ਸੂਬੇਦਾਰ ਮੇਜਰ ਚੱਕ ਕਲਾਂ ਰਾਜ ਮਾਲੇਰ ਕੋਟਲਾ, ਬਾਬਾ ਮਤਾਬ ਸਿੰਘ ਉਬੋਕੇ, ਦੂਲਾ ਸਿੰਘ ਰਾਜੇਆਣਿਆ,ਅਨੋਖ ਸਿੰਘ ਬਿਲੀਆਂ ਜਿਲਾ ਜਲੰਧਰ, ਬਘੇਲ ਸਿੰਘ ਰਾਜਾ ਜੰਗ ਜਿਲਾ ਲਾਹੌਰ, ਜੋਤਾ ਸਿੰਘ ਢਪਈ, ਮਤਾਬ ਸਿੰਘ ਹਠੂਰ ਜਿਲਾ ਲੁਧਿਆਣਾ। ਬੁਧ ਸਿੰਘ ਗੁਜਰਵਾਲ ਜ਼ਿਲ੍ਹਾ ਲੁਧਿਆਣਾ, ਕਾਨ੍ਹ ਸਿੰਘ ਫਿਰੋਜ਼ਪੁਰ, ਹਰਸਾ ਸਿੰਘ ਕੰਗਨਪੁਰ ਆਦਿ ੨੫ ਸਿੰਘ ਆਪ ਜੀ ਦੇ ਨਾਲ ਸਨ।ਸਭਨਾਂ ਨੂੰ ਭਜਨ ਸੁਣਾ ਕੇ ਬਚਨ ਕੀਤਾ "ਅੰਮ੍ਰਿਤ ਵੇਲੇ ਸਣੇ ਕੇਸੀਂ ਇਸ਼ਨਾਨ ਕਰਨਾ ।ਭਜਨ ਕਰਨਾ ਦਿਨ ਚੜ੍ਹਦੇ ਤੀਕ। ਸੀਲ ਸੰਤੋਖ ਸਭ ਨੇ ਰਖਣਾ; ਸੱਚ ਬੋਲਣਾ; ਭਜਨ ਅੱਠੇ ਪਹਿਰ ਕਰਨਾ"।ਇਤ ਆਦਿ ਸਿੰਘਾਂ ਨੂੰ ਉਪਦੇਸ਼ ਦੇ ਕੇ, ਉਸ ਵੇਲੇ ਸਤਿਗੁਰੂ ਬਾਲਕ ਸਿੰਘ ਜੀ ਨੇ ਪੰਜ ਪੈਸੇ ਅਤੇ ਨਾਰੀਅਲ ਮੰਗਾ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਗੇ ਰਖਕੇ ਪੰਜ ਪ੍ਰਕਰਮਾ ਕਰਕੇ ਨਮਸਕਾਰ ਕਰ ਦਿਤੀ ਅਤੇ ਬਚਨ ਕੀਤਾ ਕਿ "ਠਾਕੁਰ ਜੀ ਇਹ ਤੁਹਾਡੀ ਅਮਾਨਤ ਤੁਹਾਨੂੰ ਸੌਂਪ ਦਿਤੀ ਹੈ"।ਸਾਰੇ ਸੰਸਾਰ ਵਿਚ ਆਪ ਦੀ ਜੈ ਜੈ ਕਾਰ ਹੋਵੇਗੀ।ਸਿਖਾਂ ਨੂੰ ਬਚਨ ਕੀਤਾ "ਕਲਜੁਗ ਵਿਚ ਸਤਿਜੁਗ ਲਾਣ ਲਈ ਇਨ੍ਹਾਂ ਦਾ ਅਵਤਾਰ ਹੋਇਆ ਹੈ।ਜੋ ਹੁਕਮ ਇਹ ਦੇਣ ਤੁਸੀ ਮੰਨਣਾ ਹੈ।ਇਹਨਾਂ ਸੰਤ ਖਾਲਸਾ ਬਨਾਣਾ ਹੈ ਇਹ ਹੁਕਮ ਧੁਰ ਦਰਗਾਹ ਦਾ ਹੈ।)ਇਹ ਬਚਨ ਕਰਕੇ ਸਤਿਗੁਰੂ ਬਾਲਕ ਸਿੰਘ ਜੀ ਚੁਪ ਕਰ ਗਏ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉਨ੍ਹਾਂ ਤੋਂ ਆਗਿਆ ਲੈਕੇ ਆਪਣੇ ਸਾਥੀਆਂ ਸਮੇਤ ਫੌਜ ਵਿਚ ਆ ਗਏ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਤਿਗੁਰੂ ਬਾਲਕ ਸਿੰਘ ਜੀ ਦੀ ਯਾਦ ਵਿਚ ਬੈਰਾਗੀ ਰਹਿੰਦੇ ਕੁਝ ਸਮਾਂ ਪਾ ਕੇ ਹਜਰੋ ਦਰਸ਼ਨ ਕਰਨ ਗਏ।

ਮਾਈ ਤੋਤੀ ਜੀ ਦਾ ਅਕਾਲ ਚਲਾਣਾ

ਸਾਧ ਸੰਗਤ ਦੀ ਸੇਵਾ ਕਰਦਿਆਂ ਸਮਾਂ ਬੀਤ ਗਿਆ।ਪਰ ਹੁਣ ਮਾਤਾ ਤੋਤੀ ਜੀ ਸਰੀਰ ਕਰਕੇ ਢਿੱਲੇ ਹੋ ਗਏ ਅਤੇ ਸਤਿਗੁਰਾਂ ਅਗੇ ਅਰਦਾਸ ਕੀਤੀ ਮੈਨੂੰ ਆਗਿਆ ਦੇ ਦਿਉ ਮੈ ਪ੍ਰਲੋਕ ਚਲੀ ਜਾਵਾਂ।ਸਤਿਗੁਰੂ ਬਾਲਕ ਸਿੰਘ ਜੀ ਨੇ ਬਚਨ ਕੀਤਾ ਜੇ ਆਖੋ ਤਾਂ ਅਕਾਲ ਪੁਰਖ ਤੋਂ ਹੋਰ ਸਮਾਂ ਮੰਗ ਲੈਂਦੇ ਹਾਂ।ਤੋਤੀ ਜੀ ਨੇ ਅਰਜ਼ ਕੀਤੀ ਨਹੀ ਹੁਣ ਅਗਿਆ ਹੀ ਦਿਉ ਤਾਂ ਹੀ ਠੀਕ ਹੈ।ਸਤਿਗੁਰੂ ਬਾਲਕ ਸਿੰਘ ਜੀ ਨੇ ਬਚਨ ਕੀਤਾ ਜਿਸ ਤਰ੍ਹਾਂ ਤੁਹਾਡੀ ਮਰਜੀ। ਅਸੀਂ ਵੀ ਛੇਤੀ ਹੀ

ਤੁਹਾਡੇ ਕੋਲ ਪਹੁੰਚਾਂਗੇ।ਤੱਤੀ ਜੀ ਅਕਾਲ ਚਲਾਣਾ ਕਰ ਗਏ।ਮਰਯਾਦਾ ਅਨੁਸਾਰ ਸਸਕਾਰ ਕੀਤਾ ਗਿਆ। ਸਤਿਗੁਰਾਂ ਸੰਗਤ ਨੂੰ ਸ਼ਾਂਤੀ ਦਾ ਉਪਦੇਸ਼ ਦਿਤਾ।

ਕੁਝ ਸਮੇਂ ਬਾਦ ਸਤਿਗੁਰੂ ਬਾਲਕ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਚਿੱਠੀ ਲਿਖੀ ;-"ਠਾਕਰੋ ਅਸੀ ਤਾਂ ਚੜ੍ਹਾਈ ਦੀ ਤਿਆਰੀ ਕੀਤੀ ਹੈ।ਤੁਸੀ ਹੁਣ ਸਾਰੀ ਸੰਗਤ ਸਾਂਭੋ,ਤੁਸੀ ਬਾਢੀ ਜਾਤ ਹੋ ;ਐਸੀ ਚੂਨੇ ਇਟ ਲਾਉਣੀ ਜੇਹੜੀ ਫੇਰ ਨਾ ਉਖੜੇ"।ਪਰ ਉਸ ਵਕਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮੁਰਿੰਡੇ ਗਏ ਹੋਏ ਸਨ।

ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਸਰੀਰ ਕੁਝ ਬੇਅਰਾਮ ਹੋਇਆ ਹੋਣ ਕਾਰਣ ਸਰੀਰ ਦਾ ਰੰਗ ਬਦਲ ਗਿਆ;ਵੈਦ ਬੁਲਾਏ ਪਰ ਕੁਝ ਫਰਕ ਨਾ ਪਿਆ ਅਤੇ ਸ੍ਰੀ ਗੁਰੂ ਬਾਲਕ ਸਿੰਘ ਜੀ ਸੰਮਤ ੧੯੧੯ ਬਿਕ੍ਰਮੀ ੧੮੬੨ ਈ. ਦਿਨ ਸ਼ਨੀਵਾਰ ਨੂੰ ਮਘਰ ਦੀ ਪੂਰਨਮਾਸ਼ੀ ਨੂੰ ਜੋਤੀ ਜੋਤ ਸਮਾ ਗਏ।ਸੰਗਤਾਂ ਨੇ ਇਸ਼ਨਾਨ ਕਰਵਾ ਕੇ ਮਰਯਾਦਾ ਅਨੁਸਾਰ ਸ਼ਬਦ ਕੀਰਤਨ ਕਰਦੇ ਬਾਗ ਵਿਚ ਲਿਜਾ ਕੇ ਸਸਕਾਰ ਕੀਤਾ।

{।ਸ੍ਰੀ ਸਤਿਗੁਰੂ ਬਾਲਿਕ ਸਿੰਘ ਜੀ}

ਪਚਕਾਰੀ ਭਰਕੇ ਨਾਮ ਦੇ ਨਾਲ ਇਹ;
ਮਾਰ ਦਿੰਦਾ ਸੀ ਸ਼ਾਮ ਦੇ ਵਾਂਗ ਜਿਹਦੇ।
ਬੱਝ ਜਾਂਦਾ ਸੀ ਚਰਨਾਂ ਨਾਲ ਉਹੋ;
ਫੂਕ ਮਾਰਦਾ ਨਾਮ ਦੀ ਕੰਨ ਜਿਹਦੇ॥
ਹਰਭਜਨ;ਕਰਦਾ ਦਰਸ ਸੀ ਜੋ ਇਹਦਾ;
ਤੁਰ ਪੈਂਦਾ ਸੀ ਝਟ ਹੀ ਵਲ ਇਹਦੇ॥

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉਸ ਵਕਤ ਮੁਰਿੰਡੇ ਗਏ ਹੋਏ ਸਨ ,ਉਥੇ ਉਨ੍ਹਾਂ ਨੂੰ ਇਹ ਖਬਰ ਪੁੱਜੀ ਕਿ ਸਤਿਗੁਰੂ ਬਾਲਕ ਸਿੰਘ ਜੀ ਜੋਤੀ ਜੋਤ ਸਮਾ ਗਏ ਹਨ। ਨਾਲ ਹੀ ਉਹ ਚਿੱਠੀ ਮਿਲੀ ਜੋ ਚੜ੍ਹਾਈ ਕਰਨ ਤੋਂ ਪਹਿਲਾਂ ਲਿਖੀ ਸੀ ।ਸਤਿਗੁਰੂ ਰਾਮ ਸਿੰਘ ਜੀ ਇਹ ਖਬਰ ਸਾਰੀ ਸੰਗਤ ਨੂੰ ਸੁਣਾਈ। ਸੰਗਤ ਸਾਰੀ ਵੈਰਾਗ ਮਾਨ ਹੋ ਗਈ।ਸਤਿਗੁਰੂ ਰਾਮ ਸਿੰਘ ਜੀ ਮੁਰਿੰਡੇ ਤੋਂ ਭੈਣੀ ਸਾਹਿਬ ਆਕੇ ਫਿਰ ਹਜ਼ਰੋ ਨੂੰ ਰਵਾਨਾ ਹੋਏ।

ਬਾਬਾ ਬੈਂਕਾ ਜੀ ਲਬਾ ਲਬ

ਸ੍ਰੀ ਮਾਨ ਸੰਤ ਨਿਧਾਨ ਸਿੰਘ ਜੀ ਆਲਿਮ ਇਸ ਤਰਾਂ ਇਹ ਸਾਖੀ ਦਸਦੇ

ਹਨ।ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਯਾਰਵੇਂ ਗੁਰੂ ਹਜਰੋ ਸਾਹਿਬ ਵਿਖੇ ਜੋ ਗੁਰਸਿੱਖੀ ਦਾ ਮਾਨ ਸਰੋਵਰ ਰਚਿਆ। ਉਸ ਵਿਚ ਨਾਮ ਦਾਨ ਇਸ਼ਨਾਨ ਸਤਿ ਸੰਤੋਖ ਦਇਆ ਜਪ ਤਪ ਬੈਰਾਗ ਅਤੇ ਵਿਵੇਕ ਆਦਿ ਮੋਤੀਆਂ ਤੇ ਹੀਰਿਆਂ ਨੂੰ ਜੜਾਣ ਵਾਸਤੇ ਅਨੇਕਾਂ ਹੰਸਾਂ ਦੀ ਭੀੜ ਲਗੀ ਰਹਿੰਦੀ। ਉਹਨਾਂ ਸੰਤ ਰੂਪ ਹੰਸਾਂ ਵਿਚੋਂ ਜਿਨ੍ਹਾਂ ਨੂੰ ਪਰਮ ਹੰਸ ਹੋਣ ਦੀ ਪਦਵੀ ਪਰਾਪਤ ਹੋਈ,ਉਹਨਾਂ ਵਿਚੋਂ ਬਾਬਾ ਬੈਂਕਾ ਜੀ ਦਾ ਅਤਿਅੰਤ ਹੀ ਸੰਖੇਪ ਜੀਵਨ ਮਿਲਿਆ ਹੈ। ਪੂਜਨੀਕ ਬਾਬਾ ਵਜੀਰ ਸਿੰਘ ਜੀ ਹਜ਼ਰੋ ਨੇ ਸਾਡੀ ਬੇਨਤੀ ਨੂੰ ਪਰਵਾਨ ਕਰਦਿਆਂ ਜੋ ਸਤਰਾਂ ਬਾਬਾ ਬੈਂਕਾ ਜੀ ਸੰਬੰਧੀ ਦੱਸੀਆਂ ਉਸ ਲਈ ਅਸੀ ਸਾਰੇ ਆਪ ਜੀ ਦਾ ਧੰਨਵਾਦ ਕਰਦੇ ਹਾਂ। ਸ੍ਰੀ ਮਾਨ ਬਾਬਾ ਬੈਂਕਾ ਜੀ ਅਲਮਸਤ ਸਾਧੂ ਹੋਏ ਹਨ।ਆਪ ਜੀ ਨੇ ਭਜਨ ਪੁਛਦਿਆਂ ਸਾਰ ਹੀ ਅਜੇਹੇ ਅਲਮਸਤ ਹੋਏ ਕਿ "ਲਬਾ ਲਬ ਲਬਾ ਲਬ" ਕਹਿੰਦੇ ਰਹਿੰਦੇ ਸਨ । ਆਪ ਜੀ ਦਾ ਜਨਮ ਹਜਰੋ ਤੋਂ ਅੱਠ ਮੀਲ ਦੇ ਫਾਸਲੇ ਤੇ ਪਿੰਡ ਮਲਾਹ ਵਿਚ ਸੰਮਤ ੧੯੫੧ ਬਿਕਰਮੀ ਨੂੰ ਹੋਇਆ । ਏਸੇ ਪਿੰਡ ਵਿਚ ਬਾਬਾ ਕਾਹਨ ਸਿੰਘ ਹੋਏ ਜੋ ਕਿ ਸਤਿਗੁਰੂ ਬਾਲਕ ਸਿੰਘ ਜੀ ਦੇ ਭਾਈ ਦੇ ਸਪੁਤਰ ਸਨ।ਬਾਦ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਸੂਬੇ ਹੋਏ ਹਨ।ਇਹਨਾਂ ਦੀ ਪੁਤਰੀ ਬੀਬੀ ਧੁਲੀ ਲਾਲਾ ਹਰੀਚੰਦ ਦੇ ਘਰ ਵਿਆਹੀ ਹੋਈ ਸੀ ।ਹਰੀ ਚੰਦ ਕੋਲੋਂ ਸਤਿਗੁਰੂ ਬਾਲਕ ਸਿੰਘ ਜੀ ਦੀ ਮਹਿਮਾ ਸੁਣ ਕੇ ਬਾਬਾ ਬੈਂਕਾ ਜੀ ਨੂੰ ਗੁਰ ਦਰਸ਼ਨ ਦੀ ਖਿਚ ਲਗੀ।ਭਾਈ ਹਰੀ ਚੰਦ ਜੀ ਨੂੰ ਹਰ ਰੋਜ ਆਖਣ ਲਗੇ, ਮੈਨੂੰ ਸਤਿਗੁਰਾਂ ਦੇ ਦਰਸ਼ਨ ਕਰਾਓ, ਮੈਂ ਬੜਾ ਔਗੁਣਹਾਰ ਹਾਂ; ਤੁਸੀ ਉਪਕਾਰੀ ਹੋ ਮੇਰੇ ਇਸ ਜੀਵਨ ਦਾ ਭਲਾ ਕਰੋ।ਇਹ ਸੁਣ ਕੇ ਭਾਈ ਹਰੀ ਚੰਦ ਜੀ ਕਹਿੰਦੇ ਕਿ ਉਨ੍ਹਾਂ ਨੇ ਤਾਂ ਕਈਆਂ ਨੂੰ ਸਿਧਿਆਂ ਕਰ ਦਿੱਤਾ ਹੈ ਤੁਹਾਨੂੰ ਕਿਉਂ ਨਾ ਕਰਨਗੇ।ਬਾਬਾ ਬੈਂਕਾ ਜੀ ਆਖਣ ਲਗੇ ਮੇਰਾ ਉਧਾਰ ਕਰਨਗੇ ਤਾਂਹੀ ਮੈਂ ਜਾਣਾਂਗਾ।ਇਸ ਤਰਾ ਸੋਚਦਿਆਂ ਇਕ ਦਿਨ ਐਸਾ ਆ ਹੀ ਗਿਆ।ਜਦ ਭਾਈ ਹਰੀ ਚੰਦ ਬਾਬਾ ਬੈਂਕਾ ਜੀ ਨੂੰ ਨਾਲ ਲੈ ਕੇ ਹਜ਼ਰੋ ਪੁੱਜੇ ਸਤਿਗੁਰੂ ਜੀ ਦੇ ਦਰਸ਼ਨ ਕਰਨ। ਨਮਸਕਾਰ ਕਰਕੇ ਬੜੇ ਆਦਰ ਸਹਿਤ ਬੈਠ ਗਏ। ਭਾਈ ਹਰੀ ਚੰਦ ਨੇ ਅਰਜ਼ ਕੀਤੀ, "ਸੱਚੇ ਪਾਤਸ਼ਾਹ ਜੀ ਇਸ ਕਈ ਚਿਰਾਂ ਤੋਂ ਆਪ ਜੀ ਦੇ ਦਰਸ਼ਨਾਂ ਦੀ ਲਾਲਸਾ ਲਾਈ ਹੋਈ ਸੀ।" ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਬਚਨ ਕੀਤਾ, "ਕਹੋ ਭਾਈ ਕੀ ਲੋੜੀਦਾ ਏ"? ਬਾਬਾ ਬੈਂਕਾ ਜੀ ਹਥ ਜੋੜ ਗਲ ਵਿਚ ਪੱਲਾ ਪਾ ਬੇਨਤੀ ਕੀਤੀ, "ਗਰੀਬ ਨਿਵਾਜ਼ ਨਾਮ ਚਾਹੀਦਾ ਹੈ, ਬਖਸ਼ ਕਰੋ ਮੈਂ ਤੇਰਾ ਹੀ ਹਾਂ ,ਆਪਣਾ ਕਰ ਖੈਰ ਬੰਦਗੀ ਦਾ ਪਾਓ।" ਸਤਿਗੁਰਾਂ ਵੇਖਿਆ ਇਹ ਭਾਂਡਾ ਸ਼ੁਧ

ਹੈ ਨਾਮ ਦੀ ਵਤ ਰਖਣ ਯੋਗ ਹੈ।ਸਤਿਗੁਰੂ ਜੀ ਮੇਹਰ ਦੇ ਘਰ ਵਿਚ ਆਏ ਅਤੇ ਨਾਮ ਦੀ ਦਾਤ ਬਖਸ਼ ਦਿਤੀ।ਫਿਰ ਤਾ ਇੰਜ ਹੋ ਗਿਆ ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਦੇ ਹਨ।"ਮਨਹਿ ਪ੍ਰਕਾਸ ਭਇਆ ਭਰਮ ਨਾਸਿਆ ਮੰਤ੍ਰ ਦੀਓ ਗੁਰ ਕਾਨ"। ਸਤਿਗੁਰਾਂ ਕੋਲੋ ਮੰਤਰ ਲੈਦਿਆਂ ਹੀ ਬੈਂਕਾ ਜੀ ਦਾ ਦਿਲ ਦਰਿਆ ਵਾਂਗ ਠਾਠਾਂ ਮਾਰਨ ਲਗ ਪਿਆ।"ਲਬਾ ਲਬ ਲਬਾ ਲਬ" ਦਾ ਸ਼ਬਦ ਹੋਣ ਲਗ ਪਿਆ। ਚੇਹਰੇ ਤੇ ਨੂਰ ਆ ਗਿਆ ਅਤੇ ਮਸਤੀ ਵਿਚ ਆ ਗਏ।ਦਿਨੋ ਦਿਨ ਇਹ ਨੂਰੀ ਰੰਗ ਚੜ੍ਹਦਾ ਗਿਆ।ਇਕ ਦਿਨ ਜਦ ਆਪ ਇਸ ਰੰਗ ਵਿਚ ਰੰਗੇ ਹੋਏ ਸਨ,ਆਪ ਜੀ ਨੇ ਤਿੰਨ ਆਸਣ ਵਿਛਾਕੇ ਇਹ ਕਹਿਣਾ ਸ਼ੁਰੂ ਕਰ ਦਿਤਾ ਕਿ ਆਓ ਬਾਬਾ ਬਾਲਕ ਸਿੰਘ ਜੀ ਬੈਠੋ, ਆਓ ਬਾਬਾ ਰਾਮ ਸਿੰਘ ਜੀ ਬੈਠੋ;ਆਓ ਬਾਬਾ ਬੁਧ ਸਿੰਘ ਜੀ ਬੈਠੋ"। ਇਸ ਤਰਾਂ ਜਦ ਮਸਤੀ ਵਿਚ ਆਉਣਾ ਤਾਂ ਉਸ ਵਕਤ ਤਿੰਨਾਂ ਆਸਣਾਂ ਤੇ ਨਾਮ ਲਿਖ ਕੇ ਵਿਛਾ ਦੇਣੇ ਅਤੇ ਇਸ ਤਰਾਂ ਸਤਿਗੁਰਾਂ ਦੇ ਦਰਸ਼ਨ ਕਰਦੇ ਸਨ।ਇਹ ਲੀਲ੍ਹਾ ਉਸ ਵਕਤ ਦੀ ਹੈ ਜਦ ਕਿ ਹਜ਼ਰੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਗਏ ਹੀ ਨਹੀ ਸਨ ਅਤੇ ਨਾ ਹੀ ਉਹਨਾਂ ਬਾਰੇ ਕਿਸੇ ਨੂੰ ਪਤਾ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਰਾਤਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਤੋਂ ਬਾਦ ਸਿਖੀ ਫੁਲਵਾੜੀ ਦੇ ਰਾਖੇ ਬਣੇ ਸਨ,ਉਨ੍ਹਾਂ ਨੂੰ ਬੈਂਕਾ ਜੀ ਪਹਿਲਾ ਹੀ ਆਸਣ ਵਿਛਾ ਕੇ ਬੁਲਾ ਲੈਂਦੇ ਸਨ। ਇਸ ਨਾਮ ਵਿਚ ਇਤਨੀ ਸ਼ਕਤੀ ਹੈ ।ਜਿਵੇਂ ਦਿਲੋਂ ਲਾਕੇ ਬਾਲਮੀਕ ਨੇ ਜਪ ਕੇ ਸ੍ਰੀ ਰਾਮ ਚੰਦਰ ਜੀ ਦੇ ਆਣ ਤੋਂ ਦਸ ਹਜ਼ਾਰ ਸਾਲ ਪਹਿਲਾਂ ਹੀ ਰਮਾਇਣ ਦੀ ਰਚਨਾ ਕਰ ਦਿਤੀ ਸੀ।ਜੋ ਕਿ ਬਾਲਮੀਕੀ ਰਮਾਇਣ ਹੀ ਸਹੀ ਮੰਨੀ ਜਾਂਦੀ ਹੈ ਹੁਣ ਤਕ ।ਜਿਸ ਤੇ ਅਕਾਲ ਪੁਰਖ ਦੀ ਪੂਰੀ ਕਿਰਪਾ ਹੋਵੇ ਉਹ ਹੀ ਇਸ ਅਸਥਾਨ ਤੇ ਪਹੁੰਚ ਸਕਦਾ ਹੈ।ਇਹੋ ਜਿਹੀ ਭਗਤੀ ਵਿਚ ਲੀਨ ਰਹਿੰਦੇ ਹੋਏ ਆਪ ਜੀ ਦਾ ਦਿਹਾਂਤ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਜੋਤੀ ਜੋਤ ਸਮੋਣ ਤੋਂ ੨੯ ਸਾਲ ਪਿਛੋਂ ਸੰਮਤ ੧੯੪੮ ਬਿ. ਵਿਚ ਹੋਇਆ।

***

ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਮਾਘ ਸੁਦੀ ਪੰਚਮੀ ਬਸੰਤ ਵਾਲੇ ਦਿਨ ਸੰਮਤ ੧੮੭੨ ਬਿਕ੍ਰਮੀ ਮੁਤਾਬਿਕ ੧੮੧੬ ਈ. ਅੰਮ੍ਰਿਤ ਵੇਲੇ; ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣਾ ਵਿਖੇ ਮਾਤਾ ਸਦਾ ਕੌਰ ਤੇ ਪਿਤਾ ਬਾਬਾ ਜੱਸਾ ਸਿੰਘ ਦੇ ਘਰ ਹੋਇਆ। ਆਪ ਜੀ ਦੀਆਂ ਦੋ ਭੈਣਾਂ ਬੀਬੀ ਮਾਨ ਕੌਰ ਤੇ ਬੀਬੀ ਉੱਤਮ ਕੌਰ ਅਤੇ ਭਾਈ ਬੁਧ ਸਿੰਘ ਜੀ; ਜੋ ਬਾਦ ਵਿਚ ਗੁਰੂ ਹਰੀ ਸਿੰਘ ਜੀ ਦੇ ਨਾਮ

ਨਾਲ ਜਗਤ ਵਿਖਿਆਤ ਹੋਏ ਸਨ ।

ਆਪ ਜੀ ਦਾ ਅਨੰਦ ਕਾਰਜ ਸਤ ਕੁ ਸਾਲ ਦੀ ਉਮਰ ਵਿਚ ਸੰਨ ੧੮੨੨ ਈ; ਵਿਚ ਪਿੰਡ ਧਰੋੜ ਦੇ ਸ੍ਰੀ ਸਾਹਬੂ ਜੀ ਦੀ ਸਪੁਤਰੀ ਮਾਤਾ ਜੱਸਾਂ ਜੀ ਨਾਲ ਹੋਇਆ।ਆਪ ਜੀ ਦੇ ਘਰ ਇਕ ਪੁਤਰ ਦਾ ਜਨਮ ਹੋਇਆ ਜੋ ਚੜ੍ਹਾਈ ਕਰ ਗਿਆ।ਫਿਰ ਦੋ ਲੜਕੀਆਂ ਦਾ ਜਨਮ ਹੋਇਆ ਬੀਬੀ ਨੰਦਾਂ ਤੇ ਬੀਬੀ ਦਇਆ ਕੌਰ।

ਜਦੋ ਆਪ ਜੀ ੨੦/ ੨੧ ਕੁ ਸਾਲ ਦੇ ਸਨ, ਤਾਂ ਸੰਮਤ ੧੮੯੪ ਬਿਕ੍ਰਮੀ ਮੁਤਾਬਕ ਸੰਨ ੧੮੩੭ ਈ; ਵਿਚ ਆਪਣੇ ਭਣਵੀਈਏ ਕਾਬਲ ਸਿੰਘ ਦੇ ਨਾਲ ਜਾ ਕੇ ਕੰਵਰ ਨੌਨਿਹਾਲ ਸਿੰਘ ਦੀ ਪੈਦਲ ਫੌਜ ਵਿਚ ਭਰਤੀ ਹੋ ਗਏ।ਤਕਰੀਬਨ ਅੱਠ ਸਾਲ ਨੌਕਰੀ ਕਰਕੇ ਸੰਨ ੧੮੪੫ ਈ; ਵਿਚ ਵਾਪਸ ਸ੍ਰੀ ਭੈਣੀ ਸਾਹਿਬ ਆ ਗਏ।ਬਾਕੀ ਇਸ ਬਾਰੇ ਤਾਂ ਆਪ ਜਾਣੂ ਹੋ ਹੀ ਚੁਕੇ ਹੋ ਕਿ ਕਿਸ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਫੌਜ ਵਿਚ ਭਰਤੀ ਸਨ ਤੇ ਹਜ਼ਰੋਂ ਜਾ ਕੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਗੁਰਤਾ ਪ੍ਰਾਪਤ ਹੋਈ। ਦਸਮੇ ਜਾਮੇ ਵਿਚ ਜੋ ਅਮਾਨਤ ਰਖੀ ਸੀ ਉਹ ਵਾਪਸ ਲੈ ਲਈ ਅਤੇ ਅਪਣੀ ਲੀਲ੍ਹਾ ਦਾ ਰੰਗ ਵਰਸਾਣ ਲੱਗੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਦ ਨੌਕਰੀ ਛੱਡ ਕੇ ਵਾਪਸ ਸ੍ਰੀ ਭੈਣੀ ਸਾਹਿਬ ਆਏ ਤਾਂ ਇਕ ਸਾਲ ਭਜਨ ਬੰਦਗੀ ਕੀਤੀ ਫਿਰ ਚੜ੍ਹਦੇ ਸਾਲ ਸੰਨ ੧੮੪੬ ਵਿਚ ਬੈਲਾਂ ਦੀ ਜੋੜੀ ਲੈ ਸੁਖੂ ਨੰਬਰਦਾਰ ਨਾਲ ਸਾਂਝੀ ਖੇਤੀ ਕੀਤੀ।ਤੀਸਰੇ ਸਾਲ ਖੇਮੇ ਜੱਟ ਨਾਲ ਸਾਂਝ ਪਾਈ ਨਾਲ ਤਰਖਾਣਾ ਕੰਮ ਵੀ ਕੀਤਾ।ਚੌਥੇ ਸਾਲ ਵਿਚ ਨੰਬਰਦਾਰ ਜੀਉਣ ਸਿੰਘ ਨਾਲ ਸਾਂਝ ਪਾਈ । ਜੋੜੀ ਦੀ ਖੇਤੀ ਕਰਨ ਲਗੇ। ਫਿਰ ਆਪ ਜੀ ਕੁਝ ਸਮੇ ਲਈ ਰਾਈਆਂ ਚਲੇ ਗਏ ਕਿਉਂਕਿ ਹਮੀਰਾ ਹਰ ਵੇਲੇ ਖਹਿੰਦਾ ਹੀ ਰਹਿੰਦਾ ਸੀ।ਜਦ ਹਮੀਰੇ ਦੀ ਮੌਤ ਹੋ ਗਈ ਤਾਂ ਆਸ ਪਾਸ ਦੇ ਲੋਕੀ ਇਹ ਸਮਝਣ ਲਗੇ ਕਿ ਇਹ ਸਤਿਗੁਰਾਂ ਨਾਲ ਵਿਰੋਧ ਕਰਦਾ ਸੀ ਤਾਂਹੀ ਇਸ ਨਾਲ ਇਸ ਤਰਾਂ ਹੋਇਆ।ਸਾਰੇ ਲੋਕਾਂ ਦੇ ਕਹਿਣ ਤੇ ਆਪ ਜੀ ਮਿਤਰ ਅਤੇ ਸੇਵਕ ਭਾਈ ਲਹਿਣ ਸਿੰਘ ਆਪ ਜੀ ਨੂੰ ਜਾਕੇ ਰਾਈਆਂ ਤੋਂ ਸ੍ਰੀ ਭੈਣੀ ਸਾਹਿਬ ਲੈ ਅਇਆ।

ਭੈਣੀ ਸਾਹਿਬ ਆ ਕੇ ਜੋ ਪੂਰਬ ਦੀ ਤਰਫੋਂ ਸਾਹਮਣੇ ਪਿੰਡ ਦੇ ਦਾਖਲੇ ਵਾਲੀ ਗਲੀ ਤੋਂ ਗੁਰੂ ਹਰੀ ਸਿੰਘ ਜੀ ਵਾਲੇ ਚੁਬਾਰੇ ਦੀਆਂ ਪੌੜੀਆਂ ਤਕ ਦਰਸ਼ਨੀ

ਡਿਊਤੀ, ਹਰੀਮੰਦਰ ਦੇ ਨਾਲ ਲਗਦੇ ਕਮਰੇ ਦੀ ਥਾਂ ਵਲੋਂ ਵਲਗਣ ਕਰਕੇ ਰਹਿਣ ਲਗੇ। ਨਵੇ ਮਕਾਨ ਪਾ ਕੇ ਦੋਵੇਂ ਲੜਕੀਆਂ ਦੇ ਅਨੰਦ ਕੀਤੇ।ਵਡੀ ਬੀਬੀ ਖਟੜੀਂ ਤੇ ਛੋਟੀ ਨਰੰਗਵਾਲ ਵਿਆਹੀ।

ਇਸ ਤੋ ਬਾਦ ਆਪ ਜੀ ਆਪਣੇ ਮਾਮੇ ਹਰੀ ਸਿੰਘ ਦੇ ਪੁਤਰ ਖਜਾਨ ਸਿੰਘ ਜੋ ਰਾਜਗਿਰੀ ਕਰਦਾ ਹੁੰਦਾ ਸੀ, ਉਸ ਕੋਲ ਫਿਰੋਜਪੁਰ ਜਾ ਕੇ ਰਾਜਗਿਰੀ ਦਾ ਕੰਮ ਕਰਨ ਲਗੇ।ਉਥੇ ਕਿਲੇ ਦੀ ਉਸਾਰੀ ਦਾ ਕੰਮ ਕੀਤਾ।ਇਸੇ ਸਾਲ ਨਿਤਾਪ੍ਰਤੀ ਅਧੀ ਰਾਤ ਦੇ ਟੁਟਦੇ ਹੀ ਸੇਜਾ ਦਾ ਤਿਆਗ ਕਰ ਦੇਣਾ ਅਤੇ ਇਸ਼ਨਾਨ ਕਰਕੇ ਸਿਮਰਨ ਵਿਚ ਜੁੜ ਜਾਣਾ ।ਦਿਨ ਚੜ੍ਹੇ ਕਾਰ ਵਿਹਾਰ ਕਰਨਾ ;ਉਪਰੰਤ ਲੌਂਦੇ ਵੇਲੇ ਫਿਰ ਭਜਨ ਵਿਚ ਜੁਤ ਜਾਣਾ।

ਇਸ ਵਕਤ ਸਿਖੀ ਦੀ ਹਾਲਤ ਵਿਗੜ ਚੁਕੀ ਸੀ।ਜਿਸ ਨੂੰ ਗਿਆਨੀ ਗਿਆਨ ਸਿੰਘ ਜੀ ਬੜੇ ਸਪਸ਼ਟ ਸ਼ਬਦਾਂ ਵਿਚ ਲਿਖਦੇ ਹਨ।

ਔਰੇ ਰੀਤ ਔਰੇ ਮੀਤ ਔਰੇ ਪ੍ਰਤੀਤ ਪ੍ਰੀਤ।
ਖਾਨ ਪਹਿਰਾਨ ਗਯਾਨ ਮਾਨ ਔਰੈ ਜਨ ਕੈ।
ਡਾਰੇ ਦਸਤਾਰੇ ਸਾਫੇ ਭਾਰੇ ਹੈ ਸਭਾਰੇ ਅਛੈ।
ਔਰੇ ਕਛੇ ਤਜ ਗਏ ਧੋਤੀ ਸੁਥੂ ਤੰਗ ਤਨ ਕੈ।
ਧਾਰੇ ਹੈ ਗਰਾਰੇ ਤੰਬੇ ਤਹਿਮਤ ਅਧਕ ਲੰਮੇ।
ਜਿਨਹੇ ਦੇਖ ਸਿਖੀ ਗਊ ਕੰਬੇ ਤੁਰਕ ਗਨ ਕੈ।
ਸਿਖੀ ਦਸਮੇਸ ਦੀ ਸੁ ਕੀ ਅਪਰ ਦੇਸ ਕੀ
ਅਸਿਖੀ ਭਰੀ ਪੇਸ਼ਗੀ ਛਨਾਰ ਬਨ ਠਣ ਕੇ।(ਪੰਥ ਪ੍ਰਕਾਸ਼)

ਇਹੋ ਜਿਹੀ ਹਾਲਤ ਸਿਖੀ ਦੀ ਹੋ ਗਈ ਸੀ। ਧਰਮ ਪ੍ਰਚਾਰ ਖਤਮ ਹੋ ਚੁਕਾ ਸੀ;ਏਥੋਂ ਤਕ ਕਿ ਸ੍ਰੀ ਆਦਿ ਗਰੰਥ ਸਹਿਬ ਦੀਆਂ ਬੀੜਾਂ ਵੀ ਆਲਿਆਂ (ਭਾਵ ਅਲਮਾਰੀਆਂ ਜੋ ਉਸ ਸਮੇ ਹੁੰਦੀਆਂ ਸੀ) ਉਥੇ ਰਖ ਦਿੰਦੇ ਸਨ।ਨਾ ਕੋਈ ਪੜ੍ਹਦਾ ਤੇ ਨਾ ਪਾਠ ਕਰਨ ਲਈ ਕੋਈ ਵੇਖਦਾ ਸੀ।ਮੇਰਾ ਖਿਆਲ ਇਹ ਹੈ ਕਿ ਆਮ ਜਨਤਾ ਉਸ ਸਮੇ ਪੜ੍ਹੀ ਲਿਖੀ ਨਹੀ ਸੀ ਇਸ ਲਈ ਉਹਨਾਂ ਨੂੰ ਤਾਂ ਇਸ ਬਾਰੇ ਕੋਈ ਗਿਆਨ ਹੀ ਨਹੀ ਸੀ ਅਤੇ ਜਿਹੜੇ ਵਿਦਿਆ ਦੇ ਧਨੀ ਸਨ ਉਹਨਾਂ ਦੀ ਚਾਲ ਬਦਲ ਚੁਕੀ ਸੀ।ਉਹ ਐਸ਼ੋ ਇਸ਼ਰਤ ਵਿਚ ਫਸ ਗਏ ਸਨ, ਵੇਸਵਾ ਦੇ ਡੇਰੇ ਜਾਣਾ ਮਹਿਫਲਾਂ ਦੇ ਸ਼ਿਕਾਰ ਹੋ ਗਏ ਸਨ।

ਇਹੋ ਜਿਹੀ ਹਾਲਤ ਵੇਖ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਮੁਰਝਾਈ ਹੋਈ

ਸਿਖੀ ਨੂੰ ਫਿਰ ਸੁਰਜੀਤ ਕਰਨ ਲਈ ੧੨ ਅਪ੍ਰੈਲ ੧੯੫੭ ਈ; ਨੂੰ ਵਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਪੰਜਾਂ ਸਿਖਾਂ ਨੂੰ ਛਕਾਇਆ। ਭਾਈ ਕਾਨ੍ਹ ਸਿੰਘ ਨਿਹੰਗ, ਪਿੰਡ ਚਕ ਕਲਾਂ ਰਿਆਸਤ ਮਲੇਰ ਕੋਟਲਾ, ਭਾਈ ਲਾਭ ਸਿੰਘ ਰਾਗੀ ਅੰਮ੍ਰਿਤਸਰ ਦੇ ਰਾਗੀ ਸਨ, ਭਾਈ ਸੁਧ ਸਿੰਘ ਪਿੰਡ ਦੁਰਗਾਪੁਰ ਜ਼ਿਲ੍ਹਾ ਜਲੰਧਰ, ਭਾਈ ਆਤਮਾ ਸਿੰਘ ਪਿੰਡ ਆਲਮਪੁਰ ਜਿਲਾ ਸਿਆਲਕੋਟ, ਭਾਈ ਨੈਣਾ ਸਿੰਘ ਪਿੰਡ ਵਰਿਆਂਹ ਜ਼ਿਲ੍ਹਾ ਸਿਆਲਕੋਟ। ਕਿਉਂਕਿ ਉਸ ਸਮੇ ਉਨ੍ਹਾਂ ਨੂੰ ਸਿਖੀ ਪਰਚਾਰ ਲਈ ਕੇਵਲ ਢਾਈ ਸਿਖ ਹੀ ਮਿਲੇ ਸਨ; ਦੋ ਸਿੱਖ ਪੂਰੀ ਮਰਯਾਦਾ ਦੇ ਅਤੇ ਤੀਸਰੇ ਨੇ ਅੱਧੀ ਰੱਖੀ ਸੀ ਸਤਿਗੁਰਾਂ ਦਾ ਬਚਨ ਮੰਨਣ ਵਿਚ ਉਸ ਸਮੇਂ ਇਨ੍ਹਾਂ ਸਿਖੀ ਸਾਂਭ ਕੇ ਰੱਖੀ ਸੀ। ਇਸ ਤਰਾਂ ਸਚੇ ਪਾਤਸ਼ਾਹ ਜੀ ਨੇ ਮੁਰਝਾਈ ਹੋਈ ਸਿਖੀ ਨੂੰ ਫਿਰ ਹਰਿਆ ਕੀਤਾ ਅਤੇ ਸੰਤ ਖਾਲਸਾ ਸਾਜ ਕੇ ਆਪ ਦੌਰੇ ਕਰਨੇ ਸ਼ੁਰੂ ਕੀਤੇ। ਲੁਧਿਆਣਾ, ਅੰਬਾਲਾ, ਜਲੰਧਰ, ਫਿਰੋਜਪੁਰ, ਅੰਮ੍ਰਿਤਸਰ, ਸਿਆਲਕੋਟ ਆਦਿ ਜ਼ਿਲਿਆਂ ਦੇ ਦੌਰੇ ਕੀਤੇ ਅਤੇ ਸਭਨਾਂ ਨੂੰ ਧਰਮ ਵਾਲੇ ਪਾਸੇ ਲਾਇਆ।ਗੁਰਬਾਣੀ ਪੜ੍ਹਨ ਸੁਨਣ ਦੀ ਪ੍ਰੇਰਨਾ ਦਿਤੀ।ਆਪ ਸ੍ਰੀ ਆਦਿ ਗਰੰਥ ਸਾਹਿਬ ਦੀਆਂ ਬੀੜਾਂ ਆਲਿਆਂ ਵਿਚੋ ਕੱਢ ਕੇ ਪੂਰਨ ਮਰਯਾਦਾ ਅਨੁਸਾਰ ਪ੍ਰਕਾਸ਼ ਕਰਨ ਦੀ ਵਿਧੀ ਦਸੀ ਅਤੇ ਪਾਠ ਕਰਨ ਦੀ ਪ੍ਰੇਰਨਾ ਦਿਤੀ।ਅੰਮ੍ਰਿਤ ਵੇਲੇ ਉਠ ਇਸ਼ਨਾਨ ਸਣੇ ਕੇਸੀਂ ਕਰਨਾ ਤੇ ਫਿਰ ਭਜਨ ਕਰਨਾ, ਸਭ ਨਾਲ ਪਿਆਰ ਕਰਨਾ।ਸਤਿਗੁਰਾਂ ਸਿਖਾਂ ਵਿਚੋਂ ਲਾਲਚ ਦਾ ਠੂਠਾ ਤਾਂ ਭੰਨ ਹੀ ਦਿਤਾ ਸੀ ।ਉਹ ਪੂਰਨ ਸਿਖ ਬਣ ਗਏ ਸਨ।

ਸਤਿਗੁਰਾਂ ਦਾ ਹਰਿਦੁਆਰ ਜਾਣਾ

ਸੰਨ ੧੯੫੯ ਈ. ਵਿਚ ਸ੍ਰੀ ਸਤਿਗੁਰੂ ਜੀ ਨੇ ਹਜਰੋਂ ਦਾ ਦੌਰਾ ਕੀਤਾ ਅਤੇ ਸ੍ਰੀ ਸਤਿਗਰੂ ਬਾਲਕ ਸਿੰਘ ਜੀ ਦੇ ਦਰਸ਼ਨ ਕੀਤੇ। ਏਸੇ ਸਾਲ ਹੀ ਮਾਈ ਸਾਹਬੋ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਆਈ। ਸੰਨ ੧੯੫੯ ਈ. ਦੀ ਦਿਵਾਲੀ ਸ੍ਰੀ ਅੰਮ੍ਰਿਤਸਰ ਮਨਾਈ ਅਤੇ ਅਗਲੇ ਸਾਲ ੧੯੬੦ਈ. ਵਿਚ ਸਰਦਾਰ ਮੰਗਲ ਸਿੰਘ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਆਇਆ। ਸੰਨ ੧੯੬੧ ਈ; ਵਿਚ ਅਰਧ ਕੁੰਭੀ ਦੇ ਮੇਲੇ ਤੇ ਸ੍ਰੀ ਸਤਿਗੁਰੂ ਜੀ ਪਰਵਾਰ ਸਮੇਤ ਉਘੇ ਸਿਖਾਂ ਨਾਲ ਹਰਿਦੁਆਰ ਗਏ। ਸੰਨ ੧੯੬੨ ਈ; ਦੀ ਮਾਘੀ ਮੁਕਤਸਰ ਕੀਤੀ। ਏਸੇ ਸਮੇ ਸ੍ਰੀ ਸਤਿਗੁਰ ਜੀ ਨੇ ਭਾਈ ਰਾਏ ਸਿੰਘ ਨੂੰ ਹਜ਼ੂਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਰਿਆਦਾ

ਲੈਣ ਭੇਜਿਆ ਤੇ ਦਿਵਾਲੀ ਅੰਮ੍ਰਿਤਸਰ ਕੀਤੀ।ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਜੋਤੀ ਜੋਤ ਸਮੌਣ ਦੀ ਖ਼ਬਰ ਸੁਣ ਕੇ ਆਪ ਹਜ਼ਰੋਂ ਸਾਹਿਬ ਨੂੰ ਤੁਰ ਪਏ। ਰਸਤੇ ਵਿਚ ਵਜੀਰਾਬਾਦ ਸਤਿਗੁਰੂ ਬਾਲਕ ਸਿੰਘ ਜੀ ਦੇ ਵਡੇ ਭਾਈ ਮੰਨਾ ਸਿੰਘ ਜੀ ਫੁਲ ਲਿਆਉਂਦੇ ਮਿਲੇ।ਓਥੋਂ ਵਾਪਸ ਅਉਂਦਿਆਂ ਆਪ ਜੀ ਨੇ ਕੁਝ ਥਾਂਵਾਂ ਦੇ ਦੌਰੇ ਕੀਤੇ।

ਬੀਬੀਆਂ ਤੇ ਮਿਹਰ

ਬੀਬੀਆਂ ਨੂੰ ਜਨਮ ਸਮੇ ਹੀ ਮਾਰ ਦਿਤਾ ਜਾਂਦਾ ਸੀ ,ਸਿਰਫ ਦਾਜ ਦਹੇਜ ਦੇ ਕਾਰਨ।ਸਤਿਗੁਰਾਂ ਬੜੇ ਸਾਦੇ ਢੰਗ ਨਾਲ ਅਨੰਦ ਮਰਯਾਦਾ ਚਲਾਕੇ ਇਸ ਹੁੰਦੇ ਪਾਪ ਤੋਂ ਸਭ ਨੂੰ ਬਚਾਇਆ।ਸਤਿਗੁਰਾਂ ਨੇ ਸਭ ਤੋਂ ਪਹਿਲਾਂ ੧ ਜੂਨ ੧੮੬੩ ਈ; ਨੂੰ ਪਿੰਡ ਸਿਆੜ੍ਹ ਜਿਲਾ ਲੁਧਿਆਣਾ ਵਿਖੇ ਜੇਠ ਦੀ ਪੂਰਨਮਾਸ਼ੀ ਵਾਲੇ ਦਿਨ ਬੀਬੀਆਂ ਨੂੰ ਅੰਮ੍ਰਿਤ ਛਕਾਇਆ ਤੇ ਇਨ੍ਹਾਂ ਵਿਚ ਸ਼ਕਤੀ ਭਰੀ।ਫਿਰ ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ ਵਿਖੇ ੩ ਜੂਨ ੧੮੬੩ ਮੁਤਾਬਿਕ ਜੇਠ ਸੁਦੀ ੧੦ ਸੰਮਤ ੧੯੨੦ ਬਿ; ਨੂੰ ਪਹਿਲੀ ਵਾਰ ਆਦਿ ਸ੍ਰੀ ਗਰੰਥ ਸਾਹਿਬ ਵਿਚੋਂ ਚਾਰ ਲਾਵਾਂ ਪੜ੍ਹ ਕੇ ੬ ਜੋੜਿਆ ਦੇ ਅਨੰਦ ਕਾਰਜ ਕੀਤੇ।ਇਸ ਮਰਯਾਦਾ ਨਾਲ ਪਹਿਲਾਂ ਹਵਨ ਕੀਤਾ ਗਿਆ; ਹਵਨ ਵਿਚ ਪੁਰਾਤਨ ਮਰਿਆਦਾ ਅਨੁਸਾਰ ਮੰਤ੍ਰ ਪੜ੍ਹਦੇ ਸਨ ਪਰ ਸਤਿਗੁਰਾਂ ਗੁਰਬਾਣੀ ਦੇ ਪਾਠ ਕੀਤੇ।ਉਪਰੰਤ ਵੇਦੀ (ਹਵਨ ਕੁੰਡ ਦੁਆਲੇ) ਲਾਵਾਂ ਦਾ ਪਾਠ ਕੀਤਾ ਗਿਆ। ਬਾਬੇ ਸਮੁੰਦ ਸਿੰਘ ਦੀ ਲੜਕੀ ਤੇ ਪੋਤਰੀ ਅਤੇ ਚਾਰ ਹੋਰ ਅਨੰਦ ਹੋਏ। ਇਥੇ ਕਿਸੇ ਜਾਤ ਪਾਤ ਦਾ ਭੇਦ ਨਹੀ ਸੀ ਰਖਿਆ। ਇਹ ਸਾਦਾ ਵਿਆਹ ਅਤੇ ਕੱਠ ਵੇਖ ਕੇ ਪੰਡਤਾਂ ਨੂੰ ਆਪਣੀ ਰੋਜ਼ੀ ਖੁਸਦੀ ਨਜ਼ਰ ਆਈ। ਉਹਨਾਂ ਨੇ ਜਾ ਕੇ ਥਾਣੇ ਰਿਪੋਰਟ ਕਰ ਦਿਤੀ ਅਤੇ ਮੁਕਦਮਾ ਚੱਲਿਆ।ਇਸ ਤੇ ਸਤਿਗੁਰਾਂ ਨੂੰ ਥਾਣਿਓਂ ਥਾਣੀਂ ੧੪ ਜੂਨ ਨੂੰ ਸ੍ਰੀ ਭੈਣੀ ਸਾਹਿਬ ਪਹੁੰਚਾਇਆ ਗਿਆ।ਇਥੇ ਇਸ ਕੇਸ ਲਈ ਸ੍ਰੀ ਸਤਿਗੁਰ ਜੀ ਨੂੰ ਲੁਧਿਆਣੇ ਕਚਹਿਰੀ ਵੀ ਜਾਣਾ ਪੈਂਦਾ ਸੀ ਪਰ ਅਖੀਰ ਜਿੱਤ ਧਰਮ ਦੀ ਹੋਈ, ਸਤਿਗੁਰ ਜੀ ਦੀ।

ਨਾ-ਮਿਲਵਰਤਨ ਦੀ ਲਹਿਰ

ਦਿਨ ਬਦਿਨ ਆਪਣੇ ਦੇਸ਼ ਵਿਚ ਆਪਣੇ ਤੇ ਹੁੰਦੀਆਂ ਸਖਤਾਈਆਂ ਵੇਖਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਦੇਸ਼ ਨੂੰ ਬਦੇਸ਼ੀ ਹਕੂਮਤ ਤੋਂ ਮੁਕਤ ਕਰਾਣ ਲਈ ਬੜੀ ਸੋਚ ਵਿਚਾਰ ਤੋਂ ਬਾਦ ਆਮ ਜਨਤਾ ਨੂੰ ਇਕ ਨਵਾਂ ਹਥਿਆਰ

ਦਿਤਾ।ਜਿਸ ਨਾਲ ਅੰਗਰੇਜ਼ ਸਰਕਾਰ ਨਾਲ ਲੜ ਸਕਣ ਅਤੇ ਆਪਣਾ ਨੁਕਸਾਨ ਵੀ ਨਾ ਹੋਵੇ।ਉਹ ਸੀ ਨਾ-ਮਿਲਵਰਤਨ।

(੧)ਅੰਗਰੇਜ਼ ਦੇ ਬਣਾਏ ਸਕੂਲਾਂ ਵਿਚ ਬਚੇ ਨਾ ਪੜ੍ਹਾਓ; ਆਪਣੀਆਂ ਪਾਠਸ਼ਾਲਾ ਜਾਂ ਵਿਦਿਆਲੇ ਵਿਚ ਬੱਚੇ ਪੜ੍ਹਨੇ ਪਾਓ। (੨) ਅੰਗਰੇਜ਼ਾਂ ਦੀ ਨੌਕਰੀ ਨਾ ਕਰੋ। (੩)ਉਹਨਾਂ ਦੀਆਂ ਬਣਾਈਆਂ ਸੜਕਾਂ ਤੇ ਨਾ ਤੁਰੋ; ਨਹਿਰਾਂ ਦਾ ਪਾਣੀ ਨਾ ਵਰਤੋ; ਰੇਲ ਗੱਡੀਆਂ ਤੇ ਡਾਕਖਾਨਿਆਂ ਦੀ ਵਰਤੋਂ ਨਾ ਕਰੋ;ਇਨ੍ਹਾਂ ਸੁਖਾਂ ਨਾਲ ਤੁਹਾਡੇ ਮਨ ਗੁਲਾਮ ਹੋ ਜਾਣਗੇ।(੪) ਸਰਕਾਰੀ ਅਦਾਲਤਾਂ ਦੀ ਬਜਾਇ ਆਪਣੇ ਝਗੜਿਆਂ ਦਾ ਨਿਪਟਾਰਾ ਪਿੰਡ ਦੀਆਂ ਪੰਚਾਇਤਾਂ ਵਿਚ ਕਰੋ।ਦੇਸ਼ ਦੇ ਪੁਰਾਤਨ ਨੇਮਾਂ,ਅਸੂਲ ਅਤੇ ਰਿਵਾਜ਼ਾਂ ਨੂੰ ਮੰਨੋ।

ਆਪਣੇ ਦੇਸ ਦੀਆਂ ਚੀਜ਼ਾਂ ਦੀ ਵਰਤੋ ਕਰੋ। ਆਪ ਕੱਤੋ ਸੀਵੋ ਬੁਣੋਂ; ਆਪਣੀਆਂ ਪੁਸ਼ਾਕਾਂ ਸੂਤੀ ਜਾ ਉੱਨੀ ਕਪੜੇ ਪਹਿਨੋ ਤੇ ਪਹਿਨਾਵੋ।ਭਾਵੇ ਉਹ ਆਪ ਹੀ ਕਰਨ ਕਾਰਨ ਸਮਰਥ ਸਨ। ਪਰ ਸਾਨੂੰ ਦੁਨਿਆਵੀ ਤਰੀਕੇ ਨਾਲ ਦਰਸਾਇਆ ਕਿ ਤੁਸੀ ਇਸ ਤਰਾਂ ਦੇ ਢੰਗ ਨਾਲ ਅਜ਼ਾਦ ਹੋ ਸਕਦੇ ਹੋ। ਇਸ ਨਾਲ ਕਈ ਗਰੀਬਾਂ ਨੂੰ ਰੁਜ਼ਗਾਰ ਮਿਲੇਗਾ। ਸਾਡਾ ਦੇਸ ਆਪਣੇ ਪੈਰਾਂ ਤੇ ਖੜ੍ਹਾ ਹੋਣਾ ਸਿਖੇਗਾ।ਕਿਉਂਕੇ ਸਤਿਗੁਰ ਜੀ ਨੂੰ ਪਤਾ ਸੀ ਕਿ ਅੰਗਰੇਜ਼ਾਂ ਦੀ ਇਹ ਚਾਲ ਹੈ; ਕਿ ਭਾਰਤੀ ਆਪਣੀ ਰੋਟੀ ਹੀ ਕਮੌਣ ਦੇ ਢੰਗ ਲਭਦੇ ਰਹਿਣ ਅਜ਼ਾਦ ਹੋਣ ਦਾ ਸੋਚ ਵੀ ਨਾ ਸਕਣ।ਇਸੇ ਦੇ ਚਲਦੇ ਸਤਿਗੁਰਾਂ ਨੇ ਬਦੇਸ਼ੀ ਚੀਜ਼ਾਂ ਦਾ ਬਾਈਕਾਟ ਕਰ ਦਿਤਾ।ਮਾਨੋ ਓਹਨਾਂ ਨੇ ਇਕ ਸਮਾਨੰਤਰ ਸਰਕਾਰ ਬਣਾ ਲਈ।ਆਪਣੀ ਡਾਕ ਆਪ ਘੋੜਿਆਂ ਤੇ ਦੂਸਰੇ ਡਾਕੀਏ ਤੋਂ ਪਹਿਲਾਂ ਪਹੁੰਚਾ ਦਿੰਦੇ ਸਨ।ਇਸ ਤੇ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ.ਰਾਜਿੰਦਰ ਪ੍ਰਸਾਦ ਨੇ ਅਪਣੇ ਸ਼ਬਦਾਂ ਵਿਚ ਆਖਦੇ ਹਨ-"ਹਮਾਰੇ ਦੇਸ਼ ਮੇ ਮਹਾਤਮਾ ਗਾਂਧੀ ਜੀ ਨੇ ਅਸਹਿਯੋਗ ਆਂਦੋਲਨ ਇਤਨੇ ਜੋਰ ਸੇ ਚਲਾਯਾ ਮਗਰ ਯੇਹ ਉਸ ਸੇ ਪਹਿਲੇ ਗੁਰੂ ਰਾਮ ਸਿੰਘ ਨੇ ੫੦ ਵਰਸ਼ ਪੂਰਬ ਪ੍ਰਚਲਤ ਕੀਆ ਥਾ"॥

ਅੰਗਰੇਜ਼ਾਂ ਵਲੋਂ ਪਾਬੰਦੀਆਂ ਦਾ ਪਹਾੜ

ਜੂਨ ੧੯੬੩ ਈ. ਅੰਗਰੇਜ਼ਾਂ ਨੇ ਸਤਿਗੁਰਾਂ ਨੂੰ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕਰ ਦਿਤਾ ਤੇ ਨਾਮਧਾਰੀ ਪ੍ਰਚਾਰ ਤੇ ਪਾਬੰਦੀਆ ਲਾ ਦਿਤੀਆਂ ।ਐਸੇ ਸਮੇਂ ਨੂੰ ਮੁਖ ਰਖਦੇ ਹੋਏ ਪਹਿਲਾਂ ਸਤਿਗੁਰਾਂ ਨੇ ਪੰਜ ਸੂਬੇ ਥਾਪੇ। ਸਰਕਾਰ ਨੇ ਇਨ੍ਹਾਂ ਨੂੰ ਵੀ ਨਜ਼ਰਬੰਦ ਕਰ ਦਿਤਾ।ਫਿਰ ਸਤਿਗੁਰਾਂ ਨੇ ਸਤਾਰਾਂ ਸੂਬੇ ਹੋਰ ਨੀਅਤ ਕਰ ਦਿਤੇ।

ਇਸ ਤਰਾਂ ਇਹ ਬਾਈ ਸੂਬੇ ਥਾਪੇ ਗਏ।ਇਨ੍ਹਾਂ ਨੇ ਸਤਿਗੁਰਾਂ ਦੇ ਹੁਕਮ ਅਨੁਸਾਰ ਬੜੀ ਸਿਆਣਪ ਤੋਂ ਕੰਮ ਲਿਆ ਤੇ ਆਪਣਾ ਪ੍ਰਚਾਰ ਕੀਤਾ ਅਤੇ ਤਕਰੀਬਨ ਸੱਤ ਲੱਖ ਦੀ ਗਿਣਤੀ ਵਿੱਚ ਨਾਮਧਾਰੀ ਸਜ ਗਏ।ਏਸੇ ਤਰਾਂ ਲੋਕਾਂ ਦੀ ਚੇਤਨਾ ਵਧਦੀ ਗਈ ਤੇ ਅੰਗਰੇਜ਼ਾਂ ਦੇ ਰਾਜ ਵਿਰੁਧ ਪੰਜਾਬ ਭਰ ਵਿਚ ਮਾਹੌਲ ਬਨਣ ਲਗ ਪਿਆ।ਇਹਨਾਂ ਦਿਨਾਂ ਵਿਚ ਹੀ ਸਤਿਗੁਰਾਂ ਇਕ ਰਹਿਤਨਾਮਾ ਸੰਗਤਾਂ ਦੇ ਨਾਮ ਲਿਖ ਭੇਜਿਆ।ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜੂਨ ੧੮੬੬ ਈ. ਨੂੰ ਪਹਿਲਾ ਹੋਲਾ ਖੋਟੇ ਕੀਤਾ ਅਤੇ ਦੂਸਰਾ ਅੰਮ੍ਰਿਤਸਰ ੧੮੬੭ਈ. ਵਿਚ ਕੀਤਾ।

ਬਾਈ ਸੂਬਿਆਂ ਦੇ ਨਾਮ

(੧)ਬਾਬਾ ਸਾਹਿਬ ਸਿੰਘ ਜੀ (੨) ਬਾਬਾ ਜਵਾਹਰ ਸਿੰਘ ਜੀ (੩) ਬਾਬਾ ਲੱਖਾ ਸਿੰਘ ਜੀ (੪)ਬਾਬਾ ਕਾਹਨ ਸਿੰਘ ਜੀ (੫)ਬਾਬਾ ਸੁਧ ਸਿੰਘ ਜੀ (੬) ਬਾਬਾ ਸਰਮੁਖ ਸਿੰਘ ਜੀ (੭) ਬਾਬਾ ਰੂੜ ਸਿੰਘ ਜੀ (੮) ਬਾਬਾ ਜਮੀਤ ਸਿੰਘ ਜੀ (੯) ਬਾਬਾ ਗਿਆਨੀ ਰਤਨ ਸਿੰਘ ਜੀ (੧੦) ਬਾਬਾ ਬ੍ਰਹਮਾ ਸਿੰਘ ਜੀ (੧੧)ਬਾਬਾ ਮਾਨ ਸਿੰਘ ਜੀ (੧੨) ਬਾਬਾ ਭਗਵਾਨ ਸਿੰਘ ਜੀ (੧੩) ਬਾਬਾ ਰਾਜਾ ਸਿੰਘ ਜੀ (੧੪) ਬਾਬਾ ਹੁਕਮਾ ਸਿੰਘ ਜੀ (੧੫) ਬਾਬਾ ਮਲੂਕ ਸਿੰਘ ਜੀ (੧੬) ਬਾਬਾ ਜੋਤਾ ਸਿੰਘ ਜੀ (੧੭) ਬਾਬਾ ਖਜਾਨ ਸਿੰਘ ਜੀ (੧੮) ਬਾਬਾ ਨਰੈਣ ਸਿੰਘ ਜੀ (੧੯) ਬਾਬਾ ਸਮੁੰਦ ਸਿੰਘ ਜੀ (੨੦) ਬਾਬਾ ਪਹਾੜਾ ਸਿੰਘ ਜੀ (੨੧)ਬਾਬਾ ਖੁਸ਼ਹਾਲ ਸਿੰਘ ਜੀ (੨੨) ਬਾਬਾ ਗੁਪਾਲ ਸਿੰਘ ਜੀ (੨੩) ਸੂਬਾ ਬੀਬੀ ਹੁਕਮੀ ਵਰ੍ਹਿਆਂਹ ਜ਼ਿਲਾ ਅੰਮ੍ਰਿਤਸਰ ਉਮਰ ੨੦ ਸਾਲ ਪ੍ਰਚਾਰ ਅਸਥਾਨ ਅੰਮ੍ਰਿਤਸਰ। ਜਨਮ ਅਸਥਾਨ ਹੁਸ਼ਿਆਰਪੁਰ ਦੇ ਸਨ।

ਇਨਾਂ ਸਾਰੇ ਸੂਬਿਆਂ ਨੇ ਸਿਖੀ ਪੂਰਨ ਨਾਮਧਾਰੀ ਪ੍ਰਚਾਰ ਪਾਬੰਦੀਆਂ ਦੇ ਹੁੰਦਿਆਂ ਵੀ ਖੁਲੇ ਕੀਤੇ। ਜਿਸ ਦੇ ਕਾਰਨ ਸ੍ਰੀ ਭੈਣੀ ਸਾਹਿਬ ਸੰਗਤਾਂ ਦੀ ਰੌਣਕ ਵਧਦੀ ਗਈ ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਿਖਾਂ ਨੂੰ ਅੰਮ੍ਰਿਤ ਛਕਾ ਕੇ ਐਸਾ ਗਿਆਨ ਭਰ ਦਿਤਾ ਸੀ ਕਿ ਉਹ ਗਊ ਤੇ ਗਰੀਬ ਦੇ ਦੁਖ ਨਹੀ ਸੀ ਦੇਖ ਸਕਦੇ ਅਤੇ ਗਊ ਦੀ ਹਿੰਦੂ ਪੂਜਾ ਕਰਦੇ ਸਨ ।ਉਥੇ ਇਨ੍ਹਾਂ ਅੰਗਰੇਜ਼ਾਂ ਨੇ ਪੰਜਾਬ ਵਿਚ ਬੁਚੜਖਾਨੇ ਲਾ ਦਿਤੇ ਤੇ ਗਊਆਂ ਮਾਰਨੀਆ ਸ਼ੁਰੂ ਕਰ ਦਿਤੀਆਂ। ਸਿੱਖ ਆਪ

ਭਾਵੇਂ ਫਾਂਸੀਆਂ ਦੇ ਤਖਤੇ ਤੇ ਚੜ੍ਹ ਜਾਂਦੇ ਸਨ ਪਰ ਇਹ ਜ਼ੁਲਮ ਉਹਨਾਂ ਤੋਂ ਬਰਦਾਸ਼ਤ ਨਹੀ ਸੀ ਹੁੰਦਾ। ਇਸੇ ਤਰਾਂ ਖਾਸ ਕਰਕੇ ਜਦ ਸੂਬਾ ਗਿਆਨੀ ਰਤਨ ਸਿੰਘ ਤੇ ਰਤਨ ਸਿੰਘ ਨਾਈਵਾਲੇ ਨੂੰ ਫਾਂਸੀ ਲਾਉਣ ਕਾਰਨ ਸਿਖਾਂ ਦੇ ਦਿਲ ਭੜਕੇ ਹੋਏ ਸਨ। ੧੨ ਜਨਵਰੀ ੧੯੭੨ਈ; ਸ਼ੁਕਰਵਾਰ ਦੀ ਮਾਘੀ ਸੀ।

ਇਸ ਮੇਲੇ ਤੇ ਗੁਰਮੁਖ ਸਿੰਘ ਨੰਬਰਦਾਰ ਨੇ ਆਪਣੀ ਹੱਡਬੀਤੀ ਸੰਗਤ ਨੂੰ ਸੁਣਾਈ ਕਿ ਜਦ ਮੈਂ ਮਲੇਰਕੋਟਲੇ ਗਿਆ ਤਾਂ ਇਕ ਮੁਸਲਮਾਨ ਇਕ ਮਾੜੇ ਜਿਹੇ ਬੈਲ ਤੇ ਸਬਜ਼ੀਆਂ ਦਾ ਕਾਫੀ ਬੋਝ ਲੱਦਕੇ ਲਿਜਾ ਰਿਹਾ ਸੀ ਅਤੇ ਆਪ ਵੀ ਉਸ ਉਤੇ ਬੈਠਾ ਸੀ। ਜਦ ਇਹ ਵੇਖਿਆ ਤਾਂ ਗੁਰੂ ਕੇ ਸਿਖ ਨੂੰ ਤਰਸ ਆ ਗਿਆ।ਉਸ ਨੂੰ ਆਖਣ ਲਗਾ ਭਾਈ ਤੂੰ ਇਸ ਬੈਲ ਤੇ ਪਹਿਲਾਂ

ਹੀ ਕਾਫੀ ਭਾਰ ਲੱਦਿਆ ਹੋਇਆ ਹੈ।ਇਸ ਲਈ ਜੇ ਤੂੰ ਆਪ ਨਾ ਉਪਰ ਬੈਠੋਂ ਤਾਂ ਠੀਕ ਹੈ।ਬਸ ਇਤਨੀ ਗੱਲ ਕਹਿਣ ਦੀ ਦੇਰ ਸੀ ਉਸ ਨੇ ਝਗੜਾ ਸ਼ੁਰੂ ਕਰ ਦਿਤਾ । ਜੋ ਮੂੰਹ ਆਇਆ ਬੋਲਿਆ ਅਤੇ ਉਸ ਬੈਲ ਨੂੰ ਸਿਖ ਦੇ ਸਾਹਮਣੇ ਕਤਲ ਕਰਾ ਦਿਤਾ।ਇਹ ਖਬਰ ਸਿਖਾਂ ਤੋਂ ਬਰਦਾਸ਼ਤ ਨਾ ਹੋਈ ਤੇ ਉਹ ਜਥਾ ਤਿਆਰ ਕਰਕੇ ਮਲੇਰਕੋਟਲੇ ਵਲ ਨੂੰ ਤੁਰਨ ਦੀ ਤਿਆਰੀ ਕਰ ਬੈਠੇ।ਸਤਿਗੁਰਾਂ ਮਨ੍ਹਾਂ ਵੀ ਕੀਤਾ ਕਿ ਅਜੇ ਸਮਾਂ ਨਹੀ ਪਰ ਸਿਖਾਂ ਆਖਿਆ ਸਾਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਹੁਕਮ ਆਉਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਬਚਨ ਕੀਤਾ, ਫਿਰ ਮੈਂ ਨਹੀ ਰੋਕ ਸਕਦਾ।

ਅੰਗਰੇਜ਼ਾਂ ਨੇ ਪੰਜਾਬ ਵਿਚ ਬੁਚੜਖਾਨੇ ਖੋਹਲ ਦਿਤੇ ਸਨ ; ਜਿਹੜਾ ਸਭ ਤੋਂ ਪਵਿਤਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਿਖਾਂ ਦਾ ਹੈ, ਇਨ੍ਹਾਂ ਉਸ ਦੀ ਪ੍ਰਕਰਮਾ ਕੋਲ ਵੀ ਇਹੋ ਕੰਮ ਕੀਤਾ ਜਿਹੜਾ ਕਿ ਦੁਖਦਾਈ ਸੀ। ਕਿਉਂਕਿ ਕਾਂ ਤੇ ਇੱਲਾਂ ਹੱਡੀਆਂ ਚੁਕ ਕੇ ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਲਿਆ ਕੇ ਸੁਟਦੇ ਸਨ। ਇਸ ਕਰਕੇ ਨਾਮਧਾਰੀ ਗੁਰੂ ਕੇ ਪਿਆਰੇ ਸਿਖ ਇਹ ਨਾ ਸਹਿ ਸਕੇ।ਇਨ੍ਹਾਂ ਨੇ ਬੁਚੜਖਾਨੇ ਅੰਮ੍ਰਿਤਸਰ ਜਾ ਹਮਲਾ ਕੀਤਾ ਤੇ ਨਿਰਦੋਸ਼ ਬੇਜ਼ੁਬਾਨ ਗਾਈਆਂ ਦੇ ਰੱਸੇ ਖੋਹਲ ਦਿਤੇ ਅਤੇ ਬੁੱਚੜਾਂ ਨੂੰ ਮਾਰ ਦਿਤਾ।

ਉਸ ਸਮੇ ਉਂਞ ਤੇ ਕੋਈ ਪੁਕਾਰ ਸੁਣਦਾ ਨਹੀ ਸੀ। ਇਹ ਆਪਣਾ ਕੰਮ ਕਰਕੇ ਚਲੇ ਗਏ।ਕਿਸੇ ਨੂੰ ਨਹੀਂ ਪਤਾ ਲੱਗਾ ਕਿਸ ਨੇ ਕੀਤਾ। ਪੁਲੀਸ ਨੇ ਆਪਣਾ ਆਪ ਬਚੌਣ ਲਈ ਹੋਰ ਹੀ ਨਿਰਦੋਸ਼ੇ ਫੜਕੇ ਉਹਨਾਂ ਤੋਂ ਝੂਠਾ ਹੀ ਗੁਨਾਹ ਕਬੂਲ

ਕਰਾ ਲਿਆ ਕਿ ਅਸੀ ਇਹ ਕੰਮ ਕੀਤਾ ਹੈ। ਜਦ ਸਤਿਗੁਰਾਂ ਨੂੰ ਇਹ ਖਬਰ ਮਿਲੀ ਤਾਂ ਉਨ੍ਹਾਂ ਸਿਖਾਂ ਨੂੰ ਕਿਹਾ; ਜਾਕੇ ਆਪਣਾ ਕੀਤਾ ਆਪ ਕਬੂਲ ਕਰੋ ;ਬੀਜ ਤੁਸੀ ਪਇਆ ਤੇ ਵੱਢਣ ਕੋਈ ਹੋਰ ;ਇਹ ਬਿਲਕੁਲ ਠੀਕ ਨਹੀ।ਫਿਰ ਸਿਖਾਂ ਨੇ ਜਾਕੇ ਆਪ ਅਪਣੇ ਸ਼ਸਤਰ ਦਿਖਾਕੇ ਸਬੂਤ ਦਿਤਾ ਤੇ ਅਖਿਆ; ਇਹ ਕੰਮ ਤਾਂ ਅਸੀਂ ਕੀਤਾ ਹੈ।ਸਜ਼ਾ ਤਾਂ ਸਾਨੂੰ ਮਿਲਣੀ ਚਾਹੀਦੀ ਹੈ ।ਇਹ ਨਿਰਦੋਸ਼ ਹਨ ਜਿਹਨਾਂ ਨੂੰ ਤੁਸੀਂ ਐਵੇਂ ਫੜਿਆ ਹੈ।ਇਹਨਾਂ ਵਿਚੋਂ ਚਾਰ ਸਿਖਾਂ ਨੂੰ ਸਜਾਇ ਮੌਤ ਸੁਣਾਈ ਗਈ । ਅੰਗਰੇਜ਼ਾਂ ਨੇ ਤਾਂ ਇਹ ਸੋਚਿਆ ਕਿ ਇਹ ਵੇਖ ਕੇ ਅਗੋਂ ਕੋਈ ਇਹ ਕੰਮ ਨਾ ਕਰੇਗਾ ਅਤੇ ਸਾਡਾ ਡਰ ਇਨ੍ਹਾਂ ਦੇ ਦਿਲਾਂ ਵਿਚ ਬੈਠ ਜਾਵੇਗਾ। ਉਹਨਾਂ ਨੂੰ ਇਹ ਨਹੀਂ ਸੀ ਪਤਾ ਉਸ ਵਕਤ ਦੇ ਸਿਖਾਂ ਤੇ ਸਤਿਗੁਰਾਂ ਦੀ ਐਸੀ ਮੋਹਰ ਸੀ ਉਹ ਸਮਝਦੇ ਸਨ ਉਨ੍ਹਾਂ ਦਾ ਜੀਵਨ ਏਥੋਂ ਸ਼ੁਰੂ ਹੁੰਦਾ ਹੈ।ਇਸ ਲਈ ਉਨ੍ਹਾਂ ਨੂੰ ਮੌਤ ਤੋਂ ਡਰ ਨਹੀ ਸੀ ਆਉਂਦਾ।ਇਨ੍ਹਾਂ ਸਿਖਾਂ ਨੂੰ ਅੰਮ੍ਰਿਤਸਰ ਇਕ ਬੋਹੜ ਨਾਲ ਫਾਂਸੀ ਦੇਣ ਲੱਗੇ ਤਾ ਆਖਰੀ ਖਾਹਿਸ਼ ਪੁਛੀ ਤਾਂ ਸਿਖਾਂ ਆਖਿਆ ਸਾਨੂੰ ਰੇਸ਼ਮ ਦੇ ਰੱਸੇ ਚਾਹੀਦੇ ਹਨ ਅਤੇ ਸਾਨੂੰ ਕੋਈ ਹੋਰ ਹਥ ਨਾ ਲਾਵੇ।ਸੋ ਇਸ ਤਰਾਂ ਇਹ ਚਾਰ ਸਿਖਾਂ ਨੇ ਇਸ਼ਨਾਨ ਕਰਕੇ ਆਪ ਆਪਣੇ ਗਲਾਂ ਵਿਚ ਫਾਹੀਆਂ ਪਾ ਕੇ ਫਰੰਗੀ ਨੂੰ ਦਸ ਦਿਤਾ ਕਿ ਅਸੀ ਨਾ ਤੈਥੋਂ ਤੇ ਨਾ ਤੇਰੀ ਮੌਤ ਤੋ ਡਰਦੇ ਹਾਂ।ਇਹ ਐਸੇ ਸ਼ਹੀਦ ਹੋਏ।ਇਨ੍ਹਾਂ ਵਿਚੋਂ ਕੁਝ ਸਿਖ ਉਮਰ ਕੈਦ ਲਈ ਕਾਲੇ ਪਾਣੀ ਭੇਜੇ ਗਏ ਸਨ ਜਿਹਨਾਂ ਨੇ ਸਿਰਫ ਗਊ ਹਤਿਆ ਅਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਨੂੰ ਪਵਿਤਰ ਰੱਖਣ ਲਈ ਇਹ ਸਭ ਕੀਤਾ।

ਜਿਨ੍ਹਾਂ ਅੰਗਰੇਜ਼ਾਂ ਨੇ ਡਰੌਣ ਦੀ ਕੋਸ਼ਿਸ਼ ਕੀਤੀ ਸ਼ਹੀਦ ਕਰਕੇ ਪਰ ਸਿਖਾਂ ਵਿਚ ਇਹ ਅੱਗ ਹੋਰ ਭੜਕ ਉਠੀ ਸੀ।ਇਥੇ ਹੀ ਬੱਸ ਨਹੀ ਹੋਈ ।ਸਿਖਾਂ ਕੋਲੋਂ ਤਾਂ ਹਊ ਹੱਤਿਆ ਤੇ ਗਰੀਬਾਂ ਦਾ ਦੁਖ ਨਹੀ ਸੀ ਝੱਲਿਆ ਜਾਂਦਾ ।ਇਸ ਲਈ ਉਨਾਂ ਹੁਣ ਰਾਇਕੋਟ ਦੇ ਬੁਚੜਖਾਨੇ ਤੇ ਜਾਕੇ ਹਮਲਾ ਕਰ ਦਿਤਾ।ਫਿਰ ਇਨ੍ਹਾਂ ਨੂੰ ਵੀ ਫਾਂਸੀ ਦੀ ਹੀ ਸਜ਼ਾ ਦਿਤੀ ਗਈ । ਸਿਖਾਂ ਦੇ ਦਿਲਾਂ ਵਿਚ ਇਹ ਅੱਗ ਹੋਰ ਭੜਕ ਉਠੀ; ਇਹ ਸਮਾਂ ਐਸਾ ਸੀ ਜਦ ਕਿ ਅੰਗਰੇਜ਼ਾਂ ਦੇ ਜੁਲਮ ਤੇ ਨਾਮਧਾਰੀ ਸਿੱਖਾਂ ਦੀਆਂ ਕੁਰਬਾਨੀਆਂ ਦਾ ਅੰਤ ਨਹੀ ਸੀ ਅਤੇ ਕੁਰਬਾਨੀ ਦੇਣ ਸਮੇ ਆਖਦੇ ਸਨ "ਓਏ ਬਿਲਿਆ, ਮੂੰਹ ਤਾਂ ਸਾਹਮਣੇ ਰੱਖ ਪਿਠ ਦੇ ਕੇ ਕਿਉਂ ਖਲੋਤਾ ਹੈਂ, ਅਸੀਂ ਤਾਂ ਦਸ ਮਹੀਨੇ ਕਿਸੇ ਜੱਟੀ ਦੀ ਕੁਖ ਨੂ ਭਾਗ ਲਾਕੇ ਫਿਰ ਇਸ ਸੰਸਾਰ ਵਿਚ ਆ

ਜਾਵਾਂਗੇ; ਇਹ ਚੋਲਾ ਲਾਹ ਨਵੇ ਚੋਲੇ ਪਹਿਨ ਕੇ ਨੌਜਵਾਨ ਹੋਕੇ ਫਿਰ ਤਲਵਾਰ ਫੜਾਂਗੇ ਤੁਹਾਡੇ ਨਾਲ ਜੰਗ ਕਰਕੇ ਤੁਹਾਡਾ ਰਾਜ ਖਤਮ ਕਰਕੇ ਹੀ ਰਹਾਂਗੇ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਛੇ (੬) ਹੋਲੇ ਕੀਤੇ। ਪਹਿਲਾ ਹੋਲਾ ਖੋਟੇ ਪਿੰਡ(ਜ਼ਿਲਾ ਫਿਰੋਜਪੁਰ) ਸੰਮਤ ੧੯੨੨ ਬਿ; ੧੮੬੬ਈ ਨੂੰ । ਦੂਸਰਾ ਹੋਲਾ ਅੰਨਦਪੁਰ ਸੰਮਤ ੧੯੨੩ਬਿ.। ਤੀਸਰਾ ਹੋਲਾ ਸ੍ਰੀ ਭੈਣੀ ਸਾਹਿਬ ਸੰ ੧੯੨੪ ਬਿ.।ਚੌਥਾ ਹੋਲਾ ਮਾਨਾਂਵਾਲੇ ਸੰਨ ੧੯੨੫ ਬਿ;। ਇਥੇ ਸਤਿਗੁਰਾਂ ਇਕ ਕੌਤਕ ਕਰ ਦਿਖਾਲਿਆ।ਉਸ ਵਕਤ ਭੀੜ ਬਹੁਤ ਸੀ। ਉਸ ਭੀੜ ਵਿਚ ਇਕ ਲੜਕਾ ਘੁਮਿਆਰੀ ਦਾ ਗਿਆਨ ਸਿੰਘ ਦੇ ਘੋੜੇ ਦੀ ਫੇਟ ਲਗਣ ਤੇ ਮਰ ਗਿਆ।ਰੌਲਾ ਪੈ ਗਿਆ।ਸਿਖਾਂ ਨੇ ਮਗਰੋਂ ਖਬਰ ਦਿਤੀ ਸਚੇ ਪਾਤਸ਼ਾਹ ਜੀ ਗਿਆਨ ਸਿੰਘ ਦੇ ਘੋੜੇ ਦੇ ਫੇਟ ਲੱਗਣ ਨਾਲ ਘੁਮਿਆਰੀ ਦਾ ਇਕ ਲੜਕਾ ਮਰ ਗਿਆ ਹੈ।ਪੁਲੀਸ ਕਹਿਣ ਲਗੀ ਮੁੰਡਾ ਕੂਕਿਆਂ ਨੇ ਮਾਰਿਆ ਹੈ।ਜੈਸੇ ਖੁਸ਼ੀ ਸੇ ਚੜੇ; ਤੈਸੇ ਗਮੀ ਪੈਦਾ ਹੋ ਗਈ।ਸਿਖਾਂ ਨੇ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਆਪ ਹੀ ਕਿਰਪਾ ਕਰੋ ਤਾਂ ਠੀਕ ਹੋ ਜਾਵੇਗੀ ਨਹੀਂ ਤੇ ਕੋਈ ਗਲ ਇਹ ਠੀਕ ਨਹੀ ਹੈ।ਜੈਸੇ ਦਰੋਪਤੀ ਕੀ ਲਾਜ ਰਖੀ ਸੀ;ਗਜ ਗ੍ਰਾਹ ਤੇ ਛਡਾਇਆ ਸੀ ਇਸੇ ਤਰਾਂ ਰਛਿਆ ਕਰੋ ।ਇਤਨਾ ਸੁਣ ਸਤਿਗੁਰਾਂ ਹਾਥੀ ਝਟ ਮੋੜਿਆ।ਜਿਸ ਜਗਾ ਲੜਕਾ ਪਿਆ ਸੀ ਉਤਰ ਕੇ ਉਸ ਮ੍ਰਿਤਕ ਲੜਕੇ ਨੂੰ ਹੱਥ ਉਤੇ ਚੁਕ ਕੇ ਬਚਨ ਕੀਤਾ ਲੜਕੇ ਕੋ ਮੂਰਛਾ ਆਈ ਹੋਈ ਹੈ।ਉਤੇ ਚਾਦਰ ਪੁਆਈ ਅਤੇ ਜਾ ਅਪਣਾ ਚਰਨ ਛੁਹਾਏ ਨੂੰ ਛਿਨ ਭਰ ਗੁਜਰਿਆ ਤਾਂ ਮੁੰਡੇ ਦਾ ਅੰਗੂਠਾ ਹਿਲਿਆ। ਸਤਿਗੁਰਾਂ ਬਚਨ ਕੀਤਾ ਵੇਖੋ ਅੰਗੂਠਾ ਹਿਲਿਆ ਹੈ; ਲੜਕਾ ਜੀਉਂਦਾ ਹੈ।ਇਕ ਘੜੀ ਪਿਛੋਂ ਲੜਕਾ ਉਠ ਬੈਠਾ।ਰਾਤ ਤੋੜੀ ਤੁਰ ਕੇ ਘਰ ਜਾਇ ਰਿਹਾ ।ਉਹ ਦੂਜੇ ਪਿੰਡ ਸੋਹਲ ਦਾ ਸੀ।ਨਾਨਕ ਨੇ ਮੱਕਾ ਫੇਰ ਕੇ ਜ਼ਾਹਰੀ ਕਲਾ ਦਿਖਾਈ ਸੀ। ਇਨ੍ਹਾਂ ਇਹ ਇਕ ਜ਼ਾਹਰੀ ਕਲਾ ਵਿਖਾਕੇ ਖੁਸ਼ੀਆ ਵੰਡ ਦਿਤੀਆਂ। ਬਹੁਤਿਆਂ ਧੰਨ ਧੰਨ ਆਖ ਕੇ ਭਜਨ ਪੁਛਿਆ। ਸੰਮਤ ੧੯੨੬ ਬਿ. ਪੰਜਵਾਂ ਹੋਲਾ ਸ੍ਰੀ ਭੈਣੀ ਸਾਹਿਬ। ੧੯੨੭ ਬਿ. ਛੇਵਾਂ ਹੋਲਾ ਅਨੰਦਪੁਰ ਸਾਹਿਬ ਹੋਇਆ॥

੧੯੭੨ ਈ. ਦੀ ਮਾਘੀ ਦਾ ਮੇਲਾ ਸ੍ਰੀ ਭੈਣੀ ਸਾਹਿਬ ਹੋਇਆ। ਇਸ ਮੇਲੇ ਤੇ ਮਾਤਾ ਜੱਸਾਂ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਜੋ ਚੜ੍ਹਾਈ ਕਰ ਗਏ ਸੀ;ਉਨ੍ਹਾਂ ਦੇ ਨਮਿਤ ੧੦੧ ਸਧਾਰਨ ਪਾਠਾਂ ਦੇ ਭੋਗ ਪਏ ਗਏ। ਨਾਲ ਹੀ ਅੰਮ੍ਰਿਤਸਰ, ਰਾਏਕੋਟ, ਲੁਧਿਆਣੇ, ਜਿਨਾਂ ਸਿਖਾਂ ਨੂੰ ਫਾਂਸੀ ਲਾਇਆ ਗਿਆ ਸੀ

ਉਨਾਂ ਦੇ ਨਮਿਤ ਭੋਗ ਪਾਏ ਗਏ। ਏਸੇ ਮੇਲੇ ਦੇ ਭੋਗ ਵਾਲੇ ਦਿਨ ਸਿਘਾਂ ਨੇ ਮਲੇਰਕੋਟਲੇ ਧਾਵਾ ਬੋਲਣ ਦੀਆਂ ਤਿਆਰੀਆਂ ਕੀਤੀਆਂ।

ਮੇਲੇ ਤੋਂ ਉਪਰੰਤ ਹੰਦਿਆਏ ਵਾਲੀ ਮਾਈ ਇੰਦ ਕੌਰ ਨੇ ਕੋਠੇ ਤੇ ਚੜ੍ਹ ਪੱਲੂ ਫੇਰ ਹੋਕਾ ਦੇ ਦਿਤਾ "ਸ਼ਹੀਦੀ ਜਹਾਜ ਤਿਆਰ ਹੈ, ਜਿਨ੍ਹਾਂ ਚੜ੍ਹਨਾ ਹੈ ਚੜ੍ਹ ਜਾਓ। ਧਰਮ ਤੇ ਗਰੀਬ ਦੀ ਰਖਿਆ ਲਈ ਸਿਰ ਦੇਣ ਵਾਲੇ ਆ ਜਾਣ"।ਰੀਠਿਆਂ ਦੀਆਂ ਛਿਲਾਂ ਦੀ ਸਰਦਾਈ ਰਗੜੀ ਗਈ। ਜਿਹੜਾ ਅੱਗੇ ਆਉਂਦਾ ਛਕਾ ਇਕ ਪਾਸੇ ਬਿਠਾ ਦਿਤਾ ਜਾਂਦਾ। ਸਿਖਾਂ ਨੂੰ ਗੁਸੇ ਵਿਚ ਵੇਖ ਕੇ ਬਾਬਾ ਲੱਖਾ ਸਿੰਘ ਨੇ ਉਨ੍ਹਾਂ ਨੂੰ ਸਮਝੌਣ ਦੀ ਕੋਸਿਸ਼ ਕੀਤੀ ਕਿ ਉਹ ਵਿਚਾਰ ਬਦਲ ਦੇਣ ਤੇ ਕੋਟਲੇ ਤੇ ਧਾਵਾ ਨਾ ਬੋਲਣ।ਪਰ ਮਸਤਾਨਿਆਂ ਨੇ ਇਕ ਨਾ ਸੁਣੀ। ਫਿਰ ਸ੍ਰੀ ਸਤਿਗੁਰੂ ਜੀ ਬਚਨ ਕੀਤਾ "ਅਜੇ ਸਮਾਂ ਨਹੀ;ਖੇਤੀ ਅਜੇ ਨਹੀ ਪੱਕੀ"।ਪਰ ਹੀਰਾ ਸਿੰਘ ਆਖਣ ਲਗਾ "ਸਾਨੂੰ ਗੁਰੂ ਤੇਗ ਬਹਾਦਰ ਦਾ ਹੁਕਮ ਹੋਇਆ ਹੈ;ਅਸੀਂ ਤਾ ਸਿਰ ਦੇਵਾਂਗੇ"।ਤਾਂ ਸਤਿਗੁਰਾਂ ਬਚਨ ਕੀਤਾ ਜੇ ਉਹਨਾਂ ਦਾ ਹੁਕਮ ਹੈ ਤਾ ਮੈਂ ਮਨਾਂ ਨਹੀ ਕਰਦਾ"। ਹੀਰਾ ਸਿੰਘ ਕਹਿਣ ਲੱਗਾ ਅਸੀ ਭੁਖੇ ਹਾਂ; ਪ੍ਰਸ਼ਾਦ ਛਕਾਉ।ਸਤਿਗੁਰੂ ਜੀ ਕੜ੍ਹਾਹ ਪ੍ਰਸਾਦ ਤਿਆਰ ਕਰਵਾ ਕੇ ਸਿਖਾਂ ਨੂੰ ਛਕਾਇਆ।ਹੀਰਾ ਸਿੰਘ ਦੇ ਕੰਨ ਵਿਚ ਬਚਨ ਕੀਤੇ।ਹੀਰਾ ਸਿੰਘ ਨੇ ਅਗੋਂ ਤਿੰਨ ਵਾਰ ਸਤਿਬਚਨ ਅਖਿਆ। ਪ੍ਰਸ਼ਾਦ ਛਕ ਹੀਰਾ ਸਿੰਘ ਨੇ ਤਲਵਾਰ ਨਾਲ ਲਕੀਰ ਖਿਚ ਕੇ ਆਖਿਆ, "ਹੁਣ ਜਿਨ੍ਹਾਂ ਨੇ ਸੀਸ ਦੇਣੇ ਹਨ ਉਹ ਇਸ ਲਕੀਰ ਨੂੰ ਟੱਪਣ।" ਕਰੀਬ ੧੨੫ ਸਿਖਾਂ ਨੇ ਲਕੀਰ ਟੱਪੀ।ਇਨਾਂ ਵਿਚ ਦੋ ਮਾਈਆਂ ਵੀ ਸਨ ਇੰਦ ਕੌਰ ਤੇ ਖੇਮ ਕੌਰ।ਇਹ ਸਵਾ ਕੁ ਸੌ ਦਾ ਜਥਾ ਕਰੀਬ ਦੁਪਹਿਰ ਦੇ ਦੋ ਵਜੇ ੧੩ ਜਨਵਰੀ ਸ਼ਨੀਵਾਰ ੧੯੭੨ ਈ: ਨੂੰ ਅਰਦਾਸਾ ਸੋਧ ਸ੍ਰੀ ਭੈਣੀ ਸਾਹਿਬ ਤੋਂ ਚਲਿਆ। ਲਾਟੋਂ, ਕਟਾਣੀ, ਰਾਮਪੁਰ, ਪਾਇਲ ਹੁੰਦੇ ਰਾਤ ਪਿੰਡ ਰਬੋਂ ਪਹੁੰਚ ਕੇ ਵਿਸ਼ਰਾਮ ਕੀਤਾ।

ਮਲੇਰਕੋਟਲੇ ਤੇ ਚੜ੍ਹਾਈ

ਮਲੇਰਕੋਟਲੇ ਦੇ ਪਾਸ ਆਏ ਤਾਂ ਘੋੜਾ ਹਿਣਕ ਪਿਆ ; ਇਕ ਸਿਖ ਨੇ ਕਿਹਾ ਮੂੰਹ ਬੰਨ੍ਹ ਦੇਈਏ।ਹੀਰਾ ਸਿੰਘ ਨੇ ਕਿਹਾ ਮੂੰਹ ਕਿਉ ਬੰਨਣੇ ਹਨ ; ਘੋੜੇ ਹਿਣਕ ਹਿਣਕ ਕੇ ਤਾਂ ਅਕਾਸ਼ ਨੂੰ ਪਾੜਨਗੇ।ਇਕ ਸਿਖ ਨੇ ਕਿਹਾ ਸਵਾ ਪਹਿਰ ਰਾਤ ਨਾਲ ਵੜੀਏ। ਹੀਰਾ ਸਿੰਘ ਨੇ ਕਿਹਾ ਦਿਨ ਚੜ੍ਹੇ ਤੇ ਪਵਾਂਗੇ।ਅਸੀ ਚੋਰ ਨਾਹੀ ਨਾ ਹੀ ਚੋਰਾਂ ਦੇ ਭਾਈ ਹਾਂ। ਜਿਹੜੀ ਚੰਡੀ ਪ੍ਰਚੰਡ ਹੋਣੀ ਸੀ ਸੋ ਤਾਂ ਹੋ ਗਈ ਹੈ। ਦਿਨ ਚੜ੍ਹੇ ਵੜਾਂਗੇ। ਉਹ ਜਾਵੇ ਵਿਚੋਂ ਜਿਸ ਨੂੰ ਡਰ ਹੈ। ਮੇਰੀ ਮੰਗ ਤਾਂ ਧਰਮ ਹੇਤ

ਸੀਸ ਦੇਣ ਦੀ ਹੈ। ਮਲੇਰ ਕੋਟਲੇ ਵਾਲਿਆਂ ਨੇ ਮਲੌਦ ਦਾ ਰੌਲਾ ਸੁਣ ਕੇ ਦਰਵਾਜੇ ਬੰਦ ਕਰ ਲਏ ਸੀ ਤਾਂ ਕਿ ਸਿਖ ਅੰਦਰ ਨਾ ਵੜਨ ਪਰ ਸਿਖ ਸ਼ੇਰਾਂ ਵਾਂਗ ਟੁਟ ਪਾਏ । ਬਸ ਫਿਰ ਕੀ ਸੀ ਤੁਰਕ ਅੱਗੇ ਨੱਸੇ ਜਾਣ। ਸਮੁੰਦ ਖਾਂ ਨਾਲ ਲੜਾਈ ਹੋਈ;ਪਹਿਲਾਂ ਕਿਹਾ ਇਹਦੇ ਨਾਲ ਕੀ ਲੜਨਾ ;ਪਰ ਜਦ ਸਮੁੰਦ ਖਾਂ ਨੇ ਲਲਕਾਰਾ ਮਾਰਿਆ ਤਾਂ ਹੀਰਾ ਸਿੰਘ ਅਗੇ ਆਏ ।ਹੀਰਾ ਸਿੰਘ ਕੋਲ ਸਿਰਫ ਤਲਵਾਰ ਹੀ ਸੀ ਤੇ ਸਮੁੰਦ ਖਾਂ ਕੋਲ ਢਾਲ ਤੇ ਤਲਵਾਰ ਦੋਵੇਂ ਸਨ ਪਰ ਫਿਰ ਵੀ ਉਸ ਨੂੰ ਕਿਹਾ ਪਹਿਲਾਂ ਤੂੰ ਵਾਰ ਕਰ ਲੈ । ਉਸ ਨੇ ਵਾਰ ਕੀਤਾ ਤਾਂ ਹੀਰਾ ਸਿੰਘ ਨੇ ਆਪਣਾ ਹੱਥ ਅਗੇ ਕਰ ਦਿਤਾ। ਉਸ ਨਾਲ ਗੁੱਟ ਵੱਢਿਆ ਗਿਆ ਪਰ ਨਾਲ ਹੀ ਤੁਰਕ ਦਾ ਸਿਰ ਲਾਹ ਦਿਤਾ। ਇਸ ਨਾਲ ਸਭ ਨੂੰ ਭਾਜੜ ਪੈ ਗਈ। ਤੁਰਕ ਆਖਣ ਏਨ੍ਹਾਂ ਸਮੁੰਦ ਖਾਂ ਮਾਰ ਦਿਤਾ ਅਸੀ ਕੌਣ ਹਾਂ; ਫਿਰ ਸਿਖ ਰੜ ਆਏ। ਰਾਤ ਉੱਥੇ ਲੰਗਰ ਪਕਾਇਆ ਤੇ ਛਕਿਆ ਅਤੇ ੧੬ ਜਨਵਰੀ ੧੮੭੨ ਈ. ਨੂੰ ਸ਼ੇਰਪੁਰ ਥਾਣੇ ਆ ੬੬ ਸਿੰਘਾਂ ਤੇ ਦੋ ਮਾਈਆਂ ਆਤਮ ਸਮਰਪਣ ਕੀਤਾ।

ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾਣਾ

ਜਨਵਰੀ ੧੭, ੧੮ (੧੮੭੨ਈ;) ਹੁਣ ਪੰਜਾਬ ਦੇ ਰਾਜਿਆਂ ਦੀਆਂ ਫਰੰਗੀ ਨੇ ਤੋਪਾਂ ਮੰਗਵਾ ਲਈਆ। ਨਾਮਧਾਰੀ ਸਿਖਾਂ ਨੂੰ ਉਡਾਣ ਦਾ ਹੁਕਮ ਦੇ ਦਿਤਾ। ਪਟਿਆਲਾ, ਜੀਂਦ, ਨਾਭਾ ਤੇ ਸੰਗਰੂਰ ਦੀਆਂ ਤੋਪਾਂ ਬੀੜੀਆਂ ਗਈਆਂ। ਭਾਈ ਹੀਰਾ ਸਿੰਘ ਤੇ ਲਹਿਣਾ ਸਿੰਘ ਇਸ਼ਨਾਨ ਕਰਕੇ ਤੋਪ ਦੇ ਅਗੇ ਹੋਏ । ਬਿਲੇ ਨੇ ਨੀਚ ਨੂੰ ਕਿਹਾ ਕਿ ਇਹਨਾਂ ਨੂੰ ਰੱਸੀ ਪਾਇਕੇ ਅਗੇ ਖੜ੍ਹੇ ਕਰੋ।ਸਿੰਘਾਂ ਨੇ ਉਸ ਨੂੰ ਕਿਹਾ ਉਏ ਪਰੇ ਹੋ ਜਾ, ਅਸੀਂ ਆਪੇ ਹੀ ਆ ਖਲੋਵਾਂਗੇ।ਤੋਪ ਅਗੇ ਜਾ ਖਲੋਇ ਤਾ ਜੈਕਾਰਾ ਹੱਲਾ ਕਰਕੇ ਬੋਲਾਇਆ; ਬਿਲੇ ਨੇ ਕਿਹਾ ਪਿੱਠ ਕਰੋ।ਸਿੰਘਾਂ ਕਿਹਾ ਪਿੱਠ ਨਹੀ ਕਰਾਂਗੇ, ਸਨਮੁਖ ਹੋਕਰ ਚੜ੍ਹਾਂਗੇ। ਇਹ ਆਖਕੇ ਸਾਹਮਣੇ ਛਾਤੀਆਂ ਡਾਹ ਕੇ ਖੜ੍ਹੇ ਹੋਇ ਗੁਰੂ ਕੇ ਸਿੰਘ।ਬਿਲੇ ਤਿੰਨ ਵਾਰੀ ਬਤੀ ਲਾਈ, ਤੋਪ ਪਲੀਤਾ ਚਟ ਗਈ।ਫਰੰਗੀ ਦਾ ਇਹ ਕਾਨੂੰਨ ਸੀ ਕਿ ਜੇਕਰ ਤੋਪ ਇਕ ਵਾਰ ਨਾ ਚਲੇ ਤਾ ਦੋਸ਼ੀ ਨੂੰ ਛਡ ਦੇਣਾ। ਫਿਰ ਦੂਜੀ ਵਾਰ ਵੀ ਇਵੇਂ ਹੀ ਹੋਇਆ ਤੇ ਤੀਜੀ ਵਾਰ ਜਦ ਇਸੇ ਤਰਾਂ ਹੋਇਆ ਤਾਂ ਸਿੰਘਾਂ ਆਖਿਆ ਤੁਹਾਡੇ ਕਾਨੂੰਨ ਨੂੰ ਹੀ ਝੂਠਾ ਕਰਨਾ ਸੀ। ਹੁਣ ਤੋਪ ਚਲਾ, ਚੱਲੇਗੀ;ਤੋਪ ਚੱਲੀ ਤੇ ਸਿੰਘ ਪੁਰਜਾ ਪੁਰਜਾ ਹੋਇ ਕੇ ਜਾ ਪਏ(ਪੁਰਜਾ ਪੁਰਜਾ ਕਟ ਮਰੇ) ਇਹ ਸਚ ਕਰ ਦਿਖਲਾਇਆ)। ਹੀਰਾ ਸਿੰਘ ਦਾ ਸੀਸ ਸਣੇ

ਦਮਤਾਰ ਹੀ ਆਕਾਸ਼ ਵਲ ਉਡਿਆ ਤੇ ਦੂਰ ਜਾ ਪਿਆ। ਇਸੇ ਤਰਾਂ ਸਭ ਨੇ ਆਪ ਇਸ਼ਨਾਨ ਕਰਕੇ ਆ ਤੋਪਾਂ ਅਗੇ ਆਖਿਆ ਬਿਲਿਆ ਛੇਤੀ ਕਰ ਸਾਡਾ ਸਾਥ ਜਾਂਦਾ ਹੈ।

ਅਗਲੇ ਦਿਨ ੧੯ ਜਨਵਰੀ ਨੂੰ ਜਦ ਵਾਰੀ ਆਈ ਵਰਿਆਮ ਸਿੰਘ ਦੀ। ਉਸ ਦਾ ਪਰਵਾਨਾ ਪਟਿਆਲੇ ਤੋਂ ਕੋਈ ਅਇਆ ਇਸ ਲਈ ਫਰੰਗੀ ਨੇ ਕਿਹਾ ਕਿ ਤੇਰਾ ਕਦ ਛੋਟਾ ਹੈ ਤੋਪ ਅਗੇ ਨਹੀ ਆਉਂਦਾ ਤੂੰ ਚਲਾ ਜਾ ਪਰ ਸਿਖ ਨੇ ਕਿਹਾ ਮੇਰਾ ਸਾਥ ਜਾਂਦਾ ਹੈ, ਉਸ ਨੇ ਢੀਮਾਂ ਖੇਤ ਚੋਂ ਕੱਠੀਆਂ ਕਰ ਕੇ ਉਪਰ ਆਪ ਖੜ੍ਹਾ ਹੋ ਕੇ ਕਿਹਾ ਹੁਣ ਕੱਦ ਠੀਕ ਪੂਰਾ ਹੈ ਤੋਪ ਚਲਾ; ਮੇਰੇ ਸਤਿਗੁਰਾਂ ਦਾ ਦਿਵਾਨ ਲਗਿਆ ਹੈ, ਮੇਰਾ ਸਾਥ ਜਾਂਦਾ ਹੈ, ਦੇਰ ਨਾ ਕਰ ਮੈ ਸਤਿਗੁਰਾਂ ਦੇ ਦਿਦਾਰੇ ਕਰਨੇ ਹਨ। ਇਹੋ ਜਹੀਆ ਕੁਰਬਾਨੀਆ ਵੇਖ ਕੇ ਬਿਲੇ ਦਾ ਸਿਰ ਨੀਵਾਂ ਤਾ ਹੁੰਦਾ ਸੀ ਪਰ ਕਰ ਕੁਝ ਨਹੀ ਸੀ ਸਕਦਾ, ਉਹ ਸ਼ਰਮਿੰਦਾ ਸੀ।ਫਿਰ ਦੂਸਰੇ ਦਿਨ ਸੋਲਾਂ ਸਿਖ ਇਸੇ ਤਰਾਂ ਉਡਵਾ ਦਿਤੇ।

ਸ਼ਹੀਦ ਬਿਸ਼ਨ ਸਿੰਘ ੧੨ ਸਾਲ ਦਾ ਬੱਚਾ ਸੀ ਜੋ ਮਲੇਰ ਕੋਟਲੇ ਜਾਣ ਵਾਲੇ ਸ਼ਹੀਦੀ ਪਾਉਣ ਵਾਲੇ ਸਿਖਾਂ ਦੇ ਜਥੇ ਨਾਲ ਰਲ ਗਿਆ ਜੋ ਪਿੰਡ ਰੜ੍ਹ ਜਿਲਾ ਸੰਗਰੂਰ ਵਿਖੇ ਹੋਇਆ। ੧੭ ਜਨਵਰੀ ੧੯੭੨ ਈ; ਨੂੰ ਜਦ ਸਿਖਾਂ ਨੂੰ ਤੋਪਾਂ ਨਾਲ ਉਡਾਇਆ ਜਾ ਰਿਹਾ ਸੀ ਤਾਂ ਬਿਸ਼ਨ ਸਿੰਘ ਦੀ ਭੋਲੀ ਸ਼ਕਲ ਵੇਖ ਕੇ ਮਿਸਟਰ ਕਾਵਨ (ਡੀ ਸੀ) ਦੀ ਪਤਨੀ ਨੇ ਕਾਵਨ ਨੂੰ ਉਸ ਦੀ ਰਿਹਾਈ ਲਈ ਕਿਹਾ ਕਿ ਇਸ ਬੱਚੇ ਨੇ ਕੀ ਕੀਤਾ ਹੈ ਇਸ ਨੂੰ ਛੱਡ ਦਿਉ।ਕਾਵਨ ਨੇ ਕਿਹਾ ਜੇ ਇਹ ਕਹਿ ਦੇਵੇਂ ਇਹ ਗੁਰੂ ਰਾਮ ਸਿੰਘ ਦਾ ਸਿਖ ਨਹੀਂ ਤਾਂ ਮੈ ਇਸ ਨੂੰ ਮਾਫ ਕਰ ਦਿਆਂਗਾ।ਜਦ ਬਿਸ਼ਨ ਸਿੰਘ ਨੂੰ ਇਹ ਆਖਣ ਲਈ ਕਿਹਾ ਗਿਆ ਤਾ ਉਸ ਨੂੰ ਕਰੋਧ ਆ ਗਿਆ ਅਤੇ ਉਸ ਅਗੇ ਹੋ ਕੇ ਕਾਵਨ ਦੀ ਦਾੜ੍ਹੀ ਨੂੰ ਐਸੇ ਕਰਤੇ ਹਥ ਪਾਏ ਲਏ ਕਿ ਕਾਵਨ ਦੀ ਹੋਸ਼ ਉਡ ਗਈ; ਬਿਸ਼ਨ ਸਿੰਘ ਆਖਣ ਲਗਾ ਉਏ ਤੂੰ ਮੈਨੂੰ ਕੀ ਕਹਿੰਦਾ ਹੈਂ ਮੈ ਗੁਰੂ ਕਾ ਸਿਖ ਨਹੀ ਹਾਂ? ਸਿੰਘ ਦੇ ਹਥ ਉਦੋਂ ਹੀ ਛੁਟੇ ਜਦ ਕੋਲੋਂ ਸਿਪਾਹੀ ਨੇ ਤਲਵਾਰ ਨਾਲ ਉਸ ਦੇ ਹਥ ਕਟ ਦਿਤੇ ਅਤੇ ਸਿਰ ਲਾਹ ਦਿਤਾ।

ਇਥੇ ਸ਼ਹੀਦ ਹੋਇਆਂ ਦੇ ਨਾਮ ਇਸ ਤਰਾਂ ਹਨ।ਮਲੋਦ ਜੇਹੜੇ ਸ਼ਹੀਦ ਹੋਏ ਮਲੇਰ ਕੋਟਲੇ, ਉਹਨਾਂ ਦਾ ਵੇਰਵਾ ਇਸ ਤਰਾਂ ਹੈ ੨ ਸਿੰਘ ਮਲੋਦ ਦੀ ਲੜਾਈ ਵਿਚ ਸ਼ਹੀਦ ਹੋਏ.੪ ਸਿੰਘ ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਤੇ ੮ ਲੜਦੇ ਹੋਏ ਸ਼ਹੀਦ

ਹੋਏ, ੬੫ ਸਿੰਘ ਤੋਪਾਂ ਨਾਲ ਉਡਾਏ, ੧ ਤਲਵਾਰ ਨਾਲ ਸ਼ਹੀਦ ਕੀਤਾ ਗਿਆ ।ਇਹ ੮੦ ਸ਼ਹੀਦ ਸਿੰਘ ਹਨ। ਇਨ੍ਹਾਂ ਦੇ ਨਾਮ ਦਾ ਵੇਰਵਾ ਇਸ ਤਰਾਂ ਹੈ-

ਰਿਆਸਤ ਪਟਿਆਲਾ ਜਾ ਨਾਭਾ। ਹੀਰਾ ਸਿੰਘ ਸਕਰੌਦੀ -ਜਥੇਦਾਰ;ਲਹਿਣਾ ਸਿੰਘ ਸਕਰੌਦੀ -ਜਥੇਦਾਰ;ਮਿਤ ਸਿੰਘ ਸਕਰੌਦੀ; ਕਟਾਰ ਸਿੰਘ ਧਨੌਲਾ ; ਪਰਸਾ ਸਿੰਘ ਗੁਰੂਸਰ;ਧਿਆਨ ਸਿੰਘ ਭੱਦਲ ਥੂਹਾ;ਰਤਨ ਸਿੰਘ ਭੱਦਲ ਥੂਹਾ;ਭੂਪ ਸਿੰਘ ਦਿਆਲਗੜ੍ਹ,ਅਤਰ ਸਿੰਘ ਦਿਆਲਗੜ੍ਹ; ਹਰਨਾਮ ਸਿੰਘ ਗਿਲ; ਗੁਜਰ ਸਿੰਘ ਹਰੀ ਪੁਰ; ਨੰਦ ਸਿੰਘ ਹੰਡਿਆਇਆ; ਨਥਾ ਸਿੰਘ ਬਰਨਾਲਾ ;ਵਰਿਆਮ ਸਿੰਘ ਬਰਨਾਲਾ; ਰਤਨ ਸਿੰਘ ਬਰਨਾਲਾ; ਹਰਨਾਮ ਸਿੰਘ ਧਮੋਟ, ਸੱਦਾ ਸਿੰਘ ਰੱਤ; ਅਤਰ ਸਿੰਘ; ਨਰਾਇਣ ਸਿੰਘ ਰੱਤ; ਬਿਸ਼ਨ ਸਿੰਘ ਰਤ; ਹੀਰਾ ਸਿੰਘ ਰਤ; ਹਰਨਾਮ ਸਿੰਘ ਰਤ; ਜੈਮਲ ਸਿੰਘ ਰੱਤ; ਗੁਰਦਿਤ ਸਿੰਘ ਰਤ; ਸ਼ੇਰ ਸਿੰਘ ਦੀਵਾ; ਵਰਿਆਮ ਸਿੰਘ ਮੂੰਮ; ਨਾਰਾਇਣ ਸਿੰਘ ਰੰਝਿਆਂ; ਕਾਲਾ ਸਿੰਘ ਦਿਆਲਪੁਰ ਕੋਟਲਾ; {ਰਿਆਸਤ ਮਲੇਰ ਕੋਟਲਾ॥} ਗੁਰਮੁਖ ਸਿੰਘ ਨੰਬਰਦਾਰ ਫਰਵਾਹੀ; ਭੂਪ ਸਿੰਘ ਫਰਵਾਹੀ; ਨਾਰਾਇਣ ਸਿੰਘ ਚੂੰਘ; ਧਿਆਨ ਸਿੰਘ ਚਕ ਕੂਕਿਆਂ; ਖੜਕ ਸਿੰਘ ਫਰਵਾਹੀ। ਰਿਆਸਤ ਸੰਗਰੂਰ ਅਤੇ ਜੀਂਦ॥} ਅਤਰ ਸਿੰਘ ਵਾਲੀਆ;ਫਤਿਹ ਸਿੰਘ ਵਾਲੀਆ;ਫਤਿਹ ਸਿੰਘ ਗਗੜਪੁਰ;ਪ੍ਰੇਮ ਸਿੰਘ ਗਗੜਪੁਰ;ਹਰਨਾਮ ਸਿੰਘ ਮੰਡੀ;।ਜਿਲਾ {{ਫਿਰੋਜਪੁਰ } ਮਾਘ ਸਿੰਘ ਮਰ੍ਹਾਜ; ਅਤਰ ਸਿੰਘ ਮਰ੍ਹਾਜ;ਜੋਧ ਸਿੰਘ ਮਰ੍ਹਾਜ;ਨਿਧਾਨ ਸਿੰਘ ਜਾਦਕ; ਹਰਨਾਮ ਸਿੰਘ ਜਾਦਕ; ਜਗਤ ਸਿੰਘ ਗੰਜੀ; {ਜਿਲਾ ਲੁਧਿਆਣਾ॥} ਉਤਮ ਸਿੰਘ ਰੁੜਕਾ; ਚੜਤ ਸਿੰਘ ਰੁੜਕਾ; ਸੁਹੇਲ ਸਿੰਘ ਲਹਿਰਾ; ਦੇਵਾ ਸਿੰਘ ਲੋਹਗੜ੍ਹ; ਮਹਾਂ ਸਿੰਘ ਚਾਓ; ਹਜ਼ਾਰਾ ਸਿੰਘ ਚਾਓ; ਬੀਰ ਸਿੰਘ ਚਾਓ; ਪ੍ਰੇਮ ਸਿੰਘ ਪੀਰ ਦਾ ਕੋਟ; ਕਾਨ ਸਿੰਘ ਸੰਗੋਵਾਲ; ਜੀਵਨ ਸਿੰਘ ਬਲੋ; ਮੀਹਾ ਸਿੰਘ ਲਤਾਲਾ; ਗੁਰਮੁਖ ਸਿੰਘ ਲਤਾਲਾ; ਨਥਾ ਸਿੰਘ ਰਬੋ; ਵਜ਼ੀਰ ਸਿੰਘ ਰੱਬੋ;

{੧੬ ਨਾਮਧਰੀ ਸਿੱਖਾਂ ਨੂੰ ਮੁਕਦਮਾ ਚਲਾ ਕੇ ੧੮ ਜਨਵਰੀ ਨੂੰ ਤੋਪਾਂ ਨਾਲ ਉਡਾਇਆ ਗਿਆ, ਉਹ ਹਨ} ਅਲਬੇਲ ਸਿੰਘ ਵਾਲੀਆ ਰਿਆਸਤ ਪਟਿਆਲਾ; ਰੂੜ੍ਹ ਸਿੰਘ ਮੁਲੂ ਮਾਜਰਾ; ਰਿਆਸਤ ਪਟਿਆਲਾ;ਅਨੂਪ ਸਿੰਘ ਸਕਰੌਦੀ ਰਿਆਸਤ ਪਟਿਆਲਾ;ਭਗਤ ਸਿੰਘ ਕਾਂਝਲਾ ਰਿਆਸਤ ਪਟਿਆਲਾ;ਸ਼ਾਮ ਸਿੰਘ ਜੋਗਾ ਰਿਆਸਤ ਪਟਿਆਲਾ;ਜਵਾਹਰ ਸਿੰਘ ਵਾਲੀਆ ਰਿਆਸਤ ਪਟਿਆਲਾ ;ਕੇਸਰ ਸਿੰਘ ਗਿੱਲ ਪਿਥੋਂ ਰਿਆਸਤ ਨਾਭਾ; ਹੀਰਾ ਸਿੰਘ ਪਿਥੋਂ ਕੇ ਰਿਆਸਤ ਨਾਭਾ;ਸੋਭਾ

ਸਿੰਘ ਭੱਦਲ ਬੂਹਾ ਰਿਆਸਤ ਨਾਭਾ;ਸੇਵਾ ਸਿੰਘ ਰਬੋਂ ਜ਼ਿਲਾ ਲੁਧਿਆਣਾ;ਸੋਭਾ ਸਿੰਘ ਰੱਬੋਂ ਲੁਧਿਆਣਾ; ਵਰਿਆਮ ਸਿੰਘ ਛੰਨਾ ਬਹਾਦਰ ਸਿੰਘ ਜਿਲਾ ਲੁਧਿਆਣਾ;ਸੁਜਾਨ ਸਿੰਘ ਰਬੋਂ ਲੁਧਿਆਣਾ; ਬੇਲਾ ਸਿੰਘ ਰਬੋਂ ਲੁਧਿਆਣਾ; ਹਾਕਮ ਸਿੰਘ ਝਬਾਲ ਅੰਮ੍ਰਿਤਸਰ;ਵਰਿਆਮ ਸਿੰਘ ਮਰ੍ਹਾਜ ਫਿਰੋਜ਼ਪੁਰ॥ ਮਲੌਦ ਵਾਲੇ ਚਾਰ ਸਿੰਘਾਂ ਭਗਵਾਨ ਸਿੰਘ, ਗਿਆਨ ਸਿੰਘ ਥੰਮਣ ਸਿੰਘ ਤੇ ਮਿਹਰ ਸਿੰਘ ਇਨ੍ਹਾਂ ਨੂੰ ਮੁਕੱਦਮਾ ਚਲਾ ਕੇ ਉਮਰ ਕੈਦ ਤੇ ਦੇਸ ਨਿਕਾਲੇ ਦੀ ਸਜ਼ਾ ਦਿਤੀ ਗਈ। ਮਾਈ ਖੇਮ ਕੌਰ ਨੂੰ ਤਾਂ ਛੱਡ ਦਿਤਾ ਜੋ ਪਿੰਡ ਦਿਤੂਪੂਰੇ ਦੀ ਸੀ ਪਰ ਹੰਡਿਅਏ ਵਾਲੀ ਮਸਤਾਨੀ ਨੂੰ ਕੈਦ ਕੀਤਾ।ਇਹ ਨੰਦ ਸਿੰਘ ਦੀ ਸਿੰਘਣੀ ਸੀ।ਬਾਰਾਂ ਦਿਨ ਪ੍ਰਸ਼ਾਦਾ ਨਾ ਛਕਿਆ ;ਮਿਥ ਲਈ ਕਿ ਧਰਮ ਦੀ ਖਾਤਰ ਸਿੰਘ ਚੜ੍ਹੇ ਹਨ ਅਸੀ ਕਿਉਂ ਧਰਮ ਛੱਡੀਏ;ਮੈ ਆਪਣੇ ਹਥੀਂ ਪ੍ਰਸ਼ਾਦਾ ਪਕਾਕੇ ਛਕਣਾ ਹੈ।ਬਾਰਾਂ ਦਿਨ ਬਾਦ ਬਾਣੀਏ ਇਕ ਦਾਲ ਤੇ ਇਕ ਤੌੜੀ ਦਿਤੀ।ਪ੍ਰਸ਼ਾਦ ਬਣਾਕੇ ਛਕਿਆ। ਸਤਿਗੁਰਾਂ ਮਸਤਾਨੀ ਨੂੰ ਦਰਸ਼ਨ ਦਿਤੇ ਅਤੇ ਅਵਾਜਾ ਦਿਤਾ; ਅਜ ਤੋਂ ਅੱਠਵੇਂ ਦਿਨ ਛੁਟ ਜਾਵੇਂਗੀ। ਜਾ ਸੱਤ ਦਿਨ ਹੋਏ ਤਾਂ ਮੁਨਸ਼ੀ ਨੇ ਕਿਹਾ ਜਾਹ ਮਾਈ ਤੇਰਾ ਗੁਰੂ ਡਾਵਾ ਹੈ। ਮਾਈ ਇੰਦ ਕੌਰ ਦੀ ਰਿਹਾਈ ਕੀਤੀ ਗ਼ਈ।ਇਹੋ ਜਹੀਆਂ ਸ਼ਹੀਦੀਆਂ ਵੇਖਕੇ ਅੰਗਰੇਜ਼ਾਂ ਦੇ ਦਿਲ ਹਿਲ ਗਏ। ਉਹ ਜਾਣ ਗਏ ਕਿ ਇਹ ਅਜ਼ਾਦੀ ਲੈ ਕੇ ਹੀ ਹਟਣਗੇ। ੧੭ ਜਨਵਰੀ ੧੯੭੨ ਈ. ਰਾਤ ਨੂੰ ਸਚੇ ਪਾਤਸ਼ਾਹ ਜੀ ਮਲੌਦ ਤੋਂ ਚਲ ਕੇ ਅਜੇ ਸ੍ਰੀ ਭੈਣੀ ਸਾਹਿਬ ਪਹੁੰਚੇ ਹੀ ਸਨ ਕਿ ਥਾਣੇਦਾਰ ਸ਼ਾਹ ਵਲੀ ਖਾਂ ਨੇ ਕਮਿਸ਼ਨਰ ਦਾ ਹੁਕਮ ਸੁਣਾਇਆ ਕਿ ਆਪ ਜਲਦੀ ਤੋਂ ਜਲਦੀ ਲੁਧਿਆਣੇ ਕਮਿਸ਼ਨਰ ਦੇ ਪੇਸ਼ ਹੋਵੋ।ਆਪ ਨੇ ਸੰਗਤਾਂ ਨੂੰ ਘਰੋ ਘਰੀ ਜਾਣ ਦਾ ਹੁਕਮ ਕੀਤਾ। ਨਾਲ ਹੀ ਬਚਨ ਕੀਤਾ ਜਿਹੜਾ ਨਾਲ ਜਾਵੇਗਾ ਔਖਾ ਹੋਵੇਗਾ।ਫਿਰ ਗੁਰਦਿਤ ਸਿੰਘ ਮੋਟੋਨ ਨੂੰ ਗੱਡਾ ਤਿਆਰ ਕਰਨ ਲਈ ਕਿਹਾ।ਪਖੁਲੀਆਂ ਲਾ ਤੰਬੂ ਵਾਂਗ;ਉਨ ਦੀ ਦਸਤਾਰ ਸਿਰ ਬੰਨ੍ਹੀ।ਇਕ ਕਾਲੀ ਕੰਬਲੀ ਲਈ ਜੋ ਮਾਈ ਕਰਮ ਕੌਰ ਨੇ ਸਤਿਗੁਰਾਂ ਨੂੰ ਪਹਿਲਾਂ ਭੇਟ ਕੀਤੀ ਸੀ ਤਾਂ ਸਤਿਗੁਰਾਂ ਬਚਨ ਕੀਤਾ ਸੀ ;ਲੈ ਆਈ ਸਾਡੇ ਲਈ ਦੇਸ ਨਿਕਾਲਾ(ਭਾਵ ਸੋਗ ਦਾ ਕਾਲਾ ਰੰਗ) ਸਤਿਗੁਰ ਅਰਦਾਸ ਕਰ ਕੇ ਗੱਡੇ ਵਿਚ ਬੈਠ ਗਏ। ਆਪ ਜੀ ਦੇ ਨਾਲ ਨਾਨੂੰ ਸਿੰਘ ਨਿਜੀ ਸੇਵਕ, ਸੂਬਾ ਜਵਾਹਰ ਸਿੰਘ ਤੇ ਸੂਬਾ ਸਾਹਬ ਸਿੰਘ ਗੱਡੇ ਵਿਚ ਬੈਠ ਗਏ। ਰਾਤ ਨੂੰ ਕਰੀਬਨ ੧ ਵਜੇ ਸਤਿਗੁਰੂ ਜੀ ਲੁਧਿਆਣੇ ਪਹੁੰਚੇ।ਇਥੇ ਮਿ. ਫੌਰਸਾਇਥ ਪਹਿਲਾਂ ਹੀ ਆਪ ਦੀ ਇੰਤਜ਼ਾਰ ਕਰ ਰਿਹਾ ਸੀ।ਉਹ ਆਪ ਜੀ ਨਾਲ ਦੋ ਤਿੰਨ ਘੰਟੇ ਗੱਲਾਂ ਕਰਦਾ ਰਿਹਾ।੧੮ ਜਨਵਰੀ ਸਵੇਰੇ ੪ ਵਜੇ ਸਤਿਗੁਰਾਂ ਨੂੰ

ਸੂਬਾ ਜਵਾਹਰ ਸਿੰਘ, ਸੂਬਾ ਸਹਿਬ ਸਿੰਘ, ਸੂਬਾ ਲੱਖਾ ਸਿੰਘ ਤੇ ਨਿਜੀ ਸੇਵਕ ਭਾਈ ਨਾਨੂੰ ਸਿੰਘ ਸਮੇਤ ਮਿ: ਜੈਕਸਨ ਦੀ ਗੋਰਖਾ ਗਾਰਦ ਦੇ ਪਹਿਰੇ ਹੇਠ ਸਪੈਸ਼ਲ ਗੱਡੀ ਰਾਹੀਂ ਅਲਾਹਾਬਾਦ ਦੇ ਕਿਲੇ ਵਿਚ ਭੇਜ ਦਿਤਾ ਗਿਆ। ਅਲਾਹਾਬਾਦ ਆਪ ੧੦ ਮਾਰਚ ਤਕ ਰਹੇ ਤੇ ਰਾਤ ੧੦ ਵਜੇ ਆਪ ਨੂੰ ਕਲਕੱਤੇ ਭੇਜ ਦਿਤਾ ਗਿਆ। ਜਿਥੋਂ ੧੧ ਮਾਰਚ ੧੯੭੨ ਨੂੰ ਆਪ ਨੂੰ ਨਿਜੀ ਸੇਵਕ ਭਾਈ ਨਾਨੂੰ ਸਿੰਘ ਨਾਲ ਬਰਮਾ ਵਾਸਤੇ ਸ਼ਾਮ ਨੂੰ ੭ ਵਜੇ ਸਮੁੰਦਰੀ ਜਹਾਜ ਵਿਚ ਚੜ੍ਹਾ ਦਿਤਾ ਗਿਆ।

੧੬ ਮਾਰਚ ੧੯੭੨ ਈ; ਨੂੰ ਸਵੇਰੇ ਆਪ ਬਰਮਾ (ਰੰਗੂਨ)ਵਿਖੇ ਪਹੁੰਚੇ। ਏਥੇ ੧੮ ਸਤੰਬਰ ੧੯੮੦ ਤਕ ਰਹੇ।ਪਰ ਸਿਖਾਂ ਦਾ ਆਉਣਾ ਜਾਣਾ ਵੇਖ ਆਪ ਨੂੰ "ਅਨੰਦ" ਨਾਮਕ ਕਿਸ਼ਤੀ ਰਾਹੀ ਮਰਗੋਈ ਭੇਜ ਦਿਤਾ ਗਿਆ। ਏਥੇ ਆਪ ਮਰਗੋਈ ਆਪ ੨੧ ਸਤੰਬਰ ੧੯੮੦ ਨੂੰ ਪਹੁੰਚੇ। ਇਥੋਂ ਆਪ ਕਦੋਂ ਅਲੋਪ ਹੋ ਗਏ ਜਾਂ ਅੰਗਰੇਜ਼ ਨੇ ਕਿਸੇ ਹੋਰ ਜਗ੍ਹਾ ਭੇਜ ਦਿਤਾ ; ਇਹ ਅਜੇ ਖੋਜ ਦੇ ਅਧੀਨ ਹੈ।

ਸਤਿਗੁਰੂ ਰਾਮ ਸਿੰਘ ਜੀ ਦਾ ਪਹਿਲਾ ਹੁਕਮਨਾਮਾ ੧੯੭੪ ਈ; ਵਿਚ ਬਾਬਾ ਦਰਬਾਰਾ ਸਿੰਘ ਜੀ ਰੰਗੂਨ ਤੋਂ ਲੈ ਆਏ ਜਿਸ ਦੇ ਕੁਝ ਕੁ ਅੰਸ਼ ਇਹ ਹਨ।"ਬੁਧ ਸਿੰਘ ਜੀ 'ਦਾ ਨਾਮ ਅਜ ਤੋਂ ਹਰੀ ਸਿੰਘ ਹੋਇਆ ।ਇਹ ਸਿਖੀ ਹਰੀ ਰੱਖਣਗੇ।ਅਜ ਤੋਂ ਇਨ੍ਹਾਂ ਨੂੰ ਸਿਰ ਕਰਤਾ ਜਾਨਣਾ। ਇਨ੍ਹਾਂ ਦੇ ਧੱਕੇ ਹੋਏ ਨੂੰ ਮੈਂ ਨਹੀ ਬਖਸ਼ਾਂਗਾ ਮੇਰੇ ਧੱਕੇ ਹੋਏ ਨੂੰ ਇਹ ਬਖਸ਼ ਸਕਣਗੇ"।

ਸਤਿਗੁਰਾਂ ਰਹਿਤਨਾਮੇ ਵਿਚ ਇਹ ਵੀ ਲਿਖਿਆ "ਆਪਣੀ ਭਲਾਈ ਛੁਪਾਣੀ ਖੌਫ ਰਖਣਾ ਗੁਰੂ ਦਾ ਹਰ ਦਮ"।ਇਸ ਵਿਚ ਉਨ੍ਹਾਂ ਮਾਨੂੰ ਸਾਰੀ ਸਿਖਿਆ ਦੇ ਦਿਤੀ ਹੈ।

ਅੰਗਰੇਜ਼ਾਂ ਦੀਆਂ ਸਖਤੀਆਂ ਅਜੇ ਵੀ ਘਟ ਨਹੀ ਹੋਈਆਂ ।ਉਨ੍ਹਾਂ ਨੇ ਸੂਬਿਆਂ ਨੂੰ ਵਖਰੇ ਕਰ ਦਿਤਾ ਤੇ ਸਤਿਗੁਰਾਂ ਨੂੰ ਪ੍ਰਦੇਸ ਭੇਜਣ ਸਮੇਂ ਆਖਿਆ 'ਬਾਬਾ ਜੀ ਅਬ ਕਿਆ ਕਰੋਗੇ।' ਸਤਿਗੁਰਾਂ ਬਚਨ ਕੀਤਾ "ਉਏ ਬਿਲਿਆ ਮੈਂ ਘਰ ਘਰ ਰਾਮ ਸਿੰਘ ਪੈਦਾ ਕਰ ਦਿਆਂਗਾ।ਉਹ ਜਿਹਨੂੰ ਨਾਮ ਦੇਵੇਗਾ ਉਹ ਉੱਗੇਗਾ"।

ਸਤਿਗੁਰਾਂ ਦੇ ਪ੍ਰਦੇਸ ਜਾਣ ਤੋਂ ਬਾਦ ਭੈਣੀ ਸਾਹਿਬ ਤੇ ਸਖਤੀਆਂ

੧੮ ਜਨਵਰੀ ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਗੱਡੀ ਰਾਹੀਂ ਅਲਾਹਾਬਾਦ ਭੇਜ ਦਿਤਾ ਗਿਆ। ਉਸੇ ਦਿਨ ਸੂਰਜ ਚੜ੍ਹਦੇ ਹੀ ਲੈਫਟੀਨੈਂਟ ਕਰਨਲ ਬੇਲੀ ਗੋਰਖਾ

ਕੰਪਨੀ ਦੇ ੧੨ ਨੰਬਰ ਰਸਾਲੇ ਦੇ ੨੫ ਸਵਾਰ ਅਤੇ ਪੁਲੀਸ ਦੇ ਸਿਪਾਹੀਆਂ ਨਾਲ ਸ੍ਰੀ ਭੈਣੀ ਸਾਹਿਬ ਦੇ ਡੇਰੇ ਨੂੰ ਘੇਰਾ ਪਾ ਲਿਆ।ਡੇਰੇ ਵਿਚਲੇ ੧੭੨ ਬੰਦਿਆਂ ਸਮੇਤ ਮਾਈਆਂ, ਬੀਬੀਆਂ, ਬੁਢਿਆਂ ਠੇਰਿਆਂ ਨੂੰ ਬਾਹਰ ਕੱਢ ਪੈਦਲੋ ਪੈਦਲੀ ਗਾਰਦ ਦੇ ਪਹਿਰੇ ਹੇਠ ਲੁਧਿਆਣੇ ਭੇਜ ਦਿਤਾ।ਜਿਥੇ ਤਫਤੀਸ਼ ਕਰਨ ਤੋਂ ਬਾਦ ਮੁੜ ਸ੍ਰੀ ਭੈਣੀ ਸਾਹਿਬ ਨਾ ਵੜਨ ਦਾ ਆਦੇਸ਼ ਦੇ ਕੇ ੧੨੨ ਬੰਦਿਆਂ ਨੂੰ ਘਰੋ ਘਰੀ ਭੇਜ ਦਿਤਾ।ਬਾਕੀ ਦੇ ੫੦ ਬੰਦਿਆਂ ਨੂੰ ਜੋ ਘਰ ਬਾਰ ਵੇਚ ਕੇ ਸ੍ਰੀ ਭੈਣੀ ਸਾਹਿਬ ਆ ਗਏ ਸਨ ਉਨ੍ਹਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਜ਼ਿਆਦਾ ਤਫਤੀਸ਼ ਕਰਨ ਲਈ ਰਖ ਲਿਆ।ਡੇਰੇ ਵਿਚ ਕੇਵਲ ਬਾਬਾ ਜੱਸਾ ਸਿੰਘ ਜੀ, ਭਾਈ ਬੁਧ ਸਿੰਘ ਜੀ, ਬੀਬੀ ਨੰਦਾਂ ਜੀ ਦੁਕਾਨ ਦਾ ਪ੍ਰਬੰਧਕ ਵਰਿਆਮ ਸਿੰਘ ਤੇ ਨਿਜੀ ਸੇਵਕ ਭਾਈ ਮੱਖਣ ਸਿੰਘ ਰਹਿਣ ਦਿਤੇ ਤੇ ਇਨ੍ਹਾਂ ਨੂੰ ਰਿਹਾਇਸ਼ੀ ਮਕਾਨ ਵਿਚ ਨਜ਼ਰਬੰਦ ਕਰ ਦਿਤਾ । ਮਾਲ ਡੰਗਰ ਸਾਂਭਣ ਵਾਸਤੇ ੧੧ ਬੰਦੇ ਪਿਛੇ ਰਹਿਣ ਦਿਤੇ। ਦਰਸ਼ਨੀ ਡਿਊੜੀ ਵਿਖੇ ਉਮਰਾਉ ਅਲੀ ਦੇ ਮਾਤਹਿਤ ੨੦ ਸਿਪਾਹੀਆਂ ਦੀ ਪੁਲਿਸ ਚੌਕੀ ਬਿਠਾ ਦਿਤੀ ।ਡੇਰੇ ਦੀ ਤਲਾਸ਼ੀ ਲਈ ਗਈ।ਤਲਾਸ਼ੀ ਦਰਮਿਆਨ ਹੇਠ ਲਿਖੀਆਂ ਵਸਤਾਂ ਮਿਲੀਆਂ।

(੧) ਨਿਪਾਲ ਤੋਂ ਤੋਹਫੇ ਦੇ ਤੌਰ ਤੇ ਆਈਆਂ ਹੋਈਆਂ ੨ ਖੁਖਰੀਆਂ।(੨)ਗਹਿਣੇ ਸੋਨੇ ਚਾਂਦੀ ਦੇ; ਜਿਹਨਾਂ ਦਾ ਮੁਲ ਨਹੀ ਲਿਖਿਆ।(੩)ਨਗਦ ੧੫੦੦ ਰੁਪਿਆ।(੪) ਕੁਹਾੜੀਆਂ ੩੮ (੫) ਗੰਡਾਸੇ ੬।(੬)ਡਾਂਗਾਂ ਤੇ ਚਕਰ।(੭) ਹੋਰ ਕਾਗਜ਼ ਪੱਤਰ।(੮) ਸਤਿਗੁਰੂ ਜੀ ਦੇ ਨਿਜੀ ਬਸਤਰ ਦੁਸ਼ਾਲੇ ਆਦਿ।ਇਹਨਾਂ ਸਾਰੀਆ ਚੀਜਾਂ ਨੂੰ ਇਕ ਸੰਦੂਕ ਵਿਚ ਬੰਦ ਕਰਕੇ ਜਿੰਦਰਾ ਮਾਰ ਕੇ ਸਰਕਾਰੀ ਖਜ਼ਾਨੇ ਭੇਜ ਦਿਤੇ।ਇਹਨਾਂ ਚੀਜਾਂ ਦੀ ਸੂਚਨਾ ਮਿ; ਬੇਲੀ ਨੇ ਆਪਣੀ ੨੦ ਜਨਵਰੀ ਦੀ ਰਿਪੋਟ ਵਿਚ ਦਿਤੀ ਹੈ। ਇਸ ਸਮੇਂ ਨਾਮਧਾਰੀਆਂ ਤੇ ਹੋਰ ਬਹੁਤ ਸਖਤੀਆਂ ਸਨ। ਪੰਜ ਕਠੇ ਨਹੀ ਸਨ ਹੋ ਸਕਦੇ ਪਰ ਸੱਭ ਤੋਂ ਜ਼ਿਆਦਾ ਮੁਸ਼ਕਿਲ ਅਤੇ ਦੁਖਦਾਇਕ ਇਹ ਗੱਲ ਸੀ ਕਿ ਆਪਣੇ ਹੀ ਬੰਦੇ ਝੋਲੀ ਚੁਕਾਂ ਵਲੋ ਹੱਦ ਹੀ ਹੋਈ ਸੀ ਕੂਕਿਆਂ ਨੂੰ ਹਰ ਤਰਾਂ ਸਤਾਂਦੇ ਸਨ ਅੰਮ੍ਰਿਤ ਵੇਲੇ ਖੂਹ ਤੇ ਪਾਣੀ ਭਰਨ ਦੀ ਅਵਾਜ਼ ਆਉਣੀ ਤੇ ਮੁਖਬਰਾਂ ਝਟ ਜਾ ਕੇ ਵੇਖਣਾ ਕਿਤੇ ਕੂਕਾ ਤਾਂ ਨਹੀ?।

ਸਤਿਗੁਰੂ ਰਾਮ ਸਿੰਘ ਜੀ ਜਾ ਬੈਠੇ ਪ੍ਰਦੇਸ, ਕੂਕੇ ਨੇ ਉਡੀਕ ਦੇ।
ਚੱਪਾ ਚੱਪਾ ਭਾਲਿਆ ਤੇਰੇ ਕੂਕਿਆਂ ਵਾਹ ਜਿਥੇ ਜਿਥੇ ਚਲਿਆ ॥ ਪਰ ਤੂੰ

ਕਿਨਾ ਸਮਾਂ ਲੰਘਾਇਆ ਨਾ ਕਿਤੇ ਕਤਾਈ ਮਿਲਿਆ ॥ ਦਰਦ ਅਨੋਖਾ ਬ੍ਰਿਹੋਂ ਦਾ ਇਹ ਜਿਨ ਸੀਨਾ ਸਾਡਾ ਸਲਿਆ ॥ ਨਾ ਕੋਈ ਵੈਦ ਵੇਖੇ ਨਬਜ਼ਾਂ ਤੇ ਨਾ ਕੋਈ ਦਾਰੂ ਮਿਲਿਆ ॥ ਦਿਨੇ ਤਾਂ ਹੁੰਦਾ ਸਾਥੀ ਸੂਰਜ ਅਤੇ ਰਾਤੀਂ ਤਾਰੇ ਚਮਕਣ, ਪਰ ਤੇਰੇ ਬਾਝ ਹੁਣ ਠੰਡੀ ਛਾਂ ਤੋਂ ਵੀ ਸੁਖ ਨਾ ਸਾਨੂੰ ਮਿਲਿਆ॥ ਆਜਾ ਆਜਾ ਛੇਤੀ ਮਾਹੀ ਹੁਣ ਦਿਲ ਕੂਕਿਆਂ ਦਾ ਹਿਲਿਆ ॥

ਧੰਨ ਧੰਨ ਗੁਰੂ ਜਗਜੀਤ ਸਿੰਘ ਜਿਸ ਨਾਮ ਦੇ ਸਾਨੂੰ ਰਖਿਆ।
ਕਰੇ ਪੁਕਾਰ ਦਸ, ਕਦ ਤੂੰ ਆਕੇ ਮਿਲਿਆ। ਹਰਭਜਨ ਚਾਨਾ

ਸ੍ਰੀ ਸਤਿਗਰੂ ਹਰੀ ਸਿੰਘ ਜੀ



ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਪ੍ਰਕਾਸ਼ ਅਸੂ ਦੇ ਤੀਜੇ ਨਰਾਤੇ, ਦਿਨ ਬੁਧਵਾਰ ਸੰਮਤ ੧੯੭੬ ਬਿ. ਮੁਤਾਬਿਕ ੧੯੧੯ ਈ. ਨੂੰ ਪਿੰਡ ਰਾਈਆਂ ਵਿਖੇ ਪਿਤਾ ਜੱਸਾ ਸਿੰਘ ਤੇ ਮਾਤਾ ਸਦਾ ਕੌਰ ਦੇ ਘਰ ਹੋਇਆ। ਪਿਤਾ ਜੱਸਾ ਸਿੰਘ ਨੇ ਇਨਾਂ ਦਾ ਨਾਮ ਬੁਧ ਸਿੰਘ ਰੱਖਿਆ ।ਇਨਾਂ ਦੇ ਵਡੇ ਭਰਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਦੋ ਭੈਣਾਂ ਬੀਬੀ ਮਾਨ ਕੌਰ ਤੇ ਉੱਤਮ ਕੌਰ ਜੀ ਸਨ।

ਸਤਿਗੁਰੂ ਲੀਲਾ / 141

ਇਨ੍ਹਾ ਦਾ ਵਿਆਹ ਪੁਰਾਤਨ ਮਰਿਆਦਾ ਅਨੁਸਾਰ ਛੋਟੀ ਉਮਰ ਵਿਚ ਹੀ ਪਿੰਡ ਮਾਦਪੁਰ ਦੀ ਬੀਬੀ ਸਾਹਬੋ ਜੀ ਨਾਲ ਹੋਇਆ।ਮਾਤਾ ਸਾਹਬੋ ਜੀ ਤੋਂ ਦੋ ਬੇਟੀਆਂ ਹੋਈਆਂ- ਬੀਬੀ ਭਾਗੋ ਤੇ ਬੀਬੀ ਮਤਾਬੋ ਜੀ। ਮਾਤਾ ਸਾਹਬੋ ਜੀ ਸਰੀਰ ਕਰਕੇ ਢਿਲੇ ਰਹਿੰਦੇ ਸਨ ਤੇ ਅੰਤ ਚੜ੍ਹਾਈ ਕਰ ਗਏ।

ਇਸ ਤੋਂ ਬਾਦ ੧੯੪੪ ਬਿ. ਸੰਨ ੧੮੮੭ ਈ. ਵਿਚ ਮਾਤਾ ਜੀਵਨ ਕੌਰ ਜੀ ਦਾ ਅਰਦਾਸਾ ਕੀਤਾ ਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਮਹਿਲ ਬਣ ਕੇ ਆਏ ਮਾਤਾ ਫਤਿਹ ਕੌਰ ਦੋਨੋਂ ਭੈਣਾਂ ਸਤਿਗੁਰਾਂ ਦੀ ਸੇਵਾ ਵਿਚ ਆਈਆਂ। ਮਾਤਾ ਜੀਵਨ ਕੌਰ ਜੀ ਦਾ ਜਨਮ ਚੇਤ ਦੇ ਮਹੀਨੇ ਸੰਮਤ ੧੯੧੬ ਬਿ. ਵਿਚ ਥਰਾਜ ਜ਼ਿਲਾ ਹਿਸਾਰ ਵਿਖੇ ਹੋਇਆ।ਆਪ ਜੀ ਦੇ ਪਿਤਾ ਜੀ ਖੁਸ਼ਹਾਲ ਸਿੰਘ ਤੇ ਮਾਤਾ ਜੀ ਭਾਗਭਰੀ ਸਨ। ਇਨ੍ਹਾਂ ਦੇ ਪਿਤਾ ਜੀ ਦੰਦੀਵਾਲ ਦੇ ਜਿਮੀਦਾਰ ਸਨ।ਮਾਤਾ ਜੀਵਨ ਕੌਰ ਜੀ ਦੇ ਛੋਟੀ ਭੈਣ ਮਾਤਾ ਫਤਿਹ ਕੌਰ ਜੀ ਇ੍ਹਨਾਂ ਤੋ ਚਾਰ ਜਾਂ ਪੰਜ ਸਾਲ ਛੋਟੇ ਸਨ। ਇਨ੍ਹਾ ਦੇ ਭਰਾ ਚੂਹੜ ਸਿੰਘ ਜੀ ਜੋ ਆਪ ਤੋ ਵੱਡੇ ਸਨ।ਇਹ ਨਾਮਧਾਰੀ ਪਰਵਾਰ ਸੀ ਸਤਿਗੁਰਾਂ ਤੋਂ ਭਜਨ ਪੁਛਿਆ ਹੋਇਆ ਸੀ।ਸਤਿਗੁਰੂ ਰਾਮ ਸਿੰਘ ਜੀ ਨੇ ਇਨ੍ਹਾਂ ਨੂੰ ਹਿਸਾਰ ਦਾ ਸੂਬਾ ਥਪਿਆ ਹੋਇਆ ਸੀ। ਸੂਬਾ ਖੁਸ਼ਹਾਲ ਸਿੰਘ ਘਰ ਆਈ ਸੰਗਤ ਦੀ ਸੇਵਾ ਮਨ ਲਾ ਕੇ ਕਰਦੇ ਸਨ। ਮਾਤਾ ਜੀਵਨ ਕੌਰ ਜੀ ਤੇ ਮਾਤਾ ਫਤਿਹ ਕੌਰ ਜੀ ਛੋਟੇ ਹੁੰਦਿਆਂ ਸ੍ਰੀ ਭੈਣੀ ਸਾਹਿਬ ਆਪਣੇ ਪਿਤਾ ਜੀ ਨਾਲ ਗਏ ਸਤਿਗੁਰਾਂ ਦੇ ਦਰਸ਼ਨ ਕਰਨ ਜਿਸ ਤਰ੍ਹਾਂ ਪਹਿਲਾਂ ਵੀ ਜਾਂਦੇ ਸਨ।ਇਸ ਵਾਰ ਮਾਤਾ ਫਤਿਹ ਕੌਰ ਜੀ ਨੇ ਸਤਿਗੁਰਾਂ ਦੇ ਸਨਮੁਖ ਇਹ ਸ਼ਬਦ ਸੁਣਾਇਆ-

ਤੁਧ ਧਿਆਇਨ ਵੇਦ ਕਤੇਬਾ ਸਨ ਖੜੇ॥
ਗਣਤੀ ਗਣੀ ਨ ਜਾਇ ਤੇਰੇ ਦਰ ਪੜੇ।
ਬ੍ਰਹਮੇ ਤੁਧ ਧਿਆਇਨ ਇੰਦਰ ਇੰਦ੍ਰਾਸਣਾ।
ਸ਼ੰਕਰ ਬਿਸ਼ਨ ਅਵਤਾਰ ਹਰਿ ਜਸ ਮੁਖ ਭਣਾ॥

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਖੁਸ਼ ਹੋਕੇ ਦੁਹਾਂ ਭੈਣਾਂ ਨੂੰ ਇਕ ਇਕ ਸੰਤਰਾ ਦਿਤਾ ਅਤੇ ਮਾਤਾ ਜੀਵਨ ਕੌਰ ਦੇ ਸਿਰ ਤੇ ਹੱਥ ਰਖਕੇ ਬਚਨ ਕੀਤਾ ਇਹ ਤਾਂ ਜਗਤ ਮਾਤਾ ਹੈ। ਇਹ ਸੱਚ ਹੀ ਜਗਤ ਮਾਤਾ ਬਣੇਗੀ ਜ੍ਹਿਨਾਂ ਦੀਆਂ ਸਿਫਤਾਂ ਅਜ ਵੀ ਜਗ ਕਰਦਾ ਹੈ ਅਤੇ ਕਰਦਾ ਰਹੇਗਾ। ਮਾਤਾ ਜੀਵਨ ਕੌਰ ਜੀ ਦੇ ਘਰ ਸੰਮਤ ੧੯੪੬ ਬਿ. ਸੰਨ ੧੮੯੦ ਈ. ੯ ਮਾਰਚ ਐਤਵਾਰ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਹੋਇਆ। ਸੰਮਤ ੧੯੪੯ ਬਿ. ਨੂੰ ਮਹਾਰਾਜ ਨਿਹਾਲ ਸਿੰਘ

ਜੀ ਅਤੇ ਸੰਮਤ ੧੯੫੪ ਬਿ; ਨੂੰ ਮਹਾਰਾਜਾ ਗੁਰਦਿਆਲ ਸਿੰਘ ਜੀ ਦਾ ਜਨਮ ਹੋਇਆ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਪਹਿਲਾਂ ਦਾ ਜੀਵਨ ਇਕ ਪੂਰਨ ਗ੍ਰਹਿਸਤੀ ਵਾਲਾ ਰਿਹਾ।ਸੰਮਤ ੧੯੧੯ਬਿ; ਵਿਚ ਸਤਿਗੁਰੂ ਰਾਮ ਸਿੰਘ ਜੀ ਨਾਲ ਗੰਗਾ ਹਰਿਦੁਆਰ ਗਏ।ਇਥੇ ਇਕ ਭਾਰੀ ਗੋਲੀ ਨੂੰ ਅੱਗ ਲਗ ਗਈ। ਇਕ ਪਾਸੇ ਸਾਰੀ ਸੰਗਤ ਤੇ ਦੂਜੇ ਪਾਸੇ ਸਤਿਗੁਰ ਰਾਮ ਸਿੰਘ ਜੀ ਸਨ ਪਰ ਸੰਗਤ ਤੋਂ ਗੋਲੀ ਨਾ ਚੁੱਕੀ ਗਈ। ਫਿਰ ਸਤਿਗੁਰਾਂ ਦੇ ਹੁਕਮ ਅਨੁਸਾਰ ਗੁਰੂ ਹਰੀ ਸਿੰਘ ਜੀ (ਜੋ ਉਸ ਵਕਤ ਬੁਧ ਸਿੰਘ ਜੀ ਦੇ ਨਾਮ ਨਾਲ ਸਨ) ਉਹਨਾਂ ਨੇ ਚੁੱਕੀ ਅਤੇ ਦੋਵੇਂ ਭਰਾਵਾਂ ਨੇ ਬਲਦੀ ਗੋਲੀ ਦਰਿਆ ਵਿਚ ਸੁਟ ਦਿਤੀ। ਇਹ ਇਕ ਤਰ੍ਹਾਂ ਸੰਗਤਾਂ ਨੂੰ ਗੁਰੂ ਹਰੀ ਸਿੰਘ ਜੀ ਦੀ ਸ਼ਕਤੀ ਵਲੋਂ ਸੰਕੇਤ ਵੀ ਸੀ ਪਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਉਸ ਵਕਤ ਸਤਿਗੁਰੂ ਰਾਮ ਸਿੰਘ ਤੋਂ ਅਲਗ ਪਰਿਵਾਰਕ ਕੰਮਾਂ ਵਿਚ ਲੱਗੇ ਰਹਿੰਦੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ ਜਾਣ ਤੋਂ ੬ ਮਹੀਨੇ ਪਹਿਲਾਂ ਸਤਿਗੁਰੂ ਹਰੀ ਸਿੰਘ ਜੀ ਨੂੰ ਹੁਕਮ ਕੀਤਾ "ਹੁਣ ਹਲ ਪੰਜਾਲੀ ਸੁਟ ਦੇਵੋ, ਤੇ ਡੇਰੇ ਆ ਜਾਵੋ।" ਗੁਰੂ ਹਰੀ ਸਿੰਘ ਜੀ ਡੇਰੇ ਵਿਚ ਆ ਕੇ ਸੇਵਾ ਕਰਨ ਲੱਗੇ। ੧੭ ਜਨਵਰੀ ੧੮੭੨ ਈ. ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ਾਂ ਨੇ ਆਪਣੀ ਹਿਰਾਸਤ ਵਿਚ ਲੈ ਲਿਆ।ਜਦ ਕਿ ਸਭ ਤੋਂ ਪਹਿਲਾਂ ਅਲਾਹਾਬਾਦ ਕਿਲੇ ਵਿਚ ਗਿਆ ।ਉਥੇ ਹੀ ਅੰਗਰੇਜ਼ਾਂ ਦੇ ਪੁਛਣ ਤੇ ਸ੍ਰੀ ਗੁਰੂ ਰਾਮ ਸਿੰਘ ਜੀ ਨੇ ਡੇਰੇ ਦੀਆਂ ਚਾਬੀਆਂ ਗੁਰੂ ਹਰੀ ਸਿੰਘ ਜੀ ਨੂੰ ਦੇਣ ਲਈ ਆਖਿਆ। ਸੰਮਤ ੧੯੩੧ ਬਿ. ਸੰਨ ੧੮੭੪ ਈ. ਵਿਚ ਬਾਬਾ ਦਰਬਾਰਾ ਸਿੰਘ ਜੀ ਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ ਲੈ ਕੇ ਆਏ। ਜਿਸ ਵਿਚ ਲਿਖਿਆ ਸੀ ਅੱਜ ਤੋਂ ਇਸ ਦਾ ਨਾਮ ਹਰੀ ਸਿੰਘ ਹੈ ਇਹ ਸਿੱਖੀ ਨੂੰ ਹਰੀ ਰਖੇਗਾ। ਬੁਧ ਸਿੰਘ ਜੀ ਦਾ ਨਾਮ ਬਦਲ ਕੇ ਹਰੀ ਸਿੰਘ ਜੀ ਰੱਖ ਦਿਤਾ ਤੇ ਨਾਲ ਹੀ ਗੁਰਗੱਦੀ ਬਖਸ਼ ਦਿਤੀ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਸਿੱਖੀ ਪ੍ਰਚਾਰ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਤੋਂ ਬਾਦ ਇਹ ਸਮਾਂ ਬੜਾ ਕਠਿਨਾਈਆਂ ਭਰਿਆ ਸੀ। ਅੰਗਰੇਜ਼ਾਂ ਦੀਆਂ ਸਖਤੀਆਂ ਤੇ ਉਪਰੋਂ ਝੋਲੀ ਚੁਕਾਂ ਦੀਆ ਵਧੀਕੀਆਂ ਨਾਲ ਲੋਕਾਂ ਵਿਚ ਡਰ ਵਧਦਾ ਜਾ ਰਿਹਾ ਸੀ।ਦੇਸ਼ ਦੀ ਅਜ਼ਾਦੀ ਵਾਲੀ ਤੜਪ ਦਬ ਰਹੀ ਸੀ।ਹਰ ਪਾਸੇ ਹਰਾਸ ਦੇ ਬਦਲ ਛਾਈ ਜਾ ਰਹੇ ਸਨ।ਉਸ ਵਕਤ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਨਹੀ ਸਨ ਜਾ

ਸਕਦੇ।ਸ੍ਰੀ ਸਤਿਗੁਰੂ ਹਰੀ ਸਿੰਘ ਜੀ ਠੰਡੀ ਮੂਰਤੀ ਇਹ ਸਮਾਂ ਬੜੀ ਧੀਰਜ ਨਾਲ ਲੰਘਾਇਆ।ਅੰਦਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਬੇਟੀ ਬੀਬੀ ਨੰਦਾਂ ਆਪਣੇ ਪਿਤਾ ਦੇ ਪ੍ਰਦੇਸ ਜਾਣ ਦਾ ਗੁੱਸਾ ਇਨ੍ਹਾਂ ਤੇ ਕਢਦੇ ਅਤੇ ਬੋਲ ਕਬੋਲ ਬੋਲਦੇ ਪਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਇਹ ਬੋਲ ਕਬੋਲ ਸੁਣਦੇ ਅਤੇ ਕਈ ਵਾਰ ਪ੍ਰਸ਼ਾਦ ਵੀ ਨਾ ਛਕਣ ਜਾਣਾ, ਆਖਣਾ ਬੀਬੀ ਦੁਖੀ ਹੁੰਦੀ ਹੈ।ਸਮਾਂ ਏਸੇ ਤਰਾਂ ਬਤੀਤ ਹੁੰਦਾ ਗਿਆ। ਕੁਝ ਸਾਲਾਂ ਬਾਦ ਇਹ ਸਖਤੀਆਂ ਘਟਣ ਲਗੀਆਂ ਤਾਂ ਸਤਿਗੁਰਾਂ ਨੇ ਪੰਜਾਬ ਦੇ ਦੌਰੇ ਸ਼ੁਰੂ ਕੀਤੇ ਤਾਂ ਸੰਗਤਾਂ ਵਿਚ ਮੁੜ ਜਾਗ੍ਰਿਤੀ ਲੱਗੀ ਆਉਣ।ਸਾਧ ਸੰਗਤ ਮੁੜ ਸਿਧੇ ਰਸਤੇ ਲਗੀ ਆਉਣ।ਦੇਸ਼ ਦੀ ਆਜ਼ਾਦੀ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਨਾਲ ਬਾਬਾ ਗੁਰਚਰਨ ਸਿੰਘ ਰਾਹੀਂ ਰੂਸ ਨਾਲ ਸੰਬੰਧ ਸਥਾਪਿਤ ਕੀਤੇ।ਇਸ ਨਾਲ ਹੌਲੀ ਹੌਲੀ ਸੰਗਤਾਂ ਨੂੰ ਧਰਵਾਸ ਮਿਲਣ ਲੱਗਾ।ਸਿਖਾਂ ਨੂੰ ਸਤਿਗੁਰੂ ਹਰੀ ਸਿੰਘ ਵਿਚੋਂ ਚੀਨੀ ਵਾਲੇ ਪਾਤਸ਼ਾਹ ਦੀ ਝਲਕ ਭਾਸਨ ਲਗੀ।ਇਸ ਲਈ ਸਾਰੇ ਇਨ੍ਹਾਂ ਨੂੰ "ਜੋਤ ਕਾ ਜਾਮਾ" ਕਹਿਣ ਲੱਗੇ।ਕਿਉਂਕਿ ਜੋ ਲੜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਤੇ ਟੁਟੀ ਸੀ ਉਹ ਹੁਣ ਫੇਰ ਜੁੜਨ ਲੱਗੀ;ਸਿਦਕ ਤੋਂ ਟੁਟੇ ਸਿਖ ਫਿਰ ਚਰਨੀਂ ਆ ਲੱਗੇ ਇਸ ਲਈ ਇਹ ਹਨ "ਜਿਨ ਟੁਟੀ ਲਈ ਮਿਲਾਏ"।

ਪਾਠਾਂ ਅਤੇ ਅਖੰਡ ਪਾਠਾਂ ਤੇ ਪਾਬੰਦੀ

ਇਹ ਸਮਾਂ ਇਹੋ ਜਿਹਾ ਸੀ ਜਿਵੇਂ ਪਹਿਲੇ ਜੁਗਾਂ ਵਿਚ ਭਗਤੀ ਕਰਨ ਵਾਲਿਆਂ ਨੂੰ ਅਸੁਰ ਤੰਗ ਕਰਦੇ ਸਨ ਅਤੇ ਭਗਤੀ ਵਿਚ ਵਿਘਨ ਪਾਂਦੇ ਸਨ ।ਉਸੇ ਤਰਾਂ ਹੁਣ ਵੀ ਇਹ ਸਮਾਂ ਜਾਪਦਾ ਸੀ । ਸਿਖ ਸਤਿਗੁਰਾਂ ਦੇ ਹੁਕਮ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਅਖੰਡ ਪਾਠ ਕਰਦੇ ਹੋਣਾ; ਪਰ ਜਦ ਫਰੰਗੀ ਨੂੰ ਪਤਾ ਲੱਗਣਾ ਤਾਂ ਸਿਖਾਂ ਨੂੰ ਪਾਠ ਕਰਨ ਦੇ ਜੁਰਮ ਵਿਚ ਸਜ਼ਾ ਭੁਗਤਣੀਆਂ ਪੈਣੀਆਂ।ਉਦਾਹਰਨ ਵਜੋਂ ਰਾਇਸਰ ਦੇ ਉਤਮ ਸਿੰਘ ਬਾਬਾ ਚੂਹੜ ਸਿੰਘ ਨੂੰ ਪਾਠ ਕਰਾਉਣ ਦੇ ਜੁਰਮ ਵਿਚ ੬ ਮਹੀਨੇ ਦੀ ਕੈਦ ਹੋਈ।ਝੇਹੜ ਪਿੰਡ ਸੰਤ ਪੰਜਾਬ ਸਿੰਘ ਅਤੇ ਤਾਬਾ ਸਿੰਘ ਨੂੰ ਕਈ ਵਾਰ ਸਜ਼ਾ ਭੁਗਤਣੀਆਂ ਪਈਆਂ ਅਤੇ ਬੰਸੀਆਂ ਦੇ ਬਾਬਾ ਸਾਹਿਬ ਸਿੰਘ ਦੇ ਘਰ ਦਾ ਸਾਰਾ ਸਮਾਨ ਜਬਤ ਕਰ ਲਿਆ ਗਿਆ। ਪਾਠਾਂ ਦੇ ਕਰੌਣ ਤੇ ਕਰਨ ਨੂੰ ਜੁਰਮ ਆਖਕੇ ੪੪ ਸਿੰਘਾਂ ਨੂੰ ਛੇ ਛੇ ਮਹੀਨੇ ਦੀ ਕੈਦ ਵਿਚ ਸਖਤੀਆਂ ਸਹਿਣੀਆਂ ਪਈਆਂ।ਪਰ ਧੰਨ ਉਹ ਗੁਰੂ ਕੇ

ਸਿਖ ਜਿਹਨ੍ਹਾਂ ਐਸਾ ਸਮਾ ਤਕੜੇ ਹੋ ਕੇ ਲੰਘਾਇਆ ਤੇ ਧੰਨ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਠੰਢੀ ਮੂਰਤ ਜੋ ਇਹ ਸਭ ਸਹਿੰਦੇ ਹੋਇ ਐਸੇ ਔੜ ਦੇ ਸਮੇ ਸਿਖੀ ਹਰੀ ਰੱਖੀ।

ਇਥੇ ਹੀ ਬਸ ਨਹੀ ੧੯੧੪ ਬਿ. ੧੯੫੭ ਈ. ਵਿਚ ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਦਾ ਵਰਤ ਲਇਆ (ਭਾਵ ਸਾਰਾ ਦਿਨ ਲੰਗਰ ਵਰਤਣਾ) ਅਤੇ ੧੮੭੨ ਈ. ਨੂੰ ਇਨ੍ਹਾਂ ਸਤਿਗੁਰਾਂ ਨੂੰ ਬਦੇਸ ਭੇਜ ਦਿਤਾ ਗਿਆ ਅਤੇ ਭੈਣੀ ਸਾਹਿਬ ਪੁਲੀਸ ਚੌਕੀ ਬਿਠਾ ਦਿਤੀ ਗਈ।ਡੇਰੇ ਵਿਚ ੨੧ ਸਰੀਰ ਰਹਿਣ ਦਿਤੇ ਗਏ ਜਿਹਨਾਂ ਵਿਚੋਂ ਕੁਝ ਅੰਗਹੀਣ ਤੇ ਕੁਝ ਬਜ਼ੁਰਗ ਸਨ ।ਇਸ ਸਮੇਂ ਸਤਿਗੁਰੂ ਜੀ ਬਾਹਰ ਜਾ ਨਹੀਂ ਸਨ ਸਕਦੇ ਅਤੇ ਬਾਹਰੋਂ ਕੋਈ ਅੰਦਰ ਕੁਝ ਲੈ ਕੇ ਆ ਨਹੀ ਸੀ ਸਕਦਾ।ਇਹੋ ਜਹੇ ਸਮੇਂ ਲੰਗਰ ਜਾਰੀ ਰਖਿਆ ਇਸ ਲਈ ਕਿ ਗੁਰੂ ਕਾ ਚਲਾਇਆ ਲੰਗਰ ਬੰਦ ਨਾ ਹੋਵੇ।ਜੇ ਕਰ ਧਿਆਨ ਨਾਲ ਸੋਚਿਆ ਜਾਵੇ ਤਾਂ ਇਹ ਸਤਿਗੁਰਾਂ ਦੀ ਭਗਤੀ ਤੇ ਸ਼ਕਤੀ ਹੀ ਸੀ ਜੋ ਇਹ ਸਮਾਂ ਸੰਭਾਲ ਸਕੀ।ਮਾਤਾ ਜੀਵਨ ਕੌਰ ਜੀ ਦੀਆਂ ਕੀ ਸਿਫਤਾਂ ਕਰਾਂ ਉਹਨਾਂ ਲਈ ਦੁਸ਼ਮਣ ਸਜਣ ਸਭ ਇਕੋ ਸਨ।ਉਨ੍ਹਾਂ ਨੇ ਦੁਸ਼ਮਣ ਦੇ ਬਿਠਾਏ ਹੋਏ ਪਹਿਰੇਦਾਰਾਂ ਦੀ ਵੀ ਮੰਗ ਉਸੇ ਤਰ੍ਹਾਂ ਪੂਰੀ ਕੀਤੀ ਜਿਵੇਂ ਆਪਣੇ ਸੇਵਕਾਂ ਦੀ ਕਰਦੇ ਸਨ।ਆਪ ਭਾਂਵੇਂ ਡੇਰੇ ਦੇ ਡੰਗਰ (ਗਾਈਆਂ ਮੱਝਾਂ)ਵੀ ਤੰਗੀ ਦੇ ਸਮੇ ਕਿਉ ਨਾ ਵੇਚਣੀਆਂ ਪਈਆਂ ਇਸ ਤਰਾਂ ਪੈਸਿਆਂ ਦਾ ਪਰਬੰਧ ਕਰ ਕੇ ਲੰਗਰ ਵਿਚ ਵਿਘਨ ਨਹੀਂ ਪੈਣ ਦਿਤਾ। ਉਂਜ ਸਤਿਗੁਰੂ ਰਾਮ ਸਿੰਘ ਜੀ ਦਾ ਚਾਰ ਹਜ਼ਾਰ ਚਾਂਦੀ ਦਾ ਰੁਪਿਆ ਤਬੇਲੇ ਵਿਚ ਰੱਖਿਆ ਹੋਇਆ ਸੀ ਉਹ ਵੀ ਲੰਗਰ ਵਿਚ ਵਰਤਿਆ। ਜਦ ਗੁਰੂ ਹਰੀ ਸਿੰਘ ਜੀ ਨੂੰ ਦੌਰਿਆਂ ਤੇ ਜਾਣ ਦੀ ਛੁੱਟੀ ਮਿਲੀ ਤਾਂ ਸਤਿਗੁਰਾਂ ਹੁਕਮ ਲਾਇਆ ਜਿਥੇ ਦੌਰਾ ਹੋਵੇ ਉਹ ਸੌ ਰੁਪਿਆ ਲੰਗਰ ਲਈ ਭੇਟਾ ਕਰਨ। ਉਸ ਵਕਤ ਸਿਖ ਤਾਂ ਦਰਸ਼ਨਾਂ ਦੇ ਪਿਆਸੇ ਸਨ ਉਹ ਲੰਗਰ ਲਈ ੨੦੦ ਰੁਪਿਆ ਵੀ ਭੇਟ ਥੋੜ੍ਹੀ ਸਮਝਦੇ ਸਨ। ਕਿਉਂਕੇ ਜਦ ਪਾਬੰਦੀਆਂ ਵਿਚ ਸਿਖਾਂ ਨੂੰ ਅੰਦਰ ਦਰਸ਼ਨ ਕਰਨ ਨਹੀ ਸੀ ਜਾਣ ਦਿੰਦੇ ਤਾਂ ਸਿਖ ਝਾੜੀਆਂ ਵਿਚ ਲੁਕਕੇ ਬੈਠੇ ਰਹਿੰਦੇ । ਜਦ ਸਤਿਗੁਰੂ ਜੀ ਦਰਸ਼ਨ ਕਦੀ ਦੂਰੋਂ ਦਿੰਦੇ ਤਾਂ ਵਾਪਸ ਆਉਂਦੇ। ਇਹੋ ਜਹੇ ਸਮੇਂ ਠੰਢ ਜਾਂ ਗਰਮੀ ਵਿਚ ਮਾਤਾ ਜੀਵਨ ਕੌਰ ਜੀ ਆਪ ਬਹਾਨੇ ਨਾਲ ਬਾਹਰ ਜਾ ਕੇ ਚੋਰੀ ਲੁਕ ਕੇ ਸਿਖਾਂ ਨੂੰ ਪ੍ਰਸ਼ਾਦ ਤੇ ਹੋਰ ਲੰਗਰ ਦੇ ਕੇ ਆਉਂਦੇ।ਫਿਰ ਕੁਝ ਸਿਖਾਂ ਨੇ ੬ ਮਹੀਨੇ ਦੀ ਉਗਰਾਹੀ ਸ਼ੁਰੂ ਕੀਤੀ ਤਾਂ ਲੰਗਰ ਲਗਾਤਾਰ ਚਲਦਾ ਰਿਹਾ ਅਤੇ ਹੁਣ ਵੀ ਚਲਦਾ ਹੈ।

ਇਕ ਸਮੇਂ ਦੀ ਗੱਲ ਹੈ ਜਦ ਕਿ ਦੇਸ਼ ਦੇ ਕੁਝ ਇਲਾਕੇ ਵਿਚ ਕਾਲ ਪੈ ਗਿਆ ਸੀ ਸੰਮਤ ੧੯੫੬ ਬਿ. ਵਿਚ ਅੰਨ ਦੀ ਤੰਗੀ ਆ ਗਈ ਲੋਕਾਂ ਨੂੰ ਅੰਨ ਖਾਣ ਲਈ ਨਹੀ ਸੀ ਮਿਲਦਾ ਤਦ ਵੀ ਭੈਣੀ ਸਾਹਿਬ ਲੰਗਰ ਉਸੇ ਤਰਾਂ ਚਲਦਾ ਸੀ।ਹਜ਼ਾਰਾਂ ਦੀ ਕਤਾਰ ਲਗ ਜਾਂਦੀ ਸੀ। ਇਹ ਸੁਣ ਕੇ ਕਮਿਸ਼ਨਰ ਆਪ ਵੇਖਣ ਆਇਆ;ਖੁਸ਼ ਹੋ ਕੇ ਆਖਣ ਲੱਗਾ ਮੈਂ ਬਹੁਤ ਖੁਸ਼ ਹਾਂ ਤੁਸੀ ਜੋ ਇਹ ਉਪਕਾਰ ਕਰਦੇ ਹੋ ਇਸ ਲਈ ਕੁਝ ਮੁਰੱਬੇ ਜ਼ਮੀਨ ਤੁਹਾਨੂੰ ਦੇਣੀ ਚਾਹੁੰਦਾ ਹਾਂ। ਸ੍ਰੀ ਸਤਿਗੁਰੂ ਹਰੀ ਸਿੰਘ ਬਚਨ ਕੀਤਾ।"ਇਹ ਸਾਰਾ ਹਿੰਦੁਸਤਾਨ ਸਾਡਾ ਹੈ ਜਿਸ ਨੂੰ ਅਸੀ ਇਕ ਦਿਨ ਲੈ ਲੈਣਾ ਹੈ । ਇਹ ਗੁਰੂ ਕੇ ਲੰਗਰ ਤੁਹਾਡੀਆਂ ਜਗੀਰਾਂ ਨਾਲ ਨਹੀਂ ਚਲਦੇ।"

ਅੰਗਰੇਜ਼ਾਂ ਦੀਆਂ ਸਖਤੀਆਂ ਦੇ ਕਾਰਨ। ਉਸ ਵਕਤ ਨਾਮਧਾਰੀ ਬਣੇ ਰਹਿਣਾ ਵੀ ਮੁਸ਼ਕਿਲ ਸੀ । ਇਹੋ ਜਿਹੇ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਰੋਵਰ ਦੀ ਕਾਰ ਸੇਵਾ ਸ਼ੁਰੂ ਕਰਵਾਈ ਸੀ। ਪਰ ਉਹ ਪੂਰੀ ਨਾ ਹੋ ਸਕੀ ਕਿਉਂਕਿ ਸਤਿਗੁਰ ਜੀ ਪ੍ਰਦੇਸ ਚਲੇ ਗਏ ਇਸ ਲਈ ਇਹ ਫਿਰ ਪਹਿਲਾਂ ਵਾਂਗ ਕੁਪਾਂ ਵਾਲਾ ਛੱਪੜ ਹੀ ਬਣ ਗਿਆ ਸੀ ।ਉਥੇ ਘਮੰਡੇ ਕੇ ਪਰਵਾਰ ਆਖਦੇ ਸਨ ਇਹ ਜ਼ਮੀਨ ਸਾਡੀ ਹੈ।ਗੁਰੂ ਘਰ ਦੀ ਨਹੀ।ਸਤਿਗੁਰੂ ਹਰੀ ਸਿੰਘ ਨੇ ਮੁਖਤਿਆਰ ਤੋਂ ਦਾਵਾ (ਮੁਕੱਦਮਾ) ਕਰਾਇਆ ਕਿ ਰਾਮਸਰ ਸਾਡਾ ਹੈ।ਸੰਮਤ ੧੯੫੪ ਈ. ਵਿਚ ਹਾਕਮ ਮੌਕੇ ਤੇ ਅਇਆ।ਉਨ੍ਹਾਂ ਦਿਨਾਂ ਵਿਚ ਕਾਰ ਸੇਵਾ ਚਲਦੀ ਸੀ।ਉਸ ਦੇ ਉਥੇ ਖਲੋਤੇ ਤੇ ਹੀ ਉਥੋਂ ਇਕ ਤਿੰਨ ਕੋਣਾ ਹਵਨ ਕੁੰਡ ਨਿਕਲ ਅਇਆ।ਸ੍ਰੀ ਸਤਿਗੁਰੂ ਹਰੀ ਸਿੰਘ ਨੇ ਦਸਿਆ ਕਿ ਇਹ ਤ੍ਰੇਤੇ ਯੁਗ ਵਿਚ ਰਾਮ ਚੰਦਰ ਜੀ ਦੇ ਸਮੇਂ ਦਾ ਹਵਨ ਕੁੰਡ ਹੈ ਇਥੇ ਉਸ ਵਕਤ ਉਨ੍ਹਾਂ ਹਵਨ ਕੀਤਾ ਸੀ । ਹਾਕਮ ਨੇ ਪੁਛਿਆ ਇਹ ਆਲੇ ਦੁਆਲੇ ਦੇ ਰੁਖ ਕਿਸ ਨੇ ਲਾਏ ਹਨ।ਉਹ ਸਾਰੇ ਰੁਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਲਾਏ ਸਨ ।ਇਨ੍ਹਾਂ ਸਬੂਤਾਂ ਦੇ ਕਾਰਨ ਮੁਕੱਦਮਾ ਸੰਗਤ ਦੇ ਹੱਕ ਵਿਚ ਹੋ ਗਿਆ। ਕਿਉਂਕਿ ਇਸ ਤੋਂ ਪਹਿਲਾਂ ਹੀ ਆਲੇ ਦੁਆਲੇ ਦੀ ਜ਼ਮੀਨ ਵੀ ਖਰੀਦੀ ਹੋਈ ਸੀ। ਜਿਥੇ ਸਤਿਗੁਰਾਂ ਦੀ ਕੋਠੀ ਤੇ ਹਰੀ ਮੰਦਰ ਹੈ ।ਇਸ ਤਰਾਂ ਸਤਿਗੁਰਾਂ ਦੀ ਬਖਸ਼ਿਸ ਨਾਲ ਜਿਤ ਸੰਗਤ ਦੀ ਹੋਈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦੂਸਰੇ ਦੇਸਾਂ ਨਾਲ ਸੰਬੰਧ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ ਲਈ ਬਾਹਰ ਦੇ ਦੇਸਾਂ

ਨਾਲ ਵੀ ਆਪਣੇ ਸੰਬੰਧ ਜੋੜੇ ਸਨ।ਉਹਨਾਂ ਦੇ ਪ੍ਰਦੇਸ ਜਾਣ ਤੋਂ ਬਾਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਇਨ੍ਹਾਂ ਨਾਲ ਮੇਲ ਜੋਲ ਰਖਿਆ ਖਾਸ ਕਰਕੇ ਰੂਸ ਤੇ ਕਾਬੁਲ ਹੋਰ ਵੀ ਕਈ ਦੇਸ ਸਨ ਪਰ ਰੂਸ ਨਾਲ ਜਿਆਦਾ ਸੀ।ਇਸ ਲਈ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਆਪ ਗੁਰਚਰਨ ਸਿੰਘ ਨੂੰ ਰੂਸ ਭੇਜਿਆ। ਬਾਬਾ ਗੁਰਚਰਨ ਸਿੰਘ ਜੀ ਸਪੁਤਰ ਸਰਦਾਰ ਅਤਰ ਸਿੰਘ ਜੀ ਦੇ ਚਕ ਰਾਮਦਾਸ ਵਿਰਕ ਜੱਟ ਸਨ ।ਇਹਨਾਂ ਦੇ ਪੂਰਵਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੇਵਕਾਂ ਵਿਚੋਂ ਸਨ। ਇਨਾਂ ਨੇ ਅਫਗਾਨਿਸਤਾਨ ਵਿਚ ਪਰਚਾਰ ਹਿਤ ਕਾਬੁਲ ਵਿਖੇ ਧਰਮਸਾਲਾ ਬਣਾ ਲਈ ਸੀ । ਉਸ ਸਮੇਂ ਅੰਗਰੇਜ਼ਾਂ ਦੀ ਤੇ ਰੂਸ ਦੀ ਦੋਸਤੀ ਨਹੀ ਸੀ।ਉਥੇ ਦੇ ਗਵਰਨਰ ਕਾਫਮੈਨ ਨੇ ਗੁਰੂ ਦੇ ਸਿਖ ਬਾਬਾ ਗੁਰਚਰਨ ਸਿੰਘ ਦਾ ਬਹੁਤ ਮਾਣ ਕੀਤਾ ਅਤੇ ਕੁਝ ਤੋਹਫੇ ਵੀ ਸਤਿਗੁਰਾਂ ਦੇ ਚਰਨ ਭੇਟ ਕੀਤੇ ਅਤੇ ਚਿਠੀ ਪੱਤਰ ਵੀ ਸ਼ੁਰੂ ਕੀਤਾ ।ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਇਹ ਸ੍ਰੀ ਸਤਿਗੁਰੂ ਰਾਮ ਸਿੰਘ ਨੂੰ ਰੰਗੂਨ ਭੇਜੇ ਅਤੇ ਉਹਨਾਂ ਦੇ ਹੁਕਮਨਾਮੇ ਬਾਬਾ ਗੁਰਚਰਨ ਸਿੰਘ ਰਾਹੀ ਰੰਗੂਨ ਪਹੁੰਚਾਏ।ਇਸ ਤਰਾਂ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਰੰਗੂਨ ਤੋਂ ਰੂਸ ਨਾਲ ਸੰਬੰਧ ਬਣ ਗਏ।ਬਾਬਾ ਜੀ ਇਸੇ ਤਰਾਂ ਇੰਨੀਆਂ ਸਖਤੀਆਂ ਵਿਚ ਵੀ ਕਈ ਸਾਲ ਰੂਸ ਤੋਂ ਪੰਜਾਬ ਆਉਦੇ ਜਾਂਦੇ ਰਹੇ ਪਰ ਜਦ ਅੰਗਰੇਜ਼ਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਗਰਿਫਤਾਰ ਕਰਕੇ ੧੮੮੧ਈ; ਨੂੰ ਮੁਲਤਾਨ ਜੇਲ ਵਿਚ ਨਜ਼ਰਬੰਦ ਕਰ ਦਿਤਾ ਜਿਥੋਂ ਉਹ ਸਤੰਬਰ ੧੮੯੬ ਵਿਚ ਛਡ ਦਿਤੇ ਗਏ।ਬਾਬਾ ਗੁਰਚਰਨ ਸਿੰਘ ਜੀ ਦੇ ਲੜਕੇ ਜੀਵਨ ਸਿੰਘ ਤੇ ਈਸ਼ਰ ਸਿੰਘ ਵੀ ਕੂਕੇ ਸਨ। ਉਹ ਵੀ ਆਪਣੇ ਪਿਤਾ ਜੀ ਦੀ ਸਹਾਇਤਾ ਇਸ ਵਿਚ ਕਰਦੇ ਰਹੇ। ਉਸ ਤੋਂ ਇਲਾਵਾ ਇਹ ਕੰਮ ਬਿਸ਼ਨ ਸਿੰਘ ਅਰੋੜਾ ਕਾਬੁਲ ਵਾਲੇ ਕਰਦੇ ਰਹੇ ਤੇ ਹੋਰ ਵੀ ਸਿਖ ਇਸ ਤਰਾਂ ਦੀ ਸੇਵਾ ਸਤਿਗੁਰਾਂ ਦੇ ਹੁਕਮ ਅਨੁਸਾਰ ਕਰਦੇ ਰਹੇ ਅਤੇ ਹੋਰ ਵੀ ਸੰਪਰਕ ਲਈ ਕਈ ਏਜੰਟਾਂ ਦੀ ਮਦਦ ਲਈ ਜਾਂਦੀ ਸੀ। ਇਹਨਾਂ ਵਿਚੋਂ ਮਈਆ ਹਿੰਦੂ, ਸ਼ੰਕਰਰਾਏ, ਰਾਮ ਚਰਨ ਤੋਰਾ ਆਦਿ ਸਨ। ਭਗਵਾਨ ਸਿੰਘ ਅੜਬੰਗੀ ਕਸ਼ਮੀਰ ਦੇ ਰਾਹੀਂ ਰੂਸ ਜਾ ਪਹੁੰਚਦੇ ਸਨ।

ਮਹਾਰਾਜਾ ਦਲੀਪ ਸਿੰਘ ਦੇ ਰੂਸ ਪੁਜ ਜਾਣ ਦੀ ਖਬਰ ਸੁਣ ਕੂਕਿਆਂ ਦਾ ਉਤਸ਼ਾਹ ਹੋਰ ਵੀ ਵਧ ਗਿਆ ਸੀ । ਵੱਡੀ ਗਿਣਤੀ ਵਿਚ ਨਾਮਧਾਰੀ ਨੌਜਵਾਨ ;ਨਾਹਰ ਸਿੰਘ ਨਾਮਧਾਰੀ , ਬਿਸ਼ਨ ਸਿੰਘ ਅਰੋੜਾ ਤੇ ਹੋਰ ਨਾਮਧਾਰੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਰਾਹੀਂ ਮਹਾਰਾਜੇ ਦੀ ਮਦਦ ਲਈ ਰੂਸ ਪੁਜ ਕੇ ਫੌਜ ਖੜ੍ਹੀ ਕਰਨ ਦੀਆਂ ਤਿਆਰੀਆਂ ਕਰਨ ਲਗ ਪਏ।ਅੰਗਰੇਜ਼ਾਂ ਨੂੰ ਪਤਾ ਲਗ ਗਿਆ ਕਿ ਕੂਕੇ

ਬੜੀ ਗਿਣਤੀ ਵਿਚ ਰੂਸ ਦੀ ਫੌਜ ਵਿਚ ਭਰਤੀ ਹੋ ਰਹੇ ਹਨ ਤਾਂ ਉਨ੍ਹਾਂ ਨੂੰ ਡਰ ਪੈਦਾ ਹੋ ਗਿਆ ਪਰ ਉਸ ਵਕਤ ਪੰਜਾਬ ਦੇ ਸਿਖਾਂ ਵਲੋਂ ਨਿਰਾਸ਼ਾਜਨਕ ਉਤਰ ਮਿਲਣ ਤੇ ਮਾਹਾਰਾਜਾ ਦਲੀਪ ਸਿੰਘ ਹੌਸਲਾ ਛਡ ਗਿਆ ਅਤੇ ਵਾਪਸ ਯੂਰਪ ਪਰਤ ਗਿਆ।ਸਤਿਗੁਰਾਂ ਇਸ ਤਰਾਂ ਰੂਸ ਨਾਲ ਸੰਬਧ ਕਾਇਮ ਕੀਤੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਨੂੰ ਸ੍ਰੀ ਸਤਿਗੁਰੁ ਹਰੀ ਸਿੰਘ ਜੀ ਨੇ ਇਸ ਤਰਾਂ ਕਾਇਮ ਰਖਿਆ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਅੰਮ੍ਰਿਤ ਦਿਸ਼੍ਰਟੀ

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਨੇਤਰਾਂ ਵਿਚ ਇਤਨੀ ਅੰਮ੍ਰਿਤ ਸ਼ਕਤੀ ਸੀ ਕਿ ਉਨ੍ਹਾਂ ਦੀ ਕਿਰਪਾ ਨਾਲ ਕੋਹੜੀ ਤੇ ਤਾਪ ਦੇ ਮਾਰੇ ਅਤੇ ਹੋਰ ਦੁਖੀਏ ਨੌ ਬਰ ਨੌ ਹੋ ਜਾਂਦੇ ਸਨ।ਆਪ ਜੀ ਦੀ ਰਸਨਾਂ ਤੇ ਅੰਮ੍ਰਿਤ ਸੀ।ਸ਼ਾਂਤੀ ਦੇ ਪੁੰਜ ਸਨ।ਸੰਤ ਮੰਗਲ ਸਿੰਘ ਜੋ ਅਰਸ਼ੀ ਫਰਿਸ਼ਤੇ ਦੇ ਨਾਮ ਨਾਲ ਪ੍ਰਸਿਧ ਹੋਏ ਹਨ ਇਨ੍ਹਾਂ ਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਹੀ ਕਿਰਪਾ ਹੋਈ ਸੀ। ਮਾਪਿਆਂ ਨੇ ਪੜ੍ਹਨਾ ਪਾਇਆ ਪਰ ਇਹ ਮੁਨਸ਼ੀ (ਮਾਸਟਰ) ਨਾਲ ਲੜ ਕੇ ਆ ਗਏ । ਇਕ ਵਾਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾਤੇ ਵਾਲ ਪਿੰਡ ਚਰਨ ਪਾਏ । ਭਗਤ ਸਿੰਘ ਦੇ ਪਿਤਾ ਜੀ ਨੇ ਅਰਜ਼ ਕੀਤੀ ਸੱਚੇ ਪਾਤਸ਼ਾਹ ਇਹ ਬੱਚਾ ਪੜ੍ਹਦਾ ਨਹੀ;ਆਖਦਾ ਹੈ ਸਤਿਗੁਰਾਂ ਦਾ ਹੁਕਮ ਹੈ ਇਨ੍ਹਾਂ ਸਕੂਲਾਂ ਵਿਚ ਨਹੀ ਪੜ੍ਹਨਾ।ਸ੍ਰੀ ਸਤਿਗੁਰੂ ਹਰੀ ਸਿੰਘ ਜੀ ਬਚਨ ਕੀਤਾ "ਵਾਹ ਭਈ ਵਾਹ ਇਹ ਤਾਂ ਪਹਿਲਾਂ ਹੀ ਪੜ੍ਹਿਆ ਹੋਇਆ ਹੈ ਅਰਬੀ ,ਫਾਰਸੀ ਤੇ ਹੋਰ ਪੜ੍ਹਾਈ ਇਸ ਅਗੇ ਕੀ ਹਨ ਇਹ ਸਭ ਜਾਣਦਾ ਹੈ।ਸਤਿਗੁਰਾ ਦੀ ਕਿਰਪਾ ਨਾਲ ਸੰਤ ਭਗਤ ਸਿੰਘ ਪੰਥ ਦੇ ਸ਼ਰੋਮਣੀ ਪਰਚਾਰਕਾਂ ਵਿਚੋਂ ਹਨ।ਆਪ ਜੀ ਦੀ ਗਰਜਵੀਂ ਆਵਾਜ਼ ਡਰਾ ਦਿੰਦੀ ਸੀ । ਆਪ ਜੀ ਦੀ ਜ਼ੁਬਾਨ ਵਿਚ ਇਤਨੀ ਤਾਸੀਰ ਤੇ ਜੋਸ਼ ਸੀ ਕਿ ਮੋਮਨਾਂ ਤੇ ਹਿੰਦੂਆਂ ਸਿਖਾਂ ਦੇ ਗੜ੍ਹਾਂ ਵਿਚ ਜਾਕੇ ਉਨ੍ਹਾਂ ਨੂੰ ਮਸਤ ਬਣਾ ਦਿੰਦੇ ਸਨ।ਉਨ੍ਹਾਂ ਨੇ ਸੈਂਕੜੇ ਲੋਕਾਂ ਨੂੰ ਮਾਸ ਸ਼ਰਾਬ ਤਮਾਕੂ ਛੁਡਵਾ ਕੇ ਸਿਧੇ ਰਸਤੇ ਪਾਇਆ ।ਬਸ ਇਹੋ ਹਾਲ ਸੰਤ ਟਹਿਲ ਸਿੰਘ ਸਦੋਵਾਲੀਆ ਦਾ ਸੀ। ਇਕ ਵਾਰ ਸੰਤ ਆਪਣੇ ਮਾਪਿਆਂ ਨਾਲ ਭੈਣੀ ਸਾਹਿਬ ਗਏ। ਸ੍ਰੀ ਸਤਿਗੁਰੂ ਜੀ ਗੱਦੀ ਵਾਲੇ ਚੁਬਾਰੇ ਵਿਚ ਸਨ।ਸੰਤਾਂ ਇਕ ਸ਼ਬਦ ਪੜ੍ਹਿਆ; ਸਤਿਗੁਰਾਂ ਤਿੰਨ ਵਾਰ ਬਚਨ ਕੀਤਾ। ਇਹ ਮੁੰਡਾ ਤਾਂ ਬੜਾ ਸ਼ਬਦੀ ਹੈ।ਇਸ ਬਚਨ ਨਾਲ ਇਹ ਬੜੇ ਵੱਡੇ ਪ੍ਰਚਾਰਕ ਹੋਏ ਹਨ।ਸ੍ਰੀ ਸਤਿਗੁਰੂ ਜੀ

ਦੀਆਂ ਇਹੋ ਜਿਹੀਆਂ ਬੇਅੰਤ ਲੀਲਾ ਹਨ।ਆਪ ਜੀ ਏਸੇ ਤਰਾ ਸੰਗਤਾਂ ਨੂੰ ਤਾਰਦੇ ਹੋਏ ਅਤੇ ਅਜ਼ਾਦੀ ਦੀ ਲੜਾਈ ਸ਼ਾਂਤੀ ਨਾਲ ਲੜਦੇ ਹੋਏ ਜੇਠ ਵਦੀ ੧੦ਵੀਂ ਸੰਮਤ ੧੯੬੩ ਬਿ. ਮੁਤਾਬਿਕ ੧੭ ਮਈ ੧੯੦੬ ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪੰਜ ਵਜਕੇ ਪੰਜ ਮਿੰਟ ਤੇ ਦੇਹ ਦਾ ਉਹਲਾ ਕਰ ਗਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ



ਇਕ ਵਾਰ ਗੁੜੀ ਵਾਲੇ ਕ੍ਹਾਨ ਸਿੰਘ ਨੇ ਸ੍ਰੀ ਸਤਿਗੁਰ ਰਾਮ ਸਿੰਘ ਜੀ ਨੂੰ ਅਰਜ਼ ਕੀਤੀ ਗਰੀਬ ਨਿਵਾਜ ਬਾਬਾ ਜੱਸਾ ਸਿੰਘ ਜੀ ਦੀ ਪੋਤਰਿਆਂ ਵਾਲੀ ਮੰਗ ਕਿਵੇਂ ਪੂਰੀ ਹੋਵੇਗੀ। ਬੇਬੇ ਸਾਹਬੋ ਜੀ ਤਾਂ ਬਿਮਾਰ ਰਹਿੰਦੇ ਹਨ।(ਬੇਬੇ ਸਾਹਬੋ ਜੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਪਹਿਲੇ ਮਹਿਲ ਸਨ)। ਸ੍ਰੀ ਸਤਿਗੁਰੂ ਰਾਮ ਸਿੰਘ ਬਚਨ ਕੀਤਾ।"ਨਵੇਂ ਅਨੰਦ ਹੋਣਗੇ ਫਿਰ ਪ੍ਰਤਾਪ ਸਿੰਘ ਵਡੇ ਪ੍ਰਤਾਪ ਵਾਲਾ ਪੈਦਾ ਹੋਵੇਗਾ।"

ਇਕ ਬਾਬਾ ਸ਼ੇਰ ਸਿੰਘ ਡਫਰਕਿਆਂ ਵਾਲੇ ਬੜੀ ਉਚੀ ਬਿਰਤੀ ਵਾਲੇ ਸਨ। ਉਹ ਵੀ ਇਸੇ ਤਰਾਂ ਬਚਨ ਕਰਦੇ ਰਹਿੰਦੇ "ਵਡੇ ਪ੍ਰਤਾਪ ਵਾਲਾ ਪ੍ਰਤਾਪ ਸਿੰਘ ਹੋਵੇਗਾ"।ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਗੇ ਖਲੋ ਕੇ ਆਖਦੇ ਸਨ ।ਗਰੀਬ ਨਿਵਾਜ ਆਪ ਜੀ ਦੇ ਘਰ ਪ੍ਰਤਾਪ ਸਿੰਘ ਵਡੇ ਪ੍ਰਤਾਪ ਵਾਲਾ ਹੋਵੇਗਾ।

ਬਾਬਾ ਸ਼ੇਰ ਸਿੰਘ ਜੀ ਦੀ ਸਾਖੀ ਤੋਂ ਮੇਰੇ ਵੀ ਮਨ ਵਿਚ ਇਕ ਐਸੀ ਝਲਕ ਆ ਗਈ ਜੋ ਅੱਖੀਂ ਵੇਖੀ ਜਾਂ ਕੰਨੀ ਸੁਣੀ ਨਹੀ ਸਗੋਂ ਹੱਡ ਬੀਤੀ ਹੈ। ਮੇਰੇ ਪਿਤਾ ਜੀ ਦਾ ਨਾਂ ਵੀ ਸ਼ੇਰ ਸਿੰਘ ਸੀ। ਇਸ ਲਈ ਆਪਣੇ ਸਤਿਗੁਰਾਂ ਦੀ ਉਪਮਾ ਕਰਨ ਤੋਂ ਸੰਕੋਚ ਨਹੀ ਕਰਦੀ।ਇਕ ਵਾਰ ਦੀ ਗਲ ਹੈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਜਲੰਧਰ ਦਰਸ਼ਨ ਦੇਣ ਗਏ ਸਨ। ਸਾਡੇ ਪਿਤਾ ਜੀ ਵੀ ਜਲੰਧਰ ਰਹਿੰਦੇ ਸੀ। ਮੈਂ ਉਸ ਵਕਤ ਛੋਟੀ ਸੀ ਮੈਨੂੰ ਇਹ ਨਹੀਂ ਯਾਦ ਕਿਹੜੀ ਬਸਤੀ ਸੀ।ਉਥੇ ਸੰਗਤਾਂ ਦੀ ਭੀੜ ਲਗੀ ਹੋਈ ਸੀ ਅਤੇ ਸਤਿਗੁਰਾਂ ਦਾ ਸੁਨੇਹਾ ਆਇਆ ਕਿ ਦਿਵਾਨ ਦਾ ਭੋਗ ਪਾ ਦਿਉ। ਭੋਗ ਪੈਣ ਤੇ ਸੰਗਤ ਘਰਾਂ ਨੂੰ ਤੁਰਨ ਲਗੀ ।ਅਸੀ ਜਲੰਧਰ ਮਾਡਲ ਟਾਊਨ ਦੀ ਰੋਡ ਤੇ ਰਹਿੰਦੇ ਸੀ ।ਕੁਝ ਹਨੇਰਾ ਹੋਣ ਦੇ ਕਾਰਨ ਉਸ ਵਕਤ ਉਥੇ ਕੋਈ ਰਿਕਸ਼ਾ ਜਾ ਟਾਂਗਾ ਨਾ ਮਿਲਿਆ ਤੇ ਕੁਝ ਸਾਡੇ ਪਿਤਾ ਜੀ ਦਾ ਦਿਲ ਅੰਦਰੋਂ ਸਤਿਗੁਰਾਂ ਦੇ ਦਰਸ਼ਨ ਕਰਨ ਨੂੰ ਕਰਦਾ ਸੀ ਇਸ ਲਈ ਉਹ ਵੀ ਜਾਣ ਬੁਝ ਕੇ ਉਥੋਂ ਪੈਦਲ ਤੁਰ ਪਏ ਅਤੇ ਜਿਹੜੀ ਕਾਰ ਲੁਧਿਆਣਾ ਵਲੋਂ ਆਵੇ ਉਸ ਨੂੰ ਹੀ ਮੱਥਾ ਟੇਕ ਦੇਣ। ਜਦ ਏਸੇ ਤਰ੍ਹਾਂ ਕੁਝ ਸਮਾਂ ਬੀਤਿਆ ਅਸੀ ਥੋਹੜ੍ਹੀ ਹੀ ਦੂਰ ਆਏ ਤਾਂ ਸਤਿਗੁਰਾਂ ਦੀ ਕਾਰ ਬੜੀ ਤੇਜੀ ਵਿਚ ਆਈ ,ਜਾਂ ਕੋਲੋਂ ਲੰਘਣ ਲੱਗੀ ਤਾਂ ਪਿਤਾ ਜੀ ਨੇ ਪਹਿਲੀਆਂ ਕਾਰਾਂ ਵਾਂਗ ਮਥਾ ਟੇਕ ਦਿਤਾ ਕਿਉਂਕਿ ਹਨੇਰਾ ਸੀ ਦੂਰੋਂ ਪਤਾ ਨਹੀ ਸੀ ਲਗਦਾ ਕਿਹਦੀ ਕਾਰ ਹੈ। ਜਦ ਮੱਥਾ ਟੇਕਿਆ ਤਾਂ ਸਤਿਗੁਰਾਂ ਤੇਜ ਕਾਰ ਇਕ ਦਮ ਖਲ੍ਹਾਰ ਕੇ ਪਿਛੇ ਲੈ ਕੇ ਆਏ, ਬਸ ਇਹ ਬਚਨ ਕੀਤਾ ਆ ਜਾਉ ਡੇਰੇ।ਨਾਲ ਹੀ ਉਸ ਵਕਤ ਮੌਜੂਦਾ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਜੀ ਸਨ। ਇਨ੍ਹਾਂ ਨੂੰ ਸਾਰੇ ਬਾਬਾ ਜੀ ਆਖਕੇ ਮੱਥਾ ਟੇਕਦੇ ਸਨ।ਅਸੀ ਉਥੋਂ ਮੁੜ ਡੇਰੇ ਪਹੁੰਚੇ ਤਾਂ ਵਡੇ ਬਾਬਾ ਜੀ ਨੂੰ ਸਾਰੇ ਮਥਾ ਟੇਕਦੇ ਵੇਖਕੇ ਮੈਂ ਛੋਟੀ ਸੀ ਏਸ ਲਈ ਸਭ ਦੇ ਥੱਲਿਉਂ ਹੋ ਕੇ ਛੇਤੀ ਮੱਥਾ ਟੇਕ ਲਿਆ। ਜਦ ਤੱਕ ਪਤਾ ਲਗ ਗਿਆ ਕਿ ਸਤਿਗੁਰੂ ਜੀ ਕਿਹੜੇ ਚੁਬਾਰੇ ਵਿਚ ਹਨ।ਜਾਂ ਅਗੇ ਵਧੇ ਤਾ ਪਹਿਰੇਦਾਰ ਆਖਣ ਲਗਾ ਉਪਰ ਜਾਣ ਦਾ ਕਿਸੇ ਨੂੰ ਹੁਕਮ ਨਹੀ। ਇਹ ਆਖਣ ਦੀ ਦੇਰ ਸੀ ਸਤਿਗੁਰ ਪ੍ਰਤਾਪ ਸਿੰਘ ਜੀ ਉਤੋਂ ਵਾਜ ਦਿਤੀ ਇਨ੍ਹਾਂ ਨੂੰ ਆਣ ਦਿਉ। ਅਸੀਂ ਉਪਰ ਗਏ। ਪਹਿਲਾਂ ਪਿਤਾ ਜੀ ਨੇ ਮੱਥਾ ਟੇਕਿਆ ਤਾਂ ਕੋਲ ਬੈਠਾ ਇਕ ਸਿਖ ਆਖਣ ਲੱਗਾ ਸੱਚੇ ਪਾਤਸ਼ਾਹ ਜੀ ਇਹ, ਬਸ......। ਉਸ ਨੇ ਇਹ ਹੀ ਅਖਿਆ ਤਾਂ ਸਤਿਗੁਰਾਂ ਬਚਨ ਕੀਤਾ ਇਨ੍ਹਾਂ ਦਾ ਮੈਨੂੰ ਪਤਾ ਹੈ ਇਹ ਸ਼ੇਰ ਸਿੰਘ ਮੇਰੇ ਹਨ।ਜਦ ਕਿ ਮੇਰੇ ਖਿਆਲ ਨਾਲ ਪਿਤਾ ਜੀ ਨੇ ਇਤਨੀ ਕੋਲੋਂ ਪਹਿਲੀ ਵਾਰ ਦਰਸ਼ਨ ਕੀਤੇ ਸਨ।ਕਿਉਂਕੇ ਪਿਤਾ ਜੀ ਦੇ ਨਾਨਕੇ ਫਿਰੋਜਪੁਰ ਸਨ ਨਾਮਧਾਰੀ ਪਰਵਾਰ ਵਿਚੋਂ ਪਰ ਘਰ ਦਾ ਮਾਹੌਲ ਕੁਝ ਵਖਰਾ ਸੀ। ਛੋਟੇ ਹੁੰਦਿਆਂ ਉਨ੍ਹਾਂ ਦੇ ਮਾਤਾ ਜੀ ਚੜ੍ਹਾਈ ਕਰ ਗਏ ਸਨ। ਇਸ ਲਈ ਮੌਕਾ ਨਾ ਬਣ ਸਕਿਆ।ਦਿਲ ਵਿਚ ਲਗਨ ਸੀ, ਭਜਨ ਵੀ ਲਿਆ ਹੋਇਆ ਸੀ। ਜਦ ਇਹ ਝਾਂਸੀ ਸਿਪਰੀ ਬਜਾਰ ਵਿਚ ਰਹਿੰਦੇ ਸਨ, ਉਥੇ

ਕਿਸ਼ਨ ਸਿੰਘ ਨਾਮਧਾਰੀਆ ਸੀ ਜਿਸ ਨੂੰ ਇਹ ਗੁਰ ਭਾਈ ਆਖਦੇ ਸਨ ਅਤੇ ਇਨ੍ਹਾਂ ਦਾ ਬਹੁਤ ਹੀ ਪਿਆਰ ਸੀ।ਇਕ ਵਾਰ ਉਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦੌਰਾ ਹੋਇਆ। ਤਦ ਭਜਨ ਪੁਛਿਆ ਹੋਇਆ ਸੀ ਪਰ ਪਤਾ ਨਹੀ ਸੀ ਲਗਣ ਦਿੰਦੇ। ਰਾਤੀਂ ਭਜਨ ਕਰਨਾ ਜਾਂ ਸਵੇਰੇ ਹਿੱਲ ਜੁਲ ਹੋਣੀ ਤਾਂ ਸੌਂ ਜਾਣਾ। ਇਕ ਵਾਰ ਸਾਨੂੰ ਪਿਤਾ ਜੀ ਦੇ ਨਾਨੀ ਜੀ ਨੂੰ ਮਿਲਣ ਦਾ ਮੌਕਾ ਮਿਲਿਆ ਸੀ। ਉਹ ਸੋਧੀ ਸਨ।ਉਸ ਦਿਨ ਤੋਂ ਸਾਨੂੰ ਪਤਾ ਲਗ ਗਿਆ ਪਿਤਾ ਜੀ ਦੇ ਬੀਤੇ ਜੀਵਨ ਬਾਰੇ ।ਫਿਰ ਵਿਆਹ ਤੋਂ ਬਾਦ ਜਦ ਮੈਂ ਨੈਰੋਬੀ ਆਈ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜਦ ਵੀ ਦੌਰੇ ਹੁੰਦੇ ਤਾਂ ਸਾਨੂੰ ਖੁਲੇ ਦਰਸ਼ਨ ਕਰਨ ਦਾ ਮੌਕਾ ਮਿਲਦਾ। ਉਸ ਘੜੀ ਦਾ ਅਨੰਦ ਵਰਨਣ ਕਰਨਾ ਮੁਸ਼ਕਿਲ ਹੈ। ਜਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਚੜ੍ਹਾਈ ਕਰ ਗਏ ਸਨ ਤਾਂ ਮੇਰੇ ਮਾਤਾ ਜੀ ਕਰਤਾਰ ਕੌਰ ਤੇ ਪਿਤਾ ਜੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਸਤਾਰਬੰਦੀ ਤੇ ਗਏ ਸੀ ਇਹ ਸਭ ਉਸ ਘੜੀ ਦੀ ਮੇਹਰ ਹੈ ਜਦ ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਬਚਨ ਕੀਤਾ ਸੀ ਇਹ ਮੇਰੇ ਹਨ। ਉਹਨਾਂ ਆਪਣੇ ਬਣਾ ਲਿਆ ਕਿਰਪਾ ਕਰਨ, ਬਣਾਈ ਰਖਣ ਤੇ ਇਸੇ ਤਰਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਮੇਹਰਾਂ ਦਾ ਸਦਕਾ ਅਜ ਉਸ ਦੇ ਚਰਨਾਂ ਤੇ ਨਮਸਕਾਰ ਕਰਨ ਦਾ ਮੌਕਾ ਮਿਲਦਾ ਹੈ।

ਇਹ ਸੰਤ ਸ਼ੇਰ ਸਿੰਘ ਜੀ ਦੇ ਨਾਮ ਤੋਂ ਸਭ ਯਾਦ ਆ ਗਿਆ।ਹੁਣ ਪਿਛੇ ਸਾਖੀ ਤੇ ਚਲੀਏ। ਅਸੀਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਹੋਣ ਦੀ ਕਥਾ ਕਰ ਰਹੇ ਸੀ ਕਿ ਬਾਬਾ ਸ਼ੇਰ ਸਿੰਘ ਡਫਰਕਿਆਂ ਵਾਲੇ ਬੜੀ ਉਚੀ ਬਿਰਤੀ ਵਾਲੇ ਸਨ।ਉਹ ਵੀ ਇਸ ਤਰਾਂ ਬਚਨ ਕਰਦੇ ਰਹਿੰਦੇ(ਵਡੇ ਪ੍ਰਤਾਪ ਵਾਲਾ ਹੋਵੇਗਾ" ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਗੇ ਖਲੋ ਕੇ ਏਹੋ ਆਖਦੇ।ਪਰ ਜਦ ਬੇਬੇ ਸਾਹਬੋ ਜੀ ਚੜ੍ਹਾਈ ਕਰ ਗਏ ਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਹ ਬਚਨ ਪੂਰੇ ਹੋਏ "ਨਵੇ ਅਨੰਦ ਹੋਣਗੇ" ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦੂਸਰੇ ਮਹਿਲ ਮਾਤਾ ਜੀਵਨ ਕੌਰ ਜੀ ਬਣ ਕੇ ਆਏ ਫਿਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਹੋਇਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਸ੍ਰੀ ਭੈਣੀ ਸਾਹਿਬ ਵਿਖੇ ਚੇਤ ਵਦੀ ਤੀਜ ਸੰਮਤ ੧੯੪੬ ਬਿ;ਮੁਤਾਬਿਕ ੯ ਮਾਰਚ ੧੮੯੦ ਈ; ਨੂੰ ਦਿਨ ਐਤਵਾਰ ਸੂਰਜ ਢਲੇ ਥੋੜ੍ਹੀ ਥੋੜ੍ਹੀ ਬਰਸਾਤ ਹੁੰਦਿਆਂ ਹੋਇਆ । ਸ੍ਰੀ ਸਤਿਗੁਰੂ

ਹਰੀ ਸਿੰਘ ਜੀ ਅਤੇ ਮਾਤਾ ਜੀਵਨ ਕੌਰ ਜੀ ਦੇ ਗ੍ਰਹਿ ਵਿਖੇ ।ਜਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਹੋਇਆ ਤਾਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਕੋਠੀ ਰਾਮਸਰ ਵਿਚ ਸਨ। ਪ੍ਰਕਾਸ਼ ਹੋਣ ਦਾ ਸੁਣ ਕੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਬਚਨ ਕੀਤਾ "ਪ੍ਰਤਾਪ ਸਿੰਘ ਵਡੇ ਪ੍ਰਤਾਪ ਵਾਲਾ ਆਇਆ ਹੈ, ਘਰ ਦਾ ਮਾਲਕ। ਇਹ ਮੇਰੇ ਤੋਂ ਬਲੀ ਹੈ।ਇਹ ਬੜੇ ਕੰਮ ਕਰੇਗਾ ਇਸ ਦੀ ਛਤਰ ਛਾਇਆ ਹੇਠ ਸੰਗਤ ਸੁਖ ਮਾਣੇਂਗੀ"।

ਸ੍ਰੀ ਸਤਿਗੁਰੂ ਜੀ ਦੇਹ ਕਰਕੇ ਅਜੇ ਤਿੰਨ ਦਿਨਾਂ ਦੇ ਹੀ ਸਨ ਕਿ ਦੋ ਨਿਹੰਗ ਸਿੰਘ ਆਏ।ਕਲਿਆਣ ਸਿੰਘ ਤਰਨਾ ਦਲ, ਕ੍ਰਿਪਾਲ ਸਿੰਘ ਬੁਢੇ ਦਲ ਦੇ ਚਮਕੌਰ ਸਾਹਿਬ ਤੋਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਆਏ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਗੇ ਬੇਨਤੀ ਕੀਤੀ, "ਮੈਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸੁਪਨੇ ਵਿਚ ਦਰਸ਼ਨ ਦਿਤੇ ਹਨ ਅਤੇ ਬਚਨ ਕੀਤਾ ਹੈ ਮੈਂ ਭੈਣੀ ਸਾਹਿਬ ਵਿਚ ਗੁਰੂ ਘਰਾਣੇ ਗੁਆਚਾ ਪ੍ਰਤਾਪ ਪਰਗਟ ਕਰਨ ਲਈ ਪ੍ਰਗਟਿਆ ਹਾਂ।ਜਿਵੇਂ ਗੋਬਿੰਦ ਜਾਮੇ ਵਿਚ ਜੰਗ ਯੱਧ ਲੜ ਕੇ ਪੰਥ ਨੂੰ ਕਰੜੀ ਘਾਲ ਚੋਂ ਕੱਢਿਆ ਸੀ, ਇਸੇ ਤਰਾਂ ਹੁਣ ਪ੍ਰਤਾਪ ਸਿੰਘ ਬਣਕੇ ਨਾਮ ਸਿਮਰਨ ਤੇ ਮੇਲ ਮਿਲਾਪ ਦੇ ਆਸਰੇ ਸਿਖਾਂ ਦੀ ਪ੍ਰਸਿਧਤਾ ਕਰਾਂਗਾ"। ਇਸ ਲਈ ਅਸੀ ਦੋਵੇਂ ਪਰਖਣ ਆਏ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਤਾਂ ਐਤਵਾਰ ਵਾਲੇ ਦਿਨ ਪ੍ਰਗਟੇ ਸਨ। ਇਹ ਕਦੋਂ ਹੋਏ ਹਨ।ਸ੍ਰੀ ਸਤਿਗੁਰੂ ਹਰੀ ਸਿੰਘ ਜੀ ਬਚਨ ਕੀਤਾ "ਕਾਕਾ ਹੋਇਆਂ ਤਾਂ ਐਤਵਾਰ ਹੀ ਹੈ, ਬਾਕੀ ਤੁਸੀ ਆਪ ਹੀ ਦਰਸ਼ਨ ਕਰਕੇ ਪਰਖ ਲਵੋ"।ਕ੍ਰਿਪਾਲ ਸਿੰਘ ਜੋ ਬੁਢੇ ਦਲ ਵਾਲਾ ਸੀ ਉਹ ਤਾਂ ਐਤਵਾਰ ਦਾ ਨਾਮ ਸੁਣ ਕੇ ਹੀ ਮੰਨ ਗਿਆ ਪਰ ਕਲਿਆਣ ਸਿੰਘ ਕਹਿਣ ਲੱਗਾ ਮੈ ਤਾਂ ਹੀ ਮੰਨਾਂਗਾ ਜੇਕਰ ਮੈਨੂੰ ਉਸੇ ਸਰੂਪ ਵਿਚ ਦਰਸ਼ਨ ਹੋਣਗੇ ਜਿਸ ਤਰਾਂ ਸੁਪਨੇ ਵਿਚ ਦਰਸ਼ਨ ਦਿਤੇ ਹਨ।ਜਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਨਿਹੰਗਾਂ ਨੇ ਕੀਤੇ ਤਾਂ ਉਨ੍ਹਾਂ ਦੋਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਵਾਲੇ ਸਰੂਪ ਦੇ ਦਰਸ਼ਨ ਹੋਏ। ਦੋਨਾਂ ਨੇ ਨਮਸਕਾਰ ਕੀਤੀ ਅਤੇ ਧੰਨ ਧੰਨ ਕਰਦੇ ਚਲੇ ਗਏ।ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਿੰਨ੍ਹ ਵੀ ਉਹੋ ਜਿਹੇ ਸਨ । ਗੁਰੂ ਗੋਬਿੰਦ ਸਿੰਘ ਜੀ ਵੀ ਤਾਊਸ ਅਤੇ ਤਬਲੇ ਨਾਲ ਕੀਰਤਨ ਕਰਦੇ ਸਨ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਏਸੇ ਤਰਾਂ ਕਰਦੇ ਸਨ ।ਇਸੇ ਤਰਾਂ ਸੰਤ ਊਧਮ ਸਿੰਘ ਨੂੰ ਦਰਸ਼ਨ ਦਿਤੇ।ਸਤਿਗੁਰਾਂ ਦੇ ਦਰਸ਼ਨ ਕਰਨ ਕੋਈ ਵੀ ਜਿਹੜਾ ਸ਼ਰਧਾ ਨਾਲ ਆਉਂਦਾ ਸਤਿਗੁਰ ਪ੍ਰਤਾਪ ਸਿੰਘ ਜੀ ਉਸ ਨੂੰ ਉਸੇ ਤਰਾਂ ਦਰਸ਼ਨ

ਦਿੰਦੇ।ਸਾਰੇ ਭੀਖਣ ਸ਼ਾਹ ਵਾਗ ਧੰਨ ਧੰਨ ਕਰਦੇ ਜਾਂਦੇ।

ਸਤਿਗੁਰ ਦਿਲਾਂ ਦੀਆਂ ਹੀ ਨਹੀਂ ਉਹ ਤਾਂ ਜਨਮਾਂ ਦੀਆਂ ਜਾਣਦਾ ਹੈ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਜੇ ਥੋੜ੍ਹੇ ਦਿਨਾਂ ਦੇ ਸਨ ਕਿ ਪੁਲੀਸ ਚੌਕੀ ਡਿਉੜੀ ਤੋਂ ਉਠ ਪਰੇ ਪਿਪਲਾਂ, ਬੋਹੜਾਂ ਕੋਲ ਚਲੀ ਗਈ। ਸਤਿਗੁਰ ਜੀ ਅੱਠ ਮਹੀਨੇ ਦੀ ਆਯੂ ਵਿਚ ਰਿੜ੍ਹਨਾ ਤੇ ਫਿਰ ਤੁਰਨਾ ਸਿਖਿਆ।ਜਦੋਂ ਢਾਈ ਸਾਲਾਂ ਦੇ ਹੋਏ ਤਾਂ ਆਪ ਨੂੰ ਚੇਚਕ ਨਿਕਲੀ। ਕਰੀਬ ਇਕ ਮਹੀਨਾ ੨੫ ਦਿਨ ਚੇਚਕ ਦਾ ਜੋਰ ਰਿਹਾ।ਤਿੰਨ ਸਾਲ ਦੇ ਹੋਏ ਤਾਂ ਖਿਦੋ ਖੂੰਡੀ (ਹਾਕੀ) ਖੇਡਣੀ ਸ਼ੁਰੂ ਕੀਤੀ।ਗਊਆਂ ਨਾਲ ਛੋਟੇ ਹੁੰਦਿਆਂ ਤੋ ਹੀ ਪਿਆਰ ਸੀ। ਆਲਸ ਤਾਂ ਸਾਰੀ ਉਮਰ ਆਪ ਦੇ ਨੇੜੇ ਨਹੀ ਆਈ। ਆਪ ਜੀ ਨੇ ਬਾਬਾ ਸੰਤ ਸਿੰਘ ਜੀ ਨੂੰ ਆਖਣਾ "ਮੈਂਨੂੰ ਤੜਕੇ ਉਠਾ ਕੇ ਗੜਵਾ ਜਲ ਪਾਉਣ ਦੀ ਢਿੱਲ ਨਾ ਕਰਿਆ ਕਰੋ।(ਭਾਵ ਸਵੇਰੇ ਛੇਤੀ ਉਠਾ ਕੇ ਇਸ਼ਨਾਨ ਕਰਾ ਦਿਆ ਕਰੋ) ।

ਆਪ ਜੀ ਜਦ ਪੰਜ ਸਾਲ ਦੇ ਹੋਏ ਤਾਂ ਮਾਤਾ ਜੀਵਨ ਕੌਰ ਜੀ ਨੇ ਸਤਿਗੁਰੂ ਹਰੀ ਸਿੰਘ ਜੀ ਅਗੇ ਅਰਜ਼ ਕੀਤੀ ਕਿ " ਪ੍ਰਤਾਪ ਸਿੰਘ ਨੂੰ ਪੜ੍ਹਨਾ ਪਾਈਏ" ।ਸਤਿਗੁਰੂ ਹਰੀ ਸਿੰਘ ਜੀ ਬਚਨ ਕੀਤਾ "ਇਹ ਤਾਂ ਸਭ ਪਹਿਲਾਂ ਹੀ ਪੜ੍ਹਿਆ ਹੈ" ।ਫਿਰ ਵੀ ਸੰਤ ਸੰਤੋਖ ਸਿੰਘ ਕੋਲ ਪੜ੍ਹਨਾ ਭੇਜਿਆ ਸੰਤ ਜੀ ਪੈਂਤੀ ਅਖਰ ਲਿਖ ਕੇ ਦਿਤੇ ਤਾਂ ਆਖਣ ਲਗੇ ਇਹ ਤਾਂ ਆਉਂਦੇ ਹਨ। ਇਸ ਤਰਾਂ ਇਕ ਦਿਨ ਵਿਚ ਹੀ ਪੈਂਤੀ ਸਿਖ ਕੇ ਲਗਾਂ ਮਾਤਰਾਂ ਸਿਖ ਲਈਆਂ। ਫਿਰ ਸੰਤ ਧਿਆਨ ਸਿੰਘ ਜੀ ਕੋਲੋਂ ਤੇ ਸੰਤ ਸੇਵਾ ਸਿੰਘ ਜੀ ਕੋਲੋਂ ਪੰਜ ਗਰੰਥੀ ਤੋਂ ਪਾਠ ਉਚਾਰਨਾ ਸਿਖਿਆ। ਉਪਰੰਤ ਆਦਿ ਸ੍ਰੀ ਗਰੰਥ ਸਾਹਿਬ ਜੀ ਦਾ ਪਾਠ ਸਰਲ ਕੀਤਾ।ਆਪ ਜੀ ਪੰਜਾਬੀ, ਹਿੰਦੀ, ਉਰਦੂ ਤੇ ਅੰਗਰੇਜ਼ੀ ਨੇ ਗਿਆਨ ਪ੍ਰਾਪਤ ਕੀਤਾ।ਹਿਸਾਬ ਵਿਚ ਤਾਂ ਆਪ ਜੀ ਮਾਹਰ ਸਨ।ਯਾਦਦਾਸ਼ਤ ਤਾਂ ਆਪ ਜੀ ਭਗਵਾਨ ਹੀ ਸਨ।ਕੁਝ ਕਹਿਣ ਦੀ ਲੋੜ ਨਹੀ।ਸੰਗੀਤ ਦਾ ਗਿਆਨ ਵੀ ਹਾਸਲ ਕਰ ਲਿਆ।

੯ ਸਾਲ ਦੀ ਉਮਰ ਵਿਚ ਹੀ ਇਕੱਲਿਆਂ ਸ੍ਰੀ ਆਦਿ ਗਰੰਥ ਸਾਹਿਬ ਜੀ ਦਾ ਭੋਗ ਪਾਉਣ ਦੀ ਸੋਚ ਲਈ।ਦਸ ਸਾਲ ਦੀ ਉਮਰ ਵਿਚ ਅਖਾੜੇ ਜਾਣਾ ਸ਼ੁਰੂ ਕਰ ਦਿਤਾ।ਗਤਕਾ ਤੇ ਨੇਜੇਬਾਜ਼ੀ ਕਰਨੀ ਸਿਖ ਲਈ।ਘੋੜ ਸਵਾਰੀ ਦਾ ਸ਼ੋਕ ਬਹੁਤ ਰਖਦੇ ਸਨ । ਉਹ ਤਾਂ ਸਭ ਕੁਝ ਧੁਰੋਂ ਹੀ ਸਿਖ ਕੇ ਆਏ ਸਨ।ਫਿਰ ਨਿਤਾ ਪ੍ਰਤੀ

ਅੰਮ੍ਰਿਤ ਵੇਲੇ ੨ ਵਜੇ ਇਸ਼ਨਾਨ ਕਰਕੇ ਆਸਾ ਦੀ ਵਾਰ ਵਿਚ ਸਤਿਗੁਰੂ ਹਰੀ ਸਿੰਘ ਜੀ ਨੂੰ ਨਮਸਕਾਰ ਕਰ ਪਿਛੇ ਬੈਠ ਜਾਣਾ। ਭੋਗ ਤੋਂ ਬਾਦ ਗੁਰੂ ਪਿਤਾ ਨਾਲ ਡੇਰੇ ਦੇ ਪਰਬੰਧ ਵਲ ਝਾਤੀ ਮਾਰਨੀ। ਦਿਨ ਢਲੇ ਦਿਵਾਨ ਹੁੰਦਾ। ਆਪ ਜੀ ਨੇ ਜੋਟੀਆਂ ਦੇ ਸ਼ਬਦ ਪੜ੍ਹਨੇ। ਸਤਿਗੁਰੂ ਹਰੀ ਸਿੰਘ ਜੀ ਨਾਲ ਦੌਰਿਆਂ ਤੇ ਜਾਣਾ ਅਤੇ ਕੋਲ ਬੈਠਕੇ ਦੁਖੀਆਂ ਦੀਆਂ ਫਰਿਆਦਾਂ ਸੁਨਣੀਆਂ ਅਤੇ ਉਨ੍ਹਾਂ ਦੀ ਬਖਸ਼ਸ਼ਬੰਦੀ ਦੀ ਸਤਿਗੁਰਾਂ ਦੇ ਚਰਨਾਂ ਵਿਚ ਅਰਜ਼ ਕਰਨੀ।ਏਸੇ ਤਰਾ ੧੯ ਸਾਲ ਪਿਤਾ ਗੁਰੂ ਚਰਨਾਂ ਵਿਚ ਰਹਿਕੇ ਗਿਆਨ ਦੀ ਪ੍ਰਾਪਤੀ ਕਰਦੇ ਰਹੇ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸੰਮਤ ੧੯੬੩ ਬਿ ਸੰਨ ੧੯੦੬ ਈ; ਨੂੰ ਸ੍ਰੀ ਭੈਣੀ ਸਾਹਿਬ ਵਿਖੇ ਦੇਹ ਦਾ ਓਹਲਾ ਕਰ ਗਏ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦੇਹ ਦੇ ਉਹਲੇ ਤੋਂ ਬਾਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ੧੯੦੬ ਈ; ਵਿਚ ਗੁਰਗੱਦੀ ਤੇ ਸੁਸ਼ੋਭਿਤ ਹੋਏ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਨੰਦ ਕਾਰਜ ਮਾਤਾ ਭੁਪਿੰਦਰ ਕੌਰ ਜੀ ਨਾਲ ੧੯੧੪ ਈ; ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜਾਰੀ ਕੀਤੀ ਆਨੰਦ ਮਰਿਆਦਾ ਨਾਲ ਹੋਇਆ । ਮਾਤਾ ਭੁਪਿੰਦਰ ਕੌਰ ਜੀ ਦਾ ਪਹਿਲਾ ਨਾਮ ਬੀਬੀ ਵੀਰੋ ਜੀ ਸੀ ।ਬੀਬੀ ਵੀਰੋ ਜੀ ਦਾ ਜਨਮ ਨਵੰਬਰ ੧੮੯੮ ਈ; ਨੂੰ ਸੰਤ ਸੁੰਦਰ ਸਿੰਘ ਜੀ ਪਿਤਾ ਤੇ ਮਾਤਾ ਰਾਮ ਕੌਰ ਜੀ ਦੇ ਘਰ ਪਿੰਡ ਰੱਤਾਵਾਸ ਪਹਿਲਾਂ ਆਖਦੇ ਸਨ ਪਰ ਫਿਰ ਗੱਦਾਡੋਬ ਕਿਹਾ ਜਾਣ ਲਗਾ, ਪ੍ਰੰਤੂ ਗੁਰੂ ਹਰੀ ਸਿੰਘ ਜੀ ਨੇ ਏਸ ਨਗਰ ਤੇ ਕਿਰਪਾ ਕੀਤੀ ਇਸ ਨੂੰ ਗੁਰੂਸਰ ਨਾਮ ਦਿਤਾ। ਬੀਬੀ ਵੀਰੋ ਜੀ ਦੇ ਤਿੰਨ ਭਰਾ ਅਤੇ ਇਕ ਭੈਣ ਸੀ। ਇਕ ਵਾਰ ਕਿਸੇ ਸੰਤ ਨੇ ਇਨ੍ਹਾਂ ਦਾ ਮਸਤਕ ਵੇਖਕੇ ਆਖਿਆ ਵੀਰੋ ਤਾਂ ਜਗਤ ਮਾਤਾ ਹੋਵੇਗੀ ਇਸ ਨੂੰ ਮੰਦਾ ਬੋਲ ਕੇ ਕਦੀ ਫਿਟਕਾਰਨਾ ਨਹੀ। ਸਚ ਆਪ ਜੀ ਦੇ ਗੁਣ ਹੀ ਐਸੇ ਸਨ। ੧੦ ਸਾਲ ਦੀ ਉਮਰ ਵਿਚ ਹੀ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਪਾਠ ਕੰਠ ਕਰ ਲਿਆ ਅਤੇ ਪੰਜ ਬਾਣੀਆਂ ਕੰਠੋਂ ਪੜ੍ਹਨ ਲਗ ਪਏ। ਮਾਤਾ ਜੀ ਐਸੇ ਪਰਿਵਾਰ ਵਿਚੋ ਸਨ ਜੋ ਭੂਰੀਆ ਪਹਿਨ ਕੇ ੪ -੪ ਕੋਹ ਤੋਂ ਸੁਚਾ ਜਲ ਲਿਆ ਕੇ ਸੋਧ ਮਰਿਆਦਾ ਰਖਦੇ ਸਨ । ਇਸ ਲਈ ਇਹ "ਭੂਰੀਆਂ ਵਾਲੇ ਨਾਮ ਤੋਂ ਜਾਣਿਆ ਜਾਂਦਾ ਸੀ। ਇਕ ਵਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਿਵਾਨ ਵਿਚ ਆਪਣੇ ਆਸਣ ਤੋਂ ਉਠਕੇ ,ਇ੍ਹਨਾਂ ਭੂਰੀਆਂ ਵਾਲਿਆਂ ਵਿਚ ਜਾ ਬੈਠਣ ਦਾ ਮਾਣ ਬਖਸ਼ਿਆ। ਮਾਤਾ ਭੁਪਿੰਦਰ ਕੌਰ ਜੀ ਨੇ ਭੈਣੀ ਸਾਹਿਬ ਆਂਦਿਆਂ

ਹੀ ਸਾਧ ਸੰਗਤ ਦੀ ਸੇਵਾ ਕਰਨੀ ਸ਼ੁਰੂ ਕਰ ਦਿਤੀ ਅਤੇ ਆਪ ਜੀ ਦਾ ਲਿਬਾਸ ਬੜਾ ਸਾਦਾ ਸੀ ।ਅਸੀ ਇਨ੍ਹਾਂ ਦੇ ਕੀਤੇ ਉਪਕਾਰਾਂ ਦਾ ਸਾਰਾ ਵਰਨਣ ਨਹੀ ਕਰ ਸਕਦੇ, ਬੇਅੰਤ ਹਨ। ਜਦ ੧੯੧੯ ਈ. ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਹਿਰ ਸਰਹਿੰਦ ਦੇ ਕਿਨਾਰੇ ਹੀ ਤਪ ਕੇਂਦਰ ਬਣਾਨਾ ਸੀ "ਪਰਯੋਗ " ਘੋਰ ਤਪੱਸਿਆ ਕਰਨ ਲੱਗੇ ਤਾਂ ਮਾਤਾ ਭੁਪਿੰਦਰ ਕੌਰ ਨੇ ਸਤਿਗੁਰਾਂ ਅਗੇ ਬੇਨਤੀ ਕੀਤੀ ਜੇ ਆਗਿਆ ਬਖਸ਼ੋ ਤਾਂ ਮੈ ਵੀ ਬੀਬੀਆਂ ਨਾਲ ਜਪ ਤਪ ਵਿਚ ਸ਼ਾਮਲ ਹੋ ਜਾਵਾਂ। ਬੇਨਤੀ ਪ੍ਰਵਾਨ ਹੋਣ ਤੇ ਮਾਤਾ ਜੀ ਨੇ ੪੦ ਦਿਨਾਂ ਦਾ ਇਹ ਜਪ-ਪ੍ਰਯੋਗ ਸਾਧ ਸੰਗਤ ਦੀ ਸੇਵਾ ਕਰ ਕੇ ਨਿਭਾਇਆ । ਇਨ੍ਹਾਂ ਦੀ ਭਗਤੀ ਅਤੇ ਪਹਿਲੀ ਤਪਸਿਆ ਸੀ ਇਸੇ ਲਈ ੨੨ ਨਵੰਬਰ ੧੯੨੦ਈ; ਨੂੰ ਕੱਤਕ ਸੁਦੀ ਇਕਾਦਸੀ ੮ ਮੱਘਰ ਦਿਨ ਐਤਵਾਰ ਸੰਮਤ ੧੯੭੭ ਬਿ; ਨੂੰ ਅੰਮ੍ਰਿਤ ਵੇਲੇ ੪ ਵਜੇ ਸਵੇਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਹੋਇਆ ਅਤੇ ਬਾਲ ਰੂਪ ਵਿਚ ਇ੍ਹਨਾਂ ਦੀ ਗੋਦ ਵਿਚ ਖੇਡੇ । ਕੱਤਕ ਸੰਮਤ ੧੯੯੦ ਸਵੇਰੇ ਚਾਰ ਵਜੇ ਮਹਾਰਾਜ ਬੀਰ ਸਿੰਘ ਜੀ ਦਾ ਜਨਮ ਜਨਮ ਹੋਇਆ। ਏਸੇ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਨੇ ਹਰ ਨਰ ਨਾਰੀ ਨੂੰ ਇਕ ਘੰਟਾ ਰੋਜ ਨਾਮ ਸਿਮਰਨ ਕਰਨ ਦਾ ਹੁਕਮ ਕੀਤਾ। ਨਾਲ ਹੀ ਸਤਿਗੁਰਾਂ ਬਚਨ ਕੀਤਾ, "ਇਹ ਮੇਰੇ ਵਲੋਂ ਸਦਾ ਸੰਗ ਰਖਣ ਵਾਲੀ ਚੀਜ ਹੈ ਜੋ ਇਸ ਨੂੰ ਨਿਭਾਵੇਗਾ ਮੈਂ ਉਸ ਦਾ ਸਦਾ ਜਾਮਨ ਹਾਂ"। ਸਤਿਗੁਰੂ ਜੀ ਫੁਰਮਾਉਂਦੇ ਇਕ ਘੰਟਾ ਆਤਮ ਸਿਮਰਨ ਇਕਾਗਰਤਾ ਸਾਰੇ ਦਿਨ ਲਈ ਪੂੰਜੀ ਦਾ ਕੰਮ ਕਰਦੀ ਹੈ। ਸਤਿਗੁਰੂ ਜੀ ਨੇ ਨਾਮ ਬਾਣੀ ਦਾ ਨਿਰੰਤਰ ਪ੍ਰਵਾਹ ਚਲਾਉਣ ਹਿਤ ਸੰਮਤ ੧੯੯੦ਬਿ;ਵਿਚ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਵਿਖੇ ਭਜਨ ਦੀਆਂ ਨਿਰੰਤਰ ਵਰਨੀਆਂ ਸ਼ੁਰੂ ਕੀਤੀਆਂ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲੋਕਾਂ ਦੀ ਭਲਾਈ ਲਈ ਬੇਅੰਤ ਹਵਨ ਤੇ ਵਰਨੀਆ ਕਰਵਾਈਆਂ। ਪਰ ਜੋ ਅੰਕੜੇ ਲਿਖਤਾਂ ਵਿਚ ਆਏ ਉਹ ਇਸ ਤਰਾਂ ਹਨ।

(੧)ਅਖੰਡ ਪਾਠ ਸ੍ਰੀ ਆਦਿ ਗਰੰਥ ਸਾਹਿਬ ਦੇ ੧੦੦੦੦ (੨) ਸ੍ਰੀ ਦਸਮ ਗਰੰਥ ਸਾਹਿਬ ਜੀ ਦੇ ੧੦੦੦

(੩)ਸਧਾਰਨ ਪਾਠ ਆਦਿ ਸ੍ਰੀ ਗ੍ਰੰਥ ਸਾਹਿਬ ਦੇ-੬੦੦੦੦੦

ਭੈਣੀ ਸਾਹਿਬ ਵਿਖੇ ਸਰਬ ਸੰਪਰਦਾਇ ਕਾਨਫਰੰਸ

ਸਤਿਗੁਰਾਂ ਨੇ ੨੯- ੩੦ ਅਸੂ ਸੰਮਤ ੧੯੯੧ ਬਿ; ੧੪- ੧੫ ਅਕਤੂਬਰ

੧੯੩੪ ਈ; ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਾਰੇ ਗੁਰੂ ਨਾਨਕ ਨਾਮ ਲੇਵਾ ਨੂੰ ਕੱਠਿਆਂ ਕਰਨ ਲਈ ਸਰਬ ਸੰਪਰਦਾਇ ਕਾਨਫਰੰਸ ਦਾ ਮਨੋਰਥ ਸਿਖਾਂ ਵਿਚਾਲੇ ਪਈਆਂ ਦੂਰੀਆਂ ਨੂੰ ਘਟਾਉਣਾ ਸੀ। ਇਹ ਕਾਨਫਰੰਸ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਭ ਨੂੰ ਇਕੱਠੇ ਕੀਤਾ। ਉਸ ਵਕਤ ਅੰਗਰੇਜ਼ ਦੀ ਇਹ ਚਾਲ ਸੀ ਕਿ ਭਾਰਤ ਵਿਚ ਏਕਤਾ ਨਾ ਹੋ ਜਾਵੇ। ਪਰ ਸਤਿਗੁਰੂ ਜੀ ਸਭ ਨੂੰ ਇਕੱਠੇ ਕਰਨ ਲਈ ਇਹ ਸਭ ਕੁਝ ਕੀਤਾ। ਇਸ ਕਾਨਫਰੰਸ ਵਿਚ ਇਨਾਂ ਸਾਰਿਆਂ ਨੇ ਹਿਸਾ ਲਿਆ-ਸਿੰਘ ਸਭਾ ਵਲੋਂ ਸੁੰਦਰ ਸਿੰਘ ਮਜੀਠੀਆ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਜੋਧ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰੋ; ਗੰਗਾ ਸਿੰਘ, ਗਿਆਨੀ ਸ਼ੇਰ ਸਿੰਘ, ਦੋਵੇ ਅਕਾਲੀ ਦਲ, ਚੀਫ ਖਾਲਸਾ ਦੀਵਾਨ, ਬੁਦਾ ਦਲ, ਅੱਡਣ ਸ਼ਾਹੀ, ਸੇਵਾ ਪੰਥੀ, ਉਦਾਸੀਨ ਮਹਾਂ ਮੰਡਲ, ਰਾਧਾ ਸੁਆਮੀ ਮਾਹਾਰਾਜ ਸਾਵਣ ਸਿੰਘ ਜੀ ਉਚੇਚੇ ਤੌਰ ਤੇ ਆਏ ਭਾਵ ਇਹ ਸਾਰੇ ਗੁਰੂ ਨਾਨਕ ਦੀ ਫੁਲਵਾੜੀ ਦੇ ਖਿੜੇ ਫੁਲ ਇਸ ਗੁਲਦਸਤੇ ਵਿਚ ਆ ਕੇ ਸਜ ਗਏ। ਇਕ ਸ਼ਰਤ ਇਹ ਸੀ ਕਿ ਅਸੀ ਅਰਦਾਸ ਪਾਤਸ਼ਾਹੀ ਦਸ ਤਕ ਕਰਨੀ ਹੈ।ਸਤਿਗੁਰੂ ਸਭ ਦਾ ਹੁੰਦਾ ਹੈ ਉਸ ਵਿਚ ਤੇਰ ਮੇਰ ਨਹੀਂ ਮੰਨਦਾ। ਉਸ ਨੂੰ ਜੀਵਾਂ ਦਾ ਭਲਾ ਹੀ ਚਾਹੀਦਾ ਹੁੰਦਾ ਹੈ ।ਸ੍ਰੀ ਸਤਿਗੁਰ ਜੀ ਬਚਨ ਕੀਤਾ ਤੁਸੀਂ ਅਰਦਾਸ ਜਿਥੋਂ ਤਕ ਮਰਜੀ ਕਰੋ ਸਾਨੂੰ ਕੋਈ ਇਤਰਾਜ਼ ਨਹੀਂ। ਤੁਸੀਂ ਆਵੋ ਸਾਨੂੰ ਕੋਈ ਇਤਰਾਜ ਨਹੀਂ। ਇਹ ਕਾਨਫਰੰਸ ਸ੍ਰੀ ਭੈਣੀ ਸਾਹਿਬ ਹੋਈ ।ਜਿਸ ਦੇ ਪ੍ਰਧਾਨ ਹੋਣ ਦਾ ਮਾਣ ਸਤਿਗੁਰਾਂ ਨੇ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਬਾਗੜੀਆਂ ਨੂੰ ਬਖਸ਼ਿਆ। ਇਸ ਵਿਚ ਆਸਾ ਦੀ ਵਾਰ ਨਾਮਧਾਰੀ ਮਰਯਾਦਾ ਅਨੁਸਾਰ ਲਗਦੀ ਤੇ ਅਤਦਾਸ ਹੁੰਦੀ ਸੀ ਅਤੇ ਕਾਨਫਰੰਸ ਸਮੇਂ ਦਸਾਂ ਪਾਤਸ਼ਾਹੀਆ ਦੀ ਅਰਦਾਸ ਹੁੰਦੀ ਸੀ। ਸਭ ਪ੍ਰੇਮ ਨਾਲ ਹਿਸਾ ਲੈਂਦੇ ਸਨ।ਇਸ ਵਿਚ ਇਹ ਪਾਸ ਹੋਇਆ ਸੀ ਕਿ "ਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲੀਆਂ ਸਭ ਸੰਪ੍ਰਦਾਵਾਂ ਆਪਣੇ ਅਸੂਲਾਂ ਦਾ ਪ੍ਰੇਮ ਪਿਆਰ ਤੇ ਵਿਦਵਤਾ ਸਹਿਤ ਮੰਡਨ ਰੂਪ ਵਿਚ ਪ੍ਰਚਾਰ ਕਰਨ ਅਤੇ ਇਕ ਦੂਜੇ ਦੇ ਸਿਧਾਂਤਾਂ ਵਿਚਾਰਾਂ ਨੂੰ ਖੰਡਨ ਕਰਨ ਦੀ ਪਰਪਾਟੀ ਬੰਦ ਕਰ ਦਿਤੀ ਜਾਵੇ"।ਕਾਨਫਰੰਸ ਦੇ ਪ੍ਰਧਾਨ ਬਾਗੜੀਆਂ ਜੀ ਨੇ ਅਖਿਆ "ਇਸ ਕਾਨਫਰੰਸ ਦਾ ਮਨੋਰਥ ਸ੍ਰੀ ਗੁਰੂ ਨਾਨਕ ਪੰਥੀ ਸਾਰੀਆਂ ਸੰਪਰਦਾਵਾਂ ਵਿਚ ਪ੍ਰਸਪਰ ਪ੍ਰੇਮ ਪਿਆਰ ਤੇ ਏਕਤਾ ਪੈਦਾ ਕਰਨੀ ਹੈ"। ਸਰਦਾਰ ਸੁੰਦਰ ਸਿੰਘ ਮਜੀਠੀਆ ਨੇ ਕਿਹਾ "ਮੈਨੂੰ ਆਸ ਹੈ ਕਿ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਜਿਵੇਂ ਸਾਨੂੰ ਇਕ ਮਾਲਾ ਦੇ ਮਣਕਿਆਂ ਵਾਂਗ ਇਕ ਲੜੀ ਵਿਚ ਪਰੋਣ ਦਾ ਉਦਮ ਕੀਤਾ ਹੈ ਅਸੀਂ ਉਸੇ ਤਰਾਂ

ਪਰੁਚ ਕੇ ਆਪਣੇ ਫਰਜ਼ ਦਾ ਪਾਲਣ ਕਰੀਏ।" ਸਭ ਨੇ ਐਸੇ ਵਿਚਾਰਾਂ ਦੀ ਸਲਾਹੁਣਾ ਕੀਤੀ।

ਹਿੰਦੂ ਸਿਖ ਮਿਲਾਪ ਕਾਨਫਰੰਸ

ਅੰਗਰੇਜ਼ਾਂ ਨੇ ਭਾਰਤ ਨੂੰ ਅਧੀਨ ਬਣਾਈ ਰਖਣ ਲਈ ਪਾੜੋ ਤੇ ਰਾਜ ਕਰੋ ਦੀ ਨੀਤੀ ਦਾ ਆਸਰਾ ਲਿਆ। ਇਸ ਦੇ ਮੁਕਾਬਲੇ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਿਲਵਰਤਣ ਦਾ ਹਥਿਆਰ ਭਾਰਤੀਆਂ ਨੂੰ ਦਿਤਾ ਸੀ। ਇਸ ਦਾ ਮਤਲਬ ਇਹ ਸੀ ਕਿ ਨਾ ਅੰਗਰੇਜ਼ ਨਾਲ ਵਰਤ ਤੇ ਨਾ ਉਹ ਤੁਹਾਡੇ ਵਿਚ ਫੁਟ ਪਾਵੇ। ਦੇਸ਼ ਦੇ ਸੋਚਵਾਨਾਂ ਦੀ ਹਮੇਸ਼ਾ ਇਹ ਕੋਸ਼ਿਸ਼ ਰਹਿੰਦੀ ਹੈ ਕਿਵੇਂ ਫੁਟ ਤੋਂ ਬਚਿਆ ਜਾਵੇ।ਅੰਗਰੇਜ਼ਾਂ ਦੀ ਮੇਹਰ ਨਾਲ ਜਦ ਹਿੰਦੂ ਸਿਖਾਂ ਦਾ ਵੀ ਮਸਲਾ ਤੇਜ ਹੋ ਗਿਆ ਸੀ।ਇਸ ਸਮਸਿਆ ਨੂੰ ਹਲ ਕਰਨ ਲਈ ,ਸਭ ਨੂੰ ਕੱਠਿਆਂ ਕਰ ਕੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੪੩ ਈ; ਨੂੰ ਸ੍ਰੀ ਭੈਣੀ ਸਾਹਿਬ ਵਿਖੇ ਕਾਨਫਰੰਸ ਰਖੀ ਜਿਸ ਵਿਚ ਦੇਸ਼ ਦੇ ਉਘੇ ਹਿੰਦੂ ਅਤੇ ਸਿਖ ਸ਼ਾਮਲ ਹੋਏ। ਕਾਨਫਰੰਸ ਦੇ ਪ੍ਰਧਾਨ ਸੇਠ ਜੁਗਲ ਕਿਸ਼ੋਰ ਜੀ ਬਿਰਲਾ ਨੂੰ ਬਣਾਇਆ ਗਿਆ।ਦੇਸ਼ ਪਧਰ ਦੇ ਪ੍ਰੈਸ ਰਿਪੋਰਟਰ ਵੀ ਅਏ।ਗੋਸੁਆਮੀ ਗਣੇਸ਼ ਦਤ ;ਮਹਾਸ਼ਾ ਖੁਸ਼ਹਾਲ ਚੰਦ;ਆਲਿਮ ਜੀ ਤੇ ਚਕਰਵਰਤੀ ਆਦਿ ਬੋਲੇ।ਕਾਨਫਰੰਸ ਵਿਚ ਹਿੰਦੂ ਸਿਖ ਮਿਲਾਪ ;ਗਊ ਰਖਿਆ ਤੇ ਸਵਦੇਸ਼ੀ ਪੁਣੇ ਆਦਿ ਦੇ ਮਤੇ ਪਾਸ ਕੀਤੇ ਗਏ।ਰਾਤ ਨੂੰ ਇਕ ਸ਼ਾਨਦਾਰ ਕਵੀ ਦਰਬਾਰ ਕੀਤਾ ਗਿਆ। ਜਿਸ ਦੀ ਸਮਸਿਆ "ਹਿੰਦੂ ਅਤੇ ਸਿੱਖ ਦੋਵੇਂ ਇਕ ਜਿੰਦ ਜਾਨ ਨੇ"।ਜਿਸ ਵਿਚ ਜਸਵੰਤ ਰਾਇ;ਅਵਤਾਰ ਸਿੰਘ ਅਜ਼ਾਦ ਤੇ ਹੋਰ ਆਏ ਕਵੀਆਂ ਨੇ ਕਵਿਤਾਵਾਂ ਪੜ੍ਹੀਆਂਅਤੇ ਸ੍ਰੀ ਭੈਣੀ ਸਾਹਿਬ ਵਿਚ ਇਹ ਨਾਅਰੇ ਲਾਏ- "ਹਮ ਏਕ ਹੈਂ" । ਜੇਹੜੇ ਉਸ ਸਮੇਂ ਇਕ ਦੂਜੇ ਵਲ ਵੇਖਣਾ ਨਹੀਂ ਸੀ ਚਾਹੁੰਦੇ ।

ਮਾਤਾ ਭੁਪਿੰਦਰ ਕੌਰ ਜੀ ਦੇਹ ਦਾ ਉਹਲਾ ਕਰ ਗਏ

ਮਾਤਾ ਭੁਪਿੰਦਰ ਕੌਰ ਜੀ ਖਿਮਾ, ਸੀਤਲਤਾ, ਦਇਆ, ਧਰਮ, ਸੁਚ, ਸੋਧ ਸੰਜਮ ਤੇ ਸੇਵਾ ਦੀ ਮੂਰਤੀ ਸਨ। ਭਾਵੇਂ ਮਾਤਾ ਭੁਪਿੰਦਰ ਕੌਰ ਜੀ ਨੂੰ ਕੁਝ ਸਮਾਂ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਰਹਿਣ ਨੂੰ ਮਿਲਿਆ ਪਰ ਆਪ ਜੀ ਨੇ ਇਹ ਸਮਾਂ ਸਾਧ ਸੰਗਤ ਦੀ ਸੇਵਾ ਅਤੇ ਸਤਿਗੁਰੂ ਜੀ ਦੇ ਹੁਕਮ ਦੀ ਪਾਲਣਾ ਵਿਚ ਹੀ ਗੁਜ਼ਾਰਿਆ।ਮਾਤਾ ਭੁਪਿੰਦਰ ਕੌਰ ਜੀ ਦਾ ਬੜਾ ਹੀ ਸਾਦਾ ਲਿਬਾਸ ਅਤੇ ਆਪ ਨਾਮ ਦੇ ਰੰਗ ਵਿਚ ਰੰਗੇ ਰਹਿੰਦੇ ਸਨ।ਮਾਤਾ ਜੀ ਸ੍ਰੀ ਸਤਿਗੁਰੂ

ਪ੍ਰਤਾਪ ਸਿੰਘ ਜੀ ਦੇ ਹੁਕਮ ਤੇ ਸਖਤੀ ਨਾਲ ਪਹਿਰਾ ਦਿੰਦੇ ਸਨ। ਇਕ ਵਾਰ ਸਚੇ ਪਾਤਸਾਹ ਜੀ ਸਰਹਿੰਦ ਨਹਿਰ ਵਾਲੇ ਡੇਰੇ (ਨੀਲੋਂ ਤੇ ਗੜ੍ਹੀ ਦੇ ਵਿਚਕਾਰ) ਜਪ ਪ੍ਰਯੋਗ ਕਰ ਰਹੇ ਸਨ।ਸਤਿਗੁਰਾਂ ਨੇ ਸਭ ਨੂੰ ਹੁਕਮ ਕੀਤਾ ਕਿ ਕੋਈ ਸੰਗਤ ਸ੍ਰੀ ਭੈਣੀ ਸਾਹਿਬ ਨਾ ਜਾਵੇ।ਕਾਰਨ ਵੱਸ ਸਤਿਗੁਰਾਂ ਨੂੰ ਲਾਹੌਰ ਜਾਣਾ ਪੈ ਗਿਆ। ਪਿਛੇ ਡੇਰੇ ਵਿਚ ਰਸਦ ਮੁਕ ਗਈ। ਸਿਖਾਂ ਨੂੰ ਚਿੰਤਾ ਹੋਈ। ਸੰਤ ਮੋਹਨ ਸਿੰਘ ਜੀ ਬਟਾਲੇ ਵਾਲੇ ਕਹਿਣ ਲਗੇ ਸਾਡੀ ਮਾਂ ਸਾਡੇ ਕੋਲ ਹੈ ਸਾਨੂੰ ਭੁਖਿਆਂ ਨਹੀ ਰਹਿਣ ਦਿੰਦੀ। ਸੰਤਾਂ ਨੇ ਮਾਤਾ ਜੀ ਕੋਲ ਜਾ ਕੇ ਅਰਜ਼ ਕੀਤੀ। ਮਾਤਾ ਜੀ ਅੰਦਰ ਗਏ ਅਤੇ ਆਪਣਾ ਸਮਾਨ ਫੋਲਿਆ ਤਾ ਸੋਨੇ ਦੀ ਮੁੰਦਰੀ ਮਿਲੀ। ਮਾਤਾ ਜੀ ਨੇ ਸੰਤਾਂ ਨੂੰ ਮੁੰਦਰੀ ਦੇ ਕੇ ਬਚਨ ਕੀਤਾ, ਇਹ ਵੇਚਕੇ ਰਸਦ ਲੈ ਆਵੋ ਲੰਗਰ ਲਈ। ਜਦ ਸਤਿਗੁਰੂ ਜੀ ਵਾਪਸ ਆਏ ਤਾਂ ਸੰਤਾਂ ਨੇ ਸਾਰੀ ਗਾਥਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੁਣਾਈ। ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਬਚਨ ਕੀਤਾ, "ਲੰਗਰ ਲਈ ਤਾਂ ਇਹ ਭਾਵੇਂ ਆਪਣਾ ਆਪ ਵੀ ਬਲੀਦਾਨ ਕਰ ਦਿੰਦੇ।"

ਇਸੇ ਤਰ੍ਹਾਂ ਸਭ ਦਾ ਭਲਾ ਚਿਤਵਦੇ ਮਾਤਾ ਭੁਪਿੰਦਰ ਕੌਰ ਜੀ ੨੮ ਭਾਦਰੋ ੧੯੮੧ ਬਿ. ੧੪ ਸਤੰਬਰ ੧੯੨੪ ਈ. ਨੂੰ ਦਿਨ ਸੋਮਵਾਰ ਵਾਲੇ ਦਿਨ ਦੇਹ ਦਾ ਉਹਲਾ ਕਰ ਗਏ।

ਹੇ ਮਾਤਾ ਮੈਂ ਵਾਰੀ ਤੇਰੇ ਚਰਨਾਂ ਤੋਂ ਤੇਰੇ ਕੀਤੇ ਹੋਏ ਉਪਕਾਰਾਂ ਤੋਂ।

ਮਾਤਾ ਜੀ ਦਾ ਸਭ ਤੋਂ ਵਡਾ ਸਾਡੇ ਤੇ ਉਪਕਾਰ ਇਹ ਹੈ ਜੋ ਸਾਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਹੁੰਦੇ ਹਨ।

ਉਜ ਜਾਇਆ ਪਰਉਪਕਾਰੀ। ਜਿਸ ਸਾਰੀ ਦੁਨੀਆ ਤਾਰੀ॥

ਸੰਮਤ ੧੯੬੩ ਬਿ; ਸੰਨ ੧੯੦੬ ਈ; ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਗੁਰਗੱਦੀ ਤੇ ਸੁਭਾਇਮਾਨ ਹੋਏ ।ਆਪ ਜੀ ਨੇ ਨਾਮਧਾਰੀਆਂ ਨੂੰ ਗੁਲਾਮੀ ਦਾ ਫਾਹੇ ਗਲੋਂ ਲਾਹੁਣ ਲਈ ਅਜ਼ਾਦੀ ਦੀ ਜੰਗ ਵਿਚ ਅਗੇ ਵਾਂਗ ਹੀ ਜੁਟੇ ਰਹਿਣ ਦਾ ਹੁਕਮ ਕੀਤਾ। ਸਤਿਗੁਰੂ ਰਾਮ ਸਿੰਘ ਜੀ ਨੇ ਜੋ ਨਾਮਿਲਵਰਤਣ ਦਾ ਹਥਿਆਰ ਇਸ ਲੜਾਈ ਲੜਨ ਲਈ ਦਿਤਾ ਸੀ। ਉਹਦੀ ਵਰਤੋਂ ਉਸੇ ਤਰਾਂ ਜਾਰੀ ਰੱਖੀ।੧੯੧੪ ਈ;ਨੂੰ ਪਹਿਲੀ ਵਿਸ਼ਵ ਜੰਗ ਲੱਗ ਗਈ। ਡਿਪਟੀ ਕਮਿਸ਼ਨਰ (ਲੁਧਿਆਣਾ) ਸਤਿਗੁਰਾਂ ਕੋਲ ਅਇਆ ਅਤੇ ਅਰਜ਼ ਕੀਤੀ ਕਿ ਨਾਮਧਾਰੀ ਫੌਜ ਵਿਚ ਭਰਤੀ ਹੋ ਜਾਣ। ਸਤਿਗੁਰਾਂ ਨੇ ਸਾਫ ਇਨਕਾਰ ਕਰ ਦਿਤਾ।

ਆਪ ਜੀ ਦੇ ਹੁਕਮ ਅਨੁਸਾਰ ਮਹਾਰਾਜ ਨਿਹਾਲ ਸਿੰਘ ਤੇ ਮਹਾਰਾਜ

ਗੁਰਦਿਆਲ ਸਿੰਘ ਜੀ ਲਾਹੌਰ ਰਹਿੰਦੇ ਤੇ ਦੇਸ ਅਜ਼ਾਦ ਕਰਾਨ ਵਾਸਤੇ ਕਾਂਗਰਸ ਨਾਲ ਮਿਲ ਕੇ ਲੋਕਾਂ ਨੂੰ ਪ੍ਰੇਰਦੇ। ਪਿੰਡ ਸਨਖਤਰਾ, ਹੁਸ਼ਿਆਰਪੁਰ, ਮੁਠੱਡਾ ਕਲਾਂ (੧੯੨੭ ਈ.) ਸਿਆੜ੍ਹ (੧੯੨੧) ਈ. ਵਿਚ ਬੜੇ ਵੱਡੇ ਇਜਲਾਸ ਕੀਤੇ । ਪੈਦਲ ਚਲ ਚਲ ਕੇ ਪਿੰਡਾਂ ਵਿਚ ਪ੍ਰੇਰਨਾ ਕਰਨੀ। ਮਹਾਰਾਜ ਗੁਰਦਿਆਲ ਸਿੰਘ ਜੀ ਨੂੰ ਤਾਂ ਟੀ. ਬੀ. ਦਾ ਅਸਾਧ ਰੋਗ ਵੀ ਹੋ ਗਿਆ। ਪੰਨ ੧੯੨੫ ਈ. ਵਿਚ ਕਾਂਗਰਸ ਨਾਲ ਅੰਗਰੇਜ਼ਾਂ ਵਿਰੁਧ ਮੋਰਚਾ ਲਇਆ। ਇਸ ਮੋਰਚੇ ਦਾ ਕੇਂਦਰ ਬ੍ਰੈਡਲਾ ਹਾਲ ਲਾਹੌਰ ਸੀ । ਨਾਮਧਾਰੀਆਂ ਨੇ ਇਸ ਵਿਚ ਕੇਵਲ ਹਿਸਾ ਹੀ ਨਹੀਂ ਪਾਇਆ ਸਗੋਂ ਅਗਵਾਈ ਵੀ ਕੀਤੀ ਤੇ ਗਿਰਫਤਾਰੀਆਂ ਦਿਤੀਆਂ।

ਇਸੇ ਤਰ੍ਹਾਂ ਹਰ ਜਗ੍ਹਾ ਕੁਰਬਾਨੀ ਦੇਣ ਤੋਂ ਪਿਛੇ ਨਹੀਂ ਸਨ ਹਟਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤਾਂ ਸ੍ਰੀ ਭੈਣੀ ਸਾਹਿਬ ਦੇਸ਼ ਭਗਤਾਂ ਦਾ ਬਚਾਉ ਗ੍ਰਹਿ ਸੀ। ਇਕ ਵਾਰ ਲਾਟ ਕਹਿਣ ਲਗਾ "ਤੁਹਾਨੂੰ ਪਤਾ ਹੈ ਰਤਨ ਸਿੰਘ ਬੱਬਰ ਅਕਾਲੀ, ਸਰਕਾਰ ਦਾ ਦੁਸ਼ਮਣ, ਪੁਲੀਟੀਕਲ ਕਾਤਲ ਤੇ ਡਾਕੂ ਹੈ। ਤੁਸੀ ਉਸ ਨੂੰ ਪਨਾਹ ਦਿਤੀ ਹੈ ਅਤੇ ਖਾਣਾ ਖੁਆਇਆ ਹੈ। ਇਸ ਦਾ ਨਤੀਜਾ ਅੱਛਾ ਨਹੀਂ ਹੋ ਸਕਦਾ"। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਠਰ੍ਹੰਮੇ ਨਾਲ ਉਤਰ ਦਿਤਾ, "ਗੁਰੂ ਰਾਮ ਸਿੰਘ ਜੀ ਦੇ ਦਰ ਤੇ ਜੋ ਵੀ ਆਵੇ ਭੁਖਾ ਨੰਗਾ ਨਹੀ ਜਾ ਸਕਦਾ।"

ਨਾਮਧਾਰੀਆ ਨੇ ਦੇਸ਼ ਵਿਚ ਰਹਿ ਕੇ ਨਹੀਂ, ਬਦੇਸ਼ਾਂ ਵਿਚ ਜਾ ਕੇ ਵੀ ਦੇਸ ਨੂੰ ਅਜ਼ਾਦ ਕਰੌਣ ਲਈ ਤਤਪਰ ਰਹਿੰਦੇ ਸਨ।ਥਾਈਂਲੈਡ ਦੀ ਰਾਜਧਾਨੀ ਬੈਂਕੋਕ ਅਜ਼ਾਦ ਹਿੰਦ ਫੋਜ ਦਾ ਕੇਂਦਰ ਸੀ।ਫੌਜ ਵਿਚ ਸਪਲਾਈ ਸੈਕਟਰੀ ਦੀ ਸੇਵਾ ਸੇਠ ਗੁਰਬਖਸ਼ ਸਿੰਘ ਜੀ ਸਪੁਤਰ ਸੰਤ ਫੂਲਾ ਸਿੰਘ ਕਰਦੇ ਸਨ।ਏਸੇ ਤਰਾਂ ਸੇਠ ਤ੍ਰਿਲੋਕ ਸਿੰਘ ਜੀ ਸੁਭਾਸ਼ ਚੰਦਰ ਬੋਸ ਦੀ ਕਾਰ ਦੀ ਡਰਾਇਵਰੀ ਦੀ ਸੇਵਾ ਕਰਦੇ ਸਨ ਤੇ ਸਾਰੇ ਹੀ ਨਾਮਧਾਰੀ ਬੋਸ ਦੀ ਮਦਦ ਹਰ ਤਰਾਂ ਕਰਦੇ ਸਨ। ਜਦ ਭਾਰਤੀ ਲੋਕਾਂ ਨੇ ਸੁਭਾਸ਼ ਚੰਦਰ ਬੋਸ ਨੂੰ ਸਿਕਿਆਂ ਨਾਲ ਤੋਲਿਆ ਤਾਂ ਨਾਮਧਾਰੀਆਂ ਨੇ ਸੱਭ ਤੋਂ ਵਧ ਯੋਗਦਾਨ ਪਾਇਆ। ਸਤਿਗੁਰਾਂ ਨੇ ਇਨ੍ਹਾਂ ਨੂੰ ਸਿਖਿਆ ਇਹੋ ਦਿਤੀ ਹੈ। ਹਰ ਇਕ ਦਾ ਸਹਾਰਾ ਬਣੋ ਤੇ ਆਪਣੀ ਭਲਾਈ ਨੂੰ ਛੁਪਾ ਲਉ।

ਮਹਾਰਾਜ ਗੁਰਦਿਆਲ ਸਿੰਘ ਜੀ ਤੇ ਮਹਾਰਾਜ ਨਿਹਾਲ ਸਿੰਘ ਜੀ ਨੇ ਵੀ ਬਹੁਤ ਕਠਿਨ ਤਪੱਸਿਆ ਦੇਸ ਅਜ਼ਾਦ ਕਰਾਣ ਲਈ ਕੀਤੀ।ਮਹਾਰਾਜ ਗੁਰਦਿਆਲ ਸਿੰਘ ਜੀ ਜਿਆਦਾਤਰ ਮਹਾਰਾਜ ਨਿਹਾਲ ਸਿੰਘ ਜੀ ਕੋਲ ਰਹਿੰਦੇ ਸਨ ਲਾਹੌਰ ਵਿਖੇ ਕਿਉਂਕੇ ਉਸ ਵਕਤ ਲਾਹੌਰ ਸਾਰੀਆਂ ਸਰਗਰਮੀਆ ਦਾ ਕੇਂਦਰ ਸੀ।

ਕਾਂਗਰਸ ਪਾਰਟੀ ਦੇ ਨਾਮ ਥੱਲੇ ਸਾਰੇ ਦੇਸ ਭਗਤ ਇਥੇ ਇਕੱਠੇ ਹੁੰਦੇ ਸਨ। ਅੰਗਰੇਜ਼ਾਂ ਨੇ ਆਪਣਾ ਆਪ ਬਚਾਣ ਲਈ ਸਿਖਾਂ ਨੂੰ ਦੋਫਾੜ ਕਰਨ ਲਈ ਸਿੰਘ ਸਭਾ ਲਹਿਰ ਨੂੰ ਜਨਮ ਦਿਤਾ ਅਤੇ ਇਨਾਂ ਆਪਣੀਆਂ ਅਖਬਾਰਾਂ ਛਾਪਣੀਆਂ ਸ਼ੁਰੂ ਕੀਤੀਆਂ।ਨਾਮਧਾਰੀਆਂ ਦੇ ਵਿਰੁਧ ਜੋ ਜੀ ਕਰਦਾ ਲਿਖ ਦਿੰਦੇ।ਇਸ ਸਮੇਂ ਨਾਮਧਾਰੀਆਂ ਨੂੰ ਦੋਨੋ ਪਾਸਿਆਂ ਤੋਂ ਮਾਰ ਪੈ ਰਹੀ ਸੀ। ਇਕ ਪਾਸੇ ਅੰਗਰੇਜ਼ ਤੇ ਦੂਜੇ ਪਾਸੇ ਆਪਣੇ ਭਰਾ ਸਿੰਘ ਸਭਾ ਵਾਲੇ ਜੋ ਅੰਗਰੇਜ਼ਾਂ ਦੀ ਚਾਲ ਦੇ ਜਾਲ ਵਿਚ ਆਪਣੇ ਦੇਸ ਤੇ ਕੌਮ ਦੀ ਸੇਵਾ ਨੂੰ ਭੁਲ ਬੈਠੇ ਜਿਸ ਲਈ ਗੁਰੂ ਗੋਬਿੰਦ ਸਿੰਘ ਨੇ ਸਰਬੰਸ ਕੁਰਬਾਨ ਕੀਤਾ ਸੀ।ਉਸ ਸਮੇਂ ਮਹਾਰਾਜ ਗੁਰਦਿਆਲ ਸਿੰਘ ਨੇ ਬੜੀ ਮਿਹਨਤ ਨਾਲ ਨਾਮਧਾਰੀਆਂ ਦੇ ਸਹੀ ਰੂਪ ਨੂੰ ਪ੍ਰਚਾਰਨ ਲਈ ਇਕ ਪੰਜਾਬੀ ਅਖਬਾਰ "ਸਤਿਜੁਗ"ਕਢਣਾ ਸ਼ੁਰੂ ਕੀਤਾ। ੧੯੨੦ ਈ. ਨੂੰ ਇਹ ਲਾਹੌਰ ਤੋਂ ਛਪਣਾ ਸ਼ੁਰੂ ਹੋਇਆ ।ਇਸ ਦੇ ਪਹਿਲੇ ਸੰਪਾਦਕ ਸਨ ਸ੍ਰੀ ਨਿਰੰਕਾਰ ਸਿੰਘ ਜੀ ਚੇਤਨ। ਕੁਝ ਚਿਰ ਰੋਜ਼ਾਨਾ ਅਖਬਾਰ "ਕੂਕਾ" ਅਖਬਾਰ ਵੀ ਛਪੀ ਪਰ ਉਸ ਸਮੇ ਨਾਮਧਾਰੀਆਂ ਵਲੋਂ ਪਰਚਾ ਕੱਢਣਾ ਇਕ ਤਰਾਂ ਦਾ ਜ਼ੁਰਮ ਸੀ। ਇਸ ਤੇ ਸੰਪਾਦਕ ਨੂੰ ਜੇਲ੍ਹ ਵੀ ਜਾਣਾ ਪੈਂਦਾ। ਇਸੇ ਕਾਰਨ ਕਈ ਵਾਰ ਸਤਿਜੁਗ ਵੀ ਛਪ ਨਹੀ ਸੀ ਸਕਿਆ। ਅਖੀਰ ਸੰਮਤ ੧੯੯੪ ਬਿ. ਵਿਚ ਸਤਿਜੁਗ ਸ੍ਰੀ ਭੈਣੀ ਸਾਹਿਬ ਤੋਂ ਛਪਣਾ ਸ਼ੁਰੂ ਹੋ ਗਿਆ।ਉਸ ਸਮੇ ਮਹਾਰਾਜ ਗੁਰਦਿਆਲ ਸਿੰਘ ਜੀ ਆਪ ਪੂਰੀ ਖੋਜ ਕਰਕੇ ਲੇਖ ਲਿਖਦੇ ਸਨ ਤੇ ਹੋ ਰਹੀਆ ਸਖਤੀਆਂ ਸਭ ਤਕ ਪਹੁੰਚਾਣ ਦੇ ਵੱਡੇ ਇਲਜ਼ਾਮ ਹੁੰਦੇ ਆਪ ਉਥੇ ਜਾਕੇ ਭਾਵ ਪੂਰਬਕ ਤਕਰੀਰਾਂ ਕਰਦੇ ਸਨ । ਆਪ ਜੀ ਨੇ ਜਲਿਆਂ ਵਾਲੇ ਬਾਗ ਦੇ ਸਾਕੇ ਦੇ ਵਿਰੋਧ ਵਿਚ ਪਿੰਡ ਸਨਖਤ੍ਰਾ ਜ਼ਿਲਾ ਸਿਆਲਕੋਟ ਵਿਚ ਇਕ ਕਾਨਫਰੰਸ ਬੁਲਾਈ ਜਿਸ ਵਿਚ ਡਾ. ਸਤਪਾਲ ਕਿਚਲੂ, ਕਿਦਾਰ ਨਾਥ ਅਤੇ ਹੋਰ ਦੇਸ਼ ਭਗਤਾਂ ਨੇ ਭਾਗ ਲਿਆ। ੧੯੨੨ ਈ: ਵਿਚ ਪਿੰਡ ਸਿਆੜ੍ਹ ਵਿਚ ਬੜਾ ਭਾਰੀ ਇਕੱਠ ਹੋਇਆ। ਜਿਸ ਵਿਚ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਬਹੁਤ ਪ੍ਰਭਾਵ ਪੂਰਨ ਤਕਰੀਰ ਕੀਤੀ। ਹੋ ਰਹੇ ਜ਼ੁਲਮਾਂ ਬਾਰੇ ਦਸਿਆ ਨਾਲ ਹੀ ਸ੍ਰੀ ਭੈਣੀ ਸਹਿਬ ਤੋਂ ਚੌਂਕੀ ਚੁਕਣ ਲਈ ਕਿਹਾ।ਇਸ ਤੇ ਸਾਰੇ ਪਿੰਡ ਸਿਆੜ੍ਹ ਨੂੰ ੭੫੦੦ ਰੁਪਏ ਜੁਰਮਾਨਾ ਹੋਇਆ। ਅਖੀਰ ਤਾਂ ਫਤੇ ਹੁੰਦੀ ਹੈ ਕੁਰਬਾਨੀਆਂ ਦੀ। ਅੰਤ ੧੯੨੩ ਈ; ਵਿਚ ਸ੍ਰੀ ਭੈਣੀ ਸਾਹਿਬ ਤੋਂ ਪੁਲੀਸ ਚੌਂਕੀ ਚੁਕ ਲਈ ਗਈ।ਇਸ ਤਰਾਂ ਦੀ ਸੇਵਾ ਕਾਰਨ ਆਪ ਜੀ ਦੀ ਸਿਹਤ ਢਿਲੀ ਹੋ ਗਈ ਤੇ ਆਪ ਭੈਣੀ ਸਾਹਿਬ ਆ ਗਏ ਅਤੇ ੧੯੯੬ ਬਿ; ਨੂੰ ੩੨ ਸਾਲ ਦੀ

ਅਲਪ ਆਯੂ ਵਿਚ ਸਰੀਰ ਤਿਆਗ ਗਏ।

ਦੁਨੀਆਂ ਦੇ ਭਲੇ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚੰਡੀ ਦੀ ਵਾਰ ਦੇ ਪਾਠ ਕੀਤੇ ੫ ਲਖ ੨੫ ਹਜਾਰ (ਸੰਨ ੧੯੩੯ਈ; ਦੇ ਨਿਤਨੇਮ ਪ੍ਰਯੋਗ ਸਮੇ)

ਨਾਭੇ ਦੀ ਬੀੜ

ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ; ਕਈ ਛੋਟੀਆਂ ਛੋਟੀਆਂ ਰਿਆਸਤਾਂ ਦੇਸ ਵਿਚ ਸਨ। ਜਿਨ੍ਹਾਂ ਵਿਚੋਂ ਨਾਭਾ ਵੀ ਸੀ ਜੋ ਪਟਿਆਲੇ ਦੀ ਰਿਆਸਤ ਨਾਲ ਲਗਦੀ ਸੀ। ਇਥੇ ਦੇ ਰਾਜਾ ਰਿਪੁਦਮਨ ਸਿੰਘ ਸਨ ਜਿਹਨਾਂ ਦੀਆ ਤਿੰਨ ਰਾਣੀਆਂ ਸਨ। ਪਰ ਉਲਾਦ ਕਿਸੇ ਦੇ ਵੀ ਨਹੀ ਸੀ।ਇਸ ਲਈ ਉਹ ਹਰ ਤਰਾਂ ਦਾ ਦਾਨ ਪੁੰਨ ਕਰਦੇ ਅਤੇ ਜੋਤਸ਼ੀਆਂ ਨੂੰ ਵੀ ਪੁੱਛਦੇ ਰਹਿੰਦੇ ਸਨ ਕਿ ਸਾਡੇ ਉਲਾਦ ਕਿਸੇ ਤਰਾਂ ਹੋ ਜਾਵੇ। ਇਕ ਵਾਰ ਜੋਤਿਸ਼ ਵਿਦਿਆ ਨਾਲ ਪੰਡਤਾਂ ਨੇ ਆਖਿਆ ਰਾਜਾ ਤੂੰ ਆਪਣੀਆਂ ਰਾਣੀਆਂ ਸਮੇਤ ੬੮ ਤੀਰਥਾ ਦੀ ਯਾਤਰਾ ਕਰ, ਰਾਜੇ ਨੇ ਉਸੇ ਤਰਾਂ ਕੀਤਾ।ਇਸ ਸਮੇਂ ਉਨਾਂ ਦੇ ਘਰ ਕਿਰਪਾ ਹੋ ਗਈ।ਉਸ ਦੀ ਰਾਣੀ ਸਰੋਜਨੀ ਗਰਭਵਤੀ ਹੋ ਗਈ। ਹੁਣ ਪਹਿਲਾਂ ਵਾਂਗ ਉਸ ਨੇ ਜੋਤਸ਼ੀਆਂ ਨੂੰ ਪੁਛਿਆ ਤਾਂ ਉਨ੍ਹਾਂ ਨੇ ਦੱਸਿਆ ਕੇ ਤੇਰੇ ਘਰ ਲੜਕੀ ਪੈਦਾ ਹੋਵੇਗੀ। ਅਸੀਂ ਚੰਗੀ ਤਰਾਂ ਜੋਤਿਸ਼ ਲਾ ਕੇ ਵੇਖਿਆ ਹੈ। ਇਸ ਤੋਂ ਰਾਜਾ ਨਿਰਾਸ਼ ਹੋ ਗਿਆ। ਇਹ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਮਾਈ ਹੁਕਮੀ ਸੂਬਾ ਥਾਪੀ ਸੀ, ਉਹ ਮਹਾਰਾਜੇ ਕੋਲ ਰਹਿੰਦੀ ਸੀ। ਉਸ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦੇ ਕੇ ਬਚਨ ਕੀਤਾ ਰਾਜੇ ਦੇ ਘਰ ਲੜਕਾ ਪੈਦਾ ਹੋਵੇਗਾ। ਮਾਈ ਹੁਕਮੀ ਨੇ ਦੂਸਰੇ ਦਿਨ ਰਾਜੇ ਨੂੰ ਆ ਕੇ ਆਖਿਆ ਤੇਰੇ ਘਰ ਲੜਕਾ ਪੈਦਾ ਹੋਵੇਗਾ। ਇਸ ਗੱਲ ਤੇ ਰਾਜੇ ਨੂੰ ਯਕੀਨ ਨਹੀਂ ਸੀ ਆਉਂਦਾ। ਕਿਉਂਕਿ ਪੰਡਤਾਂ ਨੇ ਜੋਤਿਸ਼ ਲਾ ਕੇ ਕਿਹਾ ਸੀ ਉਸ ਨੂੰ ਸਤਿਗੁਰਾਂ ਦੀ ਲੀਲ੍ਹਾ ਦੀ ਅਜੇ ਸੋਝੀ ਨਹੀ ਸੀ ਕਿ ਗੁਰੂ ਜੋ ਚਾਹੇ ਉਹ ਕਰ ਸਕਦਾ ਹੈ। ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਬਾਲ ਅਵਸਥਾ ਵਿਚ ਖੇਡਦੇ ਖੇਡਦੇ ਇਕ ਮਾਈ ਨੂੰ ਆਖਣ ਲਗੇ ਮਾਈ ਇਹ ਅਪਣੀ ਕੁੜੀ ਨੂੰ ਪਰੇ ਲੈ ਜਾ ਤਾਂ ਉਹ ਮੁੰਡੇ ਤੋਂ ਕੁੜੀ ਬਣ ਗਈ ਤੇ ਉਹ ਮਾਈ ਹੈਰਾਨ ਹੋ ਕੇ ਫਿਰ ਸਤਿਗੁਰਾਂ ਕੋਲ ਲੈ ਕੇ ਆਈ ਤਾਂ ਸਤਿਗੁਰਾਂ ਬਚਨ ਕੀਤਾ ਮਾਈ ਆਪਣਾ ਮੁੰਡਾ ਸਾਂਭ । ਉਹ ਲੜਕਾ ਬਣ ਗਿਆ । ਗੁਰੂ ਕਰਨ ਕਾਰਣ ਸਮਰਥ ਹੈ।ਸਤਿਗੁਰ ਦੇ ਤਾਂ ਬਚਨਾਂ ਵਿਚ ਹੀ ਸਭ ਕੁਛ ਹੈ।ਏਸੇ ਤਰਾਂ ਜਦ ੧੫ ਅਸੂ ੧੯੭੬ ਬਿ; ਨੂੰ ਰਾਜੇ ਦੇ ਘਰ ਲੜਕੇ ਨੇ ਜਨਮ ਲਿਆ ਤਾਂ ਉਹ ਬਹੁਤ ਪ੍ਰਸੰਨ ਹੋਇਆ।ਰਾਜੇ ਨੂੰ

ਸਤਿਗੁਰਾਂ ਦੇ ਘਰ ਨਾਲ ਪਿਆਰ ਹੋ ਗਿਆ। ਇਸੇ ਖੁਸ਼ੀ ਵਿਚ ਇਕ ਕਾਰ ਰੋਲਜ਼ਰਾਇਸ ਤੇ ਇਕ ਬੀੜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਚਰਨ ਭੇਟ ਕੀਤੀ।ਉਸ ਸਮੇ ਰਾਜੇ ਨੇ ਕਈ ਬੀੜਾਂ ਸਤਿਗੁਰਾਂ ਨੂੰ ਵਿਖਾਈਆ ਪਰ ਸਤਿਗੁਰਾਂ ਨੇ ਮਰਾਰਤੂ ਬੀੜ ਨੂੰ ਹੀ ਪਸੰਦ ਕੀਤਾ।ਰਾਜੇ ਨੇ ਬੜੀ ਖੁਸ਼ੀ ਨਾਲ ਹੋਰ ਮਾਇਆ, ਘੋੜੇ ਅਤੇ ਪ੫੯੯੦ ਵਿਘੇ ਮੁਤਾਬਿਕ ੧੨੯੧ ਏਕੜ ਰਕਬੇ ਸਤਿਗੁਰਾਂ ਨੂੰ ਉਥੇ ਮਥਾ ਟੇਕਿਆ ।ਸਤਿਗੁਰਾਂ ਨੇ ਉਨ੍ਹਾਂ ਨੂੰ ਖੁਸ਼ੀਆ ਬਖਸ਼ੀਆਂ। ਅਖੰਡ ਪਾਠ ਕਰਾਕੇ ਮੇਲਾ ਕੀਤਾ।ਜਿਸ ਵਕਤ ਦੇਸ ਵਿਚ ਮੁਸੀਬਤ ਦੇ ਘੇਰੇ ਗਰੀਬ ਦੁਖੀ ਹੋਏ ਤਾਂ ਸਤਿਗੁਰਾਂ ਇਹ ਜਮੀਨ ੯੦ ਘੁਮਾ ਲੰਗਰ ਲਈ ਰਖਕੇ ਬਾਕੀ ਸਾਰੀ ਜਮੀਨ ਕਾਸ਼ਤਕਾਰਾਂ, ਨੂੰ ਵੰਡ ਦਿਤੀ ਅਤੇ ਨਾਲ ਟਰੈਕਟਰ ਤੇ ਹੋਰ ਲੋੜੀਂਦਾ ਸਮਾਨ ਦਿਤਾ ਕਿ ਕੋਈ ਭੁਖਾ ਨਾ ਰਹੇ। ਸਤਿਗੁਰ ਤਾਂ ਸਦਾ ਹੀ ਪਰਉਪਕਾਰੀ ਹੁੰਦਾ ਹੈ। ਮਾਇਆ ਤਾਂ ਉਸ ਦੇ ਅਗੇ ਪਿਛੇ ਫਿਰਦੀ ਹੈ। ਪਰ ਉਸ ਨੇ ਜਿਸ ਨੂੰ ਮਾਣ ਬਖਸ਼ਣਾ ਹੁੰਦਾ ਹੈ ਉਸ ਨੂੰ ਅਗੇ ਕਰ ਦਿੰਦੇ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੁਨੀਆ ਦੇ ਤਾਰਨ ਲਈ; ਭੁਲੇ ਭਟਕੇ ਲੋਕਾਂ ਨੂੰ ਸਹੀ ਮਾਰਗ ਦਰਸ਼ਨ ਕਰਨ ਲਈ ਹੇਠ ਲਿਖੇ ਅਨੁਸਾਰ ਵਿਦੇਸ਼ਾਂ ਦੇ ਦੌਰੇ ਕੀਤੇ:

(੧) ਥਾਈਲੈਂਡ ੨੨

(੨) ਅਫਰੀਕਾ ੪

(੩) ਸਿੰਗਾਪੁਰ ੧

ਸਿਆਣੇ ਆਖਦੇ ਹਨ ਤਾਰੇ ਗਣੇ ਜਾਤ ਹੈਂ, ਗੁਰੂ ਉਪਕਾਰ ਨਾ ਗਣੇ ਜਾਇ ਹੈ। (ਪੰਡਤ ਗੋਪਾਲ ਸਿੰਘ)

ਅਫਰੀਕਾ ਦਾ ਦੌਰਾ

ਗੁਰੂ ਸਭ ਦਾ ਭਲਾ ਲੋੜਦਾ ਹੈ।ਸਤਿਗੁਰਾਂ ਨੇ ਦੇਸ ਤੇ ਪ੍ਰਦੇਸਾਂ ਵਿਚ ਜਾ ਕੇ ਕੁਰਾਹੇ ਪਏ ਸਿਖਾਂ ਨੂੰ ਜਗਾਇਆ ਜੋ ਮਾਇਆ ਦੇ ਨਸ਼ੇ ਵਿਚ ਚੂਰ ਸਨ।ਉਨ੍ਹਾਂ ਦਾ ਲੋਕ ਤੇ ਪ੍ਰਲੋਕ ਸੁਧਾਰ ਦਿਤਾ। ਅਫਰੀਕਾਂ ਵਰਗੇ ਦੇਸਾਂ ਵਿਚ ਜਿਥੇ ਬੰਦੇ ਰੱਬ ਨੂੰ ਭੁਲ ਬੈਠੇ ਸਨ ਅਤੇ ਅਫਰੀਕਨਾਂ ਵਾਂਗ ਹਬਸ਼ੀ ਬਣ ਗਏ ਸਨ।ਉਹਨਾਂ ਨੂੰ ਮਾਸ ਤੇ ਸ਼ਰਾਬ ਬਿਨਾਂ ਹੋਰ ਕੁਝ ਦਿਸਦਾ ਹੀ ਨਹੀ ਸੀ ਪੀਣ ਖਾਣ ਨੂੰ। ਸਚੇ ਪਾਤਸ਼ਾਹ ਉਥੇ ਪਾਣੀ ਵਾਲੇ ਜਹਾਜ ਵਿਚ ਜਲ ਆਪਣੇ ਦੇਸ਼ ਤੋਂ ਨਾਲ ਲਿਜਾ ਕੇ, ਕਈ ਦਿਨਾਂ ਦੇ

ਕਸ਼ਟ ਸਹਿ ਕੇ, ਉਥੇ ਗਏ ਅਤੇ ਉਥੇ ਦਾ ਮਾਹੌਲ ਵੇਖਿਆ। ਸਾਰੇ ਹੀ ਮਾਸ ਸ਼ਰਾਬ ਦੇ ਗੇੜ ਵਿਚ ਫਸੇ ਹੋਏ ਹਨ। ਸਤਿਗੁਰਾਂ ਸੇਵਕਾਂ ਨੂੰ ਹੁਕਮ ਕੀਤਾ, "ਮੈਂ ਇਨ੍ਹਾਂ ਦੇ ਘਰ ਦਾ ਅੰਨ ਨਹੀ ਖਾਣਾ ਇਸ ਲਈ ਆਪਣੇ ਕੋਲੋਂ ਰਸਦ ਲੈ ਕੇ ਆਉ ਤੇ ਲੰਗਰ ਬਣਾਉ।" ਉਸ ਵਕਤ ਪੰਡਤ ਗੋਪਾਲ ਸਿੰਘ ਜੀ ਵੀ ਨਾਲ ਸਨ। ਇਸੇ ਤਰਾਂ ਕੀਤਾ ਤਾਂ ਇਕ ਬੀਬੀ ਆਈ ਜੋ ਨਾਮਧਾਰੀਆਂ ਦੀ ਬੇਟੀ ਸੀ ।ਉਹ ਬੀਬੀ ਇਹਨਾਂ ਕੁਰਹਿਤਾਂ ਤੋਂ ਬਚੀ ਹੋਈ ਸੀ ਤੇ ਉਸ ਨੇ ਸੇਵਾ ਮੰਗੀ ਜੋ ਮਨਜੂਰ ਹੋਈ ਪਰ ਜਦ ਸ਼ਾਮੀ ਦਿਵਾਨ ਲਗਾ ਤਾਂ ਸਭ ਨੂੰ ਪਤਾ ਲੱਗ ਗਿਆ ਕਿ ਸਤਿਗੁਰਾਂ ਨੇ ਸਾਡਾ ਅੰਨ ਵੀ ਨਹੀ ਛਕਣਾ। ਫਿਰ ਅੱਖਾਂ ਖੁੱਲੀਆਂ ਕਿ ਅਸੀ ਹਨੇਰ ਵਿਚ ਫਸੇ ਬੈਠੇ ਹਾਂ।ਦਿਵਾਨ ਵਿਚ ਨਾਮ ਲੈਣ ਵਾਲਿਆਂ ਦੀਆਂ ਲਾਈਨਾਂ ਲਗ ਗਈਆਂ ।ਸਤਿਗੁਰਾਂ ਉਨ੍ਹਾਂ ਦਾ ਜੀਵਨ ਬਦਲ ਦਿਤਾ ।ਉਸੇ ਦੇਸ ਵਿਚ ਫਿਰ ਚਿਟੀਆਂ ਦਸਤਾਰਾਂ ਤੇ ਗਲਾਂ ਵਿਚ ਮਾਲਾ ਪੈ ਗਈਆਂ। ਹਨੇਰੇ ਵਿਚ ਦੀਪ ਮਾਲਾ ਹੋ ਗਈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੇਵਕ ਸੰਤ ਰਤਨ ਸਿੰਘ

ਸੰਤ ਰਤਨ ਸਿੰਘ ਜੀ ਦਾ ਜਨਮ ਪਿੰਡ ਪੱਦੀ ਜ਼ਿਲਾ ਜਲੰਧਰ ਵਿਚ ਪਿਤਾ ਠਾਕੁਰ ਸਿੰਘ ਤੇ ਮਾਤਾ ਜਵਾਲੀ ਦੇ ਘਰ ਹੋਇਆ। ਆਪ ਜੀ ਦੇ ਭਾਈ ਪ੍ਰੀਤਮ ਸਿੰਘ ਸਨ।ਇਨ੍ਹਾਂ ਦੋਨਾਂ ਭਰਾਵਾਂ ਨੇ ਸਾਰੀ ਉਮਰ ਆਪੋ ਆਪਣੇ ਢੰਗ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੇਵਾ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ।ਆਪ ਜੀ ਦੋਨਾਂ ਨੇ ਪਹਿਲੀ ਸੇਵਾ ਕਰਨ ਦੀ ਸਿਖਿਆ ਆਪਣੀ ਮਾਤਾ ਜੀ ਤੋਂ ਲਈ ਕਿਉਂਕਿ ਘਰ ਵਿਚ ਸਾਧ ਸੰਗਤ ਦੀ ਆਉਣੀ ਜਾਣੀ ਬਹੁਤ ਰਹਿੰਦੀ ਸੀ। ਛੋਟੀ ਉਮਰ ਵਿਚ ਹੀ ਇਹ ਸਤਿਗੁਰਾਂ ਦੀ ਸੇਵਾ ਵਿਚ ਹਾਜ਼ਰ ਹੋਏ।ਇਨ੍ਹਾਂ ੪੦ ਸਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਲੰਗਰ ਤਿਆਰ ਕਰਨ ਦੀ ਸੇਵਾ ਕੀਤੀ। ਇਨ੍ਹਾਂ ਬਾਰੇ ਸਤਿਗੁਰੂ ਜੀ ਆਪ ਬਚਨ ਕਰਦੇ ਸੁਣੇ ਸਨ, ਜਦ ਅਸੀ ਨੈਰੋਬੀ ਸੀ ਅਤੇ ਸਤਿਗੁਰਾਂ ਦਾ ਦੌਰਾ ਉਥੇ ਹੋਇਆ ਸੀ, "ਰਤਨ ਨੂੰ ਪਹਿਲਾਂ ਹੀ ਪਤਾ ਲਗ ਜਾਂਦਾ ਹੈ ਮੈਨੂੰ ਕੀ ਲੋੜ ਲੱਗੀ ਹੈ, ਇਸ ਤਰ੍ਹਾਂ ਤਾਂ ਜਨਾਨੀਆ ਵੀ ਨਹੀਂ ਖਿਆਲ ਰਖਦੀਆਂ ਜਿਸ ਤਰਾ ਇਹ ਸੇਵਾ ਕਰਦਾ ਹੈ।" ਇਹ ਸਤਿਗੁਰਾਂ ਦਾ ਹੀ ਨਹੀ ਸਗੋਂ ਸੰਗਤ ਦਾ ਵੀ ਬਹੁਤ ਖਿਆਲ ਰਖਦੇ ਸਨ।ਹਰ ਇਕ ਨੂੰ ਪੁਛਣਾ ਤੇ ਲੰਗਰ ਪ੍ਰੇਮ ਨਾਲ ਛਕਾਉਣਾ ਅਤੇ ਮਿਠੇ ਮਿਠੇ ਸਤਿਗੁਰਾਂ ਦੇ ਬਚਨ ਕਰਕੇ ਹੀ ਦੁਖੀਆਂ ਦੇ ਅੱਧੇ ਦੁਖ ਦੂਰ ਕਰ ਦਿੰਦੇ ਸਨ।ਹਰ ਵਕਤ ਸਤਿਗੁਰਾਂ ਦੀ ਹਾਜਰੀ ਵਿਚ ਰਹਿਣਾ। ਇਨ੍ਹਾਂ ਤੇ ਸਤਿਗੁਰਾਂ

ਦੀ ਐਸੀ ਬਖਸ਼ਿਸ ਹੋਈ ਕਿ ਇਹ ਵੈਦਗੀ ਵੀ ਕਰਨ ਲਗ ਪਏ ਸਤਿਗੁਰਾਂ ਦੇ ਹੁਕਮ ਅਨੁਸਾਰ।ਸਤਿਗੁਰਾਂ ਕਦੀ ਦੁਖੀ ਬੰਦੇ ਲਈ ਦੁਆਈ ਦੇਣ ਲਈ, ਰਤਨ ਨੂੰ ਵਾਜ ਮਾਰਨੀ, "ਰਤਨ ਇਕ ਗੋਲੀ ਇਨ੍ਹਾਂ ਨੂੰ ਦੇ ਦੇ।" ਰਤਨ ਨੇ ਅਰਜ਼ ਕਰਨੀ ਸਚੇ ਪਾਤਸ਼ਾਹ ਜੀ ਕਿਹੜੀ ਤਾਂ ਸਤਿਗੁਰਾਂ ਬਚਨ ਕਰਨਾ, "ਜੇਹੜੀ ਤੇਰੇ ਹੱਥ ਪਹਿਲਾਂ ਆ ਜਾਵੇ।"

ਨੈਰੋਬੀ ਦੌਰੇ ਸਮੇਂ ਜਦ ਬੀਬੀਆਂ ਨੇ ਸੇਵਕਾਂ ਦੇ ਬਸਤਰ ਧੋਣੇ ਤਾਂ ਸੰਤਾ ਨੂੰ ਵੀ ਆਖਣਾ, "ਸੰਤ ਜੀ ਲਿਆਉ ਤੁਹਾਡੇ ਵੀ ਬਸਤਰ ਧੋ ਦੇਈਏ।" ਸੰਤਾਂ ਉਤਰ ਦੇਣਾ ਨਹੀਂ, "ਬੀਬੀ ਮੈਂ ਤੁਹਾਨੂੰ ਆਪਣੇ ਬਸਤਰ ਧੋਣ ਲਈ ਨਹੀ ਦੇਣੇ।" ਬੀਬੀਆਂ ਨੇ ਪੁਛਣਾ ਸੰਤ ਜੀ ਕਿਉਂ। ਉਤਰ ਮਿਲਣਾ, "ਤੁਸੀਂ ਬਹੁਤ ਚਿਟੇ ਕਰ ਦਿੰਦੀਆ ਹੋ ਮੈਨੂੰ ਬਹੁਤ ਚਿਟੇ ਨਹੀ ਚਾਹੀਦੇ। ਚਿਟੇ ਬਸਤਰ ਮੇਰੇ ਸਤਿਗੁਰਾਂ ਦੇ ਹੋਣੇ ਚਾਹੀਦੇ ਹਨ ਮੈਂ ਉਹਨਾਂ ਦਾ ਸੇਵਕ ਕਿਵੇਂ ਬਰਾਬਰ ਦੇ ਬਸਤਰ ਚਿਟੇ ਪਾਵਾਂ।ਮੈ ਆਪ ਹੀ ਧੋ ਲਵਾਂਗਾ।" ਇਹੋ ਜਹੀ ਉਨ੍ਹਾਂ ਦੀ ਸੋਚ ਬਹੁਤ ਵਡੀ ਸਿਖਿਆ ਦਿੰਦੀ ਹੈ।ਜਿਨ੍ਹਾਂ ਵਿਚ ਹੰਕਾਰ ਤਾਂ ਨੇੜੇ ਨਹੀ ਸੀ ਜਾਂਦਾ। ਉਹ ਸਤਿਗੁਰਾਂ ਦੀ ਪ੍ਰੀਤ ਤੇ ਸਾਂਝ ਸਭ ਕੋਲੋਂ ਨਹੀ ਮਿਲਦੀ।

ਇਹੋ ਜਿਹੇ ਗੁਣਾਂ ਨੂੰ ਅਗੇ ਰਖਕੇ ਮਾ. ਨਿਹਾਲ ਸਿੰਘ ਜੀ ਇਹ ਲਾਈਨਾਂ ਲਿਖਦੇ ਹਨ।

ਰਸੋਈਆ ਪੂਰਾ ਕਾਰੀਗਰ ਕਮਾਲ ਦਾ,
ਸਤਿਗੁਰਾਂ ਬਖਸ਼ਿਆ ਇਕ ਭੋਲਾ ਬਣਾ ਦਿਤਾ ਵੈਦ ਅਫਲਾਤੂ।
ਕਰਮ ਰੋਗ, ਜਨਮ ਰੋਗ, ਇਕ ਪੁੜੀ ਨਾਲ, ਪੂਰਨ ਮਸਹਾਈ,
ਰੌਂਦੇ ਆਏ ਹਸਦੇ ਗਏ।ਸੜੇ ਭੁੱਜੇ ਹਸਦੇ ਮੁੜੇ।
ਇਸ ਮਤਇਆ ਮੂਹ ਕਾਲਾ ਕੀਤਾ, ਦੇਵ ਸਭਾ ਵਿਚ ਨਾਰਦ ਦਾ।
ਇਸ ਕੀਲ ਲਈ ਚਾਰ ਵੇਦਾਂ ਵਕਦਾ ਬ੍ਰਹਮਾਂ ਨੂੰ
ਇਸ ਕਲ ਤੋਤਿਆ ਰਿਖੀਆਂ ਦੇ ਰਿਖੀ ਸਿੰਘਾਂ ਦਾ।

ਇਸ ਹੇਠੀ ਦਵਾਈ ਭਾਈ ਜੀ ਦਾ, ਸਾਰੀ ਉਮਰ ਦਿਲ ਨਹੀ ਡੋਲਿਆ, ਕਦੇ ਹੰਕਾਰ ਨਹੀ ਆਇਆ, ਮੱਥੇ ਵੱਟ ਨਹੀਂ ਪਾਇਆ।"

ਜਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਹ ਦਾ ਉਹਲਾ ੧੯੫੯ ਈ. ਵਿਚ ਕੀਤਾ ਫਿਰ ਆਪ ਜੀ ਨੇ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਸੰਭਾਲ ਲਈ ।ਅੰਤ ਇਹ ਪੂਰਨ ਜੋਗੀ, ਤਪਸਵੀ, ਅਣਥਕ ਸੇਵਾਦਾਰ ਲੋਕਾਂ ਨਾਲ

ਖੁਸ਼ੀਆਂ ਵੰਡਦਾ ਵੰਡਦਾ ੧੦ ਚੇਤ ਸੰਮਤ ੨੦੨੮ ਬਿ. ਸੰਨ ੧੯੭੨ ਈ. ਨੂੰ ਦਿਲੀ ਵਿਖੇ ਦੇਹ ਦਾ ਉਹਲਾ ਕਰ ਗਏ।ਆਪ ਦੇ ਨਮਿਤ ਪਾਠ ਦਾ ਭੋਗ ੨੫ ਚੇਤਰ ਨੂੰ ਸੇਠ ਤ੍ਰਿਲੋਕ ਸਿੰਘ ਦੀ ਕੋਠੀ ਪੂਸਾ ਰੋਡ ਦਿਲੀ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜੂਰੀ ਵਿਚ ਪਾਇਆ।

ਆਪਣੀ ਮਾਤ ਭਾਸ਼ਾ ਲਈ ਪ੍ਰੇਰਨਾ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੀ ਮਾਤ ਭਾਸ਼ਾ "ਪੰਜਾਬੀ" ਨੂੰ ਬਹੁਤ ਉਚਾ ਲਿਆਣਾ ਚੰਗਾ ਸਮਝਦੇ ਸੀ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕਿਰਪਾ ਕਰਕੇ ਸਾਨੂੰ ਸਮਝਾਂਦੇ ਹਨ ਅਤੇ ਆਪਣੀ ਭਾਸ਼ਾ ਪੰਜਾਬੀ ਸਿਖਣ ਲਈ ਪ੍ਰੇਰਦੇ ਹਨ। ਉਹ ਸਮਾਜ, ਦੇਸ਼ ਤੇ ਕੌਮ ਤਰੱਕੀ ਨਹੀ ਕਰ ਸਕਦੀ ਜਿਸ ਦੀ ਆਪਣੀ ਭਾਸ਼ਾ ਪਿਛੜੀ ਹੋਵੇ ਜਾ ਲੋਕਾ ਨੂੰ ਮਾਤ ਭਾਸ਼ਾ ਦਾ ਗਿਆਨ ਨਾ ਹੋਵ। ਇਸ ਦੀਆ ਪ੍ਰਤਖ ਉਦਾਹਾਰਣਾ ਸਾਡੇ ਸਾਹਮਣੇ ਹਨ। ਰੂਸ, ਫਰਾਸ, ਚੀਨ, ਇੰਗਲੈਂਡ ਆਦਿ ਦੇਸ ਆਪਣੀ ਭਾਸ਼ਾ ਨਾਲ ਹੀ ਤਰੱਕੀ ਕਰਦੇ ਹਨ । ਸਤਿਗੁਰੂ ਜੀ ਠੀਕ ਬਚਨ ਕਰਦੇ ਹਨ ਕਿ ਸੱਚੀ ਗੱਲ ਹੈ ਅਗਰ ਅਸੀ ਆਪਣੀ ਭਾਸ਼ਾ ਵਿਚ ਕੁਝ ਕਰਨਾ ਚਾਹੀਏ ਤਾ ਛੇਤੀਂ ਸਮਝ ਕੇ ਕਰ ਸਕਦੇ ਹਾਂ । ਅਗਰ ਬਾਹਰ ਦੀ ਭਾਸ਼ਾ ਦਾ ਸਹਾਰਾ ਲਈਏ ਤਾਂ ਪਹਿਲਾਂ ਕਿੰਨੇ ਸਾਲ ਉਹ ਭਾਸ਼ਾ ਸਿਖਾਂਗੇ ਤੇ ਫਿਰ ਉਹ ਕੰਮ ਕਰ ਪਾਵਾਂਗੇ। ਜਿਸ ਤਰ੍ਹਾਂ ਮਾਤਾ ਆਪਣੇ ਬੱਚੇ ਦੀ ਗਲ ਇਸ਼ਾਰੇ ਨਾਲ ਹੀ ਸਮਝਦੀ ਹੈ ਤੇ ਬੱਚਾ ਮਾਂ ਨੂੰ ਸਮਝਦਾ ਹੈ ਇਸੇ ਤਰ੍ਹਾਂ ਆਪਣੀ ਭਾਸ਼ਾ ਹੈ।ਇਸ ਵਿਚ ਵੀ ਮਾਂ ਵਾਲਾ ਪਿਆਰ ਤੇ ਸੁਖ ਭਰਿਆ ਹੈ ਪੰਜਾਬੀ ਨਾਲ ਤੁਹਾਨੂੰ ਗੁਰਬਾਣੀ ਪੜ੍ਹਨੀ ਆਵੇਗੀ ;ਗੁਰਬਾਣੀ ਪੜ੍ਹਕੇ ਤੁਸੀ ਆਪਣੇ ੍ਹਖ ਦੂਰ ਕਰ ਸਕਦੇ ਹੋ। ਇਸੇ ਲਈ ਸਤਿਗੁਰੂ ਰਾਮ ਸਿੰਘ ਜੀ ਵੀ ਆਪਣੇ ਹੁਕਮ ਵਿਚ ਕਿਰਪਾ ਰਤਦੇ ਨੇ ਬੱਚਿਆਂ ਨੂੰ ਪੰਜਾਬੀ ਅਖਰ ਪੜ੍ਹਾਉ ਹੋਸ਼ ਆਉਂਦੀ ਨਾਲ।ਇਹ ਹੁਕਮ ਮੰਨਣ ਵਿਚ ਸਾਨੂੰ ਸੁਖ ਹੀ ਸੁਖ ਹੈ।ਕਿਉਂਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਇਸ ਤਰਾਂ ਆਪਣੇ ਟੇਪ ਭਾਸ਼ਨ ਵਿਚ ਫੁਰਮਾਉਂਦੇ ਹਨ ਕਿ ਬੱਚਿਆਂ ਨੂੰ ਮੁਢਲੀ ਸਿਖਿਆ ਹੀ ਵਡੇ ਹੋ ਕੇ ਉਚੇ ਅਚਰਨ ਵਾਲਾ ਜੀਵਨ ਬਿਤਾਉਣ ਵਿਚ ਮਦਦ ਕਰਦੀ ਹੈ।

ਸਤਿਗੁਰਾਂ ਭੈਣੀ ਸਹਿਬ ਵਿਚ ੧੯੯੫ ਬਿ. ਵਿਚ ਇਕ ਵਿਦਿਆਲਾ ਤੇ ਸੰਗੀਤ ਵਿਦਿਆਲਾ ਖੋਲ੍ਹਿਆ ਜਿਥੇ ਬਚਿਆਂ ਨੂੰ ਵਿਦਿਆ ਦੇ ਨਾਲ ਸ਼ੁਧ ਗੁਰਬਾਣੀ

ਤੇ ਸੰਗੀਤ ਸਿਖਾਇਆ ਜਾਂਦਾ।

ਇਸ ਤੋਂ ਬਾਦ ਸ੍ਰੀ ਜੀਵਨ ਨਗਰ ਵਿਚ ਵੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਸਤਿਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਖੋਹਲ ਦਿਤਾ। ਸਤਿਗੁਰਾਂ ਦੇ ਉਪਕਾਰਾਂ ਦਾ ਤਾਂ ਕੋਈ ਅੰਤ ਹੀ ਨਹੀ।

ਸਤਿਗੁਰਾਂ ਨੇ ਜੀਵਨ ਨਗਰ ਮਾਤਾ ਜੀਵਨ ਕੌਰ ਜੀ ਦੇ ਨਾਮ ਤੇ ਵਸਾਇਆ ਸੀ, ਇਥੇ ਜੰਗਲਾਂ ਵਿਚ ਮੰਗਲ ਲੱਗ ਗਏ । ਨਿਥਾਵਿਆਂ ਨੂੰ ਥਾਂ ਦੇਕੇ ਉਨ੍ਹਾਂ ਦੇ ਜੀਵਨ ਸੁਧਾਰਨ ਲਈ ਹਰ ਤਰਾਂ ਦੀ ਮਦਦ ਕਰਨ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰੂ ਪਿਤਾ ਦਾ ਹੁਕਮ ਮੰਨ ਕੇ ਆਪ ਜਾ ਕੇ ਉਨ੍ਹਾਂ ਦੀਆ ਲੋੜਾਂ ਪੂਰੀਆ ਕਰਦੇ ਰਹੇ।

ਐਸੇ ਗੁਰ ਕੋ ਬਲ ਬਲ ਜਾਈਏ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੇਵਕ ਭਾਈ ਵਜੀਰ ਸਿੰਘ ਜੀ

ਭਾਈ ਵਜੀਰ ਸਿੰਘ ਜੀ ਤੇ ਸਤਿਗੁਰਾਂ ਦੇ ਵਜੀਰ ਹੀ ਸਨ। ਆਪ ਜੀ ਦਾ ਜਨਮ ਸੰਤ ਜੀਉਣ ਸਿੰਘ ਜੀ ਦੇ ਗ੍ਰਹਿ ਮਾਤਾ ਭੋਲੀ ਜੀ ਦੀ ਕੁਖੋਂ ਲਗਭਗ ੧੯੦੧ ਈ. ਵਿਚ ਪਿੰਡ ਚੱਕ ਕਲਾਂ ਜ਼ਿਲਾ ਸੰਗਰੂਰ ਵਿਚ ਹੋਇਆ।ਆਪ ਜੀ ਨੂੰ ਘੁਲਣ ਦਾ ਬਹੁਤ ਸ਼ੌਕ ਸੀ।ਸਰੀਰ ਬਹੁਤ ਸੁੰਦਰ ਤੇ ਸਡੌਲ ਸੀ।ਜਵਾਨੀ ਉਮਰ ਵਿਚ ਇਕ ਵਾਰ ਸ੍ਰੀ ਭੈਣੀ ਸਾਹਿਬ ਆਏ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਕੇ ਗੁਰੂ ਦੇ ਬਣ ਗਏ।ਸਤਿਗੁਰਾਂ ਦੇ ਚਰਨਾਂ ਵਿਚ ਰਹਿਣ ਦਾ ਮਨ ਬਣਾ ਲਿਆ।ਇਹ ਪਹਿਲੀ ਰਾਤੇ ਹੀ ਇਸ਼ਨਾਨ ਪਾਣੀ ਕਰਕੇ ਸੱਚੇ ਪਾਤਸ਼ਾਹ ਜੀ ਲਈ ਇਸ਼ਨਾਨ ਕਰਨ ਲਈ ਜਲ, ਪਟੜਾ ਅਤੇ ਬਸਤਰ ਲਿਆ ਕੇ ਟਿਕਾ ਦਿੰਦੇ ਸਨ।ਜਦ ਸਤਿਗੁਰੂ ਜੀ ਆਸਾ ਦੀ ਵਾਰ ਤੇ ਜਾਂਦੇ ਤਾਂ ਪਿਛੇ ਪਿਛੇ ਜਾਣਾ ਅਤੇ ਪਿਛੇ ਹੀ ਬੈਠਣਾ।ਭੋਗ ਪੈਣ ਤੋਂ ਬਾਦ ਗਰਮੀਆ ਵਿਚ ਪੱਖਾ ਝੱਲਣਾ ਤੇ ਰਾਤ ਵੇਲੇ ਸਤਿਗੁਰਾਂ ਦੇ ਚਰਨ ਘੁਟਣੇ, ਲੱਤਾਂ ਦਬਾਣੀਆਂ, ਉਪਰੰਤ ਕੋਲ ਸਫ ਵਿਛਾਕੇ ਲੇਟ ਜਾਣਾ।ਧੀਮਾ ਬੋਲਣਾ ਤੇ ਨਿਵ ਕੇ ਚਲਣਾ ਇਹ ਸਿਖਸ਼ਾ ਤਾਂ ਆਪ ਜੀ ਤੋਂ ਹੀ ਮਿਲਦੀ।ਗੁਰੂ ਘਰ ਨੂੰ ਪੂਰੀ ਤਰ੍ਹਾਂ ਘਰ ਸਮਝਦੇ ਸੀ ।ਜੇਹੋ ਜਿਹਾ ਨਾਮ ਤੇਹੋ ਜਿਹਾ ਕਰਮ ਸੀ।ਇਹ ਵਜੀਰ ਸਤਿਗੁਰਾਂ ਦੇ ਵਜੀਰ ਸਨ।ਜਦ ਸਤਿਗੁਰਾਂ ਦੇ ਸੇਵਕ ਮਾਸਟਰ ਬਲਵੰਤ ਸਿੰਘ ਜੀ ਚੜ੍ਹਾਈ ਕਰ ਗਏ ਤਾਂ ਮਾਇਆ ਸਾਂਭਣ ਦੀ ਜੁੰਮੇਂਵਾਰੀ ਸਤਿਗੁਰਾਂ ਵਲੋਂ

ਹੋ ਗਈ। ਆਪ ਨੇ ਇਹ ਸੇਵਾ ਨਿਭਾਣ ਵਿਚ ਕਿਸੇ ਵੀ ਤਰਾਂ ਦੀ ਕਮੀ ਨਹੀ ਦਿਖਾਈ।ਬੜੀ ਸੂਝ ਬੂਝ ਨਾਲ ਕੀਤੀ, ਵਰਤੋਂ ਵਿਚ ਵੀ ਸਤਿਗੁਰਾਂ ਦੇ ਹੁਕਮ ਅਨੁਸਾਰ ਲਾਈ। ਕਈ ਵਾਰ ਜੇ ਕਿਸੇ ਨੇ ਕੋਈ ਭੁਲ ਕਰਕੇ ਆਣਾ ਤਾ ਭਾਈ ਜੀ ਨੇ ਬੜੇ ਢੰਗ ਨਾਲ ਉਸ ਦੀ ਬਖਸ਼ਬੰਦੀ ਕਰਾ ਦੇਣੀ।ਭਾਈ ਸਾਹਿਬ ਸਤਿਗੁਰਾਂ ਦੇ ਸੇਵਕ ਹੀ ਨਹੀ ਸਨ ਬਲਕਿ ਸੱਚੇ ਸੁਚੇ ਆਸ਼ਕ ਸਨ।ਇਕ ਵਾਰ ਸਤਿਗੁਰ ਜੀ ਆਪ ਜੀ ਨੂੰ ਦਿਲੀ ਛਡ ਕੇ ਸਿਆਮ ਦੇ ਦੌਰੇ ਤੇ ਚਲੇ ਗਏ। ਆਪ ਨੇ ਖਾਣਾ ਪੀਣਾ ਬੰਦ ਕਰ ਦਿਤਾ ਅਤੇ ਹਰ ਵਕਤ ਵੈਰਾਗ ਵਿਚ ਹੀ ਰਹਿਣਾ ਜਿਵੇ ਚਕੋਰ ਚੰਦ ਬਿਨਾ ਤੜਫਦਾ ਹੈ।ਭਾਈ ਜੀ ਦੀ ਇਹੋ ਜਿਹੀ ਹਾਲਤ ਹੋ ਜਾਂਦੀ ਸੀ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਸਮੇ ਇਕ ਆਸ਼ਕ ਸਿਖ ਕਿਹਾ ਕਰਦਾ ਸੀ ਰਾਤ ਨੂੰ ਹਾਇ ਸੂਰਜ ਡੂਪ ਗਿਆ ;ਹਾਇ ਸੂਰਜ ਡੂਪ ਗਿਆ ਤੇ ਜਦ ਅੰਮ੍ਰਿਤ ਵੇਲੇ ਸਤਿਗੁਰਾਂ ਦੇ ਦਰਸ਼ਨ ਹੋਣੇ ਤਾਂ ਆਖਣਾ ਆਹਾ ਸੂਰਜ ਚੜ੍ਹ ਗਿਆ।ਭਾਈ ਵਜੀਰ ਸਿੰਘ ਜੀ ਦੀ ਆਸ਼ਕੀ ਇਹੋ ਜਿਹੀ ਸੀ।ਜਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਹ ਦਾ ਉਹਲਾ ਕੀਤਾ;ਫਿਰ ਆਪ ਨੂੰ ਇਕ ਸਾਲ ਵੀ ਕੱਟਣਾ ਮੁਸ਼ਕਿਲ ਹੋ ਗਿਆ।ਜੇਕਰ ਕਿਸੇ ਨੇ ਆਖਣਾ ਭਾਈ ਜੀ ਕੁਝ ਖਾ ਪੀ ਲਿਆ ਕਰੋ ਤਾਂ ਉਤਰ ਮਿਲਣਾ ਕੋਈ ਮੇਰੇ ਮਹਿਬੂਬ ਨੂੰ ਮਿਲਾਉ ਤਾਂ ਇਹ ਸਭ ਕੁਝ ਕਰਾਂ ਤੇ ਉਚੀਆਂ ਛਾਲਾਂ ਮਾਰ ਉਠਾਂ।ਏਸੇ ਵੈਰਾਗ ਵਿਚ ਆਪ ਜੀ ਨੇ ਸੰਮਤ ੨੦੧੯ ਬਿ,.ਵਿਚ ਜਾ ਸਤਿਗੁਰਾਂ ਦੇ ਚਰਨਾਂ ਵਿਚ ਡੇਰਾ ਲਾਇਆ।ਇਸ ਤਰ੍ਹਾਂ ਇਹ ਸੰਸਾਰ ਯਾਤਰਾ ਸਫਲ ਕਰ ਗਏ।

ਸੰਤ ਮੋਹਕਮ ਸਿੰਘ ਸਤਿਗੁਰਾਂ ਦੇ ਸੇਵਕ

ਇਹ ਸੰਤ ਮੁਹਕਮ ਸਿੰਘ ਵੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੇਵਕ ਸਨ।ਇਹ ਵੀ ਸੰਤ ਰਤਨ ਸਿੰਘ ਜੀ ਵਾਂਗ ਸੇਵਾ ਕਰਦੇ ਸਨ।ਉਹ ਲੰਗਰ ਦੀ ਸੇਵਾ ਕਰਦੇ ਸਨ ;ਇਹ ਬਸਤਰ ਸਾਫ ਕਰਨ ਦੀ ਸੇਵਾ ਵਿਚ ਮਸਤ ਸਨ।ਇਨ੍ਹਾਂ ਸੇਵਕਾਂ ਦਾ ਮੁੱਖ ਖਿੜਿਆ ਖਿੜਿਆ ਤੇ ਹਰਿਆ ਭਰਿਆ ਰਹਿੰਦਾ ਸੀ।ਆਖਦੇ ਨੇ ਇਨ੍ਹਾਂ ਦਾ ਨਾਮ ਲਿਆਂ ਸ੍ਰੀ ਰਾਮ ਚੰਦਰ ਜੀ ਦੇ ਵਿਦਿਆ ਗੁਰੂ ਵਸ਼ਿਸ਼ਟ ਜੀ ਦੀ ਮੂਰਤੀ ਸਾਹਮਣੇ ਆ ਖਲੋਂਦੀ ਸੀ, ਸੀਸ ਤੇ ਕੇਸਾਂ ਦਾ ਜੂੜਾ, ਤੇੜ ਕਛਹਿਰਾ ਨੰਗੇ ਪੈਰ, ਹਸੂੰ ਹਸੂੰ ਕਰਦਾ ਚਿਹਰਾ।ਪੁਰਾਣੇ ਸਮੇਂ ਦੇ ਰਿਖੀਆਂ ਦਾ ਝਲਕਾਰਾ ਪੇਸ਼ ਕਰਦੇ ਸਨ। ਸੰਤਾਂ ਦਾ ਜਨਮ ਪਿਤਾ ਸੰਤ ਬਹਾਦਰ ਸਿੰਘ ਜੀ ਤੇ ਮਾਤਾ ਲਛਮੀ ਜੀ ਦੇ ਗ੍ਰਹਿ ਵਿਖੇ ਹੋਇਆ।੧੯ ਕੁ ਵਰਿਆ ਦੀ ਉਮਰ ਵਿਚ ਸੰਤ ਬੁਲਾਰਾ ਸਿੰਘ ਜੀ

ਤੋਂ ਭਜਨ ਪੁਛਿਆ ਤੇ ਅੰਮ੍ਰਿਤ ਛਕਿਆ।ਸੰਮਤ ੧੯੨੪ ਦੇ ਪਹਿਲੇ ਮਹੀਨਿਆਂ ਵਿਚ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਆਏ ।ਇਕ ਵਾਰ ਕਿਸੇ ਸਜਣ ਨੇ ਸਤਿਗੁਰੂ ਜੀ ਨੂੰ ਰੋਜ਼ਾ ਮੱਥਾ ਟੇਕਿਆ।ਕੁਝ ਸਮੇਂ ਬਾਦ ਉਹੀ ਸਜਣ ਮੁੜ ਆ ਗਿਆ ਤੇ ਸੰਤਾਂ ਨੂੰ ਆਖਣ ਲਗਾ ਮੈਨੂੰ ਦੋ ਗਜ਼ ਕਪੜਾ ਦੇ ਦਿਉ।ਤਾਂ ਸੰਤਾ ਨਿਮਰਤਾ ਨਾਲ ਕਿਹਾ, "ਸਾਧਾ ਮੇਰਾ ਕੰਮ ਤਾਂ ਸੰਭਾਲਣਾ ਸੀ। ਏਸ ਵਿਚੋਂ ਦੇਣ ਦਾ ਮੈਨੂੰ ਹੁਕਮ ਨਹੀ। ਮੈ ਇਮਾਨਤ ਵਿਚ ਖਿਆਨਤ ਨਹੀ ਕਰ ਸਕਦਾ"।ਸੰਤ ਮੋਹਕਮ ਸਿੰਘ ਜੀ ਨੂੰ ਸਿਵਾਇ ਲੰਗਰ ਦੇ ਪ੍ਰਸਾਦੇ ਤੋ ਹੋਰ ਕੋਈ ਇਛਾ ਮਨ ਵਿਚ ਨਹੀਂ ਸੀ।ਜਦ ਸੱਚੇ ਪਾਤਸ਼ਾਹ ਜੀ ਅਖੀਰਲੇ ਦਿਨੀਂ ਮੰਡੀ ਤੋਂ ਆਏ ਤਾਂ ਆਪ ਜੀ ਨੇ ਅਤੇ ਭਾਈ ਰਤਨ ਸਿੰਘ ਹੋਰਾਂ ਜਾਣ ਲਿਆ ਕਿ ਸੱਚੇ ਪਾਤਸ਼ਾਹ ਜੀ ਨੇ ਸਰੀਰ ਤਿਆਗ ਦੇਣਾ ਹੈ । ਆਪ ਵੈਰਾਗੀ ਰਹਿਣ ਲਗੇ।ਜਦ ਸਚੇ ਪਾਤਸ਼ਾਹ ਜੀ ਮੰਡੀ ਤੋਂ ਚਾਲੇ ਪਾਏ ਤਾਂ ਹਰਦਿਆਲ ਸਿੰਘ ਜੀ ਨੇ ਸੰਤਾਂ ਨੂੰ ਪੁਛਿਆ, ਹੁਣ ਕਦ ਦਰਸ਼ਨ ਹੋਣਗੇ, ਤਾਂ ਸੰਤਾਂ ਇਤਨਾ ਹੀ ਕਿਹਾ, "ਹਰਦਿਆਲ ਸਿੰਘ ਤਾਰਾਂ ਖੜਕ ਜਾਣਗੀਆਂ, ਤਾਰਾਂ ਖੜਕ ਜਾਣਗੀਆਂ।" ਸਤਿਗੁਰਾਂ ਦੇ ਦੇਹ ਦੇ ਉਹਲੇ ਉਪਰੰਤ ਸੰਤਾਂ ਦੇ ਚੇਹਰੇ ਤੇ ਮੁੜ ਖੇੜਾ ਨਾ ਅਇਆ। ਸ੍ਰੀ ਭੈਣੀ ਸਾਹਿਬ ਰਹਿਣ, ਜਾਂ ਜੀਵਨ ਨਗਰ ਹਰ ਵੇਲੇ ਭਜਨ ਵਿਚ ਲੀਨ ਰਹਿੰਦੇ।ਅੰਤ ਆਪ ਨੇ ੨੦੨੨ ਸੰਮਤ ਵਿਚ ਦੇਹ ਦਾ ਉਹਲਾ ਕਰ ਦਿਤਾ ਤੇ ਗੁਰਪੁਰੀ ਸਿਧਾਰ ਗਏ।

***

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਿਹਨਾਂ ਦਾ ਨਾਮ ਲੈਂਦਿਆ ਹੀ ਮਨ ਸੀਤਲ ਹੋ ਜਾਂਦਾ ਹੈ।ਦਰਸ਼ਨ ਕਰਕੇ ਜੋ ਪ੍ਰਾਪਤੀ ਹੁੰਦੀ ਹੈ ਉਹ ਜਿਹੜਾ ਜਾਕੇ ਦਰਸ਼ਨ ਪ੍ਰੇਮ ਨਾਲ ਕਰਦਾ ਹੈ ਉਸ ਅਨੰਦ ਦਾ ਉਸ ਨੂੰ ਹੀ ਪਤਾ ਹੁੰਦਾ ਹੈ।ਭਗਵਾਨ ਦੀਆਂ ਖੇਡਾਂ ਤੇ ਭਗਵਾਨ ਦੇ ਗੁਣ ਅਤੇ ਉਸ ਦੀ ਸੁੰਦਰਤਾ ਦਾ ਵਰਨਣ ਕਰਨਾ ਬੰਦੇ ਦਾ ਕੰਮ ਨਹੀ ਅਤੇ ਨਾ ਹੀ ਪਤਾ ਲੱਗ ਸਕਦਾ ਉਸ ਦੀ ਲੀਲ੍ਹਾ ਦਾ।

ਜਿਸ ਤਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਪਹਿਲਾਂ ਦਸ ਚੁਕੇ ਹਾਂ ਕਿ ਉਹ ਆਪਣੇ ਇਸ ਸੰਸਾਰ ਤੇ ਆਣ ਦੀ ਕਥਾ ਆਪ ਹੀ ਦਸਣ ਦੀ ਕਿਰਪਾ ਕਰਦੇ ਹਨ ਕਿ ਮੇਰਾ ਦਿਲ ਨਹੀ ਸੀ ਕਰਦਾ ਇਸ ਸੰਸਾਰ ਤੇ ਆਉਣ ਨੂੰ ਪਰ ਮੇਰੇ ਮਾਤਾ ਪਿਤਾ ਨੇ ਘੋਰ ਤਪੱਸਿਆ ਕੀਤੀ ਅਤੇ ਪੁੰਨ ਦਾਨ ਵੀ ਬਹੁਤ ਕੀਤੇ "ਚਿਤ ਨਾ ਭਾਇਓ ਹਮਰਾ ਆਵਨ ਕੋ"। ਫਿਰ ਅਕਾਲ ਪੁਰਖ ਨੇ ਦੁਨੀਆਂ ਦੇ ਭਲੇ ਲਈ ਮੈਨੂੰ ਹੁਕਮ ਕੀਤਾ ।

ਇਸੇ ਤਰਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਮਾਤਾ ਭੁਪਿੰਦਰ ਕੌਰ ਨੇ ਵੀ ਪ੍ਰਯੋਗ ਕਰਕੇ ਭਾਰੀ ਤਪੱਸਿਆ ਕੀਤੀ ਤਾਂ ਸਾਡੇ ਭਲੇ ਲਈ ਕਲਜੁਗ ਵਿਚ ਸਾਨੂੰ ਇਹ ਅਮੋਲਕ ਦਰਸ਼ਨ ਕਰਨ ਨੂੰ ਮਿਲੇ। ਸਾਡੇ ਰਖਵਾਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ।

ਇਨ੍ਹਾਂ ਦਾ ਪ੍ਰਕਾਸ਼ ੮ ਮਘਰ ਕਤਕ ਸੁਦੀ ਇਕਾਸਦੀ ੧੯੭੭ ਬਿ; ੨੨ਨਵੰਬਰ ੧੯੨੦ ਈ; ਨੂੰ।

ਪਵਿਤਰ ਅਸਥਾਨ ਸ੍ਰੀ ਭੈਣੀ ਸਾਹਿਬ (ਜ਼ਿਲਾ ਲੁਧਿਆਣਾ)ਵਿਚ ਜਿਸ ਤਰਾਂ ਦੁਆਪਰ ਵਿਚ ਕ੍ਰਿਸ਼ਨ ਭਗਵਾਨ ਨੇ ਪ੍ਰਕਾਸ਼ (ਜੇਲ੍ਹ) ਕਾਰਾਵਾਸ ਵਿਚ ਲਿਆ ਸੀ ।ਉਸੇ ਤਰਾਂ ਇਹ ਸਮਾਂ ਸੀ ਜਿਸ ਤਰਾਂ ਉਦੋਂ ਜੰਜ਼ੀਰਾਂ ਟੁਟੀਆਂ ਸੀ ਇਸੇ ਤਰਾਂ ਇਥੇ ਦੀਆਂ ਸਖਤੀਆਂ ਵੀ ਉਦੋਂ ਹੀ ਘਟੀਆਂ।

ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮਾਤਾ ਭੁਪਿੰਦਰ ਕੌਰ ਜੀ ਦੇ ਵਿਹੜੇ ਭਾਗ ਲਾਏ।ਬੇਅੰਤ ਖੁਸ਼ੀਆਂ ਲੈ ਕੇ ਆਏ ਬੇਅੰਤ ਪਾਤਸ਼ਾਹ ਜੀ।

ਪਹਿਲੇ ਮਹਿਲ ਮਾਤਾ ਰਾਜਿੰਦਰ ਕੌਰ ਜੀ (ਪਿੰਡ ਕਾਲੂ ਵਾਹਿਰ ਜ਼ਿਲਾ ਹੁਸ਼ਿਆਰਪੁਰ) ਉਹਨਾਂ ਦੇ ਚੜ੍ਹਾਈ ਕਰਨ ਤੋਂ ਬਾਦ ।

ਮਾਤਾ ਚੰਦ ਕੌਰ ਜੀ (ਪਿੰਡ ਬਾਜਾਖਾਨਾ ਜ਼ਿਲਾ ਬਠਿੰਡਾ)।

ਸੰਤਾਨ ਬੀਬਾ ਸਾਹਿਬ ਕੌਰ ਜੀ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਭ ਤੋਂ ਪਹਿਲਾਂ ਪਿਆਰ ਨਾਲ ਇਨ੍ਹਾਂ ਦੇ ਨਾਨੀ ਜੀ ਨੇ ਭਜਨ ਦੇ ਕੇ ਗੁੜ ਦੀ ਗੁੜ੍ਹਤੀ ਦਿਤੀ।ਜੋ ਆਪ ਵੀ ਭਜਨ ਬੰਦਗੀ ਬਹੁਤ ਕਰਨ ਵਾਲੇ ਸਨ। ਮਾਤਾ ਰਾਮ ਕੌਰ ਜੀ ਨੇ ਮਾਤਾ ਭੁਪਿੰਦਰ ਕੌਰ ਨੂੰ ਵੇਖ ਕੇ ਬਚਨ ਕੀਤਾ ਤੇਰੇ ਘਰ ਸ਼ਕਤੀ ਆਈ ਹੈ।

ਇਧਰ ਭੈਣੀ ਸਾਹਿਬ ਮਾਤਾ ਜੀਵਨ ਕੌਰ ਜੀ ਨੇ ਖੁਲੇ ਗੱਫੇ ਵੰਡਣੇ ਸ਼ੁਰੂ ਕਰ ਦਿਤੇ। ਝੋਲੀਆਂ ਭਰ ਭਰ ਕੇ ਜੋ ਆਵੇ ਲਈ ਜਾਵੇ ਧੰਨ ਧੰਨ ਆਖਕੇ ਅਤੇ ਭੈਣੀ

ਵਿਚ ਖੁਸ਼ੀਆਂ ਦੇ ਭੰਡਾਰ ਖੁਲ ਗਏ।

ਜਦ ਦੇਹ ਕਰਕੇ ੨੫ ਦਿਨਾਂ ਦੇ ਬਾਲ ਗੋਪਾਲ ਜੀ ਹੋਏ ਤੱਦ ਇਨ੍ਹਾਂ ਨੂੰ ਤੇ ਮਾਤਾ ਭੁਪਿੰਦਰ ਕੌਰ ਜੀ ਨੂੰ ਭੈਣੀ ਸਾਹਿਬ ਅੰਮ੍ਰਿਤ ਛਕਾਇਆ ਗਿਆ।ਸੰਤ ਆਲਾ ਸਿੰਘ ਜੀ ਵਰਨਾਂ ਵਾਲਿਆਂ ਭਜਨ ਦੱਸਿਆ ਅਤੇ ਇਸੇ ਖੁਸ਼ੀ ਵਿਚ ਪਾਠ ਦਾ ਭੋਗ ਪਾਇਆ ਗਿਆ।ਮਾਈ ਰਾਮ ਕੌਰ ਜੀ ਇਨ੍ਹਾਂ ਦੇ ਨਾਨੀ ਜੀ ਨੇ ਬੜੇ ਪਿਆਰ ਨਾਲ ਨਾਮ ਜਗਜੀਤ ਸਿੰਘ ਹਖਿਆ।ਇਨਾਂ ਦੇ ਪ੍ਰਕਾਸ਼ ਹੋਣ ਤੇ ਬੇਅੰਤ ਖੁਸ਼ੀਆਂ ਦੇ ਭੰਡਾਰ ਖੁੱਲ ਗਏ ਅਤੇ ਬਾਲ ਲੀਲਾ ਵੀ ਬੇਅੰਤ ਕਰਦੇ ਸਨ। ਇਸ ਲਈ ਸੰਗਤ ਇਹਨਾਂ ਨੂੰ ਬੇਅੰਤ ਜੀ ਕਹਿ ਕੇ ਬੁਲਾਣ ਲਗੀ।

ਭਾਵੇ ਕਰਨ ਕਾਰਨ ਸਭ ਆਪ ਹੀ ਹੁੰਦਾ ਹੈ ਪਰ ਸੰਸਾਰ ਤੇ ਆ ਕੇ ਇਹ ਸੰਸਾਰੀ ਬਣਕੇ ਹੀ ਵਿਖਾਂਦਾ ਹੈ।ਮਾਤਾ ਭੁਪਿੰਦਰ ਕੌਰ ਜੀ ਸਰੀਰ ਕਰਕੇ ਢਿਲੇ ਹੋ ਗਏ।ਉਸ ਵਕਤ ਵੈਦਾਂ ਦੇ ਕਹਿਣੇ ਅਨੁਸਾਰ ਉਹਨਾਂ ਨੂੰ ਠੰਢੀ ਥਾਂ ਤੇ ਰਹਿਣ ਲਈ ਭੇਜ ਦਿਤਾ ਗਿਆ।ਬੇਅੰਤ ਜੀ ਉਸ ਸਮੇ ਚਾਰ ਸਾਲ ਤੋਂ ਵੀ ਛੋਟੇ ਸਨ ਅਤੇ ਮਹਾਰਾਜ ਬੀਰ ਸਿੰਘ ਜੀ ਉਨ੍ਹਾਂ ਤੋਂ ਵੀ ਛੋਟੇ ਸਨ । ਇਨਾਂ ਦੋਨਾਂ ਸਹਿਬਜ਼ਾਦਿਆਂ ਦੀ ਦੇਖ ਭਾਲ ਲਈ ਜਥੇਦਾਰ ਗੁਰਮੁਖ ਸਿੰਘ ਭੱਬਰ ਨੂੰ ਹੁਕਮ ਲੱਗਾ।ਭੱਬਰ ਜੀ ਨੇ ਮਾਤਾ ਭੁਪਿੰਦਰ ਕੌਰ ਦੇ ਚੜ੍ਹਾਈ ਕਰਨ ਤੋਂ ਬਾਦ ਦੋਨਾਂ ਸਾਹਿਬਜ਼ਾਦਿਆਂ ਦੀ ਦੇਖ ਭਾਲ ਸੰਭਾਲ ਪੂਰੀ ਤਰਾਂ ਕੀਤੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਨ੍ਹਾਂ ਨੂੰ ਹਮੇਸ਼ਾ ਆਪਣੀ ਨਿਗਰਾਨੀ ਹੇਠ ਸੇਵਕਾਂ ਤੋਂ ਸਿਖਿਆ ਦੁਆਈ।ਅਗਰ ਕਿਸੇ ਵਕਤ ਕਿਸੇ ਸੇਵਕ ਨੇ ਬੇਅੰਤ ਜੀ ਤੇ ਕਿਸੇ ਸਿਖਿਆ ਲਈ ਸਖਤੀ ਵੀ ਵਰਤੀ, ਕਿਸੇ ਹੋਰ ਸਿੱਖ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਦਸਿਆ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ "ਮੈਨੂੰ ਪਤਾ ਹੈ ਮੇਰੇ ਬੱਚੇ ਹਨ। ਇਹ ਸਭ ਇਨ੍ਹਾਂ ਦੇ ਭਲੇ ਲਈ ਹੈ"।ਇਸ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਆਪਣੇ ਟੇਪ ਭਾਸ਼ਨ ਵਿਚ ਵੀ ਕਿਰਪਾ ਕਰ ਕੇ ਦਸਦੇ ਹਨ "ਕਿ ਸਾਨੂੰ ਹਰ ਤਰਾਂ ਦੀ ਸੇਵਾ ਕਰਨੀ ਸਿਖਾਈ ਗਈ ਪ੍ਰਸ਼ਾਦੇ ਬਨਾਣੇ, ਬਸਤਰ ਧੋਣੇ ਘੋੜਿਆਂ ਦੀ ਮਾਲਸ਼, ਲੰਗਰ ਦੀ ਸੇਵਾ ਸੰਗੀਤ, ਖੇਡਾਂ ਵਿਚ ਹਿਸਾ ਲੈਣਾ, ਬੇਅੰਤ ਸਿਖਿਆ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਕਿਰਪਾ ਕਰਕੇ ਦਿਤੀਆਂ ਹਨ ਜੋ ਕਿ ਗਿਣੀਆ ਨਹੀ ਜਾ ਸਕਦੀਆਂ।" ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੇਅੰਤ ਜੀ ਨੂੰ ਮੁਢਲੀ ਵਿਦਿਆ ਦੇ ਅਖਰ ਪੈਂਤੀ ਆਪ ਸਿਖਾਏ ਸਨ।ਚਾਰ ਸਾਲ ਦੀ ਉਮਰ ਵਿਚ ਇਨ੍ਹਾਂ ਨੂੰ ਸੰਗੀਤ ਦੀ ਵਿਦਿਆ ਦੇਣੀ ਸ਼ੁਰੂ ਕਰਾ ਦਿਤੀ ਅਤੇ ਸਾਢੇ ਚਾਰ ਸਾਲ ਦੀ

ਉਮਰ ਵਿਚ ਆਪ ਜੀ ਨੂੰ ਉਸਤਾਦ ਹਰਨਾਮ ਸਿੰਘ ਜੀ ਸੰਗੀਤ ਸਿਖਾਉਂਣਾ ਸ਼ੁਰੂ ਕੀਤਾ। ਉਹ ਖੁਦ ਸਿਖੀ ਤੇ ਭਗਤੀ ਵਿਚ ਪੂਰਨ ਸਨ ।ਨਾਮ ਇਤਨਾ ਜਪਦੇ ਸਨ ਕਿ ਉਸ ਦੇ ਪ੍ਰਤਾਪ ਨਾਲ ਇਕ ਸੋਟੀ ਨਾਲ ਇਸ਼ਾਰਾ ਕਰਕੇ ਵਗਦੇ ਪਾਣੀ ਨੂੰ ਵੀ ਆਖਦੇ ਏਧਰ ਨੂੰ ਵਗ ਤਾਂ ਉਹ ਉਧਰ ਨੂੰ ਵਗਣ ਲਗ ਪੈਂਦਾ। ਇਸ ਦੇ ਨਾਲ ਪੂਰਨ ਗੁਰੂ ਕੇ ਸਿਖ ਸਨ। ਉਹਨਾਂ ਦਾ ਪਿੰਡ ਚਵਿੰਡਾ ਸੀ ਸੰਗੀਤ ਦੀ ਵਿਦਿਆ ਪ੍ਰਾਪਤ ਕਰਨ ਬੇਅੰਤ ਜੀ ਨੂੰ ਉਥੇ ਭੇਜ ਦਿਤਾ, ਸੰਤ ਗੁਰਮੁਖ ਸਿੰਘ ਜੀ ਨਾਲ ਸਨ। ਸਤਿਗੁਰਾਂ ਦਾ ਇਹ ਹੁਕਮ ਸੀ ਕਿ ਇਸ ਦਾ ਪੂਰਾ ਧਿਆਨ ਤੁਸੀਂ ਰਖਣਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਗੁਰਮੁਖ ਸਿੰਘ ਨੂੰ ਖਾਸ ਬੇਅੰਤ ਜੀ ਦੀ ਸੇਵਾ ਸੰਭਾਲ ਦੀ ਜੁੰਮੇਦਾਰੀ ਬਖਸ਼ੀ ਸੀ। ਉਹਨਾਂ ਨੇ ਬੇਅੰਤ ਜੀ ਦੀ ਤਕਰੀਬਨ ਚੌਦਾਂ ਸਾਲ ਸੰਭਾਲ ਸੇਵਾ ਕੀਤੀ।ਧੰਨ ਹੈ ਗੁਰੂ ਤੇ ਧੰਨ ਉਸ ਦੇ ਸਿਖ ।

ਬੇਅੰਤ ਜੀ ਦੇ ਉਸ ਸਮੇਂ ਬਹੁਤ ਨੇੜਲੇ ਦੋਸਤ ਕੁੰਦਨ ਸਿੰਘ ਨਕਈ, ਪੰਡਤ ਰਾਜਿੰਦਰ ਸਿੰਘ ਗੁਰੂਸਰ ਵਾਲੇ ਸਨ (ਬੇਅੰਤ ਜੀ ਦੇ ਮਾਮਾ ਜੀ ਸੂਬਾ ਨਾਹਰ ਸਿੰਘ ਦੇ ਸਪੁਤਰ ਸਨ)। ਸਤਿਗੁਰਾਂ ਦੇ ਨਾਲ ਕਵੀ ਪ੍ਰੀਤਮ ਸਿੰਘ ਜੀ ਵੀ ਇਹ ਖੇਡਾਂ ਵੇਖਦੇ ਹੁੰਦੇ ਸਨ। ਇਕ ਵਾਰ ਬੇਅੰਤ ਜੀ ਦੀ ਵਾਰੀ ਲੰਗਰ ਬਨਾਣ ਦੀ ਸੀ। ਉਹ ਇਮਲੀ ਦੇ ਰੁੱਖ ਥੱਲੇ ਲੰਗਰ ਬਣਾ ਰਹੇ ਸਨ ਅਤੇ ਕਾਹਨ ਸਿੰਘ ਜੀ ਉਤੋਂ ਪੰਛੀ ਉਡਾ ਰਹੇ ਸਨ।ਕਾਹਨ ਸਿੰਘ ਜੀ ਨੇ ਇਕ ਪੱਥਰ ਮਾਰਿਆ ਤਾਂ ਇਕ ਕਾਂ ਦੇ ਲੱਗਾ, ਉਹ ਹੇਠਾਂ ਡਿਗ ਪਿਆ ।ਬੇਅੰਤ ਜੀ ਇਤਨੇ ਨਰਮ ਦਿਲ ਸਨ ਉਸੇ ਵਕਤ ਕਹਿਣ ਲੱਗੇ ਜੇ ਇਹ ਮਰ ਗਿਆ ਤਾਂ ਪਾਪ ਲੱਗੇਗਾ । ਬਸ ਇੰਨਾ ਕਹਿਣ ਦੀ ਦੇਰ ਸੀ ਕਾਂ ਉਡ ਗਿਆ।ਇਹ ਲੀਲ੍ਹਾ ਇਨ੍ਹਾਂ ਦੇ ਬਚਪਨ ਦੀਆਂ ਖੇਡਾਂ ਹਨ। ਆਪ ਜੀ ਖੇਡਦੇ ਹੁੰਦੇ ਸਨ, ਮਾਈਆਂ ਨੇ ਕੋਲੇ ਲਿਆ ਕੇ ਮਥਾ ਟੇਕਣਾ ਅਤੇ ਆਖਣਾ ਕਿਰਪਾ ਕਰ ਦਿਉ ਸਾਡੇ ਘਰ ਪੁੱਤਰ ਹੋਵੇ, ਆਪ ਜੀ ਨੇ ਕ੍ਰਿਸ਼ਨ ਭਗਵਾਨ ਦੀ ਤਰਾਂ ਇਹ ਪ੍ਰਸ਼ਾਦ ਸਭ ਨੂੰ ਵੰਡ ਦੇਣਾ ਤੇ ਮਾਈਆਂ ਨੂੰ ਖੁਸ਼ੀਆਂ ਦੇ ਦੇਣੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵੀ ਏਸੇ ਤਰਾਂ ਖੇਢਦੇ ਹੀ ਆਪਣੀ ਲੀਲ੍ਹਾ ਕਰ ਦਿੰਦੇ ਸਨ।ਇਹ ਤਾਂ ਬਾਲ ਲੀਲ੍ਹਾ ਸੀ।

ਸੰਮਤ ੧੯੮੨ (ਸੰਨ ੧੯੨੫) ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਦਿਆ ਦਾ ਪ੍ਰਬੰਧ ਕੀਤਾ ਗਿਆ।ਮਾਸਟਰ ਬਲਵੰਤ ਸਿੰਘ ਜੀ ਕੋਲ ਪੜ੍ਹਨੇ ਪਾਇਆ ਗਿਆ।ਸੰਮਤ ੧੯੮੫ ਬਿ. ਸੰਨ ੧੯੨੮ ਈ; ਵਿਚ ਭੈਣੀ ਸਾਹਿਬ ਵਿਖੇ ਸਕੂਲ ਤੇ ਸੰਗੀਤ ਵਿਦਿਆਲਾ ਖੋਲਿਆ ਗਿਆ। ਸ੍ਰੀ ਸਤਿਗੁਰੂ ਜਗਜੀਤ

ਸਿੰਘ ਜੀ ਨੇ ਉਸ ਵਿਦਿਆਲੇ ਵਿਚ ਸਿਖਿਆ ਲਈ।ਉਸਤਾਦ ਹਰਨਾਮ ਸਿੰਘ ਜੀ ਚਵਿੰਡੇ ਵਾਲੇ, ਉਸਤਾਦ ਊਧੋ ਖਾਂ ਅਤੇ ਉਨ੍ਹਾਂ ਦੇ ਸਪੁਤਰ ਰਹੀਮ ਬਖਸ਼, ਭਾਈ ਤਾਬਾ, ਭਾਈ ਨਸੀਰ ਉਸ ਵਕਤ ਵਿਦਿਆਲੇ ਵਿਚ ਸੰਗੀਤ ਸਿਖਾਂਦੇ ਸਨ।ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਿਲਰੁਬਾ (ਤਾਊਸ) ਤੇ ਤਰਬਾਂ ਵਜਾਣ ਦੀ ਕਾਢ ਕੱਢੀ ਸੀ। ਇਹ ਸਿਖਆ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਗੁਰੂ ਪਿਤਾ ਤੋਂ ਹੀ ਪ੍ਰਾਪਤ ਕੀਤੀ। ਜਿਸ ਨੂੰ ਅਜ ਵੀ ਭਾਰਤ ਦੇ ਉਚ ਕੋਟੀ ਦੇ ਸੰਗੀਤਕਾਰ ਜਦ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਉਂਦੇ ਹਨ ਤਾਂ ਵਿਸ਼ੇਸ਼ ਤੌਰ ਤੇ ਤਰਬਾਂ ਸਰਵਣ ਕਰਦੇ ਹਨ।ਉਸ ਵਕਤ ਸ੍ਰੀ ਸਤਿਗੁਰ ਜੀ ਨੂੰ ਵੱਡੇ ਬਾਬਾ ਜੀ ਆਖ ਕੇ ਬੁਲਾਂਦੇ ਸਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਹਿਲਾ ਅਨੰਦ ਕਾਰਜ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਜ਼ਾ ਸੀ ਕਿ ਵਡੇ ਬਾਬਾ ਜੀ ਦਾ ਅਨੰਦ ੨੫ ਸਾਲ ਦੀ ਉਮਰ ਵਿਚ ਕੀਤਾ ਜਾਵੇ ਪਰ ਮਾਤਾ ਜੀਵਨ ਕੌਰ ਜੀ ਚੜ੍ਹਾਈ ਕਰ ਗਏ। ਇਸ ਕਾਰਨ ਵੱਡੇ ਬਾਬਾ ਜੀ ਦਾ ਵਿਆਹ ੧੧ ਚੇਤਰ ੨੦੦੧ ਬਿ; ੨੧ ਮਾਰਚ ੧੯੪੪ ਈ; ਨੂੰ ਸਾਢੇ ਚੌਵੀ ਸਾਲ ਦੀ ਉਮਰ ਵਿਚ ਹੀ ਕਰ ਦਿਤਾ।ਮੁਠੱਡਿਆਂ ਦੇ ਮੇਲੇ ਤੇ ਪਿੰਡ ਕਾਲੂਵਾਹਿਰ ਜ਼ਿਲਾ ਹੁਸ਼ਿਆਰਪੁਰ ਦੇ ਜਗੀਰਦਾਰ ਸ. ਊਧਮ ਸਿੰਘ ਰੰਧਾਵਾ ਅਤੇ ਮਾਤਾ ਜਗਤ ਕੌਰ ਜੀ ਦੀ ਸਪੁਤਰੀ ਬੀਬੀ ਰਾਜਿੰਦਰ ਕੌਰ ਜੀ ਨਾਲ ਗੁਰ ਮਰਯਾਦਾ ਅਨੁਸਾਰ ਸਤਿਗੁਰਾਂ ਦੀ ਹਜ਼ੂਰੀ ਵਿਚ ਹੋਇਆ। ਬੀਬੀ ਰਾਜਿੰਦਰ ਕੌਰ ਜੀ ਨੇ ਸਤਿਗੁਰਾਂ ਨੂੰ ਨਮਸਕਾਰ ਕਰਕੇ ਅਸ਼ੀਰਵਾਦ ਲਿਆ ।ਮਾਤਾ ਰਜਿੰਦਰ ਕੌਰ ਜੀ ਆਗਿਆਕਾਰ, ਹਸਮੁਖ, ਮਿਲਣਸਾਰ, ਸੁੰਦਰਤਾ ਦੀ ਤਾਂ ਸਿਫਤ ਕਰ ਹੀ ਨਹੀ ਸਕਦੇ ਇਤਨੇ ਸੁੰਦਰ ਸਨ।ਇਸ ਤਰਾ ਪਤਾ ਲਗਦਾ ਹੈ। ਸਾਨੂੰ ਤਾਂ ਦਰਸ਼ਨ ਹੋਏ ਹੀ ਨਹੀਂ। ਸੇਵਾ ਕਰਦੇ ਤਾਂ ਥੱਕਦੇ ਹੀ ਨਹੀਂ ਸਨ।ਭੈਣੀ ਸਾਹਿਬ ਆਪ ਝਾੜੂ ਦੇਣਾ, ਲੰਗਰ ਬਨਾਣਾ, ਚੱਕੀ ਨਾਲ ਆਟਾ ਪੀਸਣਾ, ਸੰਤਾਂ ਸਾਧਾਂ ਦੀ ਸੇਵਾ ਕਰਨੀ ਬੜੇ ਪ੍ਰੇਮ ਤੇ ਪਿਆਰ ਨਾਲ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੱਡੇ ਬਾਬਾ ਜੀ ਅਤੇ ਬੀਬੀ ਰਾਜਿੰਦਰ ਕੌਰ ਨੂੰ ਜੇਠ ਦੇ ਮਹੀਨੇ ਸਕੇਤ ਮੰਡੀ ਕੁਝ ਸੰਗਤ ਨਾਲ ਭੇਜਿਆ ਤੇ ਬਚਨ ਕੀਤਾ ਸੰਗਤ ਦਾ ਖਿਆਲ ਰਖਣਾ। ਮਾਤਾ ਰਾਜਿੰਦਰ ਕੌਰ ਜੀ ਦੀ ਸਿਹਤ ਮੰਡੀ ਜਾ ਕੇ ਢਿਲੀ ਹੋ ਗਈ। ਉਹਨਾਂ ਨੂੰ ਦਸਤ ਲਗ ਗਏ। ਇਸ ਕਾਰਨ ਸਿਹਤ ਜ਼ਿਆਦਾ ਢਿਲੀ ਹੋ

ਗਈ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮੰਡੀ ਆਏ ਅਤੇ ਬੀਬੀ ਰਜਿੰਦਰ ਕੌਰ ਦੇ ਸਿਰ ਤੇ ਦੋਵੇਂ ਆਪਣੇ ਹਸਤ ਰੱਖ ਕੇ ਆਵਾਜ਼ ਮਾਰੀ ਤਾਂ ਉਹਨਾਂ ਉਸੇ ਵਕਤ ਸਰੀਰ ਤਿਆਗ ਦਿਤਾ, ੧੦ ਭਾਦਰੋਂ ਸੰਮਤ ੨੦੦੨ ਨੂੰ ਮੰਡੀ ਵਿਖੇ ਸਰੀਰ ਛੱਡ ਗਏ ਗਏ।

ਇਸ ਤੋ ਬਾਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬਹੁਤ ਰਿਸ਼ਤੇ ਆਏ ।ਇਕ ਸਿਖ ਨੇ ਆਪਣੀ ਧੀ ਦਾ ਰਿਸ਼ਤਾ ਬਾਬਾ ਜੀ ਨਾਲ ਕਰਨ ਦਾ ਵਿਚਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਗੇ ਰੱਖਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੜੀ ਨਿਮਰਤਾ ਸਹਿਤ ਬਚਨ ਕੀਤਾ, "ਮਹਾਰਾਜ ਤੁਹਾਡਾ ਬਹੁਤ ਬਹੁਤ ਧੰਨਵਾਦ, ਤੁਹਾਡੀ ਧੀ ਮਹਿਲਾਂ ਵਿਚ ਪਲੀ ਹੋਈ ਹੈ; ਅਨੇਕਾਂ ਨੌਕਰ ਚਾਕਰ ਹਰ ਵਕਤ ਸੇਵਾ ਵਿਚ ਰਹਿੰਦੇ ਹਨ। ਮੇਰੀ ਇਛਾ ਇਹ ਹੈ ਕਿ ਮੇਰੀ ਨੂੰਹ ਅਜੇਹੀ ਆਵੇ ਜਿਸ ਦੇ ਹਥ ਅਰਕਾ ਤੱਕ ਸੁਆਹ ਨਾਲ ਲਿਬੜੇ ਰਹਿਣ ਤੇ ਉਹ ਸਾਧ ਸੰਗਤ ਦੇ ਭਾਂਡੇ ਮਾਜਣ ਵਾਲੀ ਅਤੇ ਸੇਵਾ ਵਾਲੀ ਹੋਵੇ"।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਦੂਸਰਾ ਅਨੰਦ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਜ਼ਾ ਅਨੁਸਾਰ ਵੱਡੇ ਬਾਬਾ ਜੀ ਦਾ ਦੂਜਾ ਅਨੰਦ ੧੯ ਮਾਘ ੨੦੦੨ ਬੀ;(੧੯੪੫ ਈ; ਨੂੰ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਰੋੜੇ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬਾਜਾਖਾਨਾ ਰਿਆਸਤ ਫਰੀਦਕੋਟ(ਹੁਣ ਜ਼ਿਲਾ ਮੁਕਤਸਰ) ਦੇ ਰਹਿਣ ਵਾਲੇ ਪਿਤਾ ਸੰਤ ਸਰਵਨ ਸਿੰਘ ਸਿੱਧੂ ਬਰਾੜ ਅਤੇ ਮਾਤਾ ਸਮਾਂ ਕੌਰ ਦੇ ਘਰ ੧੯੯੯ ਬਿ. ਜਨਮੀ ਬੀਬੀ ਕਰਤਾਰ ਕੌਰ (ਚੰਦ ਕੌਰ ਜੀ) ਜੀ ਨਾਲ ਹੋਇਆ। ਉਹ ਇਕ ਵਾਰ ਆਪਣੀ ਮਾਤਾ ਸਮਾਂ ਕੌਰ ਜੀ ਦੇ ਮਾਮਾ ਜੀ ਸੂਬਾ ਇੰਦਰ ਸਿੰਘ ਜੀ (ਰੋੜਿਆਂ ਵਾਲੇ) ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਆਏ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੇਵਾ ਦਾ ਹੁਕਮ ਲਾ ਦਿਤਾ। ਉਸ ਵਕਤ ਪ੍ਰਯੋਗ ਚਲਦੇ ਸਨ। ਇਨ੍ਹਾਂ ਬੜੇ ਪਿਆਰ ਨਾਲ ਮਨ ਲਗਾ ਕੇ ਸੇਵਾ ਕੀਤੀ ਜਿਸ ਤੇ ਸਾਰੇ ਸਾਧਾਂ ਨੇ ਸਤਿਗੁਰਾਂ ਕੋਲ ਸਿਫਤਾਂ ਕੀਤੀਆਂ। ਸਤਿਗੁਰੂ ਜੀ ਬਹੁਤ ਪ੍ਰਸੰਨ ਹੋ ਕੇ ਇਹਨਾਂ ਦਾ ਅਨੰਦ ਵਡੇ ਬਾਬਾ ਜੀ ਨਾਲ ਕਰਨ ਦੀ ਪ੍ਰਵਾਨਗੀ ਦੇ ਦਿਤੀ। ਇਹਨਾਂ ਦੇ ਅਨੰਦ ਕਾਰਜ ਸਮੇ ਸੰਤ ਪ੍ਰੀਤਮ ਸਿੰਘ ਚੇਲੇਕਿਆਂ ਵਾਲਿਆਂ ਨੇ ਅੰਮ੍ਰਿਤ ਛਕਾਇਆ। ਮਹਾਨ ਤਪਸਵੀ ਸੰਤ ਰਲਾ ਸਿੰਘ ਨੇ ਭਜਨ ਦਸਿਆ। ਅਨੰਦ- ਕਾਰਜ ਤੋਂ ਉਪਰੰਤ ਸ੍ਰੀ ਸਤਿਗੁਰੂ

ਪ੍ਰਤਾਪ ਸਿੰਘ ਜੀ ਨੇ ਬੀਬੀ ਕਰਤਾਰ ਕੌਰ ਦਾ ਨਾਮ ਬਦਲ ਕੇ "ਚੰਦ ਕੌਰ" ਰੱਖ ਦਿਤਾ।ਇਹ ਮਾਤਾ ਚੰਦ ਕੌਰ ਜੀ ਸੱਚੀਂ ਚੰਦ ਵਾਂਗ ਸਾਨੂੰ ਠੰਢੇ ਅਤੇ ਨਿਘੇ ਪਿਆਰ ਦੇ ਰਹੇ ਹਨ ਅਤੇ ਦਿੰਦੇ ਰਹਿਣ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰਗੱਦੀ ਤੇ ਸੁਭਾਇਮਾਨ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਦ ੨੨ ਅਗਸਤ ੧੯੫੯ ਈ; ਨੂੰ ਦੇਹ ਦਾ ਓਹਲਾ ਕੀਤਾ ਸਸਕਾਰ ਤੋਂ ਉਪਰੰਤ ਮਹਾਰਾਜ ਬੀਰ ਸਿੰਘ ਜੀ ਨੇ ਆਸਣ ਵਿਛਾ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸੁਭਾਇਮਾਨ ਹੋਣ ਲਈ ਅਰਜ਼ ਕੀਤੀ।ਗੁਰਗੱਦੀ ਤੇ ਬੈਠਣ ਉਪਰੰਤ ਸਭ ਤੋਂ ਪਹਿਲਾ ਮਹਾਰਾਜ ਬੀਰ ਸਿੰਘ ਜੀ ਨੇ ਨਮਸਕਾਰ ਕੀਤੀ ਤੇ ਫਿਰ ਮਹਾਰਾਜ ਨਿਹਾਲ ਸਿੰਘ ਜੀ;ਬਾਬਾ ਜੰਗ ਸਿੰਘ ਜੀ, ਹਜ਼ੂਰੀ ਸੇਵਕ ਭਾਈ ਵਜੀਰ ਸਿੰਘ ਜੀ ਤੇ ਰਤਨ ਸਿੰਘ ਜੀ ਆਦਿ ਨੇ ਨਮਸਕਾਰ ਕੀਤੀ।ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਦ ਇਹ ਸੇਵਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਸੇਵਾ ਵਿਚ ਰਹੇ।ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਦੇ ਨਮਿਤ ੯੫੯ ਪਾਠਾਂ ਦੇ ਭੋਗ ਪਏ ਗਏ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਰਜ਼ਾ ਅਨੁਸਾਰ ਭਾਈ ਵਜੀਰ ਸਿੰਘ ਜੀ ਦੇ ਹਥੀ ਭੇਟ ਕੀਤੀ ਦਸਤਾਰ ਸਜਾਈ ਭਾਵੇਂ ਉਸ ਵਕਤ ਦਸਤਾਰਾਂ ਦੇ ਢੇਰ ਲਗ ਗਏ ਸਨ। ਪਰ ਸੰਗਤ ਦੀ ਹਜ਼ੂਰੀ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਮੁਖ ਤੇ ਨਿਕਟ ਵਰਤੀ ਸੇਵਕ ਭਾਈ ਵਜੀਰ ਸਿੰਘ ਨੂੰ ਨਾਮਧਾਰੀ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦਸਤਾਰ ਅਰਪਣ ਕਰਣ ਦਾ ਸੁਭਾਗ ਪ੍ਰਾਪਤ ਹੋਇਆ।ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਛੋੜੇ ਵਿਚ ਸੰਗਤ ਇਕ ਮੁਰਝਾਇ ਫੁਲ ਵਾਂਗ ਹੋ ਗਈ ਸੀ; ਪਰ ਅੱਜ ਜਦ ਉਸ ਦਾ ਮਾਲਕ ਨਜ਼ਰ ਅਇਆ ਤਾਂ ਉਹ ਫਿਰ ਖਿੜ ਗਈ ਅਤੇ ਆਪਣੀ ਰੰਗਤ ਵਿਚ ਆ ਗਈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਨਾਮ ਬਾਣੀ ਦਾ ਪਰਵਾਹ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਅਤੇ ਜੀਵਨ ਨਗਰ ਭਜਨ ਦੀਆਂ ਅਖੰਡ ਵਰਨੀਆਂ ਸ਼ੁਰੂ ਕੀਤੀਆਂ ਅਤੇ ਨਾਮ ਬਾਣੀ ਦਾ ਪਰਵਾਹ ਚਲਾਇਆ ਪਰ ਬੇਅੰਤ ਜੀ ਬੇਅੰਤ ਹਨ।ਇਹਨਾਂ ਨੇ ਸ੍ਰੀ ਭੈਣੀ ਸਾਹਿਬ ਤੇ ਜੀਵਨ ਨਗਰ ਤੋਂ ਇਲਾਵਾ ਹੋਰ ਬੇਅੰਤ ਹੀ ਨਾਮ ਸਿਮਰਨ ਦੀਆਂ ਵਰਨੀਆਂ ਸ਼ੁਰੂ ਕਰਾ

ਦਿਤੀਆਂ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਅਨੁਸਾਰ ਰਾਈਆਂ, ਮਸਤਾਨਗੜ੍ਹ, ਬੰਗਲੌਰ, ਦਮਦਮਾ, ਥਾਈਲੈਂਡ, ਰਾਜਸਥਾਨ ਅਤੇ ਹੋਰ ਕਈ ਥਾਵਾਂ ਤੇ ਅੱਜ ਵੀ ਭਜਨ ਦੀਆਂ ਨਿਰੰਤਰ ਵਰਨੀਆਂ ਹੋ ਰਹੀਆਂ ਹਨ ਅਤੇ ਸਵਾ ਲੱਖ ਪਾਠਾਂ ਦੇ ਭੋਗ ਸ੍ਰੀ ਭੈਣੀ ਸਾਹਿਬ ਸੰਨ ੧੯੭੪ ਈ; ਵਿਚ ਤੇ ਬਾਅਦ ਵਿੱਚ ਵੀ ਪੈ ਚੁਕੇ ਹਨ ਹੋਰ ਸ਼ੁਰੂ ਹਨ।ਦੇਸ ਤੇ ਬਦੇਸਾਂ ਵਿਚ ਅੰਮ੍ਰਿਤ ਵੇਲੇ ਨਾਮ ਸਿਮਰਨ ਹਰ ਰੋਜ ਹੁੰਦਾ ਹੈ।ਸੰਗਤ ਕੱਠੀ ਹੋ ਕੇ ਹਫਤੇ ਬਾਦ ਨਾਮ ਸਿਮਰਨ ਤੇ ਵਰਨੀਆਂ ਹਵਨ, ਚੰਡੀ ਦੀ ਵਾਰ ਦੇ ਪਾਠ ਵੀ ਕਰਦੀ ਹੈ।ਸਹਿਜ ਪਾਠਾਂ ਦੇ ਭੋਗ ਪਾਏ ਜਾਂਦੇ ਹਨ।ਇਹ ਸਭ ਸਤਿਗੁਰਾਂ ਦੀ ਬਖਸ਼ਿਸ਼ ਹੈ।ਦੇਸ ਤੇ ਪ੍ਰਦੇਸਾਂ ਵਿਚ। ਸੰਨ ੨੦੦੭ ਤੋਂ ਚੌਪਈ ਦੇ ਪਾਠ ਸਹਿਜ ਪਾਠਾਂ ਦੇ ਭੋਗ ਵੀ ਬੇਅੰਤ ਪਾਏ ਜਾਂਦੇ ਹਨ ਸ੍ਰੀ ਸਤਿਗੁਰੂ ਜੀ ਦੀ ਚੜ੍ਹਦੀ ਕਲਾ ਲਈ।ਇਹ ਵੀ ਉਹਨਾਂ ਦਾ ਇਕ ਸੰਗਤ ਨੂੰ ਸਿੱਧੇ ਰਸਤੇ ਵੱਲ ਲਾਈ ਰੱਖਣ ਦਾ ਢੰਗ ਹੈ।ਸੋ ਕਿਰਪਾ ਕਰਕੇ ਆਪਣੇ ਲੜ ਲਾਈ ਰੱਖਣ। ਉਸ ਤਰ੍ਹਾਂ ਇਸ ਕਲਜੁਗ ਦੇ ਸਮੇ ਬੰਦਿਆਂ ਦੇ ਮਨ ਨਹੀ ਟਿਕਦੇ। ਇਸ ਤੋਂ ਬਚਾਉਣ ਲਈ ਸਤਿਗੁਰਾਂ ਨੇ ਇਹ ਲੀਲ੍ਹਾ ਰਚਾਈ ਹੈ। ਆਪਣਾ ਸਰੀਰ ਵਿਲਾ ਕਰਕੇ ਵਿਖਾਣਾ । ਜਿਹੜੇ ਸਾਰੇ ਜਗਤ ਦੇ ਦੁਖ ਦੂਰ ਕਰਦੇ ਹਨ, ਉਹ ਕਰਨ ਕਾਰਨ ਸਮਰਥ ਹੈ ਪਰ ਇਸ ਵਕਤ ਕਲਜੁਗ ਜੋਰਾਂ ਤੇ ਹੈ ਉਸ ਤੋਂ ਬਚਾਣ ਲਈ ਸੰਸਾਰ ਦਾ ਸਾਰਾ ਕਸ਼ਟ ਆਪਣੇ ਸਰੀਰ ਤੇ ਲਿਆ ਹੋਇਆ ਹੈ।ਇਸ ਤਰਾਂ ਬਚਿਆਂ ਨੂੰ ਸਿਖਿਆ ਦਿੰਦੇ ਹਨ ਕਿ ਘਬਰਾਣਾ ਨਹੀ ਚਾਹੀਦਾ।ਦੁਖ ਸੁਖ ਸਰੀਰ ਦਾ ਭੋਗ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਕ ਵਾਰ ਨੈਰੋਬੀ ਦੇ ਦੌਰੇ ਸਮੇਂ ਇਕ ਦਿਨ ਭਾਸ਼ਨ ਵਿਚ ਬੀਬੀਆਂ ਨੂੰ ਸਿਖਿਆ ਦਿੰਦੇ ਹੋਏ ਬਚਨ ਕੀਤਾ ਕਿ "ਤੁਹਾਡਾ ਫਰਜ਼ ਬਣਦਾ ਹੈ ਸਭ ਤੋਂ ਪਹਿਲਾਂ ਆਪਣੇ ਬੱਚਿਆਂ ਵੱਲ ਧਿਆਨ ਦਿਉ ਕਿਉਂਕਿ ਇਹੋ ਹੀ ਤੁਹਾਡੀ ਦੇਸ ਕੌਮ ਤੇ ਪਰਵਾਰ ਦੀ ਸੇਵਾ ਹੈ। ਸਾਡਾ ਆਉਣ ਵਾਲਾ ਸਮਾਂ ਇਨ੍ਹਾਂ ਦੇ ਹੱਥ ਹੈ। ਜੇਕਰ ਇਹ ਅਛੇ ਹੋਣਗੇ ਤਾਂ ਹੀ ਦੇਸ ਤਰਕੀ ਕਰ ਸਕੇਗਾ।ਜੇ ਬੱਚੇ ਨੇਕ ਹੋਣਗੇ ਤਾਂ ਹੀ ਅਸੀ ਪਰਵਾਰਕ ਸੁਖ ਮਾਣ ਸਕਦੇ ਹਾਂ । ਇਸੇ ਤਰਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਗੱਦੀ ਤੇ ਬੈਠਦਿਆਂ ਹੀ ਸਭ ਤੋਂ ਪਹਿਲਾ ਨੌਜਵਾਨਾਂ ਵਲ ਵਸ਼ੇਸ਼ ਧਿਆਨ ਦਿੱਤਾ।ਸਤਿਗੁਰਾਂ ਨੇ ਕਲਜੁਗ ਦੇ ਪ੍ਰਭਾਵ ਤੋਂ ਬਚਾਣ ਲਈ ੧ ਸਤੰਬਰ ੧੯੬੨ ਈ; ਨੂੰ ਸ੍ਰੀ ਭੈਣੀ ਸਾਹਿਬ ਨੌਜਵਾਨਾਂ ਨੂੰ ਬੁਲਾਇਆ ਅਤੇ ਇਨ੍ਹਾਂ ਦੀ ਇਕ ਸੰਸਥਾ ਬਣਾ ਦਿਤੀ "ਨਾਮਧਾਰੀ ਵਿਦਿਅਕ

ਜਥਾ"।ਜਿਹਨਾਂ ਵਿਚ ਬੀਬੀਆਂ ਵੀ ਸ਼ਾਮਲ ਹਨ।ਜੋ ਹੁਣ ਤਕ ਚਲ ਰਿਹਾ ਹੈ । ਇਸ ਵਿਦਿਅਕ ਜਥੇ ਵਿਚ ਬੀਬੀਆਂ ਦਾ ਵਖਰਾ ਸੰਮੇਲਨ ਹੁੰਦਾ ਹੈ ਤੇ ਨੌਜਵਾਨਾਂ ਦਾ ਵਖਰਾ। ਜਿਸ ਵਿਚ ਵਿਸ਼ਵ ਸ਼ਾਂਤੀ ਬਾਰੇ ਵਿਚਾਰਾਂ ਹੁੰਦੀਆਂ ਹਨ ਅਤੇ ਮਰਿਯਾਦਾ ਦੇ ਨਾਲ ਨਾਲ ਆਪਣੇ ਪੁਰਾਤਨ ਸਿਖਾਂ ਦੇ ਕਾਰਨਾਮਿਆ ਤੋਂ ਜਾਣੂੰ ਕਰਵਾਇਆ ਜਾਂਦਾ ਹੈ। ਜੋ ਕਿ ਇਸ ਵਰਤਮਾਨ ਸਮੇਂ ਵਿਚ ਬਹੁਤ ਜਰੂਰੀ ਹੈ। ਮੇਲਿਆਂ ਤੇ ਸ੍ਰੀ ਸਤਿਗੁਰੂ ਜੀ ਵੀ ਦਰਸ਼ਨ ਦਿੰਦੇ ਹਨ ਅਤੇ ਸਭ ਨੂੰ ਖੁਸ਼ੀਆਂ ਮਿਲਦੀਆਂ ਹਨ। ਭਾਰਤ ਤੋਂ ਇਲਾਵਾ ਬੈਂਕੋਕ, ਇੰਗਲੈਂਡ, ਨੈਰੋਬੀ, ਕੈਨੇਡਾ ਵਿਚ ਵੀ ਵਿਦਿਅਕ ਜਥੇ ਸਥਾਪਿਤ ਹੋਏ ਹਨ। ਇਸੇ ਵਲ ਵਸ਼ੇਸ਼ ਧਿਆਨ ਦਿੰਦੇ ਹੋਏ ਸਤਿਗੁਰਾਂ ਨੇ ਨਾਮਧਾਰੀ ਸਕੂਲ ਤੇ ਕਾਲਜ ਜੀਵਨ ਨਗਰ ਤੇ ਮੰਡੀ ਖੋਲੇ ਹੋਏ ਹਨ। ਆਪ ਜੀ ਦੇ ਹੁਕਮ ਅਨੁਸਾਰ ਦਿੱਲੀ ਵਿਚ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਵੀ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਸਥਿਤ ਹੈ। ਇਹ ਇਕ ਰਿਹਾਇਸ਼ੀ ਪਬਲਿਕ ਸਕੂਲ ਹੈ। ਇਥੇ ਬੱਚਿਆਂ ਨੂੰ ਸਿਖਿਆ ਇਸ ਤਰ੍ਹਾਂ ਦਿਤੀ ਜਾਂਦੀ ਹੈ। ਬੱਚੇ ਅੰਮ੍ਰਿਤ ਵੇਲੇ ਉਠ ਕੇ ਸਣੇਕੇਸੀਂ ਇਸ਼ਨਾਨ ਕਰਕੇ ਸਤਿਗੁਰਾਂ ਦੇ ਦਰਸ਼ਨ ਕਰਦੇ ਅਤੇ ਕੀਰਤਨ ਕਰਦੇ ਫਿਰ ਵਿਦਿਆ ਪੜ੍ਹਦੇ ਹਨ। ਇਸ ਦੇ ਨਾਲ ਗੁਰਬਾਣੀ ਸ਼ੁਧ ਤੇ ਸੰਗੀਤ ਵੀ ਸਿਖਦੇ ਹਨ। ਇਥੇ ਦਾ ਮਾਹੌਲ ਆਪਣਾ ਵੱਖਰਾ ਹੀ ਅਨੰਦ ਵਾਲਾ ਹੈ। ਇਥੇ ਹੀ ਬਸ ਨਹੀਂ ਖੇਡਾਂ ਵਿਚ ਵੀ ਪਿਛੇ ਨਹੀਂ ਹਨ ਬੈਡਮਿੰਟਨ, ਫੁਟਬਾਲ, ਹਾਕੀ ਖੇਡਣ ਸਮੇਂ ਆਪਣੇ ਪਹਿਰਾਵੇ ਵਿਚ ਖੇਡਦੇ ਹਨ ਅਤੇ ਦੇਸ਼ ਵਿਚ ਨਹੀਂ ਬਦੇਸਾਂ ਵਿਚ ਵੀ ਜਾ ਕੇ ਇਸੇ ਪਹਿਰਾਵੇ ਵਿਚ ਖੇਡੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਿਸ ਤਰ੍ਹਾਂ ਵਰਤਮਾਨ ਕਾਲ ਵਿਚ ਨਾਮਧਾਰੀ ਗੁਰਮਤਿ ਸੰਗੀਤ ਪ੍ਰਚਲਤ ਕਰ ਰਹੇ ਹਨ-

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਮਤ ੧੯੮੫ ਬਿ. ਸੰਨ ੧੯੨੯ ਈ. ਵਿਚ ਸ੍ਰੀ ਭੈਣੀ ਸਾਹਿਬ ਇਕ ਸੰਗੀਤ ਵਿਦਿਆਲਾ ਖੋਲਿਆ ਸੀ ਕਿ ਨਾਮਧਾਰੀ ਬੱਚੇ ਬਚਪਨ ਤੋਂ ਹੀ ਗੁਰਮਤਿ ਸੰਗੀਤ ਦੀ ਸਿਖਿਆ ਲੈ ਸਕਣ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ ਕਲਾ ਨੂੰ ਲੋਕਾਂ ਤਾਈਂ ਪਹੁੰਚਾਣ ਲਈ ਅਤੇ ਸਤਿਕਾਰ ਭਾਵਨਾ ਪੈਦਾ ਕਰਨ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ

ਵਿਚ ਬਹੁਤ ਥਾਵਾਂ ਤੇ ਸੰਗੀਤ ਸੰਮੇਲਨ ਕਰਵਾਏ ਅਤੇ ਹੁੰਦੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦੁਆਰਾ ਇਹ ਸਿਖਿਆ ਮੰਡੀ, ਦਿਲੀ, ਮੁੰਬਈ, ਅੰਮ੍ਰਿਤਸਰ, ਜਲੰਧਰ, ਜੰਮੂ, ਬਨਾਰਸ, ਅਫਰੀਕਾ, ਕੀਨੀਆ, ਇੰਗਲੈਂਡ ਅਤੇ ਹੋਰ ਵੀ ਕਈ ਥਾਵਾਂ ਤੋਂ ਇਹ ਸਿਖਿਆ ਬੱਚੇ ਉੱਚ ਕੋਟੀ ਦੇ ਕਲਾਕਾਰਾਂ ਤੋਂ ਹਾਸਲ ਕਰਦੇ ਹਨ ਜਾਂ ਕਰ ਚੁਕੇ ਹਨ।

ਜਿਹੜੇ ਆਪਣੇ ਉਸਤਾਦਾਂ ਤੋਂ ਸਿਖਿਆ ਪ੍ਰਾਪਤ ਕਰਕੇ ਆਪ ਉਸਤਾਦ ਬਣੇ ਹੋਏ ਹਨ, ਉਹ ਇਹ ਹਨ - ਸ੍ਰੀ ਹਰਭਜਨ ਸਿੰਘ ਤੇ ਗੁਰਦੇਵ ਸਿੰਘ ਨੇ ਪੰਡਤ ਮਹਾਂਦੇਵ ਨ੍ਰਿਤਕਾਰੀ ਉਸਤਾਦ ਹਨ ਇਨ੍ਹਾਂ ਤੋਂ ਸਿਖਿਆ ਲੈ ਕੇ ਅੱਜ ਕੱਲ ਆਪ ਉਸਤਾਦ ਬਣਕੇ ਅੱਗੋਂ ਬੱਚਿਆਂ ਨੂੰ ਇਹ ਸਿਖਿਆ ਦੇ ਰਹੇ ਹਨ। ਉਸਤਾਦ ਪਿਆਰਾ ਸਿੰਘ ਜੋ ਤਾਰ ਸ਼ਹਿਨਾਈ ਦੇ ਉਸਤਾਦ ਸਨ, ਇਨ੍ਹਾਂ ਕੋਲੋ ਬਲਜੀਤ ਸਿੰਘ ਤੇ ਹੋਰ ਬੱਚਿਆਂ ਨੇ ਇਹ ਸਿਖਿਆ ਪ੍ਰਾਪਤ ਕੀਤੀ ਅਤੇ ਅੱਗੋਂ ਸਿੱਖਿਆ ਦੇ ਰਹੇ ਹਨ। ਉਸਤਾਦ ਅਮਜ਼ਦ ਅਲੀ ਖਾਂ ਦਾ ਨਾਂ ਬਹੁਤ ਮਸ਼ਹੂਰ ਹੈ ਸਾਰੇ ਇਹਨਾਂ ਤੋਂ ਜਾਣੂ ਹਨ, ਇਨ੍ਹਾਂ ਤੋ ਸਰੋਦ ਦੀ ਸਿਖਿਆ ਗੁਰਦੇਵ ਸਿੰਘ ਨੇ ਲਈ। ਪੰਡਤ ਸ਼ਿਵ ਕੁਮਾਰ ਸ਼ਰਮਾ ਸੰਤੂਰ ਦੇ ਮਾਸਟਰ ਹਨ, ਉਨ੍ਹਾ ਦੇ ਸ਼ਿਸ਼ ਹਨ ਹਰਜਿੰਦਰ ਸਿੰਘ ਤੇ ਕਿਰਨਪਾਲ ਸਿੰਘ ਲੰਡਨ ਰਹਿਣ ਵਾਲਿਆਂ ਨੇ (ਬੰਬਈ) ਜਾ ਕੇ ਇਹ ਸਿਖਿਆ ਪ੍ਰਾਪਤ ਕੀਤੀ। ਸ੍ਰੀ ਸਤਿਗੁਰਾਂ ਦੇ ਹੁਕਮ ਅਨੁਸਾਰ ਹੁਣ ਇਹ ਅੱਗੋਂ ਵੀ ਇਹੋ ਸਿਖਿਆ ਦੇ ਰਹੇ ਹਨ। ਸ੍ਰੀ ਰਾਮ ਨਾਰਾਇਣ ਜੋ ਸਾਰੰਗੀ ਦੇ ਉਸਤਾਦ ਹਨ ਉਹਨਾਂ ਦੇ ਵਿਦਿਆਰਥੀ ਹਨ ਸ੍ਰੀ ਸੁਰਜੀਤ ਸਿੰਘ ਜੋ ਹੁਣ ਆਪ ਬੱਚਿਆਂ ਦੇ ਸਿਖਾਣ ਦੀ ਕ੍ਰਿਪਾ ਲੰਡਨ ਵਿਚ ਕਰ ਰਹੇ ਹਨ। ਬੰਸਰੀ ਲਈ ਹਰੀ ਪ੍ਰਸ਼ਾਦ ਚੌਰੱਸੀਆ ਕੋਲੋਂ ਸਿਖਦੇ ਹਨ ਸਤਪਾਲ ਸਿੰਘ (ਜੰਮੂ ਵਾਲੇ)। ਤਬਲੇ ਲਈ ਪੰਡਤ ਕ੍ਰਿਸ਼ਨ ਮਹਾਰਾਜ ਜੀ ਦਾ ਸ਼ਗਿਰਦ ਸੁਖਵਿੰਦਰ ਸਿੰਘ (ਪਿੰਕੀ) ਜੋ ਇਸ ਸਮੇਂ ਤਬਲੇ ਦੇ ਮਾਹਰ ਹਨ। ਪੰਡਤ ਰਾਜਨ ਸਾਜਨ ਮਿਸ਼ਰਾ ਤੋਂ ਸੁਖਦੇਵ ਸਿੰਘ ਤੇ ਮੋਹਨ ਸਿੰਘ ਨੇ ਵਿਦਿਆ ਲਈ ਜਿਨ੍ਹਾਂ ਦਾ ਆਪਣਾ ਖਾਸ ਅਸਥਾਨ ਰੱਖਦੇ ਹਨ। ਧਰਮਵੀਰ ਸਿੰਘ ਅਤੇ ਸ਼ੇਰ ਸਿੰਘ, ਸੰਤੋਖ ਸਿੰਘ ਚਾਵਲਾ ਉਸਤਾਦ ਵਲੈਤ ਖਾਂ ਜੀ ਤੋ ਸਿਖਿਆ ਪ੍ਰਾਪਤ ਕੀਤੀ ਅਤੇ ਅਵਤਾਰ ਸਿੰਘ ਨੇ ਪੰਡਤ ਸ਼ਾਂਤਾ ਪ੍ਰਸ਼ਾਦ ਦੇ ਸ਼ਗਿਰਦ ਸਨ। ਹਰਪ੍ਰੀਤ ਸਿੰਘ ਸੋਨੂੰ ਪੰਡਤ ਰਾਮ ਜੀ ਮਿਸ਼ਰਾ ਤੋਂ ਵਿਦਿਆ ਪ੍ਰਾਪਤ ਕੀਤੀ। ਇਸ ਤੋ ਇਲਾਵਾ ਹੋਰ ਬੇਅੰਤ ਹਨ ਜੋ ਸਤਿਗੁਰਾਂ ਦੀ ਸਰਨ ਆਏ ਤੇ ਉਸਤਾਦ ਬਣ ਅੱਗੋਂ ਇਹ ਭੰਡਾਰ ਵੰਡ ਰਹੇ ਹਨ। ਸ੍ਰੀ ਸਤਿਗੁਰਾਂ ਦੀ ਕ੍ਰਿਪਾ ਦੁਆਰਾ ਇਸ ਵਕਤ

ਨਾਮਧਾਰੀ ਬੱਚੇ ਕਿਸੇ ਵੀ ਸਾਜ ਵਜਾਉਣ ਵਿਚ ਪਿਛੇ ਨਹੀਂ ਹਨ। ਸ੍ਰੀ ਸਤਿਗੁਰੂ ਜੀ ਨੇ ਆਪ ਹੀ ਹਰ ਤਰ੍ਹਾਂ ਦੀ ਸਿਖਿਆ ਵਿਚ ਇਹ ਸਾਰੇ ਉਸਤਾਦਾਂ ਨੂੰ ਆਪ ਮੇਹਨਤ ਕਰਵਾ ਕੇ ਮਾਹਰ ਕੀਤਾ ਹੈ ਪਰ ਸੰਸਾਰੀ ਤੌਰ ਤੇ ਇਹ ਸਭ ਉਸਤਾਦਾਂ ਨੂੰ ਮਾਣ ਦਿਤਾ ਹੈ। ਜਦ ਸ੍ਰੀ ਸਤਿਗੁਰਾਂ ਦੀ ਹਜੂਰੀ ਵਿਚ ਇਹ ਸਾਰੇ ਕੀਰਤਨ ਕਰਦੇ ਹਨ, ਉਸ ਸਮੇਂ ਸਤਿਗੁਰ ਜੀ ਆਪ ਬੇਅੰਤ ਰਾਗ ਰਾਗਣੀਆਂ ਦਾ ਉਚਾਰਨ ਕਰਦੇ ਹਨ ਤਾਂ ਇਹ ਸਾਰੇ ਵੱਡੇ ਵੱਡੇ ਉਸਤਾਦ ਵੀ ਸਿਰ ਝੁਕਾ ਕੇ ਨਮਸਕਾਰ ਕਰ ਦਿੰਦੇ ਹਨ।

ਇਸ ਦੇ ਨਾਲ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਨਾਮਧਾਰੀ ਸਿੱਖ ਇਤਿਹਾਸ ਬਾਰੇ ਵੀ ਬਹੁਤ ਧਿਆਨ ਦਿੱਤਾ। ਭਾਵੇਂ ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ ਸੀ ਪਰ ਹਾਲੇ ਲੋੜ ਪੂਰੀ ਨਹੀਂ ਸੀ ਹੋਈ ਉਸ ਸਮੇਂ "ਸਤਿਜੁਗ" ਅਖਬਾਰ ਵੀ ਨਿਰੰਤਰ ਛਪਣਾ ਸ਼ੁਰੂ ਹੋ ਗਿਆ ਸੀ ਪਰ ਹੋਰ ਬਹੁਤ ਕੁਝ ਚਾਹੀਦਾ ਸੀ, ਸੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਸ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਸ੍ਰੀ ਜੀਵਨ ਨਗਰ ਵਿਖੇ "ਨਾਮਧਾਰੀ ਸਹਿਤ ਸਭਾ" ਕਾਇਮ ਕੀਤੀ ਗਈ। ਇਥੇ ਅਖਬਾਰਾਂ ਦੇ ਨਾਲ ਨਾਲ ਕਈ ਕਿਤਾਬਾਂ ਵੀ ਲਿਖੀਆਂ ਤੇ ਛਾਪੀਆਂ ਜਾ ਚੁਕੀਆਂ ਹਨ। ਇਸ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਛਪਦਾ ਹੈ ਜਿਵੇ ਕਿ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ੫੦੦ ਸਾਲਾ ਆਗਮਨ ਦਿਵਸ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੦੦ ਸਾਲਾ ਆਗਮਨ ਦਿਵਸ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ੩੦੦ ਸੌ ਸਾਲਾ ਸ਼ਹੀਦੀ ਦਿਵਸ ਤੇ ਸਤਿਜੁਗ ਦੇ ਵਿਸ਼ੇਸ਼ ਅੰਕ ਆਪ ਜੀ ਦੇ ਹੁਕਮ ਅਨੁਸਾਰ ਛਾਪੇ ਗਏ। ਜਦੋਂ ਦਾ ਸਤਿਜੁਗ ਦਿੱਲੀ ਆਇਆ ਹੈ ਇਸ ਦੀ ਨੁਹਾਰ ਹੀ ਬਦਲ ਗਈ ਹੈ। ਇਸ ਦੇ ਸਲਾਨਾ ਅੰਕ ਖਾਸ ਮਹੱਤਵ ਰੱਖਦੇ ਹਨ। ਇਸੇ ਤਰ੍ਹਾਂ ਹੋਰ ਵੀ ਸਮੇਂ ਅਨੁਸਾਰ ਕਿਤਾਬਾਂ ਛਪਦੀਆਂ ਰਹਿੰਦੀਆ ਹਨ, ਸਤਿਗੁਰਾਂ ਦੀ ਰਜ਼ਾ ਨਾਲ। ਉਹ ਕਰਨ ਕਾਰਣ ਜੋ ਸਮੇਂ ਅਨੁਸਾਰ ਲੋੜੀਂਦਾ ਹੈ ਉਹ ਉਸੇ ਤਰ੍ਹਾਂ ਕਰਦਾ ਤੇ ਕਰਾਂਦਾ ਹੈ।

ਸ੍ਰੀ ਭੈਣੀ ਸਾਹਿਬ ਦੀ ਉਸਾਰੀ

ਭਗਵਾਨ ਤੇ ਇਨਸਾਨ ਨੂੰ ਸਦਾ ਸੁਖ ਦਿੰਦਾ ਕਦੀ ਵੀ ਨਹੀਂ ਥੱਕਦਾ ਤੇ ਨਾ ਹੀ ਅੱਕਦਾ ਹੈ ਪਰ ਇਨਸਾਨ ਉਸ ਦੀ ਭਗਤੀ ਕਰਦਾ ਥੱਕ ਵੀ ਜਾਂਦਾ ਹੈ ਤੇ ਅੱਕ ਵੀ ਜਾਂਦਾ ਹੈ। ਜਿਹੜੇ ਉਸ ਦੇ ਆਸ਼ਿਕ ਵੀ ਹਨ, ਉਹ ਵੀ ਕਦੀ ਆਖ ਦਿੰਦੇ ਹਨ

ਇਤਨੀ ਦੇਰ ਤੋਂ ਭਗਤੀ ਕਰਦੇ ਹਾਂ ਹਾਲੇ ਤੱਕ ਦਰਸ਼ਨ ਨਹੀ ਹੋਇ ਜਾਂ ਆਖਦੇ ਹਨ ਕੁਝ ਪ੍ਰਾਪਤ ਨਹੀ ਹੋਇਆ। ਭਗਵਾਨ ਇਹ ਕਦੀ ਨਹੀਂ ਚਿਤਾਰਦਾ ਕਿ ਮੈਂ ਇਸ ਨੂੰ ਇਤਨੀ ਦੇਰ ਤੋਂ ਬੇਅੰਤ ਸੁਖ ਦੇ ਕੇ ਸੰਸਾਰ ਤੇ ਭੇਜਿਆ ਹੈ, ਇਸ ਨੇ ਕੋਈ ਉਹ ਕੰਮ ਨਹੀਂ ਕੀਤਾ ਜਿਸ ਦਾ ਇਸ ਨੇ ਵਾਧਾ ਕੀਤਾ ਸੀ। ਇਸੇ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਦਰ ਆਈਆਂ ਸੰਗਤਾਂ ਦੀ ਰਹਿਣ ਦੀ ਤੰਗੀ ਨੂੰ ਦੂਰ ਕਰਨ ਲਈ ਸ੍ਰੀ ਭੈਣੀ ਸਾਹਿਬ ਵਿਚ ਪੱਕੀ ਇੱਟ ਲਾਉਣ ਦੀ ਆਗਿਆ ਦੇ ਦਿਤੀ। ਭਾਵੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਇਹ ਹੁਕਮ ਨਹੀਂ ਸੀ ਕਿ ਪੱਕੀ ਇੱਟ ਲਗਾਉ ਇਹ ਹੁਕਮ ਤਾਂ ਠੀਕ ਸੀ ਪਰ ਇਸ ਨਾਲ ਬਰਸਾਤਾਂ ਦੇ ਸਮੇਂ ਸੰਗਤ ਨੂੰ ਬਹੁਤ ਪ੍ਰੇਸਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਇਕ ਸਤਿਗੁਰੂ ਹੀ ਹੁੰਦਾ ਹੈ ਜੋ ਸੰਸਾਰ ਦੇ ਜੀਵਾਂ ਦਾ ਭਲਾ ਸਦਾ ਲੋਚਦਾ ਹੈ। ਸ੍ਰੀ ਸਤਿਗੁਰੂ ਜੀ ਨੇ ਇਸ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਸ੍ਰੀ ਭੈਣੀ ਸਾਹਿਬ ਬੀਬੀਆਂ ਲਈ ਡੇਰੇ ਤੇ ਕੇਂਦਰੀ ਹਾਲ ਇਸ਼ਨਾਨ ਕਰਨ ਲਈ ਗੁਸਲਖਾਨਿਆਂ (ਟੌਲਿਟ ਅਤੇ ਬਾਥ) ਦੀ ਸਹੂਲਤ ਪ੍ਰਦਾਨ ਕੀਤੀ। ਸ੍ਰੀ ਸਤਿਗੁਰਾਂ ਦੀ ਕ੍ਰਿਪਾ ਤੇ ਮਾਤਾ ਚੰਦ ਕੌਰ ਜੀ ਦੀ ਮਿਹਨਤ ਜੋ ਦਿਨ ਰਾਤ ਇਸੇ ਲਗਨ ਵਿਚ ਰਹਿੰਦੇ ਹਨ ਕਿ ਸੰਗਤ ਨੂੰ ਕੋਈ ਤੰਗੀ ਨਾ ਆਵੇ। ਹੁਣ ਬੇਅੰਤ ਗੁਰੂ ਘਰ ਬੇਅੰਤ ਹੀ ਡੇਰੇ ਸੁਖ ਤੇ ਹਰ ਤਰ੍ਹਾਂ ਦੇ ਅਰਾਮ ਵਾਲੇ ਹਨ। ਇਸ ਦੇ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਅਸਥਾਨ ਰਾਈਆਂ ਤੇ ਤਪ ਅਸਥਾਨ ਅਕਾਲ ਬੁੰਗਾ, ਸ੍ਰੀ ਪ੍ਰਤਾਪ ਮੰਦਰ, ਹਰੀ ਮੰਦਰ ਅਤੇ ਲੰਗਰ ਖਾਨੇ ਲੰਗਰ ਬਨਾਉਣ ਅਤੇ ਛਕਾਉਣ ਛਕਣ ਦੀ ਵੀ ਪੂਰੀ ਸਹੂਲਤ ਇਸ ਵਕਤ ਹੈ। ਇਹ ਬੇਅੰਤ ਹੈ ਇਸ ਦੇ ਉਪਕਾਰਾ ਨੂੰ ਨਾ ਅਸੀਂ ਗਿਣ ਸਕਦੇ ਹਾਂ ਤੇ ਨਾ ਹੀ ਲਿਖ ਸਕਦੇ ਹਾਂ। ਇਨ੍ਹਾਂ ਨੇ ਪਾਕਿਸਤਾਨ ਤੋ ਅਇਆ ਸਿੱਖਾਂ ਨੂੰ ਜਿਸ ਤਰ੍ਹਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਨੇ ਗਲ ਨਾਲ ਲਾਇਆ ਅਤੇ ਉਨ੍ਹਾਂ ਦੇ ਰਹਿਣ ਲਈ ਘਰ ਤੇ ਵਾਹੀ ਲਈ ਜਮੀਨਾਂ ਦਿੱਤੀਆਂ ਸਨ, ਉਨ੍ਹਾਂ ਵੱਲ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪੂਰਾ ਧਿਆਨ ਦਿਤਾ ਅਤੇ ਉਨ੍ਹਾਂ ਦੀਆ ਲੋੜਾਂ ਪੂਰੀਆਂ ਕੀਤੀਆਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਾਂਗ ਹੀ ਪਸ਼ੂ ਉਨਤੀ ਬਾਰੇ ਵੀ ਪ੍ਰਯਤਨ ਜਾਰੀ ਰੱਖੇ ਹੋਏ ਹਨ। ਸੰਨ ੧੯੬੪ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਹਾਰਾਜ ਬੀਰ ਸਿੰਘ ਜੀ ਨੂੰ ਕਲਕੱਤੇ ਭੇਜ ਕੇ ਡਾਕਟਰਾਂ ਵਲੋਂ ਕੰਡਮ ਕੀਤੀਆ ਹੋਈਆ ਗਊਆਂ ਜੋ ਬੁਚੜਖਾਨੇ ਵਿਚ ਵੇਚੀਆਂ

ਜਾਂਦੀਆ ਸਨ, ਉਨ੍ਹਾਂ ਨੂੰ ਖਰੀਦ ਕੇ ਦੋ ਵੈਗਨ (ਦੋ ਮਾਲ ਗੱਡੀ ਦੇ ਡੱਬੇ) ਭਰਕੇ ਲਿਆਂਦੀਆਂ। ਜਿਨ੍ਹਾਂ ਦੀ ਸੇਵਾ ਕੀਤੀ ਤੇ ਉਹ ਰੋਜ਼ਾਨਾ ੧੪-੧੫ ਸੇਰ ਦੁੱਧ ਦੇਣ ਲੱਗ ਪਈਆਂ ਸਨ। ਉਨ੍ਹਾਂ ਵਿਚੋ ਕੁਝ ਵੇਚ ਦਿਤੀਆਂ ਗਈਆਂ ਤੇ ਸ੍ਰੀ ਭੈਣੀ ਸਾਹਿਬ ਹੀ ਰੱਖੀਆਂ ਗਈਆਂ। ਜਿਹਨਾ ਵਿਚੋਂ ਇਕ 'ਭੰਗੋ' ਹਰਿਆਣਾ ਨਸਲ ਦੀ ਗਊ ੬੪ ਪੌਂਡ ਦੁੱਧ (ਰੋਜ਼ਾਨਾ) ਦਿੰਦੀ ਸੀ ਤੇ ਨੌਲੱਖੀ ਨਾਮ ਦੀ ਇਕ ਗਊ ਨੇ ੭੪ ਪੌਂਡ ਦੁੱਧ ਰੋਜ਼ਾਨਾ ਦੇ ਕੇ ਸਾਰੇ ਭਾਰਤ ਵਿਚੋਂ ਪਹਿਲੇ ਦਰਜੇ ਤੇ ਆ ਕੇ ਇਨਾਮ ਪ੍ਰਾਪਤ ਕੀਤਾ। ਸ੍ਰੀ ਸਤਿਗੁਰੂ ਜੀ ਵਲੋਂ ਹੁੰਦਾ ਗਊ-ਪਾਲਣ ਵੇਖਦੇ ਹੀ ਭਾਰਤ ਦੀ ਨੀਮ ਸਰਕਾਰੀ ਸੰਸਥਾ ਗਊ-ਸੰਵਰਧਨ ਸਮਿਤੀ ਨੇ ਸੰਨ ੧੯੬੪ ਈ. ਵਿਚ 'ਗੋਪਾਲ ਰਤਨ' ਦੀ ਉਪਾਧੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨ ਭੇਟ ਕੀਤੀ।

ਸਤਿਜੁਗ ਤ੍ਰੇਤਾ ਦੁਆਪਰ ਅਤੇ ਕਲਜੁਗ ਵਿਚ ਤੂੰ ਆਇਆ।
ਜਿਹਨੂੰ ਦਿੰਦਾ ਅੱਖੀਆਂ ਤੂੰ, ਦਰਸ਼ਨ ਉਨ੍ਹਾਂ ਨੇ ਪਾਇਆ।
ਸਤਿਜੁਗ ਵਿਚ ਤੂੰ ਆਪਣਾ, ਹੰਸੀ ਆਪੇ ਖੇਲ ਰਚਾਇਆ।
ਤ੍ਰੇਤੇ ਵਿਚ ਤੂੰ ਆਣ ਕੇ, ਰਾਮ ਰਘੂ ਬੰਸ ਕਹਾਇਆ।
ਦੁਆਪਰ ਕ੍ਰਿਸ਼ਨ ਮੁਰਾਰ ਬਣ, ਤੂੰ ਗੁਆਲਾ ਅਖਵਾਇਆ।
ਕਲਜੁਗ ਵਿਚ ਆਪ ਤੂੰ ਗਊਆਂ ਦਾ ਰਖਵਾਲਾ ਆਇਆ।
ਤੂੰ ਬੇਅੰਤ ਤੂੰ ਬੇਅੰਤ, ਤੂੰ ਬੇਅੰਤ ਬਣ ਅਇਆ।
ਤੇਰਾ ਅੰਤ ਤੇਰਾ ਅੰਤ, ਤੇਰਾ ਅੰਤ ਕਿਸੇ ਨਾ ਪਾਇਆ।

(ਹਰਭਜਨ ਕੌਰ ਚਾਨਾ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਿੱਖਾਂ ਵਲੋਂ ਕੀਤੀ ਸੇਵਾ ਨੂੰ ਪ੍ਰਵਾਨਦੇ ਹੋਏ ਸੰਨ ੧੯੮੫ ਈ. ਵਿਚ ਦਿੱਲੀ ਹੋਏ ਹੋਲੇ ਸਮੇਂ ਸਿੱਖਾਂ ਨੂੰ "ਪੰਥ ਰਤਨ" ਦੀ ਉਪਾਧੀ ਨਾਲ ਸਨਮਾਨਿਤ ਕਰਨਾ ਸ਼ੁਰੂ ਕੀਤਾ। ਸਭ ਤੋਂ ਪਹਿਲੀ ਵਾਰ ਇਹ ਉਪਾਧੀ ਮਾਸਟਰ ਨਿਹਾਲ ਸਿੰਘ ਜੀ ਤੇ ਸੰਤ ਅਨੰਤਾ ਸਿੰਘ ਜੀ ਤੇ ਫਿਰ ਸੰਨ ੧੯੮੬ ਈ. ਵਿਚ ਸੂਬਾ ਗੰਡਾ ਸਿੰਘ ਜੀ ਦਿਲੀ ਅਤੇ ਸੰਤ ਵਰਿਆਮ ਸਿੰਘ ਜੀ ਮੁਸੱਵਰ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਖਸ਼ੀ।

੧੬ ਮਾਰਚ ਸੰਨ ੧੯੯੦ਈ: ਨੂੰ ਹੋਲੇ ਦੇ ਭੋਗ ਵਾਲੇ ਦਿਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੰਡਤ ਗੋਪਾਲ ਸਿੰਘ ਜੀ ਨੂੰ (ਗਿਆਨ ਮਾਰਤੰਡ) ਦੀ ਉਪਾਧੀ ਦਿਤੀ ਇਸ ਤੋ ਭਾਵ ਹੈ ਗਿਆਨ ਦਾ ਸੂਰਜ। ਸਤਿਗੁਰੂ ਜੀ ਆਪਣੇ ਸੇਵਕਾਂ ਦੀ ਸੇਵਾ ਆਪ ਵੀ ਕਰਨ ਤੋਂ ਢਿਲ ਕਦੀ ਨਹੀ ਕਰਦੇ।

ਸਤਿਗੁਰੂ ਜੀ ਦੀ ਸੋਭ ਸਣੋ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਕ ਵਾਰ ਲੰਡਨ ਦੌਰੇ ਤੇ ਸਨ। ਉਸ ਸਮੇਂ ਸਤਿਗੁਰਾਂ ਦਾ ਡੇਰਾ ਹੈਮਬਰੋ ਰੋਡ ਸਾਊਥਾਲ ਵਿਚ ਸੀ, ਮਾਤਾ ਪਰਕਾਸ਼ ਕੌਰ ਦੇ ਘਰ। ਉਸੇ ਸੜਕ ਤੇ ਅੱਗੇ ਜਾ ਕੇ ਇਕ ਬੀਬੀ ਰਹਿੰਦੀ ਸੀ ਪਰ ਉਸ ਨੂੰ ਸ੍ਰੀ ਸਤਿਗੁਰਾਂ ਬਾਰੇ ਕੋਈ ਪਤਾ ਨਹੀ ਸੀ, ਉਹ ਨਾਮਧਾਰੀਆਂ ਤੋਂ ਜਾਣੂ ਹੀ ਨਹੀਂ ਸੀ। ਕਿਸੇ ਤੰਗੀ ਦੇ ਕਾਰਨ ਉਸ ਦੇ ਮਕਾਨ ਦੀ ਨਿਲਾਮੀ ਹੋ ਜਾਣੀ ਸੀ, ਉਸ ਨੇ ਬੈਂਕ ਕੋਲੋਂ ਲੋਨ ਮੰਗਿਆ, (ਪੈਸੇ ਮੰਗੇ) ਬੈਂਕ ਨੇ ਨਾ ਕਰ ਦਿੱਤੀ। ਉਹ ਬਹੁਤ ਹੀ ਉਦਾਸ ਹੋ ਕੇ ਸਾਰੀ ਰਾਤ ਅਰਦਾਸਾਂ ਕਰਦੀ ਰਹੀ, ਹੇ ਸਤਿਗੁਰੂ ਮੇਰੀ ਰਖਿਆ ਕਰੋ ਮੈਂ ਗਰੀਬ ਬੱਚਿਆਂ ਨਾਲ ਕਿਥੇ ਜਾਵਾਂਗੀ, ਤਾਂ ਉਸ ਦੇ ਦੱਸਣ ਦੇ ਮੁਤਾਬਕ ਉਹ ਇਸ ਪ੍ਰੇਸ਼ਾਨੀ ਵਿਚ ਹੀ ਸੀ ਕਿ ਉਸ ਨੂੰ ਕੁਝ ਮਿੰਟਾਂ ਲਈ ਨੀਂਦ ਆਈ ਤਾਂ ਸ੍ਰੀ ਸੀਤਗੁਰੂ ਜਗਜੀਤ ਜੀ ਨੇ ਦਰਸ਼ਨ ਆ ਦਿਤੇ ਅਤੇ ਬਚਨ ਕੀਤਾ ਤੂੰ ਉਦਾਸ ਨਾ ਹੋ ਤੇਰਾ ਕੰਮ ਹੋ ਗਿਆ ਹੈ। ਉਹ ਸਵੇਰੇ ਉਠੀ ਤੇ ਬੜੀ ਸੋਚ ਵਿਚ ਸੀ ਕਿ ਬੈਂਕ ਨੇ ਨਾਂਹ ਕਰ ਦਿਤੀ ਇਹ ਸਫੈਦ ਬਸਤਰਾਂ ਵਾਲੇ ਬਾਬਾ ਜੀ ਕੌਣ ਹੋਏ ਜਿਨ੍ਹਾਂ ਆ ਕੇ ਇਹ ਆਖਿਆ ਫਿਕਰ ਨਾ ਕਰ। ਉਹ ਏਸੇ ਸੋਚ ਵਿਚ ਸੀ ਕਿ ਉਸ ਨੇ ਵੇਖਿਆ ਇਕ ਚਿੱਠੀ ਆਈ ਹੈ। ਉਸ ਨੇ ਉਹ ਡਰਦੀ ਡਰਦੀ ਨੇ ਖੋਲ੍ਹੀ ਅਤੇ ਪੜ੍ਹਨ ਨੂੰ ਦਿੱਤੀ ਜਾ ਵੇਖੀ ਤਾਂ ਉਹ ਬੈਂਕ ਤੋਂ ਹੀ ਸੀ, ਜਿਸ ਨੇ ਨਾਂਹ ਕੀਤੀ ਸੀ ਤੇ ਉਸੇ ਬੈਂਕ ਨੇ ਪੈਸੇ ਦੇਣੇ ਮੰਜੂਰ ਕਰ ਲਏ ਸੀ। ਉਸ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ, ਉਹ ਸਾਰੇ ਕੰਮ ਛਡ ਕੇ ਉਸ ਬਾਬਾ ਜੀ ਨੂੰ ਲੱਭਣ ਲੱਗੀ ਜਿਨ੍ਹਾਂ ਨੇ ਕਿਹਾ ਸੀ ਫਿਕਰ ਨਾ ਕਰ, ਉਸ ਨੇ ਕਈਆਂ ਕੋਲੋਂ ਪੁੱਛਿਆ ਤਾਂ ਇਕ ਉਸ ਦੀ ਸਹੇਲੀ ਨੇ ਦੱਸਿਆ ਕਿ ਇਸ ਵਕਤ ਨਾਮਧਾਰੀਆਂ ਦੇ ਗੁਰੂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਏ ਹੋਏ ਹਨ, ਉਨ੍ਹਾਂ ਦਾ ਡੇਰਾ ਹੈਮਰੋ ਰੋਡ ਤੇ ਹੈ ਇਹ ਸੁਣ ਕੇ ਉਹ ਉਸੇ ਵਕਤ ਡੇਰੇ ਆਈ ਤਾਂ ਸਤਿਗੁਰਾਂ ਦੇ ਦਰਸ਼ਨ ਕਰਕੇ ਆਖਣ ਲੱਗੀ ਇਹ ਹੀ ਹੈ ਸਨ ਜਿਨ੍ਹਾਂ ਨੇ ਮੈਨੂੰ ਸੁਪਨੇ ਵਿਚ ਆ ਕੇ ਆਖਿਆ ਸੀ ਫਿਕਰ ਨਾ ਕਰ ਅਤੇ ਆਖੀ ਜਾਵੇ ਮੈਨੂੰ ਕੀ ਪਤਾ ਸੀ ਮੈਂ ਪਹਿਲਾਂ ਹੀ ਇਸ ਦਰ ਤੇ ਆ ਜਾਂਦੀ। ਮੈਂ ਕੀ ਜਾਣਾ ਰੱਬ ਮੇਰੇ ਲਈ ਏਥੇ ਆਇਆ ਹੋਇਆ ਹੈ ਸੀ ਅਤੇ ਵੈਰਾਗਨ ਹੋਈ ਧੰਨ ਧੰਨ ਕਰਦੀ ਗਈ। ਧੰਨ ਸ੍ਰੀ ਸਤਿਗੁਰੂ ਜੀ ਹਨ ਜਿਸ ਨੂੰ ਸਭ ਦਾ ਫਿਕਰ ਹੈ ਤਾਂਹੀ ਤਾਂ ਉਸ ਨੂੰ ਸਭ ਦਾ ਮਾਲਿਕ ਆਖਦੇ ਹਨ। ਉਹ ਆਪਣਿਆਂ ਦਾ ਨਹੀਂ ਸਭ ਦਾ ਭਲਾ ਲੋਚਦਾ ਹੈ।

***

– ਜਦ ਦੁਆਪਰ ਬੀਤਿਆ ਅਤੇ ਕਲਜੁਗ ਨੇ ਤਪੱਸਿਆ ਕਰਕੇ ਰਾਜ ਦਾ ਵਰ ਪ੍ਰਾਪਤ ਕੀਤਾ ਅਤੇ ਸੰਸਾਰ ਤੇ ਆ ਕੇ ਆਪਣਾ ਜ਼ੋਰ ਦਿਖਾਇਆ ਤਾਂ ਧਰਤੀ ਕੰਬ ਉਠੀ। ਉਸ ਨੇ ਅਕਾਲ ਪੁਰਖ ਅੱਗੇ ਪੁਕਾਰ ਕੀਤੀ ਕਿ ਤਿੰਨ ਜੁਗਾਂ ਵਿੱਚ ਤਾਂ ਮੇਰੀ ਰੱਖਿਆ ਕੀਤੀ ਹੁਣ ਮੇਰਾ ਰਾਖਾ ਕੌਣ ਹੈ ? "ਸੁਣੀ ਪ੍ਰਕਾਰਿ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਇਆ"। (ਭਾਈ ਗੁਰਦਾਸ ਜੀ) ਸ੍ਰੀ ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸ ਸੰਸਾਰ ਦੇ ਭਲੇ ਲਈ ਸੰਸਾਰ ਤੇ ਆਏ ਅਤੇ ਚਾਲੀ ਜੁਗ ਤਪਸਿਆ ਕਰਕੇ ਜੀਵਾਂ ਦੇ ਭਲੇ ਲਈ ਨਾਮ ਦੀ ਕਿਰਪਾ ਕੀਤੀ। ਜਿਸ ਤਰ੍ਹਾਂ ਭਾਈ ਗੁਰਦਾਸ ਜੀ ਕਿਰਪਾ ਕਰਦੇ ਹਨ –

ਰੇਤ ਅੱਕ ਆਹਾਰ ਕਰ ਰੋੜਾਂ ਦੀ ਉਸ ਕਰੀ ਵਛਾਈ।
ਭਾਰੀ ਕਰੀ ਤਪਸਿਆ ਵਡੇ ਭਾਗ ਹਰ ਸਿਉ ਬਣ ਆਈ।.......

– ਇੱਕ ਲਹਿਣਾ ਐਸਾ ਸੇਵਕ ਸੀ, ਜਿਸ ਨੇ ਸਤਿਗੁਰਾਂ ਦਾ ਮਨ ਮੋਹ ਲਿਆ ਸੀ ਅਤੇ ਪ੍ਰੇਮਾ ਭਗਤੀ ਵਿਚ ਪੂਰਨ ਸਨ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਆਪਣੇ ਅੰਗ ਨਾਲ ਲਾ ਕੇ ਅੰਗਦ ਬਣਾ ਲਿਆ ਅਤੇ ਅੱਗੋਂ ਗੁਰਗੱਦੀ ਦੀ ਪ੍ਰੰਪਰਾ ਤੋਰਨ ਲਈ ਇਨ੍ਹਾਂ ਨੂੰ ਗੁਰਗੱਦੀ ਦੇ ਕੇ ਸੰਸਾਰੀ ਜੀਵਾਂ ਦਾ ਭਲਾ ਕੀਤਾ ਕਿਉਂਕਿ ਇਹ ਤਾਂ ਉਨ੍ਹਾਂ ਦੇ ਨਾਲ ਲੱਗ ਕੇ ਗੁਰਾਂ ਦੇ ਅੰਗ ਬਣ ਗਏ ਸਨ। ਇਹਨਾਂ ਨੂੰ ਤਾਂ ਗੁਰੂ ਨਾਨਕ ਤੋਂ ਸਿਵਾਏ ਹੋਰ ਕੁਝ ਦਿਸਦਾ ਨਹੀਂ ਸੀ।............

ISBN 818299234-4